ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 143
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 25 May, 2026) ਸੋਮਵਾਰ, 25 ਮਈ, 2026, 11 ਜੇਠ, (ਦਸਮੀ) ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਗੁਜਰਾਤ ਪੁਲਿਸ ਵੱਲੋਂ 613 ਕਰੋੜ ਦੀ ਸਾਈਬਰ ਠੱਗੀ ਦਾ ਪਰਦਾਫ਼ਾਸ਼, 13 ਮੁਲਜ਼ਮ ਗ੍ਰਿਫ਼ਤਾਰ

ਅਹਿਮਦਾਬਾਦ, 24 ਮਈ (ਚੜ੍ਹਦੀਕਲਾ ਬਿਊਰੋ) : ਗੁਜਰਾਤ ਪੁਲਿਸ ਨੇ ਸੂਬੇ ਵਿੱਚ ਵਧਦੇ ਸਾਈਬਰ ਅਪਰਾਧਾਂ ਖ਼ਿਲਾਫ਼ ਚਲਾਈ ਗਈ ਇੱਕ ਵਿਸ਼ੇਸ਼ ਮੁਹਿੰਮ ਮਿਊਲ ਹੰਟ 2.0 ਤਹਿਤ ਇੱਕ ਬਹੁਤ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਦੇਸ਼ ਭਰ ਵਿੱਚ ਲੋਕਾਂ ਨਾਲ ਕਰੋੜਾਂ ਰੁਪਏ ਦੀ ਜਾਅਲਸਾਜ਼ੀ ਕਰਨ ਵਾਲੇ ਇੱਕ ਵੱਡੇ ਸਾਈਬਰ ਗਿਰੋਹ ਦਾ ਪਰਦਾਫ਼ਾਸ਼ ਕਰਦਿਆਂ 13 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਮੁਲਜ਼ਮ ਹੁਣ ਤੱਕ

(ਬਾਕੀ ਸਫ਼ਾ 2 'ਤੇ)

# ਪੰਜਾਬ 'ਚ ਅਗਲੇ ਤਿੰਨ ਦਿਨਾਂ ਲਈ ਲੂ ਦੀ ਚੇਤਾਵਨੀ ਜਾਰੀ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਮਈ: ਪੰਜਾਬ ਦੇ ਮੌਸਮ ਦੀ ਤਾਜ਼ਾ ਅਪਡੇਟ ਸਾਹਮਣੇ ਆਈ ਹੈ। ਭਾਰਤੀ ਮੌਸਮ ਵਿਭਾਗ ਨੇ ਪੰਜਾਬ ਵਿੱਚ ਆਉਣ ਵਾਲੇ ਦਿਨਾਂ ਦੌਰਾਨ ਤਾਪਮਾਨ ਚ ਭਾਰੀ ਵਾਧੇ ਅਤੇ ਭਿਆਨਕ ਲੂ ਚੱਲਣ ਦੀ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਕੇਂਦਰ ਚੰਡੀਗੜ੍ਹ ਵੱਲੋਂ 24 ਮਈ ਨੂੰ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਸੂਬੇ ਦੇ ਕਈ ਹਿੱਸਿਆਂ ਵਿੱਚ ਗਰਮੀ ਦਾ ਪ੍ਰਕੋਪ ਵਧਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 28 ਤਾਰੀਖ਼ ਤੱਕ ਵੱਡੀ ਭਵਿੱਖਬਾਣੀ ਕੀਤੀ ਹੈ ਅਤੇ ਇਨ੍ਹਾਂ ਦਿਨਾਂ ਦੌਰਾਨ ਲੂ ਵਿਚਾਲੇ ਮੌਸਮ ਵਿਚ ਤਬਦੀਲੀ ਵੀ ਆਵੇਗੀ ਅਤੇ ਹਨ੍ਹੇਰੀ-ਤੂਫ਼ਾਨ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਵੱਲੋਂ ਅੱਜ ਲਈ ਕੀਤੀ ਗਈ ਭਵਿੱਖਬਾਣੀ ਮੁਤਾਬਕ ਅੱਜ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੌਸਮ ਸਾਫ਼ ਰਹਿਣ ਦੀ ਉਮੀਦ ਹੈ ਪਰ ਦੱਖਣ-ਪੱਛਮੀ ਜ਼ਿਲ੍ਹੇ

(ਬਾਕੀ ਸਫ਼ਾ 2 'ਤੇ)

## ਦੇਸ਼ 'ਚ ਪੈ ਰਹੀ ਭਿਆਨਕ ਗਰਮੀ ਕਾਰਨ 47 ਡਿਗਰੀ ਤੋਂ ਪਾਰ ਪੁੱਜਾ ਪਾਰਾ

ਨਵੀਂ ਦਿੱਲੀ, 24 ਮਈ (ਚੜ੍ਹਦੀਕਲਾ ਬਿਊਰੋ) :ਭਾਰਤ ਦਾ ਅੱਧੇ ਤੋਂ ਵੱਧ ਹਿੱਸਾ ਤੇਜ਼ ਗਰਮੀ ਅਤੇ ਤੇਜ਼ ਧੁੱਪ ਦੀ ਲਪੇਟ ਵਿੱਚ ਹੈ। ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਗੁਜਰਾਤ, ਮਹਾਰਾਸ਼ਟਰ ਅਤੇ ਓਡੀਸ਼ਾ ਦੇ ਕਈ ਹਿੱਸਿਆਂ ਵਿੱਚ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਵੱਧ ਗਿਆ ਹੈ। ਮਹਾਰਾਸ਼ਟਰ ਦਾ ਬ੍ਰਹਮਪੁਰ ਸ਼ਨੀਵਾਰ ਨੂੰ ਲਗਾਤਾਰ ਦੂਜੇ ਦਿਨ ਦੇਸ਼ ਦਾ ਸਭ ਤੋਂ ਗਰਮ ਸਥਾਨ ਰਿਹਾ, ਜਿੱਥੇ ਤਾਪਮਾਨ 47.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇੱਕ ਨਿੱਜੀ ਏਜੰਸੀ ਦੇ ਅਨੁਸਾਰ, ਸ਼ਨੀਵਾਰ ਨੂੰ ਦੁਨੀਆ ਦੇ 50 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ 37 ਭਾਰਤ ਵਿੱਚ ਸਨ। ਇਨ੍ਹਾਂ ਵਿੱਚ ਬਾਂਦਾ, ਚੰਦਰਪੁਰ, ਰਾਏਪੁਰ

(ਬਾਕੀ ਸਫ਼ਾ 2 'ਤੇ)

## ਸੀ.ਬੀ.ਐੱਸ.ਈ. 12ਵੀਂ ਦੇ ਵਿਦਿਆਰਥੀਆਂ ਤੋਂ ਲਈ ਵਾਧੂ ਫੀਸ ਕਰੇਗਾ ਵਾਪਸ

ਨਵੀਂ ਦਿੱਲੀ, 24 ਮਈ (ਚੜ੍ਹਦੀਕਲਾ ਬਿਊਰੋ) : ਸੀ.ਬੀ.ਐੱਸ.ਈ. ਨੇ ਐਤਵਾਰ ਨੂੰ ਕਿਹਾ ਕਿ ਉਹ ਉਨ੍ਹਾਂ ਵਿਦਿਆਰਥੀਆਂ ਨੂੰ ਪੈਸੇ ਵਾਪਸ (ਰਿਫੰਡ) ਕਰੇਗਾ, ਜਿਨ੍ਹਾਂ ਤੋਂ ਤਕਨੀਕੀ ਖਾਮੀਆਂ ਕਾਰਨ 12ਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਦੀ ਪ੍ਰਕਿਰਿਆ ਦੌਰਾਨ ਵੱਧ ਫੀਸ ਲਈ ਗਈ ਸੀ। ਇਹ ਫੈਸਲਾ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵੱਲੋਂ ਪੁਨਰ-ਮੁਲਾਂਕਣ (ਰੀ-ਐਵੈਲੂਏਸ਼ਨ) ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਨੂੰ ਦਰਪੇਸ਼ ਤਕਨੀਕੀ ਖਾਮੀਆਂ ਦੀਆਂ ਸ਼ਿਕਾਇਤਾਂ ਤੇ ਸੀ.ਬੀ.ਐੱਸ.ਈ. ਤੋਂ ਵਿਸਤ੍ਰਿਤ ਰਿਪੋਰਟ ਮੰਗੇ ਜਾਣ ਦੇ ਇੱਕ ਦਿਨ ਬਾਅਦ ਆਇਆ ਹੈ। ਇੱਕ ਨੋਟਿਸ ਵਿੱਚ, ਸੀ.ਬੀ.ਐੱਸ.ਈ. ਨੇ ਕਿਹਾ ਕਿ 21 ਅਤੇ 22 ਮਈ ਨੂੰ, ਕੁਝ ਤਕਨੀਕੀ ਸਮੱਸਿਆਵਾਂ ਕਾਰਨ ਕੁਝ ਮਾਮਲਿਆਂ ਵਿੱਚ ਗਲਤ ਫੀਸ ਕਟੌਤੀ ਹੋਈ, ਜਦੋਂ ਵਿਦਿਆਰਥੀ ਮੁਲਾਂਕਣ ਕੀਤੀਆਂ ਉੱਤਰ-ਪੱਤਰੀਆਂ (ਆਂਸਰ ਬੁੱਕਸ) ਦੀਆਂ ਸਕੈਨ ਕੀਤੀਆਂ ਕਾਪੀਆਂ ਲਈ ਅਪਲਾਈ ਕਰ ਰਹੇ ਸਨ। ਬੋਰਡ ਨੇ ਕਿਹਾ,ਕੁਝ ਮਾਮਲਿਆਂ ਵਿੱਚ, ਵੱਧ ਭੁਗਤਾਨ ਕੱਟਿਆ ਗਿਆ ਸੀ, ਜਦੋਂ ਕਿ ਦੂਜੇ ਮਾਮਲਿਆਂ ਵਿੱਚ

(ਬਾਕੀ ਸਫ਼ਾ 2 'ਤੇ)

### ਪੱਛਮੀ ਏਸ਼ੀਆ ਸੰਕਟ 'ਤੇ ਬੋਲੇ ਅਮਰੀਕੀ ਵਿਦੇਸ਼ ਮੰਤਰੀ

# ਜੰਗ ਖ਼ਤਮ ਕਰਨ ਲਈ ਅਮਰੀਕਾ-ਈਰਾਨ ਦੀ ਗੱਲਬਾਤ ਸਹੀ ਦਿਸ਼ਾ ਵੱਲ ਅੱਗੇ ਵਧ ਰਹੀ ਹੈ: ਰੂਬੀਓ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 24 ਮਈ:ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਐਤਵਾਰ ਨੂੰ ਇੱਕ ਅਹਿਮ ਜਾਣਕਾਰੀ ਦਿੱਤੀ ਹੈ। ਉਨ੍ਹਾਂ ਮੁਤਾਬਕ, ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਨੂੰ ਖ਼ਤਮ ਕਰਨ ਲਈ ਅਮਰੀਕਾ ਅਤੇ ਈਰਾਨ ਵਿਚਾਲੇ ਹੋ ਰਹੀ ਗੱਲਬਾਤ ਸਹੀ ਦਿਸ਼ਾ ਵੱਲ ਅੱਗੇ ਵਧ ਰਹੀ ਹੈ, ਜਿਸ ਵਿੱਚ ਵਪਾਰਕ ਜਹਾਜ਼ਾਂ ਦੀ ਆਵਾਜਾਈ ਲਈ ਹੋਰਮੁਜ਼ ਜਲਮਾਰਗ ਨੂੰ ਪੂਰੀ ਤਰ੍ਹਾਂ ਖੋਲ੍ਹਣਾ ਸ਼ਾਮਲ ਹੈ।

ਰੂਬੀਓ, ਜੋ ਇੱਥੇ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨਾਲ ਡੂੰਘੀ ਚਰਚਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਨੇ ਦੱਸਿਆ ਕਿ ਅਗਲੇ ਕੁਝ ਘੰਟਿਆਂ ਵਿੱਚ ਕੋਈ ਚੰਗੀ ਖ਼ਬਰ ਮਿਲ ਸਕਦੀ ਹੈ। ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਇਸ ਬਾਰੇ ਅਧਿਕਾਰਤ ਐਲਾਨ ਖੁਦ ਅਮਰੀਕੀ



ਰਾਸ਼ਟਰਪਤੀ ਡੋਨਾਲਡ ਟਰੰਪ ਕਰ ਸਕਦੇ ਹਨ। ਇੱਕ ਸਵਾਲ ਦਾ ਜਵਾਬ ਦਿੰਦਿਆਂ ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ,ਈਰਾਨ ਦੇ ਮੁੱਦੇ 'ਤੇ ਮੇਰਾ ਮੰਨਣਾ ਹੈ ਕਿ ਅੱਜ ਥੋੜ੍ਹੇ ਸਮੇਂ ਬਾਅਦ ਕੁਝ ਹੋਰ ਜਾਣਕਾਰੀ ਸਾਹਮਣੇ ਆ ਸਕਦੀ ਹੈ ਅਤੇ ਮੈਂ ਇਸ ਬਾਰੇ ਅਗਲੀ ਗੱਲ ਸਾਂਝੀ ਕਰਨ ਦਾ ਫੈਸਲਾ ਰਾਸ਼ਟਰਪਤੀ (ਟਰੰਪ) 'ਤੇ ਛੱਡਦਾ ਹਾਂ। ਰੂਬੀਓ ਨੇ ਬਹੁਤੀ ਡੂੰਘਾਈ ਵਿੱਚ ਨਾ ਜਾਂਦੇ ਹੋਏ ਸਿਰਫ ਇਨਾ ਦੱਸਿਆ ਕਿ ਇਸ ਵਿਵਾਦ ਨੂੰ ਹੱਲ ਕਰਨ ਦੇ ਖਾਕੇ (ਪਲਾਨ) ਉੱਤੇ ਪਿਛਲੇ 48 ਘੰਟਿਆਂ ਦੌਰਾਨ ਹੋਈ ਗੱਲਬਾਤ ਵਿੱਚ ਵੱਡਾ ਹੁੰਗਾਰਾ ਮਿਲਿਆ ਹੈ।

ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਸ਼ਾਂਤੀ ਵਾਰਤਾ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਇਰਾਨ ਦਾ ਪਰਮਾਣੂ ਪ੍ਰੋਗਰਾਮ ਅਤੇ ਹੋਰਮੁਜ਼ ਜਲਮਾਰਗ (ਸਮੁੰਦਰੀ ਰਸਤੇ) 'ਤੇ ਨਿਯੰਤਰਣ ਹਨ। ਦੱਸ ਦੇਈਏ ਕਿ ਆਮ ਦਿਨਾਂ ਵਿੱਚ ਦੁਨੀਆ ਭਰ ਦੀ ਊਰਜਾ ਸਪਲਾਈ (ਤੇਲ-ਗੈਸ) ਦਾ ਲਗਭਗ ਪੰਜਵਾਂ ਹਿੱਸਾ (ਯਾਨੀ ਇੱਕ-ਚੌਥਾਈ ਦੇ ਕਰੀਬ) ਇਸੇ ਮਹੱਤਵਪੂਰਨ ਰਸਤੇ ਰਾਹੀਂ ਲੰਘਦਾ ਹੈ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਈਰਾਨ ਨਾਲ ਗੱਲਬਾਤ ਵਿੱਚ ਮਹੱਤਵਪੂਰਨ ਤਰੱਕੀ ਹੋਈ ਹੈ, ਹਾਲਾਂਕਿ ਇਸ 'ਤੇ ਅਜੇ ਕੋਈ ਅੰਤਿਮ ਫੈਸਲਾ ਨਹੀਂ ਹੋਇਆ ਹੈ। ਉਨ੍ਹਾਂ ਕਿਹਾ, ਮੈਂ ਸਾਰਿਆਂ ਨੂੰ ਯਾਦ

(ਬਾਕੀ ਸਫ਼ਾ 2 'ਤੇ)

## ਨਗਰ ਨਿਗਮ ਚੋਣਾਂ ਦੇ ਮੱਦੇਨਜ਼ਰ ਭਲਕੇ ਸੂਬੇ 'ਚ ਛੁੱਟੀ ਦਾ ਐਲਾਨ

ਚੰਡੀਗੜ੍ਹ, 24 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ 26 ਮਈ, 2026 (ਮੰਗਲਵਾਰ) ਨੂੰ ਪੰਜਾਬ ਰਾਜ ਵਿੱਚ ਆਮ ਛੁੱਟੀ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਵੋਟਰਾਂ ਨੂੰ 26 ਮਈ, 2026 ਨੂੰ ਹੋਣ ਵਾਲੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਆਮ ਚੋਣਾਂ ਵਿੱਚ ਆਪਣੀ ਵੋਟ ਪਾਉਣ ਦੀ ਸਹੂਲਤ ਦੇਣ ਲਈ ਲਿਆ ਗਿਆ ਹੈ।

ਚੰਡੀਗੜ੍ਹ ਵਿਖੇ ਸਥਿਤ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਵਿਦਿਅਕ ਸੰਸਥਾਵਾਂ ਵਿਖੇ ਵੀ ਛੁੱਟੀ ਹੋਵੇਗੀ।

# ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਵਾਪਰੀ ਦੁਰਘਟਨਾ 'ਚ 2 ਸ਼ਰਧਾਲੂ ਔਰਤਾਂ ਦੀ ਮੌਤ

### ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜ਼ਖ਼ਮੀ ਸ਼ਰਧਾਲੂ ਔਰਤਾਂ ਦਾ ਜਾਣਿਆ ਹਾਲ-ਚਾਲ



ਗੁਰਦਿਆਲ ਸਿੰਘ/ਬਬਲੂ ਮਹਾਜਨ

======================

ਅੰਮ੍ਰਿਤਸਰ, 24 ਮਈ: ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਅੱਜ ਲੰਗਰ ਹਾਲ ਦੇ ਪੈਣ ਵਾਲੇ ਲੈਂਟਰ ਦੌਰਾਨ ਸ਼ਟਰਿੰਗ ਦੀਆਂ ਲੋਹੇ ਦੀਆਂ ਪਲੇਟਾਂ ਡਿੱਗਣ ਕਾਰਨ ਇੱਕ ਮੰਦਭਾਗੀ ਘਟਨਾ ਵਾਪਰੀ ਹੈ। ਜਿਸ ਤਹਿਤ ਦੋ ਸ਼ਰਧਾਲੂ ਔਰਤਾਂ ਦੀ ਮੌਤ ਹੋ ਗਈ ਹੈ ਅਤੇ ਕੁਝ ਜ਼ਖਮੀ ਹੋਈਆਂ ਹਨ। ਜਾਣਕਾਰੀ ਮੁਤਾਬਿਕ ਅੱਜ ਚੌਪਹਿਰਾ ਹੋਣ ਕਾਰਨ ਇੱਥੇ ਗੁਰਦੁਆਰਾ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪੁੱਜੀ ਹੋਈ ਸੀ। ਇਸ ਦੌਰਾਨ ਸੰਗਤ ਵਿੱਚ ਸ਼ਾਮਿਲ ਕੁਝ ਸ਼ਰਧਾਲੂ ਸ਼ਟਰਿੰਗ ਕੀਤੇ ਹੋਏ ਇਸ ਅਸਥਾਨ 'ਤੇ ਵੀ ਬੈਠ ਗਏ ਸਨ। ਅਚਾਨਕ ਇਹ ਲੋਹੇ ਦੀਆਂ ਪਲੇਟਾਂ ਹੇਠਾਂ ਡਿੱਗ ਪਈਆਂ, ਜਿਸ ਕਾਰਨ ਹੇਠਾਂ ਬੈਠੇ ਹੋਏ ਕੁਝ ਸ਼ਰਧਾਲੂਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਜਿਨਾਂ ਵਿੱਚੋਂ ਦੋ ਸ਼ਰਧਾਲੂ ਔਰਤਾਂ ਦੀ ਮੌਤ ਹੋ ਗਈ ਹੈ ਅਤੇ ਕੁਝ ਜ਼ਖਮੀ ਹਨ। ਜਿਨਾਂ ਨੂੰ ਤੁਰੰਤ ਨੇੜੇ ਹੀ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਵਿਖੇ ਇਲਾਜ ਲਈ ਲਿਜਾਇਆ ਗਿਆ ਹੈ।

(ਬਾਕੀ ਸਫ਼ਾ 2 'ਤੇ)

## ਬੰਗਾਲ ਦੀ ਫਾਲਤਾ ਸੀਟ ਭਾਜਪਾ ਉਮੀਦਵਾਰ ਦੇਬਾਂਗਸ਼ੂ ਨੇ ਜਿੱਤੀ

### ਸੀ.ਪੀ.ਐਮ. ਦੇ ਉਮੀਦਵਾਰ ਨੂੰ 1.09 ਲੱਖ ਵੋਟਾਂ ਨਾਲ ਹਰਾਇਆ

ਕਲਕੱਤਾ, 24 ਮਈ (ਚੜ੍ਹਦੀਕਲਾ ਬਿਊਰੋ) : ਪੱਛਮੀ ਬੰਗਾਲ ਦੀ ਫਾਲਤਾ ਸੀਟ ਤੇ ਐਤਵਾਰ ਨੂੰ ਆਏ ਚੋਣ ਨਤੀਜਿਆਂ ਵਿੱਚ ਭਾਜਪਾ ਨੂੰ ਜਿੱਤ ਮਿਲੀ ਹੈ। ਭਾਜਪਾ ਉਮੀਦਵਾਰ ਦੇਬਾਂਗਸ਼ੂ ਨੇ 1.41 ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਉਹਨਾਂ ਨੂੰ 1.49 ਲੱਖ ਤੋਂ ਵੱਧ ਵੋਟਾਂ ਮਿਲੀਆਂ। ਸੀ.ਪੀ.ਐਮ. ਦੇ ਉਮੀਦਵਾਰ ਸ਼ੰਭੂਨਾਥ ਕੁਰਮੀ 40 ਹਜ਼ਾਰ ਵੋਟਾਂ ਨਾਲ ਦੂਜੇ ਨੰਬਰ ਤੇ ਰਹੇ। ਉੱਥੇ ਹੀ ਚੋਣਾਂ ਤੋਂ ਪਿੱਛੇ ਹਟਣ ਵਾਲੇ ਟੀ.ਐਮ.ਸੀ. ਦੇ ਜਹਾਂਗੀਰ ਚੌਥੇ ਨੰਬਰ ਤੇ ਰਹੇ।ਫਾਲਤਾ ਦੇ 74 ਸਾਲਾਂ ਦੇ ਇਤਿਹਾਸ ਵਿੱਚ ਭਾਜਪਾ ਨੇ ਪਹਿਲੀ ਵਾਰ ਜਿੱਤ ਹਾਸਲ ਕੀਤੀ ਹੈ। 1952 ਤੋਂ 2006 ਤੱਕ ਇਹ ਕਾਂਗਰਸ ਅਤੇ

(ਬਾਕੀ ਸਫ਼ਾ 2 'ਤੇ)

# ਟਰੰਪ ਨੇ ਓਬਾਮਾ ਦੇ ਈਰਾਨ ਸਮਝੌਤੇ ਨੂੰ ਦੱਸਿਆ ਸਭ ਤੋਂ ਮਾੜਾ ਸੌਦਾ, ਕਿਹਾ- ਹੁਣ .ਗਲਤੀ ਦੀ ਕੋਈ ਗੁੰਜਾਇਸ਼ ਨਹੀਂ

ਚੜ੍ਹਦੀਕਲਾ ਬਿਊਰੋ

================

ਵਾਸ਼ਿੰਗਟਨ, 24 ਮਈ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੀ ਪਰਮਾਣੂ ਵਾਰਤਾ ਨੂੰ ਲੈ ਕੇ ਇੱਕ ਬੇਹੱਦ ਅਹਿਮ ਅਤੇ ਸਖ਼ਤ ਬਿਆਨ ਜਾਰੀ ਕੀਤਾ ਹੈ। ਟਰੰਪ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸਮੇਂ ਹੋਏ ਈਰਾਨ ਪਰਮਾਣੂ ਸਮਝੌਤੇ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਨੂੰ ਦੇਸ਼ ਦੇ ਇਤਿਹਾਸ ਦੇ ਸਭ ਤੋਂ ਮਾੜੇ ਸੌਦਿਆਂ ਵਿੱਚੋਂ ਇੱਕ ਦੱਸਿਆ ਹੈ। ਟਰੰਪ ਨੇ ਆਪਣੇ ਤਾਜ਼ਾ ਬਿਆਨ ਵਿੱਚ ਕਿਹਾ ਕਿ ਓਬਾਮਾ ਪ੍ਰਸ਼ਾਸਨ ਨੇ ਈਰਾਨ ਨੂੰ ਪਰਮਾਣੂ ਹਥਿਆਰ ਵਿਕਸਿਤ ਕਰਨ ਲਈ ਸਿੱਧਾ ਰਸਤਾ ਦੇ ਦਿੱਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਗੱਲਬਾਤ ਇਸ ਦੇ ਬਿਲਕੁਲ ਉਲਟ ਹੈ ਅਤੇ ਈਰਾਨ ਨੂੰ ਕਿਸੇ ਵੀ ਕੀਮਤ ਤੇ ਪਰਮਾਣੂ ਬੰਬ ਨਹੀਂ ਬਣਾਉਣ ਦਿੱਤਾ ਜਾਵੇਗਾ।



ਰਾਸ਼ਟਰਪਤੀ ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਸਮਝੌਤੇ ਨੂੰ ਲੈ ਕੇ ਕੋਈ ਜਲਦਬਾਜ਼ੀ ਨਹੀਂ ਕਰਨਗੇ। ਉਨ੍ਹਾਂ ਕਿਹਾ,ਸਮਾਂ ਸਾਡੇ ਪੱਖ ਵਿੱਚ ਹੈ ਅਤੇ ਮੈਂ ਆਪਣੇ ਨੁਮਾਇੰਦਿਆਂ ਨੂੰ ਕਿਹਾ ਹੈ ਕਿ ਉਹ ਸਮਝੌਤੇ ਲਈ ਕੋਈ ਜਲਦਬਾਜ਼ੀ ਨਾ ਕਰਨ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਕੋਈ ਪ੍ਰਮਾਣਿਤ ਅਤੇ ਸਹੀ ਸਮਝੌਤਾ ਸਿਰੇ ਨਹੀਂ ਚੜ੍ਹਦਾ, ਉਦੋਂ ਤੱਕ ਈਰਾਨ 'ਤੇ ਲਗਾਈ ਗਈ ਨਾਕੇਬੰਦੀ ਪੂਰੀ ਤਰ੍ਹਾਂ ਜਾਰੀ ਰਹੇਗੀ। ਟਰੰਪ ਨੇ ਮੱਧ ਪੂਰਬ ਦੇ ਦੇਸ਼ਾਂ ਦੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਉਮੀਦ ਜਤਾਈ ਕਿ ਇਹ ਦੇਸ਼ ਇਤਿਹਾਸਕ ਅਬ੍ਰਾਹਮ ਐਕੋਰਡਸ

(ਬਾਕੀ ਸਫ਼ਾ 2 'ਤੇ)

## ਮਾਪਿਆਂ ਨੇ ਤਿੰਨ ਬੱਚੇ ਸੁੱਟੇ ਭਾਖੜਾ ਨਹਿਰ 'ਚ, ਹੋਈ ਮੌਤ

ਚੜ੍ਹਦੀਕਲਾ ਬਿਊਰੋ

================

ਪਟਿਆਲਾ, 24 ਮਈ: ਪਟਿਆਲਾ ਦੇ ਪਿੰਡ ਮੰਡੋਲ ਦੀ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ

### ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੇ ਮਾਂ ਬਾਪ ਨੂੰ ਰਾਹਗੀਰਾਂ ਨੇ ਬਚਾਇਆ

ਸਾਹਮਣੇ ਆਈ ਹੈ, ਜਿੱਥੇ ਮਾਂ-ਬਾਪ ਵੱਲੋਂ ਆਪਣੇ ਤਿੰਨ ਮਾਸੂਮ ਬੱਚਿਆਂ ਨੂੰ ਨਹਿਰ ਵਿੱਚ ਸੁੱਟਣ ਮਗਰੋਂ ਖੁਦ ਵੀ ਛਾਲ ਮਾਰ ਦਿੱਤੀ ਗਈ। ਇਸ ਦਰਦਨਾਕ ਘਟਨਾ ਦੌਰਾਨ ਤਿੰਨਾਂ ਬੱਚਿਆਂ ਦੀ ਮੌਤ ਹੋ ਗਈ, ਜਦਕਿ ਮਾਂ-ਬਾਪ ਨੂੰ ਰਾਹਗੀਰ ਲੋਕਾਂ ਨੇ ਬਚਾ ਲਿਆ। ਭੋਲੇ ਸ਼ੰਕਰ ਡਾਈਵਰਟ ਟੀਮ ਦੇ ਸ਼ੰਕਰ ਭਾਰਦਵਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਸਵੇਰੇ ਕਰੀਬ 9 ਵਜੇ ਦੀ ਹੈ। ਲਾਂਡਰਾਂ ਪਿੰਡ ਦੇ ਰਹਿਣ ਵਾਲਾ ਇਕ ਪਰਿਵਾਰ ਮੋਟਰਸਾਈਕਲ 'ਤੇ ਭਾਖੜਾ ਨਹਿਰ ਵੱਲ ਆਇਆ ਸੀ। ਪਰਿਵਾਰ ਵਿੱਚ 15 ਸਾਲ ਦਾ ਪੁੱਤਰ, 12 ਸਾਲ ਦੀ ਧੀ ਅਤੇ 7 ਸਾਲ ਦੀ ਇਕ ਹੋਰ ਮਾਸੂਮ ਬੱਚੀ ਸ਼ਾਮਲ ਸੀ। ਮੰਡੋਲੀ ਪਿੰਡ ਕੋਲ ਪਹੁੰਚ ਕੇ ਪਹਿਲਾਂ ਬੱਚਿਆਂ ਨੂੰ ਨਹਿਰ ਵਿੱਚ ਸੁੱਟਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਜਦੋਂ ਵੱਡੇ ਪੁੱਤਰ ਨੂੰ ਨਹਿਰ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਨੇ ਮੋਟਰਸਾਈਕਲ ਨੂੰ ਜੱਫਾ ਪਾ ਲਿਆ ਪਰ ਮਾਂ-ਬਾਪ ਨੇ ਕਿਸੇ ਤਰ੍ਹਾਂ ਉਸ ਨੂੰ ਛੁਡਾ ਕੇ ਨਹਿਰ ਵਿੱਚ ਧੱਕ

(ਬਾਕੀ ਸਫ਼ਾ 2 'ਤੇ)

### ਲਾਲ ਕਿਲ੍ਹਾ ਧਮਾਕਾ ਮਾਮਲੇ 'ਚ ਐਨ.ਆਈ.ਏ. ਵੱਲੋਂ ਵੱਡਾ ਖ਼ੁਲਾਸਾ

# ਅੱਤਵਾਦੀਆਂ ਨੇ 'ਬੰਬ ਇੰਜੀਨੀਅਰਿੰਗ' ਲਈ ਕੀਤਾ 'ਚੈਟ-ਜੀਪੀਟੀ' ਦਾ ਇਸਤੇਮਾਲ

### 7,500 ਪੰਨਿਆਂ ਦੀ ਚਾਰਜਸ਼ੀਟ 'ਚ ਸਨਸਨੀਖੇਜ਼ ਦਾਅਵੇ




ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 24 ਮਈ: ਦਿੱਲੀ ਦੇ ਲਾਲ ਕਿਲ੍ਹਾ ਇਲਾਕੇ ਵਿੱਚ ਪਿਛਲੇ ਸਾਲ ਹੋਏ ਭਿਆਨਕ ਕਾਰ ਧਮਾਕੇ ਦੀ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਇੱਕ ਬੇਹੱਦ ਚਿੰਤਾਜਨਕ ਖ਼ੁਲਾਸਾ ਕੀਤਾ ਹੈ। ਐੱਨ.ਆਈ.ਏ. ਵੱਲੋਂ ਵਿਸ਼ੇਸ਼ ਅਦਾਲਤ ਵਿੱਚ ਦਾਇਰ ਕੀਤੀ ਗਈ 7,500 ਪੰਨਿਆਂ ਦੀ ਚਾਰਜਸ਼ੀਟ ਮੁਤਾਬਕ, ਅਲ-ਕਾਇਦਾ ਨਾਲ ਸਬੰਧਤ ਅਤਿਵਾਦੀ ਸੰਗਠਨ 'ਅੰਸਾਰ ਗਜ਼ਵਾਤ-ਉਲ-ਹਿੰਦ' ਦੇ ਅਤਿਵਾਦੀਆਂ ਨੇ ਬੰਬ ਅਤੇ ਰਾਕੇਟ ਬਣਾਉਣ (ਟੈਰਰ ਇੰਜੀਨੀਅਰਿੰਗ) ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਪਲੇਟਫਾਰਮ 'ਚੈਟ-ਜੀਪੀਟੀ' ਅਤੇ ਯੂਟਿਊਬ ਦੀ ਦੁਰਵਰਤੋਂ ਕੀਤੀ ਸੀ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁੱਖ ਮੁਲਜ਼ਮ ਜਾਸਿਰ

(ਬਾਕੀ ਸਫ਼ਾ 2 'ਤੇ)

# ਨਦੀ ਵਿੱਚੋਂ ਸਿੱਪੀਆਂ ਇਕੱਠੀਆਂ ਕਰਦੇ ਸਮੇਂ ਇੱਕੋ ਪਰਿਵਾਰ ਦੇ 8 ਜੀਅ ਡੁੱਬੇ

### ਮਰਨ ਵਾਲਿਆਂ 'ਚ ਸੱਤ ਔਰਤਾਂ ਸ਼ਾਮਲ

ਚੜ੍ਹਦੀਕਲਾ ਬਿਊਰੋ

================

ਕਰਵਾਰ, 24 ਮਈ: ਕਰਨਾਟਕ ਦੇ ਉੱਤਰਾ ਕੰਨੜ ਜ਼ਿਲ੍ਹੇ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਪੁਲਿਸ ਸੂਤਰਾਂ ਨੇ ਐਤਵਾਰ ਨੂੰ ਦੱਸਿਆ ਕਿ ਇੱਥੋਂ ਦੀ ਤੱਤੇ ਹੱਕਲੂ ਨਦੀ ਵਿੱਚ ਤਾਜ਼ੇ ਪਾਣੀ ਦੀਆਂ ਸਿਪੀਆਂ (ਮੱਸਲਜ਼) ਇਕੱਠੀਆਂ ਕਰਨ ਗਿਆ ਇੱਕ ਗਰੁੱਪ ਨਦੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਿਆ। ਇਸ ਹਾਦਸੇ ਵਿੱਚ ਇੱਕੋ ਪਰਿਵਾਰ ਦੇ 8 ਜੀਆਂ ਦੀ ਡੁੱਬਣ ਕਰਕੇ ਮੌਤ ਹੋ ਗਈ, ਜਿਨ੍ਹਾਂ ਵਿੱਚ 7 ਔਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ ਪਰਿਵਾਰ ਦੇ 2 ਹੋਰ ਮੈਂਬਰ ਅਜੇ ਵੀ ਲਾਪਤਾ ਦੱਸੇ ਜਾ ਰਹੇ ਹਨ।ਪੁਲਿਸ ਸੂਤਰਾਂ ਮੁਤਾਬਕ, ਸ਼ਿਰਾਲੀ ਪਿੰਡ ਦੇ ਰਹਿਣ ਵਾਲੇ ਕਰੀਬ 14 ਲੋਕ



(ਬਾਕੀ ਸਫ਼ਾ 2 'ਤੇ)

### ਰਿਸ਼ਵਤਖੋਰੀ ਮਾਮਲਾ

## ਆਸਾਮ ਦੇ ਏ.ਸੀ.ਐੱਸ. ਅਫ਼ਸਰ ਦੇ ਘਰੋਂ ਮਿਲੀ ਨਗਦੀ ਤੇ ਲੱਖਾਂ ਦੇ ਦਸਤਾਵੇਜ਼

ਗੁਹਾਟੀ, 24 ਮਈ (ਚੜ੍ਹਦੀਕਲਾ ਬਿਊਰੋ) : ਆਸਾਮ ਵਿਚ ਵਿਜੀਲੈਂਸ ਵੱਲੋਂ ਵੱਡੀ ਕਾਰਵਾਈ ਕੀਤੀ ਗਈ, ਜਿਸ ਤਹਿਤ ਏ.ਸੀ.ਐੱਸ. ਅਧਿਕਾਰੀ ਦੇ ਘਰ 'ਤੇ ਛਾਪਾ ਮਾਰਿਆ ਗਿਆ ਕਿਉਂਕਿ ਉਸ 'ਤੇ ਰਿਸ਼ਵਤ ਲੈਣ ਦੇ ਇਲਜ਼ਾਮ ਲੱਗੇ ਸਨ। ਏ.ਸੀ.ਐੱਸ. ਅਫਸਰ ਦੇ ਘਰੋਂ 48 ਲੱਖ ਰੁਪਏ ਦੀ ਨਕਦੀ ਤੇ 80 ਲੱਖ ਦੇ ਫਿਕਸਡ ਡਿਪਾਜ਼ਿਟ ਤੇ ਵੱਖ-ਵੱਖ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼ ਬਰਾਮਦ ਕੀਤੇ ਗਏ ਹਨ। ਨੋਟਾਂ ਦੇ ਬੰਡਲ ਦੇਖ ਕੇ ਅਧਿਕਾਰੀ ਵੀ ਹੈਰਾਨ ਰਹਿ ਗਏ ਹਨ। ਗੁਹਾਟੀ ਦੇ ਰੂਪਨਗਰ ਵਿਖੇ ਭੂਮੀ ਰਿਕਾਰਡ ਵਿਭਾਗ ਦੇ ਵਧੀਕ ਡਾਇਰੈਕਟਰ ਦਾਸ ਨੂੰ 21 ਮਈ ਨੂੰ

(ਬਾਕੀ ਸਫ਼ਾ 2 'ਤੇ)

## ਡਿਊਟੀ 'ਤੇ ਜਾ ਰਹੇ ਏ.ਐਸ.ਆਈ. ਦਾ ਅਣਪਛਾਤਿਆਂ ਵੱਲੋਂ ਗੋਲ਼ੀਆਂ ਮਾਰ ਕੇ ਕਤਲ

ਮਜੀਠਾ, 24 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਪੁਲਿਸ ਦੇ ਇੱਕ ਏ.ਐਸ.ਆਈ. ਨੂੰ ਸਵੇਰੇ ਅੰਮ੍ਰਿਤਸਰ ਦੇ ਮਜੀਠਾ ਵਿੱਚ ਡਿਊਟੀ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ। ਹਮਲਾਵਰ ਮੋਟਰਸਾਈਕਲ 'ਤੇ ਆਏ ਅਤੇ ਏ.ਐਸ.ਆਈ. 'ਤੇ ਦੋ ਗੋਲੀਆਂ ਚਲਾਈਆਂ। ਫਿਰ ਉਹ ਮੌਕੇ ਤੋਂ ਭੱਜ ਗਏ। ਗੋਲੀਆਂ ਨਾਲ ਏ.ਐਸ.ਆਈ. ਗੰਭੀਰ ਜ਼ਖਮੀ ਹੋ ਗਿਆ ਅਤੇ ਥੋੜ੍ਹੀ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ। ਮ੍ਰਿਤਕ ਪੁਲਿਸ ਅਧਿਕਾਰੀ ਦੀ ਪਛਾਣ ਜੋਗਾ ਸਿੰਘ ਵਜੋਂ ਹੋਈ ਹੈ।

ਪੰਜਾਬ ਪੁਲਿਸ ਦੇ ਟ੍ਰੈਫਿਕ ਵਿਭਾਗ ਵਿੱਚ ਤਾਇਨਾਤ ਏ.ਐਸ.ਆਈ. ਜੋਗਾ ਸਿੰਘ ਗੁਰਦਾਸਪੁਰ ਦੇ ਬਾਂਗਰ ਦੇ ਪਿੰਡ ਘਣੀਏ ਦਾ ਰਹਿਣ ਵਾਲਾ ਸੀ। ਉਹ ਸਵੇਰੇ 6 ਵਜੇ ਦੇ ਕਰੀਬ ਡਿਊਟੀ ਲਈ ਸਕੂਟਰ 'ਤੇ ਅੰਮ੍ਰਿਤਸਰ ਜਾ ਰਿਹਾ ਸੀ ਤਾਂ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਮਜੀਠਾ ਤੋਂ ਲਗਭਗ ਇੱਕ ਕਿਲੋਮੀਟਰ ਦੂਰ

(ਬਾਕੀ ਸਫ਼ਾ 2 'ਤੇ)

# ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ 87 ਖਿਡਾਰੀਆਂ ਦਾ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨ

### ਪੰਜਾਬ ਸਰਕਾਰ ਨੇ ਸਾਰੇ ਖਿਡਾਰੀਆਂ ਨੂੰ 32.05 ਕਰੋੜ ਦੀ ਇਨਾਮੀ ਰਾਸੀ ਵੰਡੀ: ਮੁੱਖ ਮੰਤਰੀ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਦੇ ਇਤਿਹਾਸ ਵਿੱਚ ਵੱਡੇ ਖੇਡ ਸਮਾਗਮ ਦੌਰਾਨ ਮਹਾਰਾਜਾ ਰਣਜੀਤ ਸਿੰਘ ਐਵਾਰਡ ਜੇਤੂ 87 ਖਿਡਾਰੀਆਂ ਅਤੇ 1,070 ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ 32.05 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਪਿੰਡਾਂ ਤੋਂ ਲੈ ਕੇ ਅੰਤਰਰਾਸ਼ਟਰੀ ਖੇਡ ਮੈਦਾਨਾਂ ਤੱਕ ਸੂਬੇ ਵਿੱਚ ਖੇਡਾਂ ਲਈ ਵਿਆਪਕ ਐਲਾਨ ਕੀਤਾ। ਪੰਜਾਬ ਨੂੰ ਉੱਭਰਦੀ ਖੇਡ ਸ਼ਕਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਾ ਸਿਰਫ ਓਲੰਪਿਕ ਅਤੇ ਏਸ਼ੀਆਈ ਖੇਡਾਂ ਦੇ ਮੈਡਲ ਜੇਤੂਆਂ ਨੂੰ 1-1 ਕਰੋੜ ਰੁਪਏ ਨਾਲ ਸਨਮਾਨਿਤ ਕੀਤਾ ਸਗੋਂ 9 ਖਿਡਾਰੀਆਂ ਨੂੰ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਪਹਿਲੀ ਵਾਰ



ਟੂਰਨਾਮੈਂਟ ਦੀ ਤਿਆਰੀ ਲਈ 220 ਖਿਡਾਰੀਆਂ ਨੂੰ 8.61 ਕਰੋੜ ਰੁਪਏ ਦੀ ਸਿੱਧੇ ਬੈਂਕ ਖਾਤਿਆਂ ਰਾਹੀਂ ਵਿੱਤੀ ਸਹਾਇਤਾ ਦਿੱਤੀ ਗਈ।

ਅੱਜ ਇੱਥੇ ਸੈਕਟਰ-35 ਵਿੱਚ ਮਿਊਂਸਪਲ ਭਵਨ ਵਿਖੇ ਸਮਾਗਮ ਦੌਰਾਨ ਖੇਡਾਂ ਦੇ ਖੇਤਰ ਵਿੱਚ ਨਿਰਣਾਇਕ ਬਦਲਾਅ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਲ 2026-27 ਲਈ 1,763 ਕਰੋੜ ਰੁਪਏ ਦੇ ਇਤਿਹਾਸਕ ਖੇਡ ਬਜਟ ਅਤੇ ਜ਼ਮੀਨੀ ਪੱਧਰ 'ਤੇ ਖੇਡ ਪ੍ਰਤਿਭਾ ਨੂੰ ਨਿਖਾਰਨ ਲਈ 1,300 ਕਰੋੜ ਰੁਪਏ ਦੀ ਲਾਗਤ ਨਾਲ 3,148 ਪੇਂਡੂ ਖੇਡ ਮੈਦਾਨ ਵਿਕਸਤ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ ਅਤੇ ਇਕ ਨਵੰਬਰ ਨੂੰ ਪੰਜਾਬ ਦਿਵਸ 'ਤੇ ਭਾਰਤ-ਪਾਕਿਸਤਾਨ ਦਰਮਿਆਨ ਗਹਿਗੱਚ ਮੁਕਾਬਲਾ ਹੋਵੇਗਾ। ਪਿਛਲੀਆਂ ਸਰਕਾਰਾਂ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ, ਦੇਸ਼ ਲਈ ਅਣਗਿਣਤ ਚੈਂਪੀਅਨ ਪੈਦਾ ਕਰਨ ਦੇ ਬਾਵਜੂਦ ਪਹਿਲਾਂ ਕਦੇ ਵੀ ਸੂਬੇ ਨੂੰ ਕਿਸੇ ਵੱਡੇ ਖੇਡ ਸਮਾਗਮ ਦੀ ਮੇਜ਼ਬਾਨੀ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਖੇਡ ਐਸੋਸੀਏਸ਼ਨਾਂ 'ਤੇ ਅਸਲ ਖਿਡਾਰੀਆਂ ਦੀ ਬਜਾਏ ਸਿਆਸੀ ਤੌਰ 'ਤੇ ਜੁੜੇ ਵਿਅਕਤੀਆਂ ਦਾ ਦਬਦਬਾ ਰਿਹਾ।

ਸ਼ਾਨਦਾਰ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦਿਨ ਪੰਜਾਬ ਲਈ ਇਤਿਹਾਸਕ ਪਲ ਹੈ ਕਿਉਂਕਿ 87 ਖਿਡਾਰੀਆਂ ਨੂੰ ਵੱਕਾਰੀ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜਦੋਂ ਕਿ ਵੱਖ-ਵੱਖ ਖੇਡਾਂ ਦੇ 1,070 ਮੈਡਲ ਜੇਤੂ ਖਿਡਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ, "ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰ ਨੇ ਖਿਡਾਰੀਆਂ ਵਿੱਚ 32.05 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਹੈ। ਮੁੱਖ ਮੰਤਰੀ ਨੇ ਕਿਹਾ, "ਪੰਜਾਬ ਦੇ ਖਿਡਾਰੀਆਂ ਨੇ ਅੰਤਰਰਾਸਟਰੀ ਪੱਧਰ 'ਤੇ ਆਪਣੀਆਂ ਪ੍ਰਾਪਤੀਆਂ ਰਾਹੀਂ ਦੇਸ਼ ਅਤੇ ਸੂਬੇ ਦਾ ਬਹੁਤ ਮਾਣ ਵਧਾਇਆ ਹੈ।

(ਬਾਕੀ ਸਫ਼ਾ 2 'ਤੇ)

## ਪੰਜਾਬ 'ਚ ਭਲਕੇ ਪੈਣਗੀਆਂ ਵੋਟਾਂ! ਮਿਊਂਸੀਪਲ ਚੋਣਾਂ ਲਈ ਕੁੱਲ 7,555 ਉਮੀਦਵਾਰ ਚੋਣ ਮੈਦਾਨ 'ਚ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਮਈ: ਚੋਣ ਕਮਿਸ਼ਨ ਪੰਜਾਬ ਨੇ ਦੱਸਿਆ ਕਿ ਪੰਜਾਬ 'ਚ 26 ਮਈ ਨੂੰ ਮਿਊਂਸਪਲ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਦੇ ਲਈ ਕੁੱਲ੍ਹ 7,555 ਉਮੀਦਵਾਰ ਚੋਣ ਮੈਦਾਨ 'ਚ ਉਤਰੇ ਹਨ। ਦੱਸਣਯੋਗ ਹੈ ਕਿ ਇਨ੍ਹਾਂ ਚੋਣਾਂ ਲਈ ਆਪ ਦੇ 1,801 ਉਮੀਦਵਾਰ, ਇੰਡੀਅਨ ਨੈਸ਼ਨਲ ਕਾਂਗਰਸ ਦੇ 1,550 ਉਮੀਦਵਾਰ, ਭਾਜਪਾ ਦੇ 1,316 ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ ਦੇ 1,251 ਉਮੀਦਵਾਰ, ਬਸਪਾ ਦੇ 96 ਉਮੀਦਵਾਰ, 1,528 ਆਜ਼ਾਦ ਉਮੀਦਵਾਰ ਅਤੇ 13 ਹੋਰ ਉਮੀਦਵਾਰ ਚੋਣ ਲੜਨਗੇ।



ਜ਼ਿਕਰਯੋਗ ਹੈ ਕਿ ਪੰਜਾਬ ਚ ਨਗਰ ਨਿਗਮ ਅਤੇ ਕੌਂਸਲ ਚੋਣਾਂ ਬੈਲੇਟ ਪੇਪਰ ਨਾਲ ਹੀ ਹੋਣਗੀਆਂ। ਚੋਣਾਂ ਤੋਂ ਪਹਿਲਾਂ ਬੀਤੇ ਦਿਨੀਂ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਤਿੰਨ ਪਟੀਸ਼ਨਾਂ ਨੂੰ ਖ਼ਾਰਜ ਕੀਤਾ ਹੈ। ਨਿਗਮ ਅਤੇ ਕੌਂਸਲ ਚੋਣਾਂ ਬੈਲਟ ਪੇਪਰ ਨਾਲ ਕਰਵਾਏ ਜਾਣ ਲਈ ਰਾਹ ਪੱਧਰਾ ਕੀਤਾ। ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਨਿਗਮ ਚੋਣਾਂ ਦੇ ਇਸ ਪੜਾਅ 'ਤੇ ਚੋਣ ਪ੍ਰਕਿਰਿਆ 'ਚ ਦਖ਼ਲ ਦੇਣ ਤੋਂ ਇਨਕਾਰ ਕੀਤਾ। ਅਦਾਲਤ ਵੱਲੋਂ ਕਿਹਾ ਗਿਆ ਹੈ ਚੋਣ ਪ੍ਰਕਿਰਿਆ ਹੁਣ ਆਖ਼ਰੀ ਪੜਾਅ 'ਤੇ ਹੈ ਅਤੇ ਇਸ ਪੜਾਅ 'ਤੇ ਦਖ਼ਲ ਨਹੀਂ ਦਿੱਤਾ ਜਾ ਸਕਦਾ।

ਉੱਚ ਅਦਾਲਤ ਨੇ ਪਟੀਸ਼ਨਾਂ ਖ਼ਾਰਜ ਕਰ ਦਿੱਤੀਆਂ ਪਰ ਪਟੀਸ਼ਨਰਾਂ ਨੂੰ ਚੋਣਾਂ ਤੋਂ ਬਾਅਦ ਚੋਣ ਪਟੀਸ਼ਨ ਰਾਹੀਂ ਚੋਣ ਪ੍ਰਕਿਰਿਆ ਨੂੰ ਚੁਣੌਤੀ ਦੇਣ ਦੀ ਖੁੱਲ੍ਹ ਦਿੱਤੀ ਹੈ। ਪੰਜਾਬ ਵਿੱਚ 26 ਮਈ ਨੂੰ ਨਿਗਮ ਅਤੇ ਕੌਂਸਲ ਚੋਣਾਂ ਲਈ ਵੋਟਾਂ ਪੈਣਗੀਆਂ।

(ਬਾਕੀ ਸਫ਼ਾ 2 'ਤੇ)

# ਪੰਜਾਬ 'ਚ ਭਲਕੇ ਪੈਣਗੀਆਂ ਵੋਟਾਂ !

ਕੁਝ ਦਿਨ ਪਹਿਲਾਂ ਵਿਰੋਧੀ ਧਿਰਾਂ ਨੇ ਰਾਜ ਚੋਣ ਕਮਿਸ਼ਨ ਨੂੰ ਮਿਲ ਕੇ ਮੰਗ ਕੀਤੀ ਸੀ ਕਿ ਇਹ ਚੋਣਾਂ ਈ.ਵੀ.ਐਮ. ਮਸ਼ੀਨਾਂ ਨਾਲ ਕਰਵਾਈਆਂ ਜਾਣ। ਤਿੰਨ ਪਟੀਸ਼ਨਾਂ ਰਾਹੀਂ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਇਹ ਚੋਣਾਂ ਬੈਲੇਟ ਪੇਪਰ ਨਾਲ ਕਰਵਾਏ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ।

## ਜੰਗ ਖ਼ਤਮ ਕਰਨ ਲਈ ਅਮਰੀਕਾ-ਈਰਾਨ ਦੀ......

ਦਿਵਾਉਂਦਾ ਹਾਂ ਕਿ ਅੰਤਿਮ ਟੀਚਾ ਇਹ ਹੈ ਕਿ ਇਰਾਨ ਕੋਲ ਕਦੇ ਵੀ ਪਰਮਾਣੂ ਹਥਿਆਰ ਨਹੀਂ ਹੋ ਸਕਦਾ। ਈਰਾਨ ਕਦੇ ਵੀ ਪਰਮਾਣੂ ਹਥਿਆਰ ਨਹੀਂ ਰੱਖ ਸਕਦਾ। ਉਨ੍ਹਾਂ ਕਿਹਾ, ਖਾੜੀ ਦੇਸ਼ਾਂ ਵਿੱਚ ਸਾਡੇ ਸਾਥੀਆਂ ਨਾਲ ਮਿਲ ਕੇ ਇੱਕ ਖਾਕੇ (ਪਲਾਨ) ਉੱਤੇ ਪਿਛਲੇ 48 ਘੰਟਿਆਂ ਦੌਰਾਨ ਹੋਈ ਗੱਲਬਾਤ ਵਿੱਚ ਵੱਡਾ ਹੁੰਗਾਰਾ ਮਿਲਿਆ ਹੈ। ਜੇਕਰ ਇਹ ਕੋਸ਼ਿਸ਼ ਕਾਮਯਾਬ ਹੁੰਦੀ ਹੈ, ਤਾਂ ਇਸ ਨਾਲ ਨਾ ਸਿਰਫ਼ ਹੋਰਮੁਜ਼ ਜਲਮਾਰਗ ਪੂਰੀ ਤਰ੍ਹਾਂ ਖੁੱਲ੍ਹ ਜਾਵੇਗਾ, ਬਲਕਿ ਮੇਰਾ ਮਤਲਬ ਹੈ ਕਿ ਇਸ ਸਮੁੰਦਰੀ ਰਸਤੇ ਤੋਂ ਬਿਨਾਂ ਕਿਸੇ ਟੈਕਸ (ਟੋਲ) ਦੇ ਜਹਾਜ਼ ਆ-ਜਾ ਸਕਣਗੇ। ਉੱਥੇ ਹੀ ਐਸ.ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਦੋਵਾਂ ਦੀ ਇਹ ਯਕੀਨੀ ਬਣਾਉਣ ਵਿੱਚ ਬਹੁਤ ਮਜ਼ਬੂਤ ਦਿਲਚਸਪੀ ਹੈ ਕਿ ਸੁਰੱਖਿਅਤ ਅਤੇ ਨਿਰਵਿਘਨ ਸਮੁੰਦਰੀ ਵਪਾਰ ਹੋਵੇ। ਉਨ੍ਹਾਂ ਕਿਹਾ,ਸਾਡੀ ਇਸ ਗੱਲ ਵਿੱਚ ਵੀ ਵੱਡੀ ਦਿਲਚਸਪੀ ਹੈ ਕਿ ਦੁਨੀਆ ਭਰ ਵਿੱਚ ਤੇਲ ਅਤੇ ਗੈਸ (ਊਰਜਾ) ਦੀਆਂ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਿਆ ਜਾਵੇ ਅਤੇ ਸਾਰਿਆਂ ਲਈ ਊਰਜਾ ਦੇ ਸਾਧਨ ਹੋਰ ਆਸਾਨੀ ਨਾਲ ਮਿਲ ਸਕਣ।

ਜ਼ਿਕਰਯੋਗ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਦੀਆਂ ਇਹ ਟਿੱਪਣੀਆਂ ਟਰੰਪ ਵੱਲੋਂ ਸ਼ਨਿੱਚਰਵਾਰ ਨੂੰ ਸਾਊਦੀ ਅਰਬ, ਕਤਰ, ਤੁਰਕੀ, ਮਿਸਰ, ਸੰਯੁਕਤ ਅਰਬ ਅਮੀਰਾਤ, ਜਾਰਡਨ, ਬਹਿਰੀਨ ਅਤੇ ਪਾਕਿਸਤਾਨ ਦੇ ਆਗੂਆਂ ਨਾਲ ਖੇਤਰੀ ਸਥਿਤੀ ਅਤੇ ਚੱਲ ਰਹੀਆਂ ਸ਼ਾਂਤੀ ਕੋਸ਼ਿਸ਼ਾਂ 'ਤੇ ਚਰਚਾ ਕਰਨ ਲਈ ਫੋਨ 'ਤੇ ਗੱਲਬਾਤ ਕਰਨ ਤੋਂ ਬਾਅਦ ਆਈਆਂ ਹਨ। ਪਾਕਿਸਤਾਨੀ ਫੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਸ਼ਨਿੱਚਰਵਾਰ ਦੇਰ ਸ਼ਾਮ ਤੱਕ ਸੀਨੀਅਰ ਇਰਾਨੀ ਆਗੂਆਂ ਨਾਲ ਗੱਲਬਾਤ ਲਈ ਤਹਿਰਾਨ ਵਿੱਚ ਸਨ, ਜਿਸਦਾ ਉਦੇਸ਼ ਅਮਰੀਕਾ ਅਤੇ ਈਰਾਨ ਵਿਚਕਾਰ ਇੱਕ ਨਿਰਣਾਇਕ ਸਮਝੌਤੇ ਨੂੰ ਸੁਰੱਖਿਅਤ ਕਰਨ ਲਈ ਯਤਨਾਂ ਨੂੰ ਤੇਜ਼ ਕਰਨਾ ਸੀ।

## ਗੁਜਰਾਤ ਪੁਲਿਸ ਵੱਲੋਂ 613 ਕਰੋੜ ਦੀ ਸਾਈਬਰ ਠੱਗੀ ਦਾ ਪਰਦਾਫ਼ਾਸ਼

613 ਕਰੋੜ ਰੁਪਏ ਤੋਂ ਵੱਧ ਦੀ ਆਨਲਾਈਨ ਠੱਗੀ ਕਰ ਚੁੱਕੇ ਹਨ ਅਤੇ ਇਨ੍ਹਾਂ ਦੇ ਤਾਰ ਦੇਸ਼ ਭਰ ਦੇ ਕਰੀਬ 982 ਸਾਈਬਰ ਅਪਰਾਧ ਦੇ ਮਾਮਲਿਆਂ ਨਾਲ ਜੁੜੇ ਹੋਏ ਹਨ। ਮੁੱਖ ਮੁਲਜ਼ਮ ਵਿਮਲ ਜਾੜਾ ਲੀਕ ਹੋਏ ਡੇਟਾ ਅਤੇ ਓ.ਟੀ.ਪੀ. ਰਾਹੀਂ ਲੋਕਾਂ ਦੇ ਬੈਂਕ ਖਾਤੇ ਖਾਲੀ ਕਰਦਾ ਸੀ।

## ਪੰਜਾਬ 'ਚ ਅਗਲੇ ਤਿੰਨ ਦਿਨਾਂ ਲਈ ਲੂਅ ਦੀ ਚੇਤਾਵਨੀ ਜਾਰੀ

ਜਿਵੇਂ ਕਿ ਫਿਰੋਜ਼ਪੁਰ, ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਵਿੱਚ ਲੂ ਚੱਲਣ ਕਾਰਨ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਉੱਥੇ ਹੀ 25 ਮਈ ਨੂੰ ਹੋਰ ਗਰਮੀ ਦਾ ਪ੍ਰਭਾਵ ਵਧੇਗਾ ਅਤੇ ਲੱਗਭੱਗ ਪੂਰੇ ਪੰਜਾਬ ਵਿੱਚਲੂਅ ਚੱਲਣ ਦੀ ਸੰਭਾਵਨਾ ਹੈ। ਵਿਭਾਗ ਨੇ ਸੂਬੇ ਦੇ ਬਹੁਤੇ ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕਰਦਿਆਂ ਲੋਕਾਂ ਨੂੰ ਸੁਚੇਤ ਰਹਿਣ ਲਈ ਕਿਹਾ ਹੈ। 26 ਅਤੇ 27 ਮਈ ਨੂੰ ਪੂਰੇ ਪੰਜਾਬ ਵਿਚ ਹੀਟਵੇਵ ਦਾ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇਹ ਦੋ ਦਿਨ ਸਭ ਤੋਂ ਵੱਧ ਚੁਣੌਤੀਪੂਰਨ ਹੋ ਸਕਦੇ ਹਨ। ਮੌਸਮ ਵਿਭਾਗ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਜਲੰਧਰ ਆਦਿ ਵਿੱਚ ਭਿਆਨਕ ਲੂਅ ਦੀ ਚਿਤਾਵਨੀ ਦਿੰਦੇ ਹੋਏ ਓਰੇਂਜ ਅਲਰਟ ਜਾਰੀ ਕੀਤਾ ਹੈ। ਇਨ੍ਹਾਂ ਦਿਨਾਂ ਵਿੱਚ ਗਰਮੀ ਆਪਣੇ ਸਿਖਰ 'ਤੇ ਹੋ ਸਕਦੀ ਹੈ।

27 ਤਾਰੀਖ਼ ਦੇ ਬਾਅਦ ਮੌਸਮ ਵਿਚ ਥੋੜ੍ਹਾ ਬਦਲਾਅ ਵੇਖਣ ਨੂੰ ਮਿਲੇਗਾ। 28 ਮਈ ਨੂੰ ਪੰਜਾਬ ਵਾਸੀਆਂ ਨੂੰ ਗਰਮੀ ਤੋਂ ਕੁਝ ਰਾਹਤ ਮਿਲਣ ਦੀ ਉਮੀਦ ਹੈ। ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਕੋਈ ਚਿਤਾਵਨੀ ਨਹੀਂ ਹੈ, ਹਾਲਾਂਕਿ ਫ਼ਾਜ਼ਿਲਕਾ, ਮੁਕਤਸਰ ਅਤੇ ਬਠਿੰਡਾ ਵਰਗੇ ਖੇਤਰਾਂ ਵਿੱਚ ਅਜੇ ਵੀ ਲੂਅ ਦਾ ਪ੍ਰਭਾਵ ਰਹਿ ਸਕਦਾ ਹੈ। ਉਥੇ ਹੀ ਮੌਸਮ ਵਿਭਾਗ ਨੇ 9 ਜ਼ਿਲ੍ਹਿਆਂ ਵਿਚ ਹਨ੍ਹੇਰੀ-ਤੂਫ਼ਾਨ ਦਾ ਅਲਰਟ ਜਾਰੀ ਕੀਤਾ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿਚ ਹਲਕੀ ਬਾਰਿਸ਼ ਦੀ ਸੰਭਾਵਨਾ ਵੀ ਜਤਾਈ ਹੈ। ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਲੁਧਿਆਣਾ, ਮੋਹਾਲੀ, ਰੂਪਨਗਰ, ਫਤਿਹਗੜ੍ਹ ਸਾਹਿਬ ਤੇ ਪਟਿਆਲਾ ਵਿਚ ਹਨ੍ਹੇਰੀ-ਤੂਫ਼ਾਨ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਲੋਕ ਦੁਪਹਿਰ ਵੇਲੇ ਘਰੋਂ ਬਾਹਰ ਨਿਕਲਣ ਤੋਂ ਪਰਹੇਜ਼ ਕਰਨ ਅਤੇ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣ। ਖ਼ਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ।

## ਦੇਸ਼ 'ਚ ਪੈ ਰਹੀ ਭਿਆਨਕ ਗਰਮੀ ਕਾਰਨ 47 ਡਿਗਰੀ ਤੋਂ ਪਾਰ ਪੁੱਜਾ ਪਾਰਾ

ਅਤੇ ਪ੍ਰਯਾਗਰਾਜ ਵਰਗੇ ਸ਼ਹਿਰ ਸ਼ਾਮਲ ਸਨ। ਉੱਤਰ ਪ੍ਰਦੇਸ਼ ਦੇ ਬਾਂਦਾ ਵਿੱਚ ਤਾਪਮਾਨ 46.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਓਡੀਸ਼ਾ ਦੇ ਝਾਰਸੁਗੁੜਾ ਵਿੱਚ ਤਾਪਮਾਨ 45.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦਿੱਲੀ ਦੇ ਕਈ ਹਿੱਸਿਆਂ ਵਿੱਚ ਤਾਪਮਾਨ 44 ਡਿਗਰੀ ਸੈਲਸੀਅਸ ਤੋਂ ਵੱਧ ਗਿਆ। ਹਾਲਾਂਕਿ, ਦੁਪਹਿਰ ਵੇਲੇ, ਉੱਤਰ ਪ੍ਰਦੇਸ਼, ਦਿੱਲੀ, ਬਿਹਾਰ, ਹਰਿਆਣਾ, ਪੰਜਾਬ, ਰਾਜਸਥਾਨ ਅਤੇ ਉੱਤਰਾਖੰਡ ਦੇ ਕੁਝ ਹਿੱਸਿਆਂ ਵਿੱਚ ਹਵਾਵਾਂ ਦੇ ਨਾਲ ਮੀਂਹ ਪਿਆ, ਜਿਸ ਨਾਲ ਗਰਮੀ ਤੋਂ ਕੁਝ ਰਾਹਤ ਮਿਲੀ। ਰਾਜਸਥਾਨ ਦੇ ਸਾਰੇ ਸ਼ਹਿਰਾਂ ਵਿਚ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਹੇਠਾਂ ਆ ਗਿਆ।ਭਲਕੇ ਦਿੱਲੀ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਲੂ ਚੱਲੇਗੀ ਚੱਲੇਗੀ। ਜਦਕਿ ਇਸ ਦੌਰਾਨ, ਕੇਰਲ, ਕਰਨਾਟਕ, ਤਾਮਿਲਨਾਡੂ, ਅਸਾਮ ਅਤੇ ਮੇਘਾਲਿਆ ਵਰਗੇ ਦੱਖਣੀ ਰਾਜਾਂ ਵਿੱਚ ਮੀਂਹ ਅਤੇ ਬਿਜਲੀ ਦੇ ਨਾਲ ਤੇਜ਼ ਹਵਾਵਾਂ ਚੱਲਣ ਦੀ ਉਮੀਦ ਹੈ।

## ਸੀ.ਬੀ.ਐਸ.ਈ. 12ਵੀਂ ਦੇ ਵਿਦਿਆਰਥੀਆਂ ਤੋਂ....

ਘੱਟ ਰਕਮ ਲਈ ਗਈ ਸੀ।

ਸੀ.ਬੀ.ਐਸ.ਈ. ਨੇ ਕਿਹਾ ਕਿ ਵੱਧ ਭੁਗਤਾਨ ਦੇ ਸਾਰੇ ਮਾਮਲਿਆਂ ਵਿੱਚ, ਸਹੀ ਵੱਧ ਰਕਮ ਉਸੇ ਭੁਗਤਾਨ ਵਿਧੀ (ਪੇਮੈਂਟ ਮੈਥਡ) ਵਿੱਚ ਵਾਪਸ ਕੀਤੀ ਜਾਵੇਗੀ ਜਿਸ ਦੀ ਵਰਤੋਂ ਭੁਗਤਾਨ ਲਈ ਕੀਤੀ ਗਈ ਸੀ। ਇਹ ਵੀ ਕਿਹਾ ਗਿਆ ਕਿ,ਇਸੇ ਤਰ੍ਹਾਂ, ਜਿਨ੍ਹਾਂ ਮਾਮਲਿਆਂ ਵਿੱਚ ਘੱਟ ਭੁਗਤਾਨ ਕੱਟਿਆ ਗਿਆ ਸੀ, ਉਨ੍ਹਾਂ ਉਮੀਦਵਾਰਾਂ ਨੂੰ ਬਾਕੀ ਰਹਿੰਦੀ ਰਕਮ ਦੇ ਭੁਗਤਾਨ ਬਾਰੇ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ, ਜੇਕਰ ਲੋੜ ਹੋਈ। ਅੱਗੇ ਕਿਹਾ ਗਿਆ,ਅਜਿਹੇ ਸਾਰੇ ਮਾਮਲਿਆਂ ਵਿੱਚ ਮੁਲਾਂਕਣ ਕੀਤੀਆਂ ਉੱਤਰ-ਪੱਤਰੀਆਂ ਦੀਆਂ ਸਕੈਨ ਕੀਤੀਆਂ ਕਾਪੀਆਂ ਪ੍ਰਦਾਨ ਕੀਤੀਆਂ ਜਾਣਗੀਆਂ, ਬਿਨਾਂ ਉਮੀਦਵਾਰਾਂ ਨੂੰ ਨਵੀਂ ਬੇਨਤੀ (ਫ੍ਰੈਸ਼ ਰਿਕਵੈਸਟ) ਜਮ੍ਹਾਂ ਕਰਾਉਣ ਦੀ ਲੋੜ ਦੇ।ਸੂਤਰਾਂ ਨੇ ਦੱਸਿਆ ਕਿ ਬੁੱਧਵਾਰ ਨੂੰ ਪ੍ਰਧਾਨ ਨੇ ਸਰਵਰ ਡਾਊਨਟਾਈਮ, ਪੇਮੈਂਟ ਗੇਟਵੇ ਦੀਆਂ ਖਾਮੀਆਂ ਅਤੇ ਪ੍ਰਕਿਰਿਆ ਦੌਰਾਨ ਸਾਹਮਣੇ ਆਈਆਂ ਸੰਚਾਲਨ ਸਬੰਧੀ ਕਮੀਆਂ ਨਾਲ ਜੁੜੇ ਮੁੱਦਿਆਂ ਦਾ ਗੰਭੀਰ ਨੋਟਿਸ ਲਿਆ ਸੀ। ਸ਼ਨਿੱਚਰਵਾਰ ਨੂੰ ਜਾਰੀ ਇੱਕ ਬਿਆਨ ਵਿੱਚ, ਸੀ.ਬੀ.ਐਸ.ਈ. ਨੇ ਕਿਹਾ ਸੀ ਕਿ ਉਹ ਸਾਰੇ ਰਿਪੋਰਟ ਕੀਤੇ ਗਏ ਮੁੱਦਿਆਂ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਸੁਧਾਰਾਤਮਕ ਕਦਮ ਚੁੱਕ ਰਿਹਾ ਹੈ, ਜਿਸ ਵਿੱਚ ਸਮਾਂ ਸੀਮਾ ਵਧਾਉਣਾ ਅਤੇ ਤਕਨੀਕੀ ਦਖਲਅੰਦਾਜ਼ੀ ਸ਼ਾਮਲ ਹੈ। ਬਿਆਨ ਵਿੱਚ ਕਿਹਾ ਗਿਆ ਹੈ,ਮਾਪਿਆਂ ਅਤੇ ਵਿਦਿਆਰਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਨੂੰ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਉਹ ਚਿੰਤਤ ਨਾ ਹੋਣ। ਵੈਰੀਫਿਕੇਸ਼ਨ ਅਤੇ ਪੁਨਰ-ਮੁਲਾਂਕਣ ਪ੍ਰਣਾਲੀ ਦਾ ਅਸਲ ਉਦੇਸ਼ ਇੱਕ ਸੰਗਠਿਤ ਅਤੇ ਨਿਰਪੱਖ ਤਰੀਕੇ ਨਾਲ ਜਾਇਜ਼ ਚਿੰਤਾਵਾਂ ਨੂੰ ਹੱਲ ਕਰਨਾ ਹੈ।ਇਸ ਨੇ ਕਿਹਾ ਸੀ ਕਿ ਪੋਰਟਲ 'ਤੇ ਅਸਧਾਰਨ ਤੌਰ'ਤੇ ਜ਼ਿਆਦਾ ਟਰੈਫਿਕ ਹੋਣ ਕਾਰਨ, ਪੀਕ ਪੀਰੀਅਡਸ (ਜਦੋਂ ਬਹੁਤ ਜ਼ਿਆਦਾ ਯੂਜ਼ਰਸ ਸਨ) ਦੌਰਾਨ ਕੁਝ ਤਕਨੀਕੀ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਸੀ।

## ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਵਾਪਰੀ ਦੁਰਘਟਨਾ 'ਚ 2 ਸ਼ਰਧਾਲੂ ਔਰਤਾਂ ਦੀ ਮੌਤ

ਜ਼ਿਕਰਯੋਗ ਹੈ ਕਿ ਹਰ ਐਤਵਾਰ ਚੌਪਹਿਰਾ ਹੋਣ ਕਾਰਨ ਇਥੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਪੁੱਜਦੀ ਹੈ। ਸੰਗਤ ਜਿੱਥੇ ਵੀ ਥਾਂ ਮਿਲੇ ਬੈਠ ਜਾਂਦੀ ਹੈ ਅਤੇ ਚੱਲ ਰਹੇ ਗੁਰਬਾਣੀ ਦੇ ਪਾਠ ਵਿੱਚ ਸ਼ਾਮਿਲ ਹੁੰਦੀ ਹੈ। ਸੰਗਤ ਦੀ ਭਾਰੀ ਆਮਦ ਦੇ ਕਾਰਨ ਇਸ ਗੁਰਦੁਆਰੇ ਵੱਲ ਆਉਣ ਵਾਲੀਆਂ ਸੜਕਾਂ ਵੀ ਪ੍ਰਮੁੱਖ ਆਵਾਜਾਈ ਲਈ ਬੰਦ ਕਰ ਦਿੱਤੀਆਂ ਜਾਂਦੀਆਂ ਹਨ, ਕਿਉਂਕਿ ਸੰਗਤ ਸੜਕ 'ਤੇ ਵੀ ਬੈਠ ਕੇ ਚੌਪਹਿਰੇ ਵਿੱਚ ਹਿੱਸਾ ਲੈਂਦੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੋ ਕੁਝ ਰੁਝੇਵਿਆਂ ਕਾਰਨ ਅੱਜ ਸ੍ਰੀ ਗੁਰੂ ਰਾਮਦਾਸ ਜੀ ਮੈਡੀਕਲ ਯੂਨੀਵਰਸਿਟੀ ਵਿਖੇ ਪੁੱਜੇ ਹੋਏ ਸਨ, ਇਸ ਘਟਨਾ ਦੀ ਖਬਰ ਮਿਲਣ ਤੋਂ ਬਾਅਦ ਮੌਕੇ 'ਤੇ ਪੁੱਜੇ। ਪ੍ਰਧਾਨ ਨੇ ਜ਼ਖਮੀ ਹੋਈਆਂ ਸ਼ਰਧਾਲੂ ਔਰਤਾਂ ਦਾ ਹਾਲਚਾਲ ਜਾਣਨ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ ਕਿ ਇਸ ਘਟਨਾ ਵਿੱਚ 10 ਔਰਤ ਸ਼ਰਧਾਲੂ ਜ਼ਖਮੀ ਹੋਈਆਂ ਸਨ। ਜਿਨ੍ਹਾਂ ਵਿੱਚੋਂ ਦੋ ਦੀ ਮੌਤ ਹੋ ਗਈ ਹੈ ਅਤੇ ਬਾਕੀ ਜ਼ਖਮੀ ਹਨ। ਉਹਨਾਂ ਦਾ ਇਲਾਜ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਵੱਲਾ ਵਿਖੇ ਚੱਲ ਰਿਹਾ ਹੈ ਅਤੇ ਉਹ ਖ਼ਤਰੇ ਤੋਂ ਬਾਹਰ ਹਨ।

ਉਹਨਾਂ ਦੱਸਿਆ ਕਿ ਇੱਕ ਬੱਚੀ ਦੀ ਲੱਤ 'ਤੇ ਸੱਟ ਲੱਗ ਗਈ ਸੀ ,ਜਿਸ ਨੂੰ ਇਲਾਜ ਤੋਂ ਬਾਅਦ ਘਰ ਭੇਜ ਦਿੱਤਾ ਗਿਆ ਹੈ। ਜਦੋਂ ਕਿ ਇੱਕ ਮਰੀਜ਼ ਨੂੰ ਉਸ ਦੇ ਵਾਰਿਸ ਆਪ ਇਲਾਜ ਕਰਵਾਉਣ ਲਈ ਲੈ ਗਏ ਹਨ। ਬਾਕੀ ਛੇ ਜ਼ਖਮੀ ਔਰਤ ਸ਼ਰਧਾਲੂਆਂ ਦਾ ਇਲਾਜ ਚੱਲ ਰਿਹਾ ਹੈ । ਉਹਨਾਂ ਆਖਿਆ ਕਿ ਜ਼ਖਮੀ ਹੋਈਆਂ ਸ਼ਰਧਾਲੂ ਔਰਤਾਂ ਦਾ ਸਾਰਾ ਇਲਾਜ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਘਟਨਾ ਵਿੱਚ ਮਾਰੀਆਂ ਗਈਆਂ ਦੋ ਸ਼ਰਧਾਲੂ ਔਰਤਾਂ ਦਾ ਪਤਾ ਲਾਉਣ ਲਈ ਯਤਨ ਜਾਰੀ ਹਨ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਦੋ-ਦੋ ਲੱਖ ਰੁਪਏ ਮਾਲੀ ਸਹਾਇਤਾ ਵਜੋਂ ਦਿੱਤੇ ਜਾਣਗੇ। ਉਹਨਾਂ ਦੱਸਿਆ ਕਿ ਐਤਵਾਰ ਨੂੰ ਚੌਪਹਿਰਾ ਵਾਲੇ ਦਿਨ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਸੰਗਤ ਗੁਰਦੁਆਰਾ ਸ਼ਹੀਦਾਂ ਵਿਖੇ ਪੁੱਜਦੀ ਹੈ। ਸੰਗਤ ਨੂੰ ਜਿੱਥੇ ਵੀ ਬੈਠਣ ਦੀ ਥਾਂ ਮਿਲਦੀ ਹੈ, ਬੈਠ ਜਾਂਦੇ ਹਨ। ਉਹਨਾਂ ਦੱਸਿਆ ਕਿ ਕੈਂਪਸ ਵਿੱਚ ਇੱਕ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ। ਜਿਸ ਦੇ ਕੁਝ ਹਿੱਸੇ 'ਤੇ ਲੈਂਟਰ ਪਾਉਣ ਵਾਸਤੇ ਸ਼ਟਰਿੰਗ ਕੀਤੀ ਹੋਈ ਸੀ। ਉਹਨਾਂ ਅੱਗੇ ਦੱਸਿਆ ਕਿ ਅੱਜ ਜਦੋਂ ਤੇਜ਼ ਝੱਖੜ ਆਇਆ ਤਾਂ ਸ਼ਟਰਿੰਗ ਦੀ ਇੱਕ ਪਲੇਟ ਹੇਠਾਂ ਬੈਠੇ ਸ਼ਰਧਾਲੂਆਂ 'ਤੇ ਡਿੱਗ ਪਈ। ਜਿਸ ਕਾਰਨ ਇਹ ਮੰਦਭਾਗਾ ਹਾਦਸਾ ਵਾਪਰਿਆ ਹੈ। ਉਹਨਾਂ ਕਿਹਾ ਕਿ ਐਤਵਾਰ ਨੂੰ ਚੌਪਹਿਰਾ ਹੋਣ ਕਾਰਨ ਇਮਾਰਤ ਦੀ ਕਾਰ ਸੇਵਾ ਦਾ ਕੰਮ ਬੰਦ ਰਹਿੰਦਾ ਹੈ।

## ਬੰਗਾਲ ਦੀ ਫਾਲਤਾ ਸੀਟ ਭਾਜਪਾ ਉਮੀਦਵਾਰ ਦੇਬਾਂਗਸ਼ੂ ਨੇ ਜਿੱਤੀ

ਸੀ.ਪੀ.ਆਈ.(ਐਮ) ਦਾ ਗੜ੍ਹ ਸੀ। 2011 ਤੋਂ ਬਾਅਦ ਲਗਾਤਾਰ ਤਿੰਨ ਵਾਰ ਟੀ.ਐਮ.ਸੀ. ਉਮੀਦਵਾਰ ਨੇ ਇੱਥੇ ਜਿੱਤ ਦਰਜ ਕੀਤੀ ਸੀ।

ਫਾਲਤਾ ਵਿੱਚ ਜਿੱਤ ਦੇ ਨਾਲ ਹੀ ਭਾਜਪਾ ਦੀਆਂ ਹੁਣ ਕੁੱਲ ਸੀਟਾਂ 208 ਹੋ ਗਈਆਂ ਹਨ। 4 ਮਈ ਨੂੰ ਆਏ ਨਤੀਜਿਆਂ ਵਿੱਚ ਭਾਜਪਾ ਨੂੰ 207 ਸੀਟਾਂ ਮਿਲੀਆਂ ਸਨ। ਟੀ.ਐਮ.ਸੀ. ਦੇ ਖਾਤੇ ਵਿੱਚ ਸਿਰਫ਼ 80 ਸੀਟਾਂ ਹਨ।

## ਟਰੰਪ ਨੇ ਓਬਾਮਾ ਦੇ ਈਰਾਨ ਸਮਝੌਤੇ ਨੂੰ ਦੱਸਿਆ ਸਭ ਤੋਂ ਮਾੜਾ ਸੌਦਾ

ਵਿੱਚ ਸ਼ਾਮਲ ਹੋ ਕੇ ਇਸ ਨੂੰ ਹੋਰ ਮਜ਼ਬੂਤ ਕਰਨਗੇ। ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਸ਼ਾਇਦ ਈਰਾਨ ਵੀ ਭਵਿੱਖ ਵਿੱਚ ਇਸ ਦਾ ਹਿੱਸਾ ਬਣਨਾ ਚਾਹੇਗਾ। ਟਰੰਪ ਅਨੁਸਾਰ, ਈਰਾਨ ਨਾਲ ਅਮਰੀਕਾ ਦੇ ਸਬੰਧ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਪੇਸ਼ੇਵਰ ਅਤੇ ਉਸਾਰੂ ਹੁੰਦੇ ਜਾ ਰਹੇ ਹਨ, ਪਰ ਪਰਮਾਣੂ ਹਥਿਆਰਾਂ ਦੇ ਮੁੱਦੇ ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

## ਮਾਪਿਆਂ ਨੇ ਤਿੰਨ ਬੱਚੇ ਸੁੱਟੇ ਭਾਖੜਾ ਨਹਿਰ 'ਚ, ਹੋਈ ਮੌਤ

ਦਿੱਤਾ। ਇਸ ਤੋਂ ਬਾਅਦ ਦੋਵੇਂ ਮਾਂ-ਬਾਪ ਨੇ ਵੀ ਨਹਿਰ ਵਿੱਚ ਛਾਲ ਮਾਰ ਦਿੱਤੀ।ਰਾਹਗੀਰ ਲੋਕਾਂ ਨੇ ਤੁਰੰਤ ਕਾਰਵਾਈ ਕਰਦਿਆਂ ਮਾਂ-ਬਾਪ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਪਰ ਤਿੰਨੇ ਬੱਚੇ ਪਾਣੀ ਦੇ ਤੇਜ਼ ਭਾਵ ਕਾਰਨ ਦੂਰ ਤੱਕ ਚਲੇ ਗਏ। ਗੋਤਾਖੋਰ ਟੀਮ ਨੂੰ ਸੂਚਨਾ ਮਿਲਣ ਮਗਰੋਂ ਕਈ ਘੰਟਿਆਂ ਦੀ ਕੜੀ ਮਸ਼ੱਕਤ ਤੋਂ ਬਾਅਦ ਤਿੰਨਾਂ ਬੱਚਿਆਂ ਦੀਆਂ ਲਾਸ਼ਾਂ ਨਹਿਰ ਵਿੱਚੋਂ ਬਾਹਰ ਕੱਢੀਆਂ ਗਈਆਂ। ਸ਼ੰਕਰ ਭਾਰਦਵਾਜ ਨੇ ਦੱਸਿਆ ਕਿ ਛੋਟੇ-ਛੋਟੇ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਕੱਢਣਾ ਗੋਤਾਖੋਰਾਂ ਲਈ ਵੀ ਬਹੁਤ ਦਹਿਲਾ ਦੇਣ ਵਾਲਾ ਮੰਜ਼ਰ ਸੀ। ਪ੍ਰਾਰੰਭਿਕ ਜਾਣਕਾਰੀ ਅਨੁਸਾਰ ਪਰਿਵਾਰ ਦਾ ਕਿਸੇ ਰਿਸ਼ਤੇਦਾਰ ਨਾਲ ਪਰਿਵਾਰਿਕ ਝਗੜਾ ਚੱਲ ਰਿਹਾ ਸੀ ਹਾਲਾਂਕਿ ਪੁਲਿਸ ਵੱਲੋਂ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਂ-ਬਾਪ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੂਰੇ ਇਲਾਕੇ ਵਿੱਚ ਇਸ ਘਟਨਾ ਤੋਂ ਬਾਅਦ ਸੋਗ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

## ਅੱਤਵਾਦੀਆਂ ਨੇ 'ਬੰਬ ਇੰਜੀਨੀਅਰਿੰਗ' ਲਈ ਕੀਤਾ....

ਬਿਲਾਲ ਵਾਨੀ ਨੇ ਚੈਟ-ਜੀਪੀਟੀ 'ਤੇ ਸਰਚ ਕੀਤਾ ਸੀ ਕਿ 'ਰਾਕੇਟ ਕਿਵੇਂ ਬਣਾਇਆ ਜਾਵੇ ਅਤੇ ਉਸ ਵਿੱਚ ਸਮੱਗਰੀ ਦਾ ਅਨੁਪਾਤ ਕੀ ਹੋਣਾ ਚਾਹੀਦਾ ਹੈ'। ਇਸ ਡਿਜੀਟਲ ਮਦਦ ਨਾਲ ਅੱਤਵਾਦੀਆਂ ਨੇ ਖ਼ਤਰਨਾਕ 'ਰਾਕੇਟ ਆਈ.ਈ.ਡੀ. ਤਿਆਰ ਕੀਤੇ ਅਤੇ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਕਾਜ਼ੀਗੁੰਡ ਅਤੇ ਯੂਸ਼ਮਰਗ ਦੇ ਸੰਘਣੇ ਜੰਗਲਾਂ ਵਿੱਚ ਉਨ੍ਹਾਂ ਦੇ ਸਫ਼ਲ ਟੈਸਟ ਵੀ ਕੀਤੇ, ਜਿਨ੍ਹਾਂ ਦੇ ਅਵਸ਼ੇਸ਼ ਐਨ.ਆਈ.ਏ. ਨੇ ਬਰਾਮਦ ਕਰ ਲਏ ਹਨ। ਇਸ ਮਾਮਲੇ ਵਿੱਚ ਸਭ ਤੋਂ ਹੈਰਾਨੀਜਨਕ ਪਹਿਲੂ ਇਹ ਹੈ ਕਿ ਇਸ ਘਿਨਾਉਣੀ ਸਾਜ਼ਿਸ਼ ਵਿੱਚ ਪੜ੍ਹੇ-ਲਿਖੇ ਮੈਡੀਕਲ ਪੇਸ਼ੇਵਰ ਯਾਨੀ ਡਾਕਟਰ ਸ਼ਾਮਲ ਸਨ। ਹਰਿਆਣਾ ਦੇ ਫ਼ਰੀਦਾਬਾਦ ਸਥਿਤ ਅਲ-ਫ਼ਲਾਹ ਯੂਨੀਵਰਸਿਟੀ ਕੈਂਪਸ ਵਿੱਚ ਤਾਇਨਾਤ ਤਿੰਨ ਡਾਕਟਰ- ਡਾਕਟਰ ਉਮਰ ਉਨ ਨਬੀ, ਡਾਕਟਰ ਅਦੀਲ ਅਹਿਮਦ ਰਾਠਰ ਅਤੇ ਡਾਕਟਰ ਮੁਜ਼ੰਮਿਲ ਸ਼ਕੀਲ ਇਸ ਬਲਾਸਟ ਦੇ ਮੁੱਖ ਸੂਤਰਧਾਰ ਨਿਕਲੇ। ਡਾਕਟਰ ਅਦੀਲ ਨੇ ਬੰਬ ਬਣਾਉਣ ਲਈ ਖਾਦ (ਐਨਪੀਕੇ ਫਰਟੀਲਾਈਜ਼ਰ) ਅਤੇ ਪੀਸੀ ਹੋਈ ਚੀਨੀ ਵਰਗੀ ਸਮੱਗਰੀ ਸਪਲਾਈ ਕੀਤੀ ਸੀ, ਜਦੋਂਕਿ ਡਾਕਟਰ ਉਮਰ ਨੇ ਵਿਸਫੋਟਕਾਂ ਨਾਲ ਲੱਦੀ ਕਾਰ ਚਲਾਈ ਸੀ। 10 ਨਵੰਬਰ, 2025 ਨੂੰ ਹੋਏ ਇਸ ਉੱਚ-ਤੀਬਰਤਾ ਵਾਲੇ ਵਾਹਨ ਧਮਾਕੇ ਵਿੱਚ 11 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖ਼ਮੀ ਹੋਏ ਸਨ। ਚਾਰਜਸ਼ੀਟ ਮੁਤਾਬਕ, ਜਾਸਿਰ ਨੇ ਬੰਬ ਦਾ ਟ੍ਰਿਗਰ ਮੈਕਾਨਿਜ਼ਮ ਤਿਆਰ ਕਰਨ ਲਈ ਫਲਿੱਪਕਾਰਟ ਤੋਂ ਸੈਂਸਰ, ਰਿਮੋਟ ਕੰਟਰੋਲ ਰਿਲੇਅ-ਸਵਿੱਚ ਅਤੇ

# ਪਹਿਲੇ ਸਫ਼ੇ ਦੀ ਬਾਕੀ

ਸੋਲਡਰਿੰਗ ਕਿੱਟਾਂ ਵਰਗੇ ਕਈ ਇਲੈਕਟ੍ਰਾਨਿਕ ਉਪਕਰਨ ਕੈਸ਼-ਆਨ-ਡਿਲੀਵਰੀ ਮੰਗਵਾਏ ਸਨ, ਜਿਨ੍ਹਾਂ ਦੀ ਫੰਡਿੰਗ ਡਾਕਟਰ ਉਮਰ ਨੇ ਕੀਤੀ ਸੀ। ਅਤਿਵਾਦੀਆਂ ਕੋਲੋਂ ਦੋ ਡਰੋਨ ਵੀ ਬਰਾਮਦ ਹੋਏ ਹਨ, ਜਿਨ੍ਹਾਂ ਰਾਹੀਂ ਉਹ ਕਸ਼ਮੀਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸੁਰੱਖਿਆ ਬਲਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਸਨ। ਐਨ.ਆਈ.ਏ. ਨੇ ਕਿਹਾ ਹੈ ਕਿ 'ਵ੍ਹਾਈਟ-ਕਾਲਰ' ਅਤਿਵਾਦ ਦੇ ਇਸ ਮਾਡਿਊਲ ਦੇ ਸਾਰੇ ਮੁਲਜ਼ਮ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਅਤੇ ਮਾਮਲੇ ਦੀ ਅਗਲੇਰੀ ਕਾਨੂੰਨੀ ਕਾਰਵਾਈ ਜਾਰੀ ਹੈ।

## ਨਦੀ ਵਿੱਚੋਂ ਸਿੱਪੀਆਂ ਇਕੱਠੀਆਂ ਕਰਦੇ ਸਮੇਂ ਇੱਕੋ ਪਰਿਵਾਰ ਦੇ 8 ਜੀਅ ਡੁੱਬੇ

ਨਦੀ ਵਿੱਚੋਂ ਸਿਪੀਆਂ ਇਕੱਠੀਆਂ ਕਰਨ ਲਈ ਗਏ ਸਨ। ਦਰਅਸਲ, ਨਦੀਆਂ ਦੇ ਕੰਢਿਆਂ ਅਤੇ ਸਮੁੰਦਰੀ ਤੱਟਾਂ ਦੇ ਆਲੇ-ਦੁਆਲੇ ਰਹਿਣ ਵਾਲੇ ਸਥਾਨਕ ਲੋਕਾਂ ਵੱਲੋਂ ਮੌਸਮ ਦੇ ਹਿਸਾਬ ਨਾਲ ਕੀਤਾ ਜਾਣ ਵਾਲਾ ਇਹ ਇੱਕ ਰਵਾਇਤੀ ਕੰਮ ਹੈ। ਜਾਣਕਾਰੀ ਅਨੁਸਾਰ ਸਿਪੀਆਂ ਇਕੱਠੀਆਂ ਕਰਨ ਦੌਰਾਨ ਇਹ ਲੋਕ ਪਾਣੀ ਦੇ ਡੂੰਘੇ ਪੱਧਰ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕੇ ਅਤੇ ਨਦੀ ਦੇ ਵਿਚਕਾਰਲੇ ਹਿੱਸੇ ਵੱਲ ਚਲੇ ਗਏ। ਇਸੇ ਦੌਰਾਨ ਜਦੋਂ ਨਦੀ ਵਿੱਚ ਪਾਣੀ ਦਾ ਵਹਾਅ ਅਚਾਨਕ ਤੇਜ਼ ਹੋਇਆ, ਤਾਂ ਉਨ੍ਹਾਂ ਵਿੱਚੋਂ ਇੱਕ ਜਾਂ ਦੋ ਜਣੇ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ।

ਪਾਣੀ ਵਿੱਚ ਡੁੱਬ ਰਹੇ ਅਤੇ ਬਚਾਅ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਗਰੁੱਪ ਦੇ ਕਈ ਹੋਰ ਮੈਂਬਰਾਂ ਨੇ ਵੀ ਨਦੀ ਵਿੱਚ ਛਾਲ ਮਾਰ ਦਿੱਤੀ। ਪਰ ਬਾਕੀ ਲੋਕ ਵੀ ਪਾਣੀ ਦੇ ਉਸੇ ਤੇਜ਼ ਵਹਾਅ ਦੀ ਲਪੇਟ ਵਿੱਚ ਆ ਗਏ। ਪੁਲੀਸ ਸੂਤਰਾਂ ਨੇ ਦੱਸਿਆ ਕਿ ਹੁਣ ਤੱਕ ਅੱਠ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ, ਜਦਕਿ ਦੋ ਹੋਰ ਅਜੇ ਵੀ ਲਾਪਤਾ ਹਨ। ਬਚਾਅ ਕਰਮੀ, ਪੁਲੀਸ ਟੀਮਾਂ ਅਤੇ ਸਥਾਨਕ ਨਿਵਾਸੀ ਨਦੀ ਵਿੱਚ ਲਗਾਤਾਰ ਤਲਾਸ਼ੀ ਮੁਹਿੰਮ ਚਲਾ ਰਹੇ ਹਨ। ਮ੍ਰਿਤਕ ਭਟਕਲ ਤਾਲੁਕ ਦੇ ਸ਼ਿਰਾਲੀ ਦੇ ਰਹਿਣ ਵਾਲੇ ਦੱਸੇ ਗਏ ਹਨ। ਸੂਤਰਾਂ ਨੇ ਦੱਸਿਆ, ਤਾਜ਼ੇ ਪਾਣੀ ਦੀਆਂ ਸਿਪੀਆਂ ਇਕੱਠੀਆਂ ਕਰਨਾ ਕੁਝ ਵਰਗਾਂ ਦੇ ਲੋਕਾਂ ਲਈ ਰੋਜ਼ੀ-ਰੋਟੀ ਦੀ ਗਤੀਵਿਧੀ ਹੈ, ਜੋ ਕਿ ਮੱਛੀ ਫੜਨ ਵਾਂਗ ਹੀ ਹੈ। ਇਸ ਵਿੱਚ ਸ਼ਾਮਲ ਬਹੁਤ ਸਾਰੇ ਲੋਕ ਇਸ ਕੰਮ ਵਿੱਚ ਤਜਰਬੇਕਾਰ ਸਨ ਅਤੇ ਕਥਿਤ ਤੌਰ 'ਤੇ ਉਨ੍ਹਾਂ ਨੇ ਪਹਿਲਾਂ ਵੀ ਅਜਿਹੀਆਂ ਗਤੀਵਿਧੀਆਂ ਕੀਤੀਆਂ ਸਨ। ਪੁਲੀਸ ਸੂਤਰਾਂ ਨੇ ਦੱਸਿਆ ਕਿ ਅਧਿਕਾਰੀ ਅਜੇ ਤੱਕ ਇਹ ਪਤਾ ਨਹੀਂ ਲਗਾ ਸਕੇ ਹਨ ਕਿ ਪੀੜਤਾਂ ਵਿੱਚੋਂ ਕਿੰਨੇ ਲੋਕਾਂ ਨੂੰ ਤੈਰਨਾ ਆਉਂਦਾ ਸੀ ਅਤੇ ਇਸ ਦੁਖਾਂਤ ਦੇ ਵਾਪਰਨ ਦਾ ਅਸਲ ਸਿਲਸਿਲਾ ਕੀ ਸੀ।

## ਆਸਾਮ ਦੇ ਏ.ਸੀ.ਐਸ. ਅਫ਼ਸਰ ਦੇ ਘਰੋਂ ਮਿਲੀ ਨਗਦੀ ਤੇ ਲੱਖਾਂ ਦੇ ਦਸਤਾਵੇਜ਼

ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਨ੍ਹਾਂ 'ਤੇ ਜ਼ਮੀਨ ਵੇਚਣ ਦੀ ਇਜਾਜ਼ਤ ਲਈ ਐਨ.ਓ.ਸੀ. ਜਾਰੀ ਕਰਨ ਲਈ ਕਥਿਤ ਤੌਰ 'ਤੇ 1 ਲੱਖ ਰੁਪਏ ਦੀ ਮੰਗ ਕਰਨ ਲਈ 45,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਲਗਾਏ ਗਏ ਸਨ।ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਰਕਮ ਦਾ ਭੁਗਤਾਨ ਕਰਨ ਤੋਂ ਇਨਕਾਰ ਕਰਦੇ ਹੋਏ ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਨਾਲ ਸੰਪਰਕ ਕੀਤਾ ਸੀ। ਇਸ ਦੇ ਬਾਅਦ ਰੂਪਨਗਰ ਸਥਿਤ ਵਿਜੀਲੈਂਸ ਵੱਲੋਂ ਜਾਲ ਵਿਛਾ ਕੇ ਕਾਰਵਾਈ ਕੀਤੀ ਗਈ, ਜਿੱਥੇ ਦਾਸ ਨੂੰ ਪੈਸੇ ਸਵੀਕਰ ਕਰਨ ਦੇ ਤੁਰੰਤ ਬਾਅਦ ਉਨ੍ਹਾਂ ਦੇ ਦਫਤਰ ਤੋਂ ਰੰਗੀ ਹੱਥੀਂ ਫੜ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਕਬਜ਼ੇ ਵਿਚੋਂ ਨਕਦੀ ਬਰਾਮਦ ਕੀਤੀ ਗਈ ਤੇ ਗਵਾਹਾਂ ਦੀ ਹਾਜ਼ਰੀ ਵਿਚ ਇਸ ਨੂੰ ਜ਼ਬਤ ਕਰ ਲਿਆ ਗਿਆ।

## ਡਿਊਟੀ 'ਤੇ ਜਾ ਰਹੇ ਏ.ਐਸ.ਆਈ. ਦਾ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਕਤਲ

ਉਸਦੇ ਸਕੂਟਰ ਨੂੰ ਰੋਕ ਲਿਆ।

ਇਸ ਤੋਂ ਬਾਅਦ, ਉਨ੍ਹਾਂ ਨੇ ਉਸ 'ਤੇ ਗੋਲੀਬਾਰੀ ਕਰ ਦਿੱਤੀ। ਇਸ ਦੌਰਾਨ, ਏ.ਐਸ.ਆਈ. ਨੂੰ ਦੋ ਗੋਲੀਆਂ ਲੱਗੀਆਂ। ਇੱਕ ਛਾਤੀ ਦੇ ਖੱਬੇ ਪਾਸੇ ਅਤੇ ਦੂਜਾ ਕਮਰ 'ਤੇ, ਇਸ ਨਾਲ ਏਐਸਆਈ ਗੰਭੀਰ ਜ਼ਖ਼ਮੀ ਹੋ ਗਿਆ। ਹਾਲਾਂਕਿ, ਸਵੇਰ ਦਾ ਸਮਾਂ ਹੋਣ ਕਰਕੇ, ਕੋਈ ਵੀ ਉਸਦੀ ਮੱਦਦ ਲਈ ਨਹੀਂ ਪਹੁੰਚ ਸਕਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਘਟਨਾ ਦੀ ਸੂਚਨਾ ਮਿਲਦੇ ਹੀ ਸੀਨੀਅਰ ਪੁਲਿਸ ਅਧਿਕਾਰੀ ਪੁਲਿਸ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਪੂਰੇ ਇਲਾਕੇ ਨੂੰ ਘੇਰ ਲਿਆ ਗਿਆ। ਮੌਕੇ 'ਤੇ ਫੋਰੈਂਸਿਕ ਟੀਮ ਨੂੰ ਵੀ ਬੁਲਾਇਆ ਗਿਆ, ਜਿਸ ਨੇ ਸਬੂਤ ਇਕੱਠੇ ਕੀਤੇ। ਮੌਕੇ ਤੋਂ ਗੋਲੀਆਂ ਦੇ ਖੋਲ ਵੀ ਬਰਾਮਦ ਕੀਤੇ ਗਏ। ਹਮਲਾਵਰਾਂ ਦੀ ਪਛਾਣ ਕਰਨ ਲਈ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ।

## ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ 87 ਖਿਡਾਰੀਆਂ ਦਾ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨ

ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦੇ ਨਾਲ ਮਜਬੂਤੀ ਨਾਲ ਖੜ੍ਹੇ ਹੋਈਏ ਅਤੇ ਇਹ ਯਕੀਨੀ ਬਣਾਈਏ ਕਿ ਉਨ੍ਹਾਂ ਨੂੰ ਉਹ ਸਤਿਕਾਰ, ਮਾਨਤਾ ਅਤੇ ਸਹਿਯੋਗ ਮਿਲੇ, ਜਿਸ ਦੇ ਉਹ ਹੱਕਦਾਰ ਹਨ।"

ਪੰਜਾਬ ਸਰਕਾਰ ਦੇ ਖੇਡਾਂ ਪ੍ਰਤੀ ਦ੍ਰਿਸਟੀਕੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਵਾਰ ਪੰਜਾਬ ਦੇ 220 ਖਿਡਾਰੀਆਂ ਨੂੰ ਖੇਡ ਮੁਕਾਬਲਿਆਂ ਦੀ ਤਿਆਰੀ ਲਈ 8.61 ਕਰੋੜ ਰੁਪਏ ਦਿੱਤੇ ਗਏ। ਉਨ੍ਹਾਂ ਅੱਗੇ ਕਿਹਾ,"ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਅਤੇ ਅਥਲੀਟਾਂ ਦੇ ਵਿਕਾਸ ਲਈ ਵਿੱਤੀ ਸਾਲ 2026-27 ਲਈ 1,763 ਕਰੋੜ ਰੁਪਏ ਦਾ ਰਿਕਾਰਡ ਖੇਡ ਬਜਟ ਅਲਾਟ ਕੀਤਾ ਹੈ। ਪਿੰਡਾਂ ਵਿੱਚ ਪ੍ਰਤਿਭਾਸਾਲੀ ਖਿਡਾਰੀਆਂ ਨੂੰ ਨਿਖਾਰਨ ਲਈ 1,300 ਕਰੋੜ ਰੁਪਏ ਦੀ ਲਾਗਤ ਨਾਲ 3,148 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ। ਇਹ ਮੈਦਾਨ ਪਿੰਡਾਂ ਦੇ ਉੱਭਰਦੇ ਖਿਡਾਰੀਆਂ ਲਈ ਚਾਨਣਮੁਨਾਰਾ ਬਣਨਗੇ।"

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪਹਿਲੀ ਵਾਰ ਏਸੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ ਜਿਸ ਨੂੰ ਸੂਬੇ ਦੀ ਖੇਡ ਵਿਰਾਸਤ ਲਈ ਮਾਣ ਵਾਲਾ ਪਲ ਦੱਸਿਆ। ਉਨ੍ਹਾਂ ਨੇ ਅੱਗੇ ਐਲਾਨ ਕੀਤਾ ਕਿ ਇਸ ਟੂਰਨਾਮੈਂਟ ਦੌਰਾਨ ਬਹੁਤ ਉਡੀਕਿਆ ਜਾਣ ਵਾਲਾ ਭਾਰਤ-ਪਾਕਿਸਤਾਨ ਮੈਚ ਪੰਜਾਬ ਦਿਵਸ 'ਤੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ,"ਪੰਜਾਬ ਨੇ ਦੇਸ ਨੂੰ ਅਣਗਿਣਤ ਮੈਡਲ ਅਤੇ ਚੈਂਪੀਅਨ ਦਿੱਤੇ ਹਨ, ਫਿਰ ਵੀ ਪਿਛਲੀਆਂ ਸਰਕਾਰਾਂ ਨੇ ਕਦੇ ਇਹ ਯਕੀਨੀ ਨਹੀਂ ਬਣਾਇਆ ਕਿ ਸੂਬੇ ਨੂੰ ਵੱਡੇ ਅੰਤਰਰਾਸਟਰੀ ਖੇਡ ਸਮਾਗਮਾਂ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲੇ।ਅਸੀਂ ਉਸ ਮਾਨਸਿਕਤਾ ਨੂੰ ਬਦਲ ਦਿੱਤਾ ਹੈ ਅਤੇ ਪੰਜਾਬ ਨੂੰ ਭਾਰਤ ਦੇ ਖੇਡ ਨਕਸ਼ੇ ਦੇ ਕੇਂਦਰ ਵਿੱਚ ਲਿਆਂਦਾ ਹੈ।"

ਪੁਰਾਣੀ ਵਿਵਸਥਾ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਐਸੋਸੀਏਸਨਾਂ 'ਤੇ ਪਹਿਲਾਂ ਸਿਆਸੀ ਤੌਰ 'ਤੇ ਜੁੜੇ ਵਿਅਕਤੀਆਂ ਦਾ ਦਬਦਬਾ ਸੀ, ਪਰ ਪੰਜਾਬ ਸਰਕਾਰ ਨੇ ਉਸ ਰੁਝਾਨ ਨੂੰ ਖਤਮ ਕਰ ਦਿੱਤਾ ਹੈ ਅਤੇ ਮੈਰਿਟ ਦੇ ਅਧਾਰ 'ਤੇ ਆਮ ਖਿਡਾਰੀਆਂ ਲਈ ਦਰਵਾਜੇ ਖੋਲ੍ਹ ਦਿੱਤੇ ਹਨ। ਪੰਜਾਬ ਨੂੰ ਖੇਡਾਂ ਦੀ ਮਹਾਂਸਕਤੀ ਵਿੱਚ ਬਦਲਣ ਲਈ ਵੱਡੀ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਚੋਟੀ ਦੇ ਰਾਸਟਰੀ ਅਤੇ ਅੰਤਰਰਾਸਟਰੀ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਪ੍ਰਦਾਨ ਕਰਕੇ ਅਤੇ ਵੱਡੇ ਪੱਧਰ 'ਤੇ ਨਕਦ ਇਨਾਮ ਵੰਡ ਕੇ ਸਾਲ 2019 ਤੋਂ 2023 ਤੱਕ ਦੇ ਬਕਾਇਆ ਸਨਮਾਨਾਂ ਦੇ ਦਹਾਕੇ ਲੰਮੇ ਬੈਕਲਾਗ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਜਿੱਤਾਂ ਤੋਂ ਬਾਅਦ ਹੀ ਇਨਾਮ ਦੇਣ ਦੀ ਪੁਰਾਣੀ ਪ੍ਰਥਾ ਨੂੰ ਵੀ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਅਥਲੀਟਾਂ ਨੂੰ ਟੂਰਨਾਮੈਂਟਾਂ ਤੋਂ ਪਹਿਲਾਂ ਵਿੱਤੀ ਤੌਰ 'ਤੇ ਸਹਾਇਤਾ ਦਿੱਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਉੱਚ ਪੱਧਰ 'ਤੇ ਤਿਆਰੀ ਕਰਨ ਅਤੇ ਮੁਕਾਬਲਾ ਕਰਨ ਵਿੱਚ ਮਦਦ ਮਿਲ ਸਕੇ।ਉਨ੍ਹਾਂ ਕਿਹਾ, "ਸਾਡੇ ਖਿਡਾਰੀਆਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਨੇ ਸਿਖਲਾਈ ਅਤੇ ਉੱਚ ਪੱਧਰੀ ਖੇਡ ਉਪਕਰਨਾਂ ਦੀ ਖਰੀਦ ਲਈ ਨਵੇਂ ਲਾਂਚ ਕੀਤੇ ਗਏ ਖੇਡ ਪੋਰਟਲ ਰਾਹੀਂ 15 ਕਰੋੜ ਰੁਪਏ ਤੋਂ ਵੱਧ ਰਾਸੀ ਸਿੱਧੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਹੈ। ਇਸ ਪੋਰਟਲ ਵਿੱਚ ਫੈਂਸਿੰਗ (ਤਲਵਾਰਬਾਜੀ), ਕਾਏਕਿੰਗ, ਸੂਟਿੰਗ (ਨਿਸਾਨੇਬਾਜੀ) ਅਤੇ ਆਰਚਰੀ (ਤੀਰਅੰਦਾਜੀ) ਵਰਗੀਆਂ ਖੇਡਾਂ ਲਈ ਵਿਸੇਸ ਗ੍ਰਾਂਟਾਂ ਵੀ ਸਾਮਲ ਹਨ ਅਤੇ ਇਹ ਖਿਡਾਰੀਆਂ ਨੂੰ ਕਾਰਪੋਰੇਟ ਸਪਾਂਸਰਾਂ ਨਾਲ ਜੋੜਨ ਵਿੱਚ ਮਦਦ ਕਰੇਗਾ।"

ਚੋਟੀ ਦੇ ਸਨਮਾਨਿਤ ਖਿਡਾਰੀਆਂ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਹਰਲੀਨ ਦਿਓਲ ਅਤੇ ਅਮਨਜੋਤ ਕੌਰ ਨੂੰ ਵਿਸਵ ਕੱਪ ਜਿੱਤ ਲਈ ਡੇਢ-ਡੇਢ ਕਰੋੜ ਰੁਪਏ ਨਾਲ ਸਨਮਾਨਿਤ ਕੀਤਾ। ਨਿਸ਼ਾਨੇਬਾਜੀ ਵਿੱਚ ਵਿਸਵ ਚੈਂਪੀਅਨਸ਼ਿਪ ਦੇ ਮੈਡਲ ਜੇਤੂ ਅਮਨਪ੍ਰੀਤ ਸਿੰਘ ਨੂੰ 1.54 ਕਰੋੜ ਰੁਪਏ ਅਤੇ ਨੀਰਜ ਕੁਮਾਰ ਨੂੰ 1.52 ਕਰੋੜ ਦੀ ਰਾਸੀ ਨਾਲ ਸਨਮਾਨਿਤ ਕੀਤਾ ਗਿਆ ਜਦੋਂ ਕਿ ਕਿਰਨਦੀਪ ਕੌਰ ਅਤੇ ਕ੍ਰਿਤਿਕਾ ਸ਼ਰਮਾ ਨੇ 50-50 ਲੱਖ ਰੁਪਏ ਪ੍ਰਾਪਤ ਕੀਤੇ।

ਉੱਭਰਦੇ ਨਿਸਾਨੇਬਾਜ ਵਿਜੇਵੀਰ ਸਿੱਧੂ ਨੂੰ 28.50 ਲੱਖ ਰੁਪਏ ਨਾਲ ਸਨਮਾਨਿਤ ਕੀਤਾ ਗਿਆ, ਵੁਸੂ ਖਿਡਾਰੀ ਕੁਸਲ ਕੁਮਾਰ ਨੇ 25 ਲੱਖ ਰੁਪਏ ਪ੍ਰਾਪਤ ਕੀਤੇ, ਜਦੋਂ ਕਿ ਪੈਰਾ-ਪਾਵਰਲਿਫਟਿੰਗ ਵਿਸਵ ਚੈਂਪੀਅਨ ਪਰਮਜੀਤ ਕੁਮਾਰ ਨੂੰ ਉਸ ਦੀਆਂ ਸਾਨਦਾਰ ਅੰਤਰਰਾਸਟਰੀ ਪ੍ਰਾਪਤੀਆਂ ਲਈ 55 ਲੱਖ ਰੁਪਏ ਦਿੱਤੇ ਗਏ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਖੇਡਾਂ ਵਿੱਚ ਲਗਾਤਾਰ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰਨ ਵਾਲੇ ਖਿਡਾਰੀਆਂ ਦੇ ਸਤਿਕਾਰ ਵਿੱਚ ਕਈ ਸਾਲਾਂ ਦੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਵੰਡੇ ਗਏ।ਉਨ੍ਹਾਂ ਕਿਹਾ ਕਿ ਸਾਲ 2018-19 ਦੇ ਐਵਾਰਡ ਜੇਤੂਆਂ ਵਿੱਚ ਹਾਕੀ ਖਿਡਾਰੀ ਰਮਨਦੀਪ ਸਿੰਘ, ਜੂਡੋ ਖਿਡਾਰੀ ਕਿਰਨਜੀਤ ਸਿੰਘ, ਕਬੱਡੀ ਖਿਡਾਰੀ ਹਰਵਿੰਦਰ ਕੌਰ, ਰੋਇੰਗ ਖਿਡਾਰੀ ਜਸਪ੍ਰੀਤ ਸਿੰਘ, ਨਿਸ਼ਾਨੇਬਾਜ ਅੰਗਦ ਵੀਰ ਸਿੰਘ ਬਾਜਵਾ, ਵੇਟਲਿਫਟਰ ਪ੍ਰਦੀਪ ਸਿੰਘ, ਪਹਿਲਵਾਨ ਹਰਪ੍ਰੀਤ ਸਿੰਘ ਅਤੇ ਤੈਰਾਕ ਚਾਹਤ ਅਰੋੜਾ ਸ਼ਾਮਲ ਸਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਸਾਲ 2020 ਵਿੱਚ ਤੀਰਅੰਦਾਜੀ ਵਿੱਚ ਸੰਗਮਪ੍ਰੀਤ ਸਿੰਘ ਬਿਸਲਾ, ਅਥਲੈਟਿਕਸ ਵਿੱਚ ਟਵਿੰਕਲ ਚੌਧਰੀ, ਬੇਸਬਾਲ ਵਿੱਚ ਵੀਰਪਾਲ, ਬਾਸਕਟਬਾਲ ਵਿੱਚ ਅੰਮ੍ਰਿਤਪਾਲ ਸਿੰਘ, ਕਾਇਕਿੰਗ ਤੇ ਕੈਨੋਇੰਗ ਵਿੱਚ ਅਵਤਾਰ ਸਿੰਘ, ਸਾਈਕਲਿੰਗ ਵਿੱਚ ਅਮਰਜੀਤ ਸਿੰਘ, ਫੈਂਸਿੰਗ ਵਿੱਚ ਇਨਾ ਅਰੋੜਾ ਅਤੇ ਹੈਂਡਬਾਲ ਵਿੱਚ ਹਰਜਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ 2021 ਦੇ ਤੀਰਅੰਦਾਜੀ ਚੈਂਪੀਅਨ ਸੁਖਬੀਰ ਸਿੰਘ, ਐਥਲੀਟ ਕਿਰਪਾਲ ਸਿੰਘ, ਬੇਸਬਾਲ ਖਿਡਾਰੀ ਅਮਨਜੀਤ ਕੌਰ ਬੈਂਸ, ਕਾਏਕਿੰਗ ਖਿਡਾਰੀ ਪ੍ਰਿਅੰਕਾ ਦੇਵੀ, ਸਾਈਕਲ ਸਵਾਰ ਨਮਨ ਕਪਿਲ, ਫੈਂਸਰ ਉਦੈਵੀਰ ਸਿੰਘ, ਅਤੇ ਹੈਂਡਬਾਲ ਖਿਡਾਰੀ ਮਨਦੀਪ ਕੌਰ ਨੂੰ ਸਨਮਾਨਿਤ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਅਰਜੁਨ ਐਵਾਰਡੀਆਂ ਅਤੇ ਓਲੰਪਿਕ ਹਾਕੀ ਸਿਤਾਰਿਆਂ ਨੂੰ ਵਿਸੇਸ ਸ੍ਰੇਣੀ ਸਮਰਪਿਤ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬ ਵਿੱਚ ਉੱਚ ਸਰਕਾਰੀ ਅਹੁਦਿਆਂ 'ਤੇ ਸੇਵਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਨਮਾਨਿਤ ਗਰੁੱਪ ਵਿੱਚ ਭਾਰਤੀ ਪੁਰਸ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਦੇ ਨਾਲ ਓਲੰਪਿਕ ਤਗਮਾ ਜੇਤੂ ਗੁਰਜੰਟ ਸਿੰਘ ਅਤੇ ਰੁਪਿੰਦਰ ਪਾਲ ਸਿੰਘ ਸਾਮਲ ਹਨ, ਜੋ ਦੋਵੇਂ ਪੀ.ਸੀ.ਐਸ. ਅਧਿਕਾਰੀ ਵਜੋਂ ਸੇਵਾ ਨਿਭਾ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਓਲੰਪਿਕ ਹਾਕੀ ਸਿਤਾਰਿਆਂ ਮਨਦੀਪ ਸਿੰਘ, ਹਾਰਦਿਕ ਸਿੰਘ, ਵਰੁਣ ਕੁਮਾਰ, ਸਮਸੇਰ ਸਿੰਘ, ਗੋਲਕੀਪਰ ਕ੍ਰਿਸਨ ਬਹਾਦਰ ਪਾਠਕ ਅਤੇ ਦਿਲਪ੍ਰੀਤ ਸਿੰਘ, ਨੂੰ ਵੀ ਸਨਮਾਨਿਤ ਕੀਤਾ, ਜੋ ਪੰਜਾਬ ਪੁਲਿਸ ਵਿੱਚ ਡੀਐਸਪੀ ਵਜੋਂ ਸੇਵਾ ਨਿਭਾ ਰਹੇ ਹਨ।

ਇਸ ਸਮਾਗਮ ਵਿੱਚ ਓਲੰਪਿਕ 'ਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਪੰਜਾਬ ਦੀ ਪਹਿਲੀ ਮਹਿਲਾ ਮੁੱਕੇਬਾਜ ਸਿਮਰਨਜੀਤ ਕੌਰ ਬਾਠ ਨੂੰ ਵੀ ਵਿਸੇਸ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਆਪਣੀਆਂ ਸਰੀਰਕ ਚੁਣੌਤੀਆਂ ਦੇ ਬਾਵਜੂਦ ਦੇਸ ਨੂੰ ਵਿਸਵ ਪੱਧਰ 'ਤੇ ਮਾਨਤਾ ਦਿਵਾਉਣ ਲਈ ਪੰਜਾਬ ਦੇ ਪੈਰਾ-ਐਥਲੀਟਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੌਰਾਨ ਸਨਮਾਨਿਤ ਕੀਤੇ ਗਏ ਪ੍ਰਮੁੱਖ ਪੈਰਾ-ਐਥਲੀਟਾਂ ਵਿੱਚ ਏਸੀਆਈ ਖੇਡਾਂ ਦੇ ਸੋਨ ਤਗਮਾ ਜੇਤੂ ਮੁਹੰਮਦ ਯਾਸਰ, ਤੈਰਾਕ ਵੈਭਵ ਰਾਜੋਰੀਆ, ਪਹਿਲਵਾਨ ਸੁਰੇਂਦਰ ਕੰਬੋਜ, ਪੈਰਾ-ਬੈਡਮਿੰਟਨ ਖਿਡਾਰੀ ਪਲਕ ਕੋਹਲੀ ਅਤੇ ਪੈਰਾ-ਪਾਵਰਲਿਫਟਰ ਪਰਮਜੀਤ ਕੁਮਾਰ ਸ਼ਾਮਲ ਸਨ।

ਸਮਾਰੋਹ ਦੌਰਾਨ ਉਨ੍ਹਾਂ ਖਿਡਾਰੀਆਂ ਦੀਆਂ ਮਾਤਾਵਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਸਨਮਾਨ ਲੈਣ ਲਈ ਲਈ ਸਟੇਜ 'ਤੇ ਬੁਲਾਇਆ ਗਿਆ, ਜੋ ਆਪਣੀ ਟ੍ਰੇਨਿੰਗ ਆਦਿ ਕਰਕੇ ਸਮਾਗਮ ਵਿੱਚ ਸਾਮਲ ਨਹੀਂ ਹੋ ਸਕੇ। ਇਨ੍ਹਾਂ ਵਿੱਚ ਏਸੀਆਈ ਖੇਡਾਂ ਦੇ ਤਗਮਾ ਜੇਤੂ ਹਰਮਿਲਨ ਬੈਂਸ ਦੇ ਮਾਤਾ ਅਤੇ ਅਰਜੁਨ ਐਵਾਰਡੀ ਮਾਧੁਰੀ ਸਕਸੈਨਾ ਵੀ ਸਾਮਲ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖਿਡਾਰੀਆਂ ਦੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ "ਮਾਪਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਖੇਡਾਂ 'ਚ ਹਰ ਸਫਲਤਾ ਵਿੱਚ ਕਾਰਗਰ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਦਾ ਸਮਰਪਣ, ਅਨੁਸਾਸਨ ਅਤੇ ਅਟੁੱਟ ਸਮਰਥਨ ਚੈਂਪੀਅਨ ਪੈਦਾ ਕਰਦਾ ਹੈ।" ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਖੇਡ ਬਜਟ ਨੂੰ 17 ਗੁਣਾ ਵਧਾ ਦਿੱਤਾ ਹੈ ਅਤੇ ਸਾਲ 2019 ਤੋਂ 2023 ਤੱਕ 87 ਨਾਮਵਰ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਪ੍ਰਦਾਨ ਕੀਤੇ ਗਏ ਹਨ।

ਮਹਾਰਾਜਾ ਰਣਜੀਤ ਸਿੰਘ ਐਵਾਰਡ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ "ਅੱਜ ਪੰਜਾਬ ਅਤੇ ਖੇਡ ਜਗਤ ਲਈ ਇੱਕ ਇਤਿਹਾਸਕ ਦਿਨ ਹੈ ਕਿਉਂਕਿ ਉਨ੍ਹਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਆਪਣੇ ਮਾਪਿਆਂ, ਪੰਜਾਬ ਅਤੇ ਦੇਸ ਦਾ ਨਾਮ ਦੁਨੀਆ ਭਰ ਵਿੱਚ ਰੌਸਨ ਕੀਤਾ ਹੈ। ਹਰੇਕ ਪੁਰਸਕਾਰ ਜੇਤੂ ਨੂੰ ਬਲੇਜ਼ਰ, ਸਕ੍ਰੌਲ (ਮਾਣ-ਪੱਤਰ) ਅਤੇ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦੇ ਯਾਦਗਾਰੀ ਚਿੰਨ੍ਹ ਅਤੇ 5 ਲੱਖ ਰੁਪਏ ਦੀ ਰਾਸੀ ਨਾਲ ਸਨਮਾਨਿਤ ਕੀਤਾ ਗਿਆ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਵੱਕਾਰੀ ਐਵਾਰਡ ਲਈ 87 ਪੁਰਸਕਾਰ ਜੇਤੂਆਂ ਨੂੰ 4.35 ਕਰੋੜ ਰੁਪਏ ਵੰਡੇ ਗਏ ਹਨ। ਭਾਰਤੀ ਖੇਡਾਂ ਵਿੱਚ ਪੰਜਾਬ ਵਡਮੁੱਲੇ ਯੋਗਦਾਨ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਭਾਰਤੀ ਪੁਰਸ ਕ੍ਰਿਕਟ ਟੀਮ ਦੇ ਕਪਤਾਨ ਸੁਭਮਨ ਗਿੱਲ, ਭਾਰਤੀ ਮਹਿਲਾ ਕ੍ਰਿਕਟ ਟੀਮ ਦੇ ਕਪਤਾਨ ਹਰਮਨਪ੍ਰੀਤ ਕੌਰ ਅਤੇ ਭਾਰਤੀ ਬਾਸਕਟਬਾਲ ਟੀਮ ਦੇ ਕਪਤਾਨ ਪਲਪ੍ਰੀਤ ਸਿੰਘ ਬਰਾੜ ਸਮੇਤ ਦੇਸ ਨੂੰ ਕਈ ਕਪਤਾਨ ਦਿੱਤੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਗੁਰਪ੍ਰੀਤ ਸਿੰਘ ਸੰਧੂ ਨੇ ਪਿਛਲੇ ਸਾਲ ਭਾਰਤੀ ਫੁੱਟਬਾਲ ਟੀਮ ਦੀ ਕਪਤਾਨੀ ਕੀਤੀ ਸੀ ਅਤੇ ਪੰਜਾਬੀ ਕ੍ਰਿਕਟਰ ਗੁਰਨੂਰ ਬਰਾੜ ਨੂੰ ਹਾਲ ਹੀ ਵਿੱਚ ਭਾਰਤੀ ਕ੍ਰਿਕਟ ਟੀਮ ਲਈ ਚੁਣਿਆ ਗਿਆ ਸੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੈਰਿਸ ਓਲੰਪਿਕ ਦੇ ਕਾਂਸੀ ਤਗਮਾ ਜੇਤੂ ਹਾਕੀ ਖਿਡਾਰੀਆਂ ਨੂੰ 1-1 ਕਰੋੜ ਰੁਪਏ ਨਾਲ ਸਨਮਾਨਿਤ ਕੀਤਾ ਹੈ, ਜਦੋਂ ਕਿ ਏਸੀਆਈ ਖੇਡਾਂ ਦੇ ਸੋਨ ਤਗਮਾ ਜੇਤੂਆਂ ਨੂੰ ਵੀ 1-1 ਕਰੋੜ ਰੁਪਏ ਦੀ ਇਨਾਮੀ ਰਾਸੀ ਦਿੱਤੀ ਗਈ ਹੈ।

ਉਨ੍ਹਾਂ ਅੱਗੇ ਕਿਹਾ ਕਿ 9 ਓਲੰਪਿਕ ਤਗਮਾ ਜੇਤੂ ਖਿਡਾਰੀਆਂ ਨੂੰ ਪੀਸੀਐਸ ਅਤੇ ਡੀਐਸਪੀ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ 2022 ਤੋਂ ਪੰਜਾਬ ਸਰਕਾਰ ਨੇ ਰਾਸਟਰੀ ਅਤੇ ਅੰਤਰਰਾਸਟਰੀ ਮੁਕਾਬਲਿਆਂ ਵਿੱਚ ਸਾਨਦਾਰ ਪ੍ਰਦਰਸਨ ਕਰਨ ਵਾਲੇ ਖਿਡਾਰੀਆਂ ਅਤੇ ਪੈਰਾ-ਐਥਲੀਟਾਂ ਵਿੱਚ 106.20 ਕਰੋੜ ਰੁਪਏ ਦੀ ਇਨਾਮੀ ਰਾਸੀ ਵੰਡੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2023 ਤੋਂ ਖੇਡ ਤਿਆਰੀ ਦੇ ਉਦੇਸਾਂ ਲਈ 220 ਅੰਤਰਰਾਸਟਰੀ ਖਿਡਾਰੀਆਂ ਨੂੰ 8.61 ਕਰੋੜ ਰੁਪਏ ਪ੍ਰਦਾਨ ਕੀਤੇ ਗਏ ਹਨ, ਜਦੋਂ ਕਿ ਖੇਡ ਸੰਸਥਾਵਾਂ ਨੂੰ ਖੇਡ ਉਪਕਰਨਾਂ ਦੀ ਖਰੀਦ ਲਈ ਡੀ.ਬੀ.ਟੀ. ਰਾਹੀਂ 15 ਕਰੋੜ ਰੁਪਏ ਦਿੱਤੇ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਪੰਜਾਬ ਭਰ ਦੇ 6,000 ਪਿੰਡਾਂ ਵਿੱਚ 17,000 ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ ਅਤੇ ਜਿੰਮ ਸਥਾਪਤ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਟੇਟ ਇੰਸਟੀਚਿਊਟ ਆਫ ਸਪੋਰਟਸ ਵਿਖੇ ਖਿਡਾਰੀਆਂ ਲਈ ਖ਼ੁਰਾਕ ਭੱਤਾ 248 ਰੁਪਏ ਤੋਂ ਵਧਾ ਕੇ 480 ਰੁਪਏ ਪ੍ਰਤੀ ਦਿਨ ਕਰ ਦਿੱਤਾ ਗਿਆ ਹੈ, ਜਦੋਂ ਕਿ ਜ਼ਿਲ੍ਹਾ ਸੈਂਟਰ ਆਫ ਐਕਸੀਲੈਂਸ ਵਿਖੇ ਭੱਤਾ 225 ਰੁਪਏ ਤੋਂ ਵਧਾ ਕੇ 350 ਰੁਪਏ ਪ੍ਰਤੀ ਦਿਨ ਕਰ ਦਿੱਤਾ ਗਿਆ ਹੈ।

ਪੰਜਾਬ ਦੀ ਬੇਮਿਸਾਲ ਹਾਕੀ ਵਿਰਾਸਤ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 50 ਤੋਂ ਵੱਧ ਪੰਜਾਬੀ ਹਾਕੀ ਖਿਡਾਰੀਆਂ ਨੇ ਓਲੰਪਿਕ ਤਗਮੇ ਜਿੱਤੇ ਹਨ, ਜਦੋਂ ਕਿ 10 ਪੰਜਾਬੀ ਖਿਡਾਰੀਆਂ ਨੇ ਵੱਖ-ਵੱਖ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕੀਤੀ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੰਸਾਰਪੁਰ, ਖੁਸਰੋਪੁਰ ਅਤੇ ਮਿੱਠਾਪੁਰ ਵਰਗੇ ਪਿੰਡਾਂ ਨੇ 20 ਤੋਂ ਵੱਧ ਓਲੰਪੀਅਨ ਪੈਦਾ ਕਰਕੇ ਵਿਸਵ ਹਾਕੀ ਵਿੱਚ ਪੰਜਾਬ ਦਾ ਨਾਮ ਰੌਸਨ ਕੀਤਾ ਹੈ।"

ਮੁੱਖ ਮੰਤਰੀ ਨੇ ਚੇਤੇ ਕੀਤਾ ਕਿ ਭਾਰਤ ਨੇ 41 ਸਾਲਾਂ ਦੇ ਅੰਤਰਾਲ ਤੋਂ ਬਾਅਦ ਟੋਕੀਓ ਓਲੰਪਿਕ 2021 ਵਿੱਚ ਹਾਕੀ 'ਚ ਕਾਂਸੀ ਦਾ ਤਗਮਾ ਜਿੱਤਿਆ ਸੀ, ਜਿਸ ਵਿੱਚ ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਵਿੱਚ 9 ਪੰਜਾਬੀ ਖਿਡਾਰੀ ਸਨ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੇ ਪੈਰਿਸ ਓਲੰਪਿਕ 2024 ਵਿੱਚ ਫਿਰ ਕਾਂਸੀ ਦਾ ਤਗਮਾ ਜਿੱਤਿਆ, ਜਿਸ ਦੀ ਟੀਮ ਵਿੱਚ 10 ਪੰਜਾਬੀ ਖਿਡਾਰੀ ਸਨ, ਜਿਸ ਦੀ ਕਪਤਾਨੀ ਹਰਮਨਪ੍ਰੀਤ ਸਿੰਘ ਨੇ ਕੀਤੀ, ਜੋ ਟੂਰਨਾਮੈਂਟ ਦੇ ਸਭ ਤੋਂ ਵੱਧ ਸਕੋਰਰ ਵਜੋਂ ਵੀ ਉੱਭਰ ਕੇ ਸਾਹਮਣੇ ਆਏ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਰੋਜਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵਾਂ "ਆਊਟਸਟੈਂਡਿੰਗ ਸਪੋਰਟਸਪਰਸਨ" ਕਾਡਰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਡ ਵਿਸ਼ਿਆਂ ਵਿੱਚ 500 ਅਸਾਮੀਆਂ ਸਿਰਜੀਆਂ ਗਈਆਂ ਹਨ, ਜਦੋਂ ਕਿ 45 ਜੂਨੀਅਰ ਕੋਚ ਅਤੇ ਤਿੰਨ ਕੋਚ ਪਹਿਲਾਂ ਹੀ ਨਿਯਮਤ ਤੌਰ 'ਤੇ ਭਰਤੀ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ, ਦੇਸ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸਨੇ ਖੇਡ ਵਿਗਿਆਨ ਲਈ ਵੱਖਰਾ ਸਪੋਰਟਸ ਮੈਡੀਸਨ ਕਾਡਰ ਸਥਾਪਤ ਕੀਤਾ ਹੈ। ਵੱਖ-ਵੱਖ ਸ੍ਰੇਣੀਆਂ ਵਿੱਚ 112 ਅਸਾਮੀਆਂ ਲਈ ਭਰਤੀ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ, ਜਦੋਂ ਕਿ 206 ਫਿਜੀਕਲ ਟ੍ਰੇਨਰ ਅਸਾਮੀਆਂ ਲਈ ਭਰਤੀ ਜਾਰੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਜਮੀਨੀ ਪੱਧਰ 'ਤੇ ਹੁਨਰ ਖੋਜ ਪ੍ਰੋਗਰਾਮ ਤਹਿਤ ਪੰਜਾਬ ਭਰ ਵਿੱਚ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਲਈ 253 ਨਰਸਰੀ ਕੋਚਾਂ ਅਤੇ 26 ਖੇਡ ਸੁਪਰਵਾਈਜਰਾਂ ਦੇ ਨਾਲ 253 ਖੇਡ ਨਰਸਰੀਆਂ ਸਥਾਪਤ ਕੀਤੀਆਂ ਗਈਆਂ ਹਨ।

ਭਗਵੰਤ ਮਾਨ ਸਰਕਾਰ ਜਿੱਤ ਤੋਂ ਬਾਅਦ ਹੀ ਖਿਡਾਰੀਆਂ ਨੂੰ ਸਨਮਾਨਿਤ ਕਰਨ ਦੇ ਮਾਡਲ ਤੋਂ ਹਟ ਕੇ ਖਿਡਾਰੀਆਂ ਨੂੰ ਖੇਡਾਂ ਲਈ ਤਿਆਰ ਕਰਨ 'ਤੇ ਧਿਆਨ ਕੇਂਦਰਤ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਿੱਤ ਤੋਂ ਬਾਅਦ ਹੀ ਖਿਡਾਰੀਆਂ ਨੂੰ ਸਨਮਾਨਿਤ ਕਰਨ ਦੇ ਪੁਰਾਣੇ ਮਾਡਲ ਤੋਂ ਹਟ ਕੇ ਵੱਖਰੀ ਪਹੁੰਚ ਅਪਣਾਈ ਹੈ, ਜਿਸ ਤਹਿਤ ਵੱਡੇ ਟੂਰਨਾਮੈਂਟਾਂ ਤੋਂ ਪਹਿਲਾਂ ਹੀ ਐਥਲੀਟਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

ਖਿਡਾਰੀਆਂ ਨੂੰ ਮੁਕਾਬਲਿਆਂ ਦੀ ਤਿਆਰੀ ਕਰਨ ਅਤੇ ਉੱਚ ਪੱਧਰੀ ਉਪਕਰਨ ਲੈਣ ਵਿੱਚ ਮਦਦ ਕਰਨ ਲਈ ਨਵੇਂ ਸੁਰੂ ਕੀਤੇ ਗਏ ਖੇਡ ਪੋਰਟਲ ਰਾਹੀਂ 15 ਕਰੋੜ ਰੁਪਏ ਤੋਂ ਵੱਧ ਰਾਸੀ ਪਹਿਲਾਂ ਹੀ ਸਿੱਧੇ ਤੌਰ 'ਤੇ ਵੰਡੀ ਜਾ ਚੁੱਕੀ ਹੈ। ਪੋਰਟਲ ਵਿੱਚ ਸੂਟਿੰਗ, ਤਲਵਾਰਬਾਜੀ, ਕਾਇਆਕਿੰਗ ਅਤੇ ਤੀਰਅੰਦਾਜੀ ਵਰਗੀਆਂ ਖੇਡਾਂ ਲਈ ਅਨੁਕੂਲਿਤ ਗ੍ਰਾਂਟਾਂ ਸਾਮਲ ਹਨ, ਜਦੋਂ ਕਿ ਐਥਲੀਟਾਂ ਨੂੰ ਲੰਬੇ ਸਮੇਂ ਦੀ ਸਹਾਇਤਾ ਲਈ ਕਾਰਪੋਰੇਟ ਸਪਾਂਸਰਾਂ ਨਾਲ ਜੁੜਨ ਵਿੱਚ ਵੀ ਮਦਦ ਕੀਤੀ ਜਾ ਰਹੀ ਹੈ।

***ਭਗਵੰਤ ਮਾਨ ਸਰਕਾਰ ਪਿੰਡਾਂ ਤੋਂ ਅੰਤਰਰਾਸਟਰੀ ਮੰਚਾਂ ਤੱਕ ਬਣਾ ਰਹੀ ਹੈ ਵਿਸਵ ਪੱਧਰੀ ਖੇਡ ਬੁਨਿਆਦੀ ਢਾਂਚਾ***

2026-27 ਲਈ 1,763 ਕਰੋੜ ਰੁਪਏ ਦਾ ਰਿਕਾਰਡ ਖੇਡ ਬਜਟ ਅਲਾਟ ਕੀਤਾ ਗਿਆ ਹੈ। ਪਿੰਡਾਂ ਵਿੱਚ ਖੇਡ ਪ੍ਰਤਿਭਾ ਨੂੰ ਨਿਖਾਰਨ ਲਈ 1,300 ਕਰੋੜ ਰੁਪਏ ਦੀ ਲਾਗਤ ਨਾਲ 3,148 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਅੱਗੇ ਐਲਾਨ ਕੀਤਾ ਕਿ 6,000 ਪਿੰਡਾਂ ਵਿੱਚ ਜਿੰਮ ਸਥਾਪਤ ਕੀਤੇ ਜਾ ਰਹੇ ਹਨ, 17,000 ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ ਅਤੇ ਪੰਜਾਬ ਭਰ ਦੇ ਖਿਡਾਰੀਆਂ ਨੂੰ ਰੋਜਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵਾਂ "ਆਊਟਸਟੈਂਡਿੰਗ ਸਪੋਰਟਸਪਰਸਨ" ਕਾਡਰ ਤਿਆਰ ਕੀਤਾ ਗਿਆ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਚੰਡੀਗੜ੍ਹ ਦੇ ਸੈਕਟਰ 42 ਵਿਖੇ 43 ਕਰੋੜ 66 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਯੁਵਾ ਭਵਨ ਦਾ ਵਰਚੂਅਲ ਤੌਰ 'ਤੇ ਨੀਂਹ ਪੱਥਰ ਰੱਖਿਆ। ਯੁਵਕ ਸੇਵਾਵਾਂ ਵਿਭਾਗ ਵੱਲੋਂ ਬਣਾਏ ਜਾ ਰਹੇ ਇਸ ਯੁਵਾ ਭਵਨ ਵਿੱਚ 200 ਨੌਜਵਾਨਾਂ ਲਈ ਹੋਸਟਲ, 400 ਸੀਟਾਂ ਵਾਲਾ ਆਡੀਟੋਰੀਅਮ, ਕਾਨਫਰੰਸ ਹਾਲ, ਸੈਮੀਨਾਰ ਹਾਲ ਅਤੇ ਮੈੱਸ ਆਦਿ ਸਹੂਲਤਾਂ ਹੋਣਗੀਆਂ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਖਿਡਾਰੀਆਂ ਲਈ ਵਿਸੇਸ ਤੌਰ 'ਤੇ ਤਿਆਰ ਕੀਤੇ ਗਏ ਪੰਜਾਬ ਸਪੋਰਟਸ ਪੋਰਟਲ ਦੀ ਸੁਰੂਆਤ ਕੀਤੀ।ਖਿਡਾਰੀਆਂ ਵੱਲੋਂ ਲੰਮੇ ਸਮੇਂ ਤੋਂ ਅਜਿਹੇ ਪੋਰਟਲ ਦੀ ਮੰਗ ਕੀਤੀ ਜਾ ਰਹੀ ਸੀ। ਇਸ ਪੋਰਟਲ ਨਾਲ ਦੇਸ-ਵਿਦੇਸ ਦੇ ਕਿਸੇ ਵੀ ਕੋਨੇ ਤੋਂ ਖਿਡਾਰੀ ਇਸ ਪੋਰਟਲ 'ਤੇ ਖਿਡਾਰੀਆਂ ਲਈ ਜਾਣਕਾਰੀ ਹਾਸਲ ਕਰਨ ਅਤੇ ਹੋਰ ਸਹੂਲਤਾਂ ਦਾ ਲਾਭ ਉਠਾ ਸਕਦਾ ਹੈ।

### ਸੀ.ਬੀ.ਆਈ.ਦਾ ਅਦਾਲਤ 'ਚ ਵੱਡਾ ਖੁਲਾਸਾ

# ਪੁਣੇ ਦੇ ਸਕੂਲ ਦੀ ਪ੍ਰਿੰਸੀਪਲ ਨੇ ਪੈਸੇ ਲੈ ਕੇ ਲੀਕ ਕੀਤੇ ਸਨ ਸਵਾਲ

ਪੁਣੇ, 24 ਮਈ (ਚੜ੍ਹਦੀਕਲਾ ਬਿਊਰੋ): ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਹੈ ਕਿ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੀ ਗਈ ਪੁਣੇ ਦੇ ਸਕੂਲ ਦੀ ਪ੍ਰਿੰਸੀਪਲ ਮਨੀਸ਼ਾ ਸੰਜੇ ਹਵਾਲਦਾਰ ਨੇ ਕਥਿਤ ਤੌਰ 'ਤੇ ਪੈਸੇ ਲੈ ਕੇ ਕੁਝ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਸਵਾਲ ਅਤੇ ਹੋਰ ਸਮੱਗਰੀ ਦਿੱਤੀ ਸੀ, ਸੂਤਰਾਂ ਨੇ ਐਤਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ।ਸੂਤਰਾਂ ਨੇ ਦੱਸਿਆ ਕਿ ਕੇਂਦਰੀ ਜਾਂਚ ਏਜੰਸੀ ਨੇ ਪ੍ਰਿੰਸੀਪਲ ਦੀ ਟਰਾਂਜ਼ਿਟ ਰਿਮਾਂਡ ਮੰਗਦੇ ਹੋਏ ਅਦਾਲਤ ਅੱਗੇ ਇਹ ਦਲੀਲ ਰੱਖੀ ਹੈ।ਸੀ.ਬੀ.ਆਈ. ਨੇ ਸ਼ੁੱਕਰਵਾਰ ਨੂੰ ਹਵਾਲਦਾਰ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਨੂੰ ਕਥਿਤ ਪੇਪਰ ਲੀਕ ਦਾ ਇੱਕ ਹੋਰ ਸਰੋਤ (ਜ਼ਰੀਆ) ਦੱਸਿਆ ਸੀ। ਸੇਠ ਹੀਰਾਲਾਲ ਸਰਾਫ ਪ੍ਰਸ਼ਾਲਾ ਦੀ ਪ੍ਰਿੰਸੀਪਲ ਹਵਾਲਦਾਰ ਨੇ ਨੀਟ ਯੂਜੀ-2026 ਲਈ ਫਿਜ਼ਿਕਸ (ਭੌਤਿਕ ਵਿਗਿਆਨ) ਦੇ ਪੈਨਲ ਵਿੱਚ ਸ਼ਾਮਲ ਟਰਾਂਸਲੇਟਰ ਵਜੋਂ ਕੰਮ ਕੀਤਾ ਸੀ।ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ, ਉਸ ਨੂੰ ਪੁਣੇ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਉਹ ਇਸ ਸਮੇਂ ਟਰਾਂਜ਼ਿਟ ਰਿਮਾਂਡ 'ਤੇ ਹੈ। ਉਸ ਨੂੰ ਸੋਮਵਾਰ ਨੂੰ ਦਿੱਲੀ ਦੀ ਇੱਕ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।ਸੀ.ਬੀ.ਆਈ. ਨੇ ਪੁਣੇ ਦੀ ਅਦਾਲਤ ਨੂੰ ਸੂਚਿਤ ਕੀਤਾ ਕਿ ਇਸ ਮਾਮਲੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਵਾਲਦਾਰ ਨੇ ਬੋਟਨੀ (ਵਨਸਪਤੀ



ਵਿਗਿਆਨ) ਦੀ ਅਧਿਆਪਕਾ ਮਨੀਸ਼ਾ ਮੰਧਾਰੇ, ਜੋ ਹੁਣ ਹਿਰਾਸਤ ਵਿੱਚ ਹੈ, ਨਾਲ ਮਿਲੀਭੁਗਤ ਕਰਕੇ ਕਥਿਤ ਤੌਰ 'ਤੇ ਵਿੱਤੀ ਲਾਭ (ਪੈਸਿਆਂ) ਦੇ ਬਦਲੇ ਕੁਝ ਵਿਦਿਆਰਥੀਆਂ ਨਾਲ ਨੀਟ ਨਾਲ ਸਬੰਧਤ ਸਵਾਲ ਅਤੇ ਸਮੱਗਰੀ ਸਾਂਝੀ ਕੀਤੀ ਸੀ।

ਸੂਤਰਾਂ ਮੁਤਾਬਕ ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਹਵਾਲਦਾਰ ਵੱਲੋਂ ਆਪਣੀ ਨੈਸ਼ਨਲ ਟੈਸਟਿੰਗ ਏਜੰਸੀ ਦੀ ਡਿਊਟੀ ਦੌਰਾਨ ਨੀਟ ਨਾਲ ਸਬੰਧਤ ਸਵਾਲਾਂ ਦੇ ਹੱਥ ਲਿਖਤ ਨੋਟਸ ਤਿਆਰ ਕੀਤੇ ਗਏ ਸਨ ਅਤੇ ਆਪਣੇ ਕੋਲ ਰੱਖੇ ਗਏ ਸਨ।

ਇਸ ਗੁਪਤ ਸਮੱਗਰੀ ਦੀ ਵਰਤੋਂ ਕਥਿਤ ਤੌਰ 'ਤੇ ਨੀਟ ਯੂਜੀ-2026 ਦੀ ਪ੍ਰੀਖਿਆ ਤੋਂ ਪਹਿਲਾਂ ਵਟਸਐਪ ਅਤੇ ਪ੍ਰਿੰਟਆਊਟਸ ਰਾਹੀਂ ਕੁਝ ਵਿਦਿਆਰਥੀਆਂ ਤੱਕ ਪੇਪਰ ਨਾਲ ਜੁੜੇ ਸਵਾਲ ਪਹੁੰਚਾਉਣ ਲਈ ਕੀਤੀ ਗਈ ਸੀ।ਸੂਤਰਾਂ ਅਨੁਸਾਰ, ਸੀ ਬੀ ਆਈ ਨੇ ਅਦਾਲਤ ਨੂੰ ਦੱਸਿਆ ਕਿ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹਵਾਲਦਾਰ ਨੇ ਕਥਿਤ ਤੌਰ 'ਤੇ ਇੱਕ ਵਿਦਿਆਰਥੀ ਤੋਂ 20,000 ਰੁਪਏ ਅਤੇ ਦੂਜੇ ਵਿਅਕਤੀ ਤੋਂ 25,000 ਰੁਪਏ ਪ੍ਰਾਪਤ ਕੀਤੇ ਸਨ। ਉਨ੍ਹਾਂ ਦੱਸਿਆ ਕਿ ਹਵਾਲਦਾਰ ਨੇ ਕਥਿਤ ਤੌਰ 'ਤੇ ਮੰਧਾਰੇ ਨਾਲ ਆਪਣੀਆਂ ਸਾਰੀਆਂ ਚੈਟਾਂ ਡਿਲੀਟ ਕਰ ਦਿੱਤੀਆਂ ਸਨ ਅਤੇ ਫਿਜ਼ਿਕਸ ਪ੍ਰਸ਼ਨ ਬੈਂਕ ਵਾਲੇ ਨੋਟਸ ਨੂੰ ਸਾੜ ਦਿੱਤਾ ਸੀ।

## ਗਰਮੀ ਦੇ ਮੱਦੇਨਜ਼ਰ ਪੰਜਾਬ ਦੇ ਡਬਲ ਸ਼ਿਫ਼ਟ ਸਰਕਾਰੀ ਸਕੂਲਾਂ ਦਾ ਸਮਾਂ ਤਬਦੀਲ

ਚੰਡੀਗੜ੍ਹ, 24 ਮਈ (ਚੜ੍ਹਦੀਕਲਾ ਬਿਊਰੋ): ਪੰਜਾਬ ਸਰਕਾਰ ਨੇ ਸੂਬੇ ਵਿੱਚ ਵੱਧ ਰਹੀ ਗਰਮੀ ਦੇ ਮੱਦੇਨਜ਼ਰ ਸਮੂਹ ਡਬਲ ਸ਼ਿਫ਼ਟ ਸਰਕਾਰੀ ਸਕੂਲਾਂ ਦੇ ਸਮੇਂ 'ਚ ਤਬਦੀਲੀ ਕੀਤੀ ਹੈ। ਜਾਣਕਾਰੀ ਅਨੁਸਾਰ, ਸਕੂਲ ਦੀ ਪਹਿਲੀ ਸ਼ਿਫ਼ਟ ਸਵੇਰੇ 7 ਵਜੇ ਤੋਂ 10 ਵਜੇ ਤੱਕ ਹੋਵੇਗੀ ਜਦੋਂਕਿ ਸ਼ਾਮ ਦੀ ਸ਼ਿਫ਼ਟ ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਥ ਹੋਵੇਗੀ। ਇਸ ਸਬੰਧੀ ਡਾਇਰੈਕਟਰ ਸਕੂਲ ਆਫ਼ ਐਜੂਕੇਸ਼ਨ (ਸੈਕੰਡਰੀ) ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਭਗਵੰਤ ਮਾਨ ਸਰਕਾਰ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ ਨੂੰ ਨਿਰਵਿਘਨ 8 ਘੰਟੇ ਬਿਜਲੀ ਸਪਲਾਈ ਬਣਾ ਰਹੀ ਹੈ ਯਕੀਨੀ : ਸੌਂਦ

ਚੰਡੀਗੜ੍ਹ, 24 ਮਈ (ਚ.ਨ.ਸ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕਿਸਾਨਾਂ ਪ੍ਰਤੀ ਵਚਨਬੱਧਤਾ ਦਹੁਰਾਉਂਦਿਆਂ ਅੱਜ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਵੱਲੋਂ ਆਗਾਮੀ ਝੋਨੇ ਦੀ ਬਿਜਾਈ ਸੀਜਨ ਦੌਰਾਨ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਲੋੜੀਂਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ।



ਬਿਜਲੀ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਲਈ ਝੋਨੇ ਦੇ ਸੀਜਨ ਲਈ ਜਾਰੀ ਕੀਤੇ ਗਏ ਸਡਿਊਲ ਅਨੁਸਾਰ 8 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇਗੀ। ਇਹ ਸਮਾਂ ਸਾਰਣੀ 1 ਜੂਨ ਤੋਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ, ਐਸਏਐਸ ਨਗਰ, ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਅਤੇ 5 ਜੂਨ ਤੋਂ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿਖੇ ਲਾਗੂ ਹੋਵੇਗਾ। ਇਸ ਦੇ ਨਾਲ ਹੀ 9 ਜੂਨ ਤੋਂ ਲੁਧਿਆਣਾ, ਮਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਕਪੂਰਥਲਾ, ਜਲੰਧਰ ਅਤੇ ਐਸਬੀਐਸ ਨਗਰ ਜ਼ਿਲ੍ਹਿਆਂ ਵਿੱਚ ਰੋਜ਼ਾਨਾ 8 ਘੰਟੇ ਤੋਂ ਵੱਧ ਬਿਜਲੀ ਮੁਹੱਈਆ ਕਰਵਾਈ ਜਾਵੇਗੀ।"

ਉਨ੍ਹਾਂ ਅੱਗੇ ਕਿਹਾ, "ਸੂਬਾ ਸਰਕਾਰ ਨੇ ਖੇਤੀਬਾੜੀ ਖੇਤਰ ਨੂੰ ਪਹਿਲ ਦਿੱਤੀ ਹੈ ਅਤੇ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਸਾਰੀਆਂ ਜਰੂਰੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।"

ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸਾਂ ਅਨੁਸਾਰ, ਪੀਐਸਪੀਸੀਐਲ ਸੂਬੇ ਵਿੱਚ ਖੇਤੀਬਾੜੀ ਲਈ ਜਾਰੀ ਹਰੇਕ ਮੋਟਰ ਕੁਨੈਕਸਨ ਲਈ ਰੋਜਾਨਾ ਅੱਠ ਘੰਟੇ ਤੋਂ ਵੱਧ ਬਿਜਲੀ ਦੀ ਉਪਲਬਧਤਾ ਯਕੀਨੀ ਬਣਾਏਗਾ ਤਾਂ ਜੋ ਕਿਸਾਨ ਝੋਨੇ ਦੀ ਲਵਾਈ ਸੁਚਾਰੂ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਕਰ ਸਕਣ।"

ਉਨ੍ਹਾਂ ਕਿਹਾ, "ਪੰਜਾਬ ਦੇ ਮਿਹਨਤੀ ਕਿਸਾਨ ਦੇਸ ਦੀ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਸੂਬਾ ਸਰਕਾਰ ਇਸ ਮਹੱਤਵਪੂਰਨ ਸਮੇਂ ਦੌਰਾਨ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।"

ਮੰਤਰੀ ਨੇ ਅੱਗੇ ਕਿਹਾ, "ਬਿਜਲੀ ਵੰਡ ਪ੍ਰਣਾਲੀ ਦੀ ਨਿਰੰਤਰ ਨਿਗਰਾਨੀ ਲਈ ਸੂਬੇ ਭਰ ਵਿੱਚ ਪੀਐਸਪੀਸੀਐਲ ਦੇ ਅਧਿਕਾਰੀਆਂ ਅਤੇ ਤਕਨੀਕੀ ਸਟਾਫ ਦੀਆਂ ਸਮਰਪਿਤ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਫੀਲਡ ਅਧਿਕਾਰੀਆਂ ਨੂੰ 24 ਘੰਟੇ ਉਪਲਬਧ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਖਰਾਬੀ, ਟ੍ਰਾਂਸਫਾਰਮਰ ਸਬੰਧੀ ਮੁੱਦੇ ਅਤੇ ਹੋਰ ਤਕਨੀਕੀ ਨੁਕਸ ਦਾ ਪਹਿਲ ਦੇ ਆਧਾਰ 'ਤੇ ਤੁਰੰਤ ਹੱਲ ਯਕੀਨੀ ਬਣਾਉਣ ਲਈ ਵਿਸੇਸ ਨਿਰਦੇਸ ਜਾਰੀ ਕੀਤੇ ਗਏ ਹਨ।"

ਉਨ੍ਹਾਂ ਅੱਗੇ ਕਿਹਾ, "ਝੋਨੇ ਦੀ ਬਿਜਾਈ ਦੌਰਾਨ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਜਵਾਬ ਦੇਣਾ ਯਕੀਨੀ ਬਣਾਉਣ ਲਈ ਸਮਰਪਿਤ ਕੰਟਰੋਲ ਰੂਮਾਂ ਅਤੇ ਸ਼ਿਕਾਇਤ ਪ੍ਰਬੰਧਨ ਵਿਧੀਆਂ ਨੂੰ ਹੋਰ ਮਜਬੂਤ ਕੀਤਾ ਗਿਆ ਹੈ।"

ਤਰੁਨਪ੍ਰੀਤ ਸਿੰਘ ਸੌਂਦ ਨੇ ਅੱਗੇ ਕਿਹਾ, "ਪੀਐਸਪੀਸੀਐਲ ਨੇ ਪਹਿਲਾਂ ਹੀ ਟਰਾਂਸਮਿਸ਼ਨ ਲਾਈਨਾਂ, ਟ੍ਰਾਂਸਫਾਰਮਰਾਂ ਅਤੇ ਹੋਰ ਬਿਜਲੀ ਬੁਨਿਆਦੀ ਢਾਂਚੇ ਦੇ ਜਰੂਰੀ ਰੱਖ-ਰਖਾਅ ਸਬੰਧੀ ਕਾਰਜ ਪਹਿਲਾਂ ਹੀ ਮੁਕੰਮਲ ਕਰ ਲਏ ਹਨ ਤਾਂ ਜੋ ਮੰਗ ਦੇ ਸੀਜਨ ਦੌਰਾਨ ਫਾਲਤੂ ਵਿਘਨਾਂ ਤੋਂ ਬਚਿਆ ਜਾ ਸਕੇ।" ਬਿਜਲੀ ਮੰਤਰੀ ਨੇ ਅੱਗੇ ਕਿਹਾ, "ਪੰਜਾਬ ਸਰਕਾਰ ਸੂਬੇ ਵਿੱਚ ਬਿਜਲੀ ਬੁਨਿਆਦੀ ਢਾਂਚੇ ਨੂੰ ਹੋਰ ਮਜਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਸਾਰੇ ਖੇਤਰਾਂ, ਖਾਸ ਕਰਕੇ ਖੇਤੀਬਾੜੀ ਨੂੰ ਲੋੜੀਂਦੀ ਬਿਜਲੀ ਮੁਹੱਈਆ ਕਰਵਾਉਣਾ ਭਗਵੰਤ ਮਾਨ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚੋਂ ਇੱਕ ਹੈ।"

ਕਿਸਾਨਾਂ ਨੂੰ ਬਿਜਲੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਪੀਐਸਪੀਸੀਐਲ ਦੁਆਰਾ ਜਾਰੀ ਕੀਤੇ ਗਏ ਸਡਿਊਲ ਦੀ ਪਾਲਣਾ ਕਰਨ ਦੀ ਅਪੀਲ ਕਰਨ ਦੇ ਨਾਲ ਹੀ ਉਨ੍ਹਾਂ ਭਰੋਸਾ ਦਿੱਤਾ, "ਸੂਬਾ ਸਰਕਾਰ ਕਿਸਾਨ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਅਤੇ ਪੰਜਾਬ ਭਰ ਵਿੱਚ ਝੋਨੇ ਦੇ ਸੀਜਨ ਨੂੰ ਸਫਲ ਅਤੇ ਸੁਖਾਲਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ।"

# ਪੰਜਾਬ ਸਰਕਾਰ ਵੱਲੋਂ ਸਾਲ 2026-27 'ਚ 5 ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ ਅਧੀਨ ਲਿਆਉਣ ਦਾ ਟੀਚਾ

ਚੰਡੀਗੜ੍ਹ, 24 ਮਈ (ਚ.ਨ.ਸ.): ਧਰਤੀ ਹੇਠਲੇ ਪਾਣੀ ਨੂੰ ਬਚਾਉਣ ਤੇ ਝੋਨੇ ਦੀ ਟਿਕਾਊ ਕਾਸਤ ਨੂੰ ਉਤਸਾਹਿਤ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਕਿ ਸੂਬੇ ਨੇ ਸਾਲ 2026-27 ਦੇ ਸਾਉਣੀ ਸੀਜਨ ਦੌਰਾਨ 5 ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਤਕਨੀਕ ਅਧੀਨ ਲਿਆਉਣ ਦਾ ਟੀਚਾ ਮਿਥਿਆ ਹੈ ਤੇ ਇਸ ਮਕਸਦ ਲਈ 40 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਪਾਣੀ ਬਚਾਉਣ ਵਾਲੀ ਡੀ.ਐਸ.ਆਰ. ਸਕੀਮ ਬਾਰੇ ਵੇਰਵੇ ਸਾਂਝੇ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਾਲ 2025 ਦੇ ਸਾਉਣੀ ਸੀਜਨ ਦੌਰਾਨ 23,410 ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਈ, ਜਿਸ ਤਹਿਤ 2,35,899 ਏਕੜ ਰਕਬਾ ਕਵਰ ਕੀਤਾ ਗਿਆ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਰੇ ਯੋਗ ਕਿਸਾਨਾਂ ਨੂੰ 1,500 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ 35.38 ਕਰੋੜ ਰੁਪਏ ਤੋਂ ਵੱਧ ਦੀ



ਵਿੱਤੀ ਸਹਾਇਤਾ ਦਿੱਤੀ ਗਈ।

ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ "ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਇਹ ਕਿਸਾਨਾਂ ਦੀ ਅਗਵਾਈ ਵਾਲੀ ਕ੍ਰਾਂਤੀਕਾਰੀ ਮੁਹਿੰਮ ਹੈ। ਸਾਲ 2025-26 ਵਿੱਚ ਇਸ ਸਕੀਮ ਨੂੰ ਕਿਸਾਨ ਵੀਰਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਹੁਣ ਸਾਲ 2026-27 ਲਈ 40 ਕਰੋੜ ਰੁਪਏ ਦੀ ਲਾਗਤ ਨਾਲ 5 ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ ਹੇਠ ਲਿਆਉਣ ਦਾ ਟੀਚਾ ਹੈ। ਅਸੀਂ ਕੀਮਤੀ ਭੂਮੀਗਤ ਪਾਣੀ ਨੂੰ ਬਚਾਉਣ ਲਈ ਵਚਨਬੱਧ ਹਾਂ।"

ਸੂਬੇ ਦੇ ਕਿਸਾਨਾਂ ਨੂੰ ਪਾਣੀ ਬਚਾਉਣ ਵਾਲੀ ਡੀਐਸਆਰ ਤਕਨੀਕ ਅਪਣਾਉਣ ਤੇ ਪ੍ਰੋਤਸਾਹਨ ਰਾਸ਼ੀ ਦਾ ਲਾਭ ਲੈਣ ਲਈ ਜਲਦੀ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ ਕਰਦਿਆਂ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਸ ਤਕਨੀਕ ਨੂੰ ਅਪਣਾਉਣ ਦੇ ਚਾਹਵਾਨ ਕਿਸਾਨਾਂ ਲਈ ਆਨਲਾਈਨ ਡੀਐਸਆਰ ਰਜਿਸਟ੍ਰੇਸ਼ਨ ਪੋਰਟਲ ਕਾਰਜਸ਼ੀਲ ਹੈ ਤੇ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ।

ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਡੀਐਸਆਰ ਤਕਨੀਕ ਕੱਦੂ ਕਰਕੇ ਅਤੇ ਪਨੀਰੀ ਟ੍ਰਾਂਸਪਲਾਂਟੇਸ਼ਨ ਦੀ ਲੋੜ ਨੂੰ ਖਤਮ ਕਰਦੀ ਹੈ ਤੇ ਸਿੰਜਾਈ ਲਈ ਪਾਣੀ ਦੀ ਵਰਤੋਂ ਵਿੱਚ 15-20 ਫ਼ੀਸਦ ਦੀ ਕਮੀ ਲਿਆਉਣ ਦੇ ਨਾਲ-ਨਾਲ ਮਜਦੂਰੀ ਦੀਆਂ ਲਾਗਤਾਂ ਵਿੱਚ ਮਹੱਤਵਪੂਰਨ ਕਮੀ ਲਿਆਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੀ ਵਿਆਪਕ ਰਣਨੀਤੀ ਦਾ ਇੱਕ ਅਹਿਮ ਕਦਮ ਹੈ ਜਿਸਦਾ ਉਦੇਸ਼ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣਾ ਅਤੇ ਆਰਥਿਕ ਪ੍ਰੋਤਸਾਹਨ ਰਾਹੀਂ ਵਾਤਾਵਰਣ-ਪੱਖੀ ਖੇਤੀ ਨੂੰ ਉਤਸਾਹਿਤ ਕਰਨਾ ਹੈ।

# ਕੋਈ ਵੀ ਤਾਕਤ ਭਾਰਤ ਨੂੰ ਸਭ ਤੋਂ ਵੱਡਾ ਬਰਾਮਦਕਾਰ ਬਣਨੋਂ ਨਹੀਂ ਰੋਕ ਸਕਦੀ: ਰਾਜਨਾਥ

## ਰੱਖਿਆ ਮੰਤਰੀ ਵੱਲੋਂ ਸ਼ਿਰਡੀ 'ਚ ਅਸਲਾ ਉਤਪਾਦਨ ਯੂਨਿਟ ਦਾ ਉਦਘਾਟਨ

ਸ਼ਿਰਡੀ, 24 ਮਈ (ਚ.ਨ.ਸ.): ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਕੋਈ ਵੀ ਤਾਕਤ ਭਾਰਤ, ਜਿਸ ਨੂੰ ਕਦੇ ਹਥਿਆਰਾਂ ਦਾ ਦਰਾਮਦਕਾਰ ਮੰਨਿਆ ਜਾਂਦਾ ਸੀ, ਨੂੰ 25-30 ਸਾਲਾਂ ਵਿੱਚ ਸਭ ਤੋਂ ਵੱਡਾ ਬਰਾਮਦਕਾਰ ਬਣਨ ਤੋਂ ਨਹੀਂ ਰੋਕ ਸਕਦੀ। ਇਥੇ ਸ਼ਿਰਡੀ ਵਿੱਚ ਅਸਲਾ ਉਤਪਾਦਨ ਯੂਨਿਟ ਦਾ ਉਦਘਾਟਨ ਕਰਦਿਆਂ ਸਿੰਘ ਨੇ ਕਿਹਾ ਕਿ ਜਿਹੜਾ ਮੁਲਕ ਆਪਣੇ ਹਥਿਆਰ ਬਣਾਉਂਦਾ ਹੈ, ਉਹ ਆਪਣਾ ਭਵਿੱਖ ਖੁਦ ਲਿਖਦਾ ਹੈ। ਕੁਝ ਸਾਲ ਪਹਿਲਾਂ ਤੱਕ ਰੱਖਿਆ ਉਤਪਾਦਨ ਵਿੱਚ ਪ੍ਰਾਈਵੇਟ ਕੰਪਨੀਆਂ ਦੀ ਭੂਮਿਕਾ ਨਾਂਮਾਤਰ ਸੀ, ਜੋ ਹੁਣ 25 ਤੋਂ 30 ਫ਼ੀਸਦ ਹੈ ਤੇ ਸਰਕਾਰ ਨੇ ਇਸ ਨੂੰ ਅੱਗੇ 50 ਫ਼ੀਸਦ ਤੱਕ ਵਧਾਉਣ ਦਾ ਟੀਚਾ ਰੱਖਿਆ ਹੈ। ਰੱਖਿਆ ਮੰਤਰੀ ਨੇ ਕਿਹਾ, "ਨਿੱਜੀ ਸੈਕਟਰ ਰੱਖਿਆ ਖੇਤਰ ਵਿੱਚ ਹੁਣ



ਮਹਿਜ਼ ਨਟ-ਬੋਲਟਾਂ ਦਾ ਸਪਲਾਇਰ ਨਹੀਂ ਰਿਹਾ ਬਲਕਿ ਆਧੁਨਿਕ ਹਥਿਆਰਾਂ ਦਾ ਉਤਪਾਦਕ ਵੀ ਬਣ ਗਿਆ ਹੈ। ਸਰਕਾਰ ਦੇ ਦ੍ਰਿਸ਼ਟੀਕੋਣ ਤੇ ਪ੍ਰਾਈਵੇਟ ਸੈਕਟਰ ਦੀ ਨਵੀਨਤਾ ਇਕਸਾਰ ਹੋਣ ਨਾਲ ਦੇਸ਼ ਨਵੀਆਂ ਬੁਲੰਦੀਆਂ ਨੂੰ ਛੂਹੇਗਾ। ਭਾਰਤ ਨੂੰ ਹਥਿਆਰਾਂ ਅਤੇ ਆਟੋਮੇਸ਼ਨ ਦਾ ਕੇਂਦਰ ਬਣਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ।" ਸਿੰਘ ਨੇ ਕਿਹਾ ਕਿ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਰਾਜ ਮੌਕੇ ਗੰਨ ਪਾਊਡਰ (ਬਾਰੂਦ) ਬਣਾਉਣ ਲਈ ਪੋਟਾਸ਼ੀਅਮ ਨਾਈਟਰੇਟ ਨੂੰ ਕੱਚੇ ਮਾਲ ਵਜੋਂ ਵਰਤਿਆ ਜਾਂਦਾ ਸੀ ਤੇ ਕੰਪਨੀ ਨੇ ਆਪਣੀਆਂ ਫ਼ੌਜੀ ਸਮਰੱਥਾਵਾਂ ਨੂੰ ਵਧਾਇਆ। ਜਿੱਥੋਂ ਤੱਕ ਰੱਖਿਆ ਸਨਅਤ ਦੀ ਗੱਲ ਹੈ, ਭਾਰਤ ਲੰਮਾ ਪੈਂਡਾ ਤੈਅ ਕਰ ਚੁੱਕਾ ਹੈ। ਸਿੰਘ ਨੇ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਵੀ ਅਸਲਾ ਫੈਕਟਰੀਆਂ ਮੌਜੂਦ ਸਨ ਅਤੇ ਰੱਖਿਆ ਉਦਯੋਗ ਦੀਆਂ ਦੇਸ਼ ਵਿੱਚ ਬਹੁਤ ਡੂੰਘੀਆਂ ਜੜ੍ਹਾਂ ਹਨ। ਦੇਸ਼ ਆਜ਼ਾਦੀ ਤੋਂ ਬਾਅਦ, ਦੇਸ਼ ਦੀਆਂ ਪੁਰਾਣੀਆਂ ਸਮਰੱਥਾਵਾਂ ਅਤੇ ਆਧੁਨਿਕ ਜ਼ਰੂਰਤਾਂ ਵਿਚਕਾਰ ਕੋਈ ਸੰਤੁਲਨ ਨਹੀਂ ਰਿਹਾ।

# ਗੈਂਗਸਟਰਾਂ 'ਤੇ ਵਾਰ ਦਾ 124ਵੇਂ ਦਿਨ 529 ਥਾਵਾਂ ਉੱਤੇ ਛਾਪੇਮਾਰੀ ਦੌਰਾਨ 269 ਕਾਬੂ

ਚੰਡੀਗੜ੍ਹ, 24 ਮਈ (ਅੰਮ੍ਰਿਤਪਾਲ ਸਿੰਘ): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 124ਵੇਂ ਦਿਨ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 529 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ 124ਵੇਂ ਦਿਨ ਪੁਲਿਸ ਟੀਮਾਂ ਨੇ ਦੋ ਹਥਿਆਰਾਂ ਸਮੇਤ 269 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫਤਾਰੀਆਂ 31,699 ਹੋ ਗਈਆਂ। ਇਸ ਤੋਂ ਇਲਾਵਾ 100 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 16 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 11 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੂੰ 449ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 72 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 30.6 ਕਿਲੋ ਹੈਰੋਇਨ, 271 ਨਸ਼ੀਲੀਆਂ ਗੋਲੀਆਂ/ਕੈਪਸੂਲ ਤੇ 4200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 13 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

# ਸਰਹੱਦ ਪਾਰੋਂ ਨਸ਼ਾ ਤਸਕਰੀ ਮਾਡਿਊਲ ਨਾਲ ਜੁੜੇ ਚਾਰ ਦੋਸ਼ੀ 28.12 ਕਿਲੋ ਹੈਰੋਇਨ ਤੇ ਡਰੱਗ ਮਨੀ ਸਮੇਤ ਕਾਬੂ

ਚੰਡੀਗੜ੍ਹ/ਫਿਰੋਜ਼ਪੁਰ, 24 ਮਈ (ਚ.ਨ.ਸ.): ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਜਾਰੀ ਆਪਣੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਚਾਰ ਦੋਸੀਆਂ ਨੂੰ 28.12 ਕਿਲੋਗ੍ਰਾਮ ਹੈਰੋਇਨ ਤੇ 9.5 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।




ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਬਗੀਚਾ ਸਿੰਘ ਅਤੇ ਭੁਪਿੰਦਰ ਸਿੰਘ ਦੋਵੇਂ ਵਾਸੀ ਪਿੰਡ ਬੋਘੀ ਵਾਲਾ, ਗੁਰੂ ਹਰ ਸਹਾਏ; ਸਾਜਨ, ਵਾਸੀ ਪਿੰਡ ਅਰਾਈਆਂ ਵਾਲਾ; ਤੇ ਛਿੰਦਰਪਾਲ ਸਿੰਘ ਉਰਫ ਰਿੰਕੂ ਵਾਸੀ ਲੱਖਾ ਸਿੰਘ ਵਾਲਾ, ਫਿਰੋਜ਼ਪੁਰ ਵਜੋਂ ਹੋਈ ਹੈ। ਹੈਰੋਇਨ ਦੀ ਇਹ ਖੇਪ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮ ਨੇ ਮੁਲਜ਼ਮਾਂ ਦੀ ਹੁੰਡਈ ਕ੍ਰੇਟਾ ਕਾਰ ਵੀ ਜਬਤ ਕਰ ਲਈ ਹੈ, ਜਿਸਦੀ ਵਰਤੋਂ ਉਹ ਨਸ਼ਾ ਤਸਕਰੀ ਲਈ ਕਰ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਮਾਡਿਊਲ ਦੇ ਵਿਦੇਸੀ ਤਸਕਰਾਂ ਅਤੇ ਹੈਂਡਲਰਾਂ ਨਾਲ ਸਬੰਧ ਸਨ, ਜਿਨ੍ਹਾਂ ਨੇ ਕਥਿਤ ਤੌਰ 'ਤੇ ਗ੍ਰਿਫਤਾਰ ਮੁਲਜਮਾਂ ਨੂੰ ਭਾਰਤੀ ਖੇਤਰ ਦੇ ਅੰਦਰ ਨਸੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਕੇ ਇਸਨੂੰ ਅੱਗੇ ਵੰਡਣ ਦਾ ਕੰਮ ਸੌਂਪਿਆ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਸਮੁੱਚੇ ਨੈੱਟਵਰਕ ਦਾ ਖਾਤਮਾ ਕੀਤਾ ਜਾ ਸਕੇ।

ਏਆਈਜੀ ਸੀਆਈ ਫਿਰੋਜ਼ਪੁਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੱਕੀ ਬਗੀਚਾ ਸਿੰਘ, ਭੁਪਿੰਦਰ ਸਿੰਘ, ਸਾਜਨ ਅਤੇ ਛਿੰਦਰ ਪਾਲ ਉਰਫ ਰਿੰਕੂ ਵੱਲੋਂ ਕੁਝ ਦਿਨ ਪਹਿਲਾਂ ਸਰਹੱਦ ਪਾਰੋਂ ਹੈਰੋਇਨ ਦੀ ਖੇਪ ਪ੍ਰਾਪਤ ਕੀਤੇ ਜਾਣ ਸਬੰਧੀ ਭਰੋਸੇਯੋਗ ਜਾਣਕਾਰੀ ਮਿਲੀ ਸੀ।

ਜਾਣਕਾਰੀ 'ਚ ਅੱਗੇ ਪਤਾ ਲੱਗਾ ਕਿ ਆਪਣੇ ਹੈਂਡਲਰਾਂ ਦੇ ਨਿਰਦੇਸਾਂ 'ਤੇ ਉਕਤ ਸੱਕੀ ਵਿਅਕਤੀ ਇਹ ਖੇਪ ਅੱਗੇ ਕਿਸੇ ਹੋਰ ਧਿਰ ਨੂੰ ਪਹੁੰਚਾਉਣ ਜਾ ਰਹੇ ਹਨ, ਜਿਸ 'ਤੇ ਤੇਜੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਗੁਰੂ ਹਰ ਸਹਾਏ ਦੇ ਖੇਤਰ ਵਿੱਚ ਸੱਕੀਆਂ ਨੂੰ ਘੇਰ ਕੇ ਉਨ੍ਹਾਂ ਦੇ ਕਬਜੇ ਵਿੱਚੋਂ 28.12 ਕਿਲੋਗ੍ਰਾਮ ਹੈਰੋਇਨ ਅਤੇ 9.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕਰ ਲਈ। ਏਆਈਜੀ ਨੇ ਦੱਸਿਆ ਕਿ ਗ੍ਰਿਫਤਾਰ ਮੁਲਜਮਾਂ ਨੂੰ ਉਨ੍ਹਾਂ ਦੇ ਹੈਂਡਲਰਾਂ ਵੱਲੋਂ ਮੋਟੀ ਰਕਮ ਦੇਣ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਅੱਗੇ ਵਧਣ ਦੇ ਨਾਲ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਐਨਡੀਪੀਐਸ ਐਕਟ ਦੀ ਧਾਰਾ 21, 25 ਅਤੇ 29 ਤਹਿਤ ਥਾਣਾ ਐਸਐਸਓਸੀ ਫਾਜ਼ਿਲਕਾ ਵਿਖੇ ਐਫਆਈਆਰ ਨੰਬਰ 13 ਮਿਤੀ 23.05.2026 ਦਰਜ ਕੀਤੀ ਗਈ ਹੈ।

# 10.09 ਸਕਿੰਟ ਦੀ ਤੂਫਾਨੀ ਦੌੜ ਨਾਲ ਸਿੱਖ ਐਥਲੀਟ ਗੁਰਿੰਦਰਵੀਰ ਸਿੰਘ ਨੇ ਰਚਿਆ ਨਵਾਂ ਇਤਿਹਾਸ : ਕਾਲਕਾ

ਨਵੀਂ ਦਿੱਲੀ 24 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਆਪਣੇ ਇਕ ਸੰਦੇਸ਼ ਵਿੱਚ ਪੰਜਾਬ ਦੇ ਹੋਣਹਾਰ ਸਿੱਖ ਅਥਲੀਟ ਤੇ ਤੇਜ਼ਤਰਾਰ ਸਪਰਿੰਟਰ ਗੁਰਵਿੰਦਰਵੀਰ ਸਿੰਘ ਨੂੰ 100 ਮੀਟਰ ਦੌੜ ਵਿੱਚ ਭਾਰਤ ਦਾ ਨਵਾਂ ਨੈਸ਼ਨਲ ਰਿਕਾਰਡ ਸਥਾਪਿਤ ਕਰਨ ਤੇ ਤਹਿ ਦਿਲੋਂ ਵਧਾਈ ਦਿੱਤੀ ਹੈ। ਉਨਾਂ ਕਿਹਾ ਕਿ ਅੱਜ ਦਾ ਦਿਨ ਭਾਰਤ ਤੇ ਖਾਸ ਕਰਕੇ ਸਿੱਖ ਕੌਮ ਲਈ ਬੇਹੱਦ ਮਾਣ ਤੇ ਖੁਸ਼ੀ ਦਾ ਪਲ ਬਣ ਗਿਆ ਹੈ। ਗੁਰਵਿੰਦਰ ਵੀਰ ਸਿੰਘ ਨੇ 100 ਮੀਟਰ ਤੂਫ਼ਾਨੀ ਦੌੜ ਵਿੱਚ 10.09 ਸਕਿੰਟ ਦਾ ਸ਼ਾਨਦਾਰ ਸਮਾਂ ਕੱਢ ਕੇ ਇਤਿਹਾਸ ਰਚ ਦਿੱਤਾ ਹੈ। ਇਸ ਪ੍ਰਾਪਤੀ ਨਾਲ ਉਹ 10.10 ਸਕਿੰਟ ਦੀ ਰੁਕਾਵਟ ਨੂੰ ਤੋੜਨ ਵਾਲੇ ਪਹਿਲੇ ਭਾਰਤੀ ਸਪਰਿੰਟਰ ਬਣ ਗਏ ਹਨ।




ਉਨ੍ਹਾਂ ਦੀ ਇਹ ਕਾਮਯਾਬੀ ਸਿਰਫ਼ ਇੱਕ ਨਵਾਂ ਰਿਕਾਰਡ ਨਹੀਂ, ਸਗੋਂ ਭਾਰਤ ਦੇ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹੈ। ਗੁਰਿੰਦਰਵੀਰ ਸਿੰਘ ਦੀ ਮਿਹਨਤ, ਅਨੁਸ਼ਾਸਨ, ਸਮਰਪਣ ਅਤੇ ਨਿਡਰ ਜਜ਼ਬਾ ਉਸ ਤਾਕਤ ਅਤੇ ਦ੍ਰਿੜਤਾ ਨੂੰ ਦਰਸਾਉਂਦਾ ਹੈ ਜੋ ਸਿੱਖ ਕੌਮ ਦੀ ਪਹਿਚਾਣ ਰਹੀ ਹੈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਲਗਨ ਅਤੇ ਹੌਸਲੇ ਨਾਲ ਹਰ ਮੁਸ਼ਕਲ ਮੰਜ਼ਿਲ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਇਸ ਇਤਿਹਾਸਕ ਪ੍ਰਾਪਤੀ ਨੇ ਪੂਰੇ ਭਾਰਤ ਦੇਸ਼ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।

ਹਰਮੀਤ ਸਿੰਘ ਕਾਲਕਾ ਨੇ ਆਸ ਕੀਤੀ ਹੈ ਕਿ ਇਹ ਇਤਿਹਾਸਕ ਦੌੜ ਭਵਿੱਖ ਵਿੱਚ ਹੋਰ ਕਈ ਵਿਸ਼ਵ ਪੱਧਰੀ ਰਿਕਾਰਡਾਂ ਅਤੇ ਸਫਲਤਾਵਾਂ ਦੀ ਸ਼ੁਰੂਆਤ ਸਾਬਤ ਹੋਵੇਗੀ।

# ਕਿਤਾਬ "ਸਿੱਖ ਧਰਮਦੇ ਸੁਨਹਿਰੀ ਪੰਨੇ" ਹੋਈ ਜਾਰੀ

ਨਵੀਂ ਦਿੱਲੀ, 24 ਮਈ (ਅੰਮ੍ਰਿਤਪਾਲ ਸਿੰਘ): ਅਕਾਲੀ ਬਾਬਾ ਫੂਲਾ ਸਿੰਘ ਏਜੁਕੇਸ਼ਨਲ ਸੋਸਾਇਟੀ ਵੱਲੋਂ ਖਾਲਸਾ ਕਾਲਜ, ਦੇਵ ਨਗਰ ਦੇ ਮੈਂਬਰ ਡਾਕਟਰ ਹਰਿੰਦਰ ਪਾਲ ਸਿੰਘ, ਮਨਜੀਤ ਸਿੰਘ ਜੀ.ਕੇ., ਡਾ. ਜਸਪਾਲ ਸਿੰਘ ਤੇ ਜਨਾਰਦਨ ਦਿਵੇਦੀ ਨੇ ਜਿੱਥੇ ਕਿਤਾਬ ਦੇ ਵਿਸ਼ੇ ਤੇ ਪ੍ਰਸੰਗ ਨੂੰ ਲੈਕੇ ਖੁਸ਼ੀ ਬਾਅਦ ਖਾਲਸਾ ਕਾਲਜ 'ਚ ਆਪਣੇ ਸਾਥੀ ਪ੍ਰੋਫ਼ੈਸਰਾਂ ਵੱਲੋਂ ਲਾਏ ਗਏ ਮੋਰਚੇ ਨੂੰ ਯਾਦ ਕੀਤਾ। ਕੁਲਮੋਹਨ ਸਿੰਘ ਨੇ 25 ਸਾਲ ਦੀ ਉਮਰ 'ਚ ਆਪਣੀ ਪੰਥਕ



ਸਾਬਕਾ ਪ੍ਰਿੰਸੀਪਲ ਡਾ. ਹਰਮੀਤ ਸਿੰਘ ਵੱਲੋਂ ਲਿਖੀ ਤੇ ਪ੍ਰਕਾਸ਼ਿਤ ਕਿਤਾਬ "ਸਿੱਖ ਧਰਮਦੇ ਸੁਨਹਿਰੀ ਪੰਨੇ" ਨੂੰ ਜਾਰੀ ਕਰਵਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਚੈਮਸਫੋਰਡ ਕਲੱਬ ਵਿਖੇ ਹੋਏ ਪ੍ਰੋਗਰਾਮ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਸਾਂਸਦ ਜਨਾਰਦਨ ਦਿਵੇਦੀ ਤੇ ਅਕਾਲੀ ਬਾਬਾ ਫੂਲਾ ਸਿੰਘ ਏਜੁਕੇਸ਼ਨਲ ਸੋਸਾਇਟੀ ਦੇ ਪ੍ਰਧਾਨ ਗਗਨਪ੍ਰੀਤ ਸਿੰਘ ਤੇ ਸਕੱਤਰ ਅਪਿੰਦਰ ਸਿੰਘ ਨੇ ਕਿਤਾਬ ਜਾਰੀ ਕੀਤੀ। ਇਸ ਤੋਂ ਪਹਿਲਾਂ ਡਾ. ਹਰਮੀਤ ਸਿੰਘ ਦੇ ਵਿਦਿਅਕ ਤੇ ਧਾਰਮਿਕ ਖੇਤਰ 'ਚ ਕੀਤੀਆਂ ਗਈਆਂ ਸੇਵਾਵਾਂ ਨੂੰ ਵੱਖ-ਵੱਖ ਬੁਲਾਰਿਆਂ ਨੇ ਚੇਤਾ ਕਰਵਾਇਆ। ਦਿੱਲੀ ਤੇ ਪਟਨਾ ਸਾਹਿਬ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਕੁਲਮੋਹਨ ਸਿੰਘ, ਗੁਰਮਤਿ ਕਾਲਜ ਦੇ ਸਾਬਕਾ ਚੇਅਰਮੈਨ ਅਤੇ ਸ਼੍ਰੋਮਣੀ ਤੇ ਦਿੱਲੀ ਕਮੇਟੀ ਦੇ ਸਾਬਕਾ ਮੈਂਬਰ ਡਾਕਟਰ ਹਰਿੰਦਰ ਪਾਲ ਸਿੰਘ, ਮਨਜੀਤ ਸਿੰਘ ਜੀ.ਕੇ., ਡਾ. ਜਸਪਾਲ ਸਿੰਘ ਤੇ ਜਨਾਰਦਨ ਦਿਵੇਦੀ ਨੇ ਜਿੱਥੇ ਕਿਤਾਬ ਦੇ ਵਿਸ਼ੇ ਤੇ ਪ੍ਰਸੰਗ ਨੂੰ ਲੈਕੇ ਖੁਸ਼ੀ ਜਤਾਈ, ਉਥੇ ਹੀ ਕਿਤਾਬ ਦੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਰਜ਼ਮੇ ਨੂੰ ਇੱਕੋ ਥਾਂ ਕਲਮਬੱਧ ਕਰਨ ਦੀ ਸ਼ਲਾਘਾ ਕੀਤੀ।

ਮਨਜੀਤ ਸਿੰਘ ਜੀ.ਕੇ. ਨੇ ਡਾ. ਹਰਮੀਤ ਸਿੰਘ ਦੀ ਆਪਣੇ ਪਿਤਾ ਜਥੇਦਾਰ ਸੰਤੋਖ ਸਿੰਘ ਨਾਲ ਰਹੀ ਨੇੜਤਾ ਤੇ ਕੌਮੀ ਮੋਰਚਿਆਂ ਦੌਰਾਨ ਉਨ੍ਹਾਂ ਦੀ ਹੋਈ ਗ੍ਰਿਫ਼ਤਾਰੀ ਦਾ ਹਵਾਲਾ ਦਿੰਦੇ ਹੋਏ ਉਕਤ ਕਿਤਾਬ ਜਾਰੀ ਕਰਨ ਉਤੇ ਉਨ੍ਹਾਂ ਨੂੰ ਵਧਾਈ ਦਿੱਤੀ। ਡਾ. ਜਸਪਾਲ ਸਿੰਘ ਨੇ ਕਿਤਾਬ ਦੇ ਅੰਦਰ ਗੁਰੂ ਸਾਹਿਬਾਨਾਂ ਤੇ ਸਿੱਖ ਇਤਿਹਾਸ ਨੂੰ ਸੰਖੇਪ ਤਰੀਕੇ ਨਾਲ ਪੇਸ਼ ਕਰਨ ਕਰਕੇ ਪਾਠਕਾਂ ਲਈ ਕਿਤਾਬ ਦੇ ਕੰਟੈਂਟ ਦੇ ਲਾਹੇਵੰਦ ਹੋਣ ਦੀ ਗੱਲ ਕਹੀ। ਜਨਾਰਦਨ ਦਿਵੇਦੀ ਨੇ ਡਾ. ਹਰਮੀਤ ਸਿੰਘ ਦੀ ਗਿਰਫਤਾਰੀ ਤੋਂ ਬਾਅਦ ਖਾਲਸਾ ਕਾਲਜ 'ਚ ਆਪਣੇ ਸਾਥੀ ਪ੍ਰੋਫ਼ੈਸਰਾਂ ਵੱਲੋਂ ਲਾਏ ਗਏ ਮੋਰਚੇ ਨੂੰ ਯਾਦ ਕੀਤਾ। ਕੁਲਮੋਹਨ ਸਿੰਘ ਨੇ 25 ਸਾਲ ਦੀ ਉਮਰ 'ਚ ਆਪਣੀ ਪੰਥਕ ਚੋਣ ਸਿਆਸਤ 'ਚ ਹੋਈ ਐਂਟਰੀ ਲਈ ਜਥੇਦਾਰ ਸੰਤੋਖ ਸਿੰਘ ਤੇ ਡਾ. ਹਰਮੀਤ ਸਿੰਘ ਦੀ ਜੋੜੀ ਨੂੰ ਕਾਰਨ ਦੱਸਿਆ। ਡਾ. ਹਰਿੰਦਰ ਪਾਲ ਸਿੰਘ ਨੇ ਕਿਤਾਬ ਦੇ ਕੰਟੈਂਟ ਤੇ ਭਾਸ਼ਾ ਸ਼ੈਲੀ ਦੀ ਤਾਰੀਫ਼ ਕਰਦਿਆਂ ਇਸ ਕਿਤਾਬ ਨੂੰ ਸਿੱਖ ਇਤਿਹਾਸ ਦੇ ਨਵੇਂ ਸ਼ੁਰੂਆਤੀ ਪਾਠਕਾਂ ਲਈ ਮੁਫ਼ੀਦ ਦੱਸਿਆ। ਇਸ ਮੌਕੇ ਖ਼ਾਲਸਾ ਕਾਲਜ ਦੇ ਸਾਬਕਾ ਪ੍ਰੋਫ਼ੈਸਰ ਤੇ ਦਿੱਲੀ ਕਮੇਟੀ ਦੇ ਸਾਬਕਾ ਮੈਂਬਰ ਪ੍ਰੋਫ਼ੈਸਰ ਹਰਮਿੰਦਰ ਸਿੰਘ, ਪੰਜਾਬ ਐਂਡ ਸਿੰਧ ਬੈਂਕ ਤੋਂ ਰਿਟਾਇਰ ਸੀਨੀਅਰ ਬੈਂਕਰ ਕੁਲਬੀਰ ਸਿੰਘ ਸਣੇ ਕਈ ਪਤਵੰਤੇ ਸੱਜਣ ਹਾਜ਼ਰ ਸਨ। ਸਟੇਜ ਸਕੱਤਰ ਦੀ ਸੇਵਾ ਡਾ. ਪਰਮਿੰਦਰ ਪਾਲ ਸਿੰਘ ਵੱਲੋਂ ਨਿਭਾਈ ਗਈ।

# ਸੂਬਾ ਸਰਕਾਰ ਸੱਤਾ 'ਚ ਬਣੇ ਰਹਿਣ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ : ਵੜਿੰਗ

## ਕਪੂਰਥਲਾ ਜੇਲ੍ਹ 'ਚ ਦੰਗੇ ਤੇ ਅੰਮ੍ਰਿਤਸਰ 'ਚ ਏ.ਐਸ.ਆਈ. ਦੀ ਹੱਤਿਆ ਪੂਰੀ ਤਰ੍ਹਾਂ ਅਰਾਜਕਤਾ ਦਾ ਸਬੂਤ

ਚੰਡੀਗੜ੍ਹ, 24 ਮਈ (ਅੰਮ੍ਰਿਤਪਾਲ ਸਿੰਘ): ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਬਣੇ ਰਹਿਣ ਦਾ ਨੈਤਿਕ ਅਧਿਕਾਰ ਖੋਹ ਚੁੱਕੀ ਹੈ, ਕਿਉਂਕਿ ਪੂਰੇ ਸੂਬੇ ਵਿੱਚ ਕਾਨੂੰਨ-ਵਿਵਸਥਾ ਦੀ ਹਾਲਤ ਖਰਾਬ ਹੋ ਚੁੱਕੀ ਹੈ ਅਤੇ ਹਰ ਪਾਸੇ ਅਰਾਜਕਤਾ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਜਾਂ ਤਾਂ ਕੰਮ ਕਰਨਾ ਸ਼ੁਰੂ ਕਰੇ ਜਾਂ ਫਿਰ ਅਸਤੀਫ਼ਾ ਦੇ ਕੇ ਸੱਤਾ ਛੱਡ ਦੇਵੇ। ਜਿੰਨਾ ਜਲਦੀ ਇਹ ਫ਼ੈਸਲਾ ਹੋਵੇ, ਉਨਾ ਹੀ ਚੰਗਾ ਹੈ। ਉਨ੍ਹਾਂ ਨੇ ਬੀਤੀ ਸ਼ਾਮ ਕਪੂਰਥਲਾ ਜੇਲ੍ਹ ਅੰਦਰ ਹੋਈ ਤੋੜ ਭੰਨ ਤੇ ਅੱਗ ਲਗਾਉਣ ਦੀ ਘਟਨਾ ਅਤੇ ਅੱਜ ਅੰਮ੍ਰਿਤਸਰ ਵਿੱਚ ਇੱਕ ਸਹਾਇਕ ਸਬ-ਇੰਸਪੈਕਟਰ (ਏਐਸਆਈ) ਦੀ ਹੱਤਿਆ ਉੱਤੇ ਪ੍ਰਤੀਕਿਰਿਆ ਦਿੰਦਿਆਂ, ਕਿਹਾ ਕਿ ਆਪ ਸਰਕਾਰ ਨੇ ਅਸਲ ਵਿੱਚ ਆਪਣਾ ਅਧਿਕਾਰ ਛੱਡ ਦਿੱਤਾ ਹੈ ਅਤੇ ਅਪਰਾਧੀ ਤੇ ਗੈਂਗਸਟਰ ਬੇਖੌਫ ਹੋ ਕੇ ਘੁੰਮ ਰਹੇ ਹਨ। ਇਨ੍ਹਾਂ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ ਹੈ। ਉਨ੍ਹਾਂ ਨੇ ਕਪੂਰਥਲਾ ਜੇਲ੍ਹ ਵਿੱਚ ਹੋਈ ਤੋੜ ਭੰਨ ਅਤੇ ਅੱਗ ਲਗਾਉਣ ਦਾ ਹਵਾਲਾ ਦਿੰਦਿਆਂ, ਕਿਹਾ ਕਿ ਉੱਚ ਸੁਰੱਖਿਆ ਵਾਲੀ ਜੇਲ੍ਹ ਦੇ ਅੰਦਰ ਇਸ ਤਰ੍ਹਾਂ ਦੀ ਹਿੰਸਾ ਹੋਣਾ ਸਿਰਫ਼ ਇੱਕ ਗੱਲ ਸਾਬਤ ਕਰਦਾ ਹੈ ਕਿ ਇਸ ਸਰਕਾਰ ਦਾ ਹੁਕਮ ਜੇਲ੍ਹ ਦੀਆਂ ਚਾਰਦਿਵਾਰੀਆਂ ਅੰਦਰ ਵੀ ਨਹੀਂ ਚੱਲਦਾ, ਜਦਕਿ ਜੇਲ੍ਹ ਤੋਂ ਬਾਹਰ ਤਾਂ ਇਹ ਪਹਿਲਾਂ ਹੀ ਖ਼ਤਮ ਹੋ ਚੁੱਕਾ ਹੈ।



ਉਨ੍ਹਾਂ ਨੇ ਕਿਹਾ ਕਿ ਜਿਸ ਤਰੀਕੇ ਨਾਲ ਕੈਦੀਆਂ ਨੇ ਬੇਰੋਕ-ਟੋਕ ਹੋ ਕੇ ਭਾਰੀ ਹਿੰਸਾ ਕੀਤੀ ਅਤੇ ਅੱਗ ਲਗਾਈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਜ਼ਿੰਮੇਵਾਰ ਅਧਿਕਾਰੀ ਜਾਂ ਤਾਂ ਨਾਕਾਬਿਲ ਹਨ ਜਾਂ ਫਿਰ ਉਨ੍ਹਾਂ ਵਿੱਚ ਇਸ ਨਾਲ ਨਜਿੱਠਣ ਦੀ ਇੱਛਾ ਸ਼ਕਤੀ ਦੀ ਕਮੀ ਹੈ। ਜਦਕਿ ਅੱਜ ਅੰਮ੍ਰਿਤਸਰ ਵਿੱਚ ਡਿਊਟੀ 'ਤੇ ਜਾਂਦੇ ਸਮੇਂ ਇੱਕ ਏਐਸਆਈ ਦੀ ਹੱਤਿਆ ਬਾਰੇ, ਵੜਿੰਗ ਨੇ ਕਿਹਾ ਕਿ ਜਦੋਂ ਪੁਲਿਸ ਕਰਮਚਾਰੀ ਖੁਦ ਹੀ ਸੁਰੱਖਿਅਤ ਨਹੀਂ ਹਨ ਅਤੇ ਅਪਰਾਧੀ ਤੇ ਗੈਂਗਸਟਰ ਆਪਣੀ ਮਰਜ਼ੀ ਨਾਲ ਉਨ੍ਹਾਂ ਦੀ ਜਾਨ ਲੈ ਸਕਦੇ ਹਨ, ਤਾਂ ਇੱਕ ਆਮ ਵਿਅਕਤੀ ਆਪਣੇ ਆਪ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕਰੇਗਾ, ਇਸਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੈ।

# ਕਾਂਗਰਸ ਨੂੰ ਵੋਟ ਮਤਲਬ 'ਆਪ' ਨੂੰ ਵੋਟ ਪਾਉਣਾ ਦੋਵੇਂ ਪਾਰਟੀਆਂ ਇੱਕ ਹੀ ਨੇ : ਬੱਲੀਏਵਾਲ

ਚੰਡੀਗੜ੍ਹ , 24 ਮਈ (ਅੰਮ੍ਰਿਤਪਾਲ ਸਿੰਘ): ਭਾਜਪਾ ਪੰਜਾਬ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਕਿਹਾ ਕਿ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਵਿੱਚ ਕਾਂਗਰਸ ਨੂੰ ਦਿੱਤੀ ਗਈ ਵੋਟ ਦਰਅਸਲ ਆਮ ਆਦਮੀ ਪਾਰਟੀ ਨੂੰ ਹੀ ਮਜ਼ਬੂਤ ਕਰਨ ਵਾਲੀ ਵੋਟ ਸਾਬਤ ਹੋ ਰਹੀ ਹੈ ਕਿਉਂਕਿ ਇਹ ਦੋਵੇਂ ਪਾਰਟੀ ਸਿਰਫ਼ ਡਰਾਮੇ ਕਰ ਰਹੀਆਂ, ਅੰਦਰ ਖਾਤੇ ਇਨ੍ਹਾਂ ਦਾ ਸਮਝੌਤਾ ਚੱਲ ਰਿਹਾ ਹੈ। ਬੱਲੀਏਵਾਲ ਨੇ ਕਿਹਾ ਕਿ ਪਹਿਲਾਂ ਪੰਜਾਬ ਦੇ ਲੋਕਾਂ ਨੇ ਕਈ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਦਿੱਤਾ ਸੀ, ਪਰ ਕਾਂਗਰਸ ਦੇ ਜਿੱਤੇ ਹੋਏ ਕੌਂਸਲਰਾਂ ਨੇ ਲੋਕਾਂ ਦੇ ਫ਼ਤਵੇ ਦੇ ਉਲਟ ਜਾ ਕੇ ਆਮ ਆਦਮੀ ਪਾਰਟੀ ਨੂੰ ਸਮਰਥਨ ਦਿੱਤਾ ਤੇ ਮੇਅਰ ਬਣਾਉਣ ਵਿੱਚ ਮਦਦ ਕੀਤੀ।



ਉਨ੍ਹਾਂ ਕਿਹਾ ਕਿ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਸਮੇਤ ਕਈ ਨਗਰ ਨਿਗਮਾਂ ਵਿੱਚ ਇਹ ਸਿਆਸੀ ਸੌਦੇਬਾਜ਼ੀ ਖੁੱਲ੍ਹ ਕੇ ਸਾਹਮਣੇ ਆਈ। ਇਸੇ ਤਰ੍ਹਾਂ ਫਗਵਾੜਾ, ਬਾਘਾਪੁਰਾਣਾ, ਸਾਹਨੇਵਾਲ, ਕੋਟਕਪੂਰਾ, ਫ਼ਰੀਦਕੋਟ ਅਤੇ ਹੋਰ ਕਈ ਜ਼ਿਲ੍ਹਾ ਪ੍ਰਸ਼ਿਦ ਅਤੇ ਬਲਾਕ ਸੰਮਤੀ ਦੀ ਚੇਅਰਮੈਨ ਦੀ ਚੋਣ ਵਿੱਚ ਵੀ ਕਾਂਗਰਸ ਨੇ ਆਪ ਦੇ ਹੱਕ ਵਿੱਚ ਵੋਟਾਂ ਪਾ ਕੇ ਲੋਕਾਂ ਦੇ ਫ਼ਤਵੇ ਦਾ ਅਪਮਾਨ ਕੀਤਾ। ਪੰਜਾਬ ਦੀ ਜਨਤਾ ਹੁਣ ਇਹ ਸਮਝ ਚੁੱਕੀ ਹੈ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਅੰਦਰਖਾਤੇ ਇਕੱਠੇ ਹੋ ਕੇ ਸਿਰਫ਼ ਸੱਤਾ ਦੀ ਰਾਜਨੀਤੀ ਕਰ ਰਹੇ ਹਨ। ਲੋਕਾਂ ਦੇ ਅਸਲ ਮੁੱਦੇ- ਕਾਨੂੰਨ ਵਿਵਸਥਾ, ਨੌਜਵਾਨਾਂ ਦਾ ਭਵਿੱਖ, ਕਿਸਾਨਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਵੱਲ ਇਨ੍ਹਾਂ ਦਾ ਕੋਈ ਧਿਆਨ ਨਹੀਂ ਹੈ। ਭਾਰਤੀ ਜਨਤਾ ਪਾਰਟੀ ਹੀ ਪੰਜਾਬ ਵਿੱਚ ਲੋਕਾਂ ਦੀ ਅਸਲ ਵਿਰੋਧੀ ਧਿਰ ਵਜੋਂ ਮੁੱਦਿਆਂ ਦੀ ਆਵਾਜ਼ ਬੁਲੰਦ ਕਰ ਰਹੀ ਹੈ। ਇਸ ਲਈ ਆਉਣ ਵਾਲੀਆਂ ਚੋਣਾਂ ਵਿੱਚ ਆਪਣੇ ਮਤ ਦਾ ਸਹੀ ਉਪਯੋਗ ਕਰੋ ਤੇ ਭਾਜਪਾ ਨੂੰ ਮਜ਼ਬੂਤ ਬਣਾਓ।

# ਪਟਿਆਲਾ ਰੇਲ ਇੰਜਣ ਕਾਰਖਾਨਾ ਨੇ ਕਵਚ-ਸੁਸੱਜਿਤ ਪਹਿਲਾ ਯਾਤਰੀ ਰੇਲ ਇੰਜਣ ਕੀਤਾ ਲੋਕ ਅਰਪਣ




ਪਟਿਆਲਾ, 24 ਮਈ (ਅੰਮ੍ਰਿਤਪਾਲ ਸਿੰਘ): ਪਟਿਆਲਾ ਰੇਲ ਇੰਜਣ ਕਾਰਖਾਨਾਨੇ ਉੱਨਤ ਕਵਚ ਸੁਰੱਖਿਆ ਪ੍ਰਣਾਲੀ ਨਾਲ ਲੈਸ ਆਪਣੇ ਪਹਿਲੇ ਯਾਤਰੀ ਰੇਲ ਇੰਜਣ ਦੇ ਲੋਕ ਅਰਪਣ ਨਾਲ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਇਸ ਰੇਲ ਇੰਜਣ ਦਾ ਵਿਧੀਵਤ ਲੋਕ ਅਰਪਣ ਸੁਸ਼ੀਲ ਕੁਮਾਰ ਸ਼੍ਰੀਵਾਸਤਵ, ਪ੍ਰਧਾਨ ਮੁੱਖ ਪ੍ਰਸ਼ਾਸਕੀ ਅਧਿਕਾਰੀ ਵੱਲੋਂ ਕੀਤਾ ਗਿਆ। ਕਵਚ ਭਾਰਤ ਵਿੱਚ ਵਿਕਸਿਤ ਇੱਕ ਸਵਦੇਸ਼ੀ ਸਵਚਾਲਿਤ ਰੇਲ ਸੁਰੱਖਿਆ ਪ੍ਰਣਾਲੀ ਹੈ, ਜਿਸਦਾ ਉਦੇਸ਼ ਰੇਲ ਸੰਚਾਲਨ ਵਿੱਚ "ਸ਼ੂਨਜ ਦੁਰਘਟਨਾ" ਯਕੀਨੀ ਬਣਾਉਣਾ ਹੈ। ਇਹ ਪ੍ਰਣਾਲੀ ਰੇਲ ਚਾਲਕ ਵੱਲੋਂ ਸੰਕੇਤ ਦੀ ਅਣਦੇਖੀ ਕਰਨ ਜਾਂ ਨਿਰਧਾਰਤ ਗਤੀ ਸੀਮਾ ਤੋਂ ਵੱਧ ਗਤੀ ਹੋਣ ਦੀ ਸਥਿਤੀ ਵਿੱਚ ਆਪਣੇ ਆਪ ਬ੍ਰੇਕ ਲਗਾ ਦਿੰਦੀ ਹੈ। ਇਸ ਤੋਂ ਇਲਾਵਾ ਇਹ ਆਮਨੇ-ਸਾਮਨੇ ਦੀ ਰੇਲ ਟੱਕਰ ਨੂੰ ਰੋਕਣ ਅਤੇ ਸਮਪਾਰ ਫਾਟਕਾਂ 'ਤੇ ਆਪਣੇ ਆਪ ਚੇਤਾਵਨੀ ਧੁਨੀ ਪ੍ਰਦਾਨ ਕਰਨ ਵਿੱਚ ਵੀ ਸਮਰੱਥ ਹੈ, ਜਿਸ ਨਾਲ ਸੰਚਾਲਕੀ ਸੁਰੱਖਿਆ ਵਿੱਚ ਕਾਫ਼ੀ ਵਾਧਾ ਹੁੰਦਾ ਹੈ।

ਇਸ ਮੌਕੇ ਅਧਿਕਾਰੀਆਂ ਨੇ ਕਿਹਾ ਕਿ ਕਵਚ-ਸੁਸੱਜਿਤ ਰੇਲ ਇੰਜਣਾਂ ਦਾ ਸ਼ਾਮਲ ਕੀਤਾ ਜਾਣਾ ਇੰਡੀਅਨ ਰੇਲਵੇਅ ਦੇ ਆਧੁਨਿਕੀਕਰਨ ਤੇ ਸੁਰੱਖਿਅਤ ਰੇਲ ਸੰਚਾਲਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਪਹਲ ਭਾਰਤੀ ਰੇਲ ਦੀ ਉਸ ਦੂਰਦ੍ਰਿਸ਼ਟੀ ਦੇ ਅਨੁਕੂਲ ਹੈ, ਜਿਸ ਦੇ ਤਹਿਤ ਯਾਤਰੀ ਸੁਰੱਖਿਆ ਲਈ ਉੱਨਤ ਸਵਦੇਸ਼ੀ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ। ਲੋਕ ਅਰਪਣ ਸਮਾਰੋਹ ਦੌਰਾਨ ਕਾਰਖਾਨੇ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਰਹੇ। ਇਸ ਮੌਕੇ ਇਹ ਐਲਾਨ ਵੀ ਕੀਤਾ ਗਿਆ ਕਿ ਹੁਣ ਤੋਂ ਕਾਰਖਾਨੇ ਵਿੱਚ ਤਿਆਰ ਕੀਤੇ ਜਾਣ ਵਾਲੇ ਸਾਰੇ ਯਾਤਰੀ ਤੇ ਮਾਲਵਾਹਕ ਰੇਲ ਇੰਜਣਾਂ ਵਿੱਚ ਕਵਚ ਸੁਰੱਖਿਆ ਪ੍ਰਣਾਲੀ ਲਾਜ਼ਮੀ ਤੌਰ 'ਤੇ ਲਗਾਈ ਜਾਵੇਗੀ। ਇਹ ਮੌਕਾਪਟਿਆਲਾ ਰੇਲ ਇੰਜਣ ਕਾਰਖਾਨਾਲਈ ਭਾਰਤੀ ਰੇਲ ਦੀ ਸੁਰੱਖਿਆ ਸੰਰਚਨਾ ਨੂੰ ਸਵਦੇਸ਼ੀ ਨਵੀਨਤਾ ਤੇ ਤਕਨੀਕੀ ਤਰੱਕੀ ਰਾਹੀਂ ਹੋਰ ਮਜ਼ਬੂਤ ਬਣਾਉਣ ਵੱਲ ਇੱਕ ਹੋਰ ਮਾਣਯੋਗ ਉਪਲਬਧੀ ਸਾਬਤ ਹੋਇਆ।

# ਵੋਟਰ ਬੇਖੌਫ਼ ਹੋ ਕੇ ਵੋਟਾਂ ਪਾ ਕੇ ਅਕਾਲੀ ਉਮੀਦਵਾਰਾਂ ਨੂੰ ਜਿਤਾਉਣ : ਬਾਦਲ

ਸਮਾਣਾ 24 ਮਈ (ਵਿਜੇ ਕੁਮਾਰ/ ਜਵੰਦਾ/ਸੁਖਜਿੰਦਰ ਸਿੰਘ/ਅਮਿਤ ਕੁਮਾਰ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਤਵਾਰ ਨੂੰ ਸਮਾਣਾ ਵਿਖੇ ਨਗਰ ਕੌਂਸਲ ਦੀਆਂ 26 ਮਈ ਨੂੰ ਹੋਣ ਵਾਲੀਆਂ ਚੋਣਾ ਸਬੰਧੀ ਇੱਕ ਰੈਲੀ ਨੂੰ ਸੰਬੋਧਨ ਕੀਤਾ। ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਸਮਾਣਾ ਦੇ ਨਗਰ ਕੌਂਸਲ ਚੋਣਾਂ ਲਈ 21 ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਕੇ ਜਿਤਾਉਣ ਦੀ ਅਪੀਲ ਕੀਤੀ। ਸੁਖਬੀਰ ਬਾਦਲ ਨੇ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ 22 ਸਾਲ ਤੱਕ ਰਾਜ ਰਿਹਾ।




ਅਕਾਲੀ ਦਲ ਦੇ ਰਾਜ ਵਿੱਚ ਪੰਜਾਬ ਨੇ ਬਹੁਤ ਵੱਡੀ ਤਰੱਕੀ ਕੀਤੀ ਤੇ ਪੰਜਾਬ ਵਿੱਚ ਜਿੰਨੇ ਵੀ ਥਰਮਲ ਪਲਾਂਟ, ਸੜਕਾਂ, ਏਅਰਪੋਰਟ ਬਣੇ ਇਹ ਸਭ ਅਕਾਲੀ ਦਲ ਦੀ ਸਰਕਾਰ ਸਮੇਂ ਬਣੇ। ਦੂਜੇ ਪਾਸੇ ਜਦੋਂ ਤੋਂ ਪੰਜਾਬ ਵਿੱਚ ਆਪ ਪਾਰਟੀ ਦਾ ਰਾਜ ਆਇਆ ਉਸ ਤੋਂ ਬਾਅਦ ਪੰਜਾਬ ਵਿੱਚ ਗੁੰਡਾਗਰਦੀ, ਡਕੈਤੀ, ਕਤਲ, ਰਿਸ਼ਵਤ ਖੋਰੀ ਅਤੇ ਨਸ਼ੇ ਦੀ ਓਵਰਡੋਜ ਨਾਲ ਨੌਜਵਾਨ ਰੋਜ਼ਾਨਾ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਆਪਣੀ ਪਾਰਟੀ ਹੈ ਤੇ ਬਾਕੀ ਸਭ ਦਿੱਲੀ ਦੇ ਹੱਥਾਂ ਵਿੱਚ ਚੱਲਣ ਵਾਲੀਆਂ ਪਾਰਟੀਆਂ ਹਨ। ਇਨਾ ਪਾਰਟੀਆਂ ਦਾ, ਜਦੋਂ ਵੀ ਪੰਜਾਬ ਵਿੱਚ ਰਾਜ ਆਇਆ ਤਾਂ ਇਹਨਾਂ ਪਾਰਟੀਆਂ ਦੇ ਲੀਡਰਾਂ ਨੇ ਪੰਜਾਬ ਨੂੰ ਲੁੱਟ ਕੇ ਆਪਣੀਆਂ ਜੇਬਾਂ ਭਰੀਆਂ ਹਨ। ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਬਾਰੇ ਬੋਲਦਿਆਂ ਕਿਹਾ ਕੀ ਰੱਖੜਾ ਆਪਣੇ ਨਿੱਜੀ ਹਿੱਤਾਂ ਲਈ ਹੁਣ ਝਾੜੂ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ ਰੱਖੜਾ ਸਾਹਿਬ ਜਦੋਂ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਨਹੀਂ ਹੋਏ ਤਾਂ ਇਹ ਹੋਰ ਕਿਸੇ ਦੂਸਰੇ ਦੇ ਕਿਵੇਂ ਵਫ਼ਾਦਾਰ ਹੋ ਸਕਦੇ ਹਨ

ਸੁਖਬੀਰ ਸਿੰਘ ਬਾਦਲ ਨੇ ਇਹ ਵੀ ਕਿਹਾ ਕਿ ਜਨਗਣਨਾ ਜਨਵਰੀ ਮਹੀਨੇ ਵਿਚ ਸ਼ੁਰੂ ਕਰਵਾਉਣ ਦਾ ਚੋਣ ਕਮਿਸ਼ਨ ਵੱਲੋਂ ਐਲਾਨ ਕੀਤਾ ਜਾ ਚੁੱਕਾ ਹੈ ਜਿਸ ਕਰਕੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਫਰਵਰੀ 2027 ਵਿੱਚ ਨਹੀਂ ਨਵੰਬਰ ਦਸੰਬਰ ਦੇ ਮਹੀਨੇ ਵਿੱਚ ਹੀ ਹੋ ਜਾਣਗੀਆਂ। ਇਸ ਮੌਕੇ ਬਾਦਲ ਨੇ ਕਿਹਾ ਕਿ ਅਸੀਂ ਕਿਸੇ ਵੀ ਤਰ੍ਹਾਂ ਦੀ ਧੱਕਾ ਮੁੱਕੀ ਨਹੀਂ ਹੋਣ ਦਿਆਂਗੇ ਉਹਨਾਂ ਸਭ ਵੋਟਰਾਂ ਨੂੰ ਅਪੀਲ ਕੀਤੀ ਕਿ ਤੁਸੀਂ ਬਿਨਾਂ ਕਿਸੇ ਖੌਫ਼ ਤੋਂ ਆਪਣੀ ਵੋਟ ਜ਼ਰੂਰ ਪਾ ਕੇ ਆਓ। ਇਸ ਮੌਕੇ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਅਮਰਜੀਤ ਸਿੰਘ ਪੰਜਰਥ, ਅਮਰਜੀਤ ਗੁਰਾਇਆ, ਨਿਸ਼ਾਨ ਸੰਧੂ ਆਦੀ ਮੌਜੂਦ ਸਨ।

## ਪੰਜਾਬ ਰਾਜ ਵਿਚ ਝੋਨੇ ਦੀ ਬਿਜਾਈ ਲਈ ਨਿਰਧਾਰਿਤ ਮਿਤੀਆਂ

## ਕਿਸਾਨ ਵੀਰ ਧਿਆਨ ਦੇਣ

ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਵਿਚ ਝੋਨੇ ਦੀ ਬਿਜਾਈ ਲਈ ਹੇਠ ਲਿਖੇ ਅਨੁਸਾਰ ਮਿਤੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ। ਇਨ੍ਹਾਂ ਮਿਤੀਆਂ ਤੋਂ ਸੰਬੰਧਤ ਜ਼ਿਲ੍ਹਿਆਂ ਵਿਚ 8 ਘੰਟੇ ਘੱਟੋ-ਘੱਟ ਬਿਜਲੀ ਦੀ ਸਪਲਾਈ ਅਤੇ ਨਹਿਰੀ ਪਾਣੀ ਦੀ ਨਿਰੰਤਰ ਸਪਲਾਈ ਦਿੱਤੀ ਜਾਵੇਗੀ।

| ਲੜੀ ਨੰਬਰ | ਖੇਤਰ | ਤੋਂ | ਤੱਕ | ਬਿਜਲੀ ਦੀ ਸਪਲਾਈ |
|---|---|---|---|---|
| 1 | ਗੁਰਦਾਸਪੁਰ, ਪਠਾਨਕੋਟ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਰੂਪਨਗਰ, ਐਸ.ਏ.ਐਸ. ਨਗਰ (ਮੋਹਾਲੀ), ਸ੍ਰੀ ਫਤਹਿਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ | 01 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |
| 2 | ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ | 05 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |
| 3 | ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਕਪੂਰਥਲਾ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) | 09 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |

ਕਿਸਾਨ ਵੀਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਨਿਰਧਾਰਿਤ ਖੇਤਰਾਂ ਅਨੁਸਾਰ ਝੋਨੇ ਦੀ ਲੁਆਈ ਕੀਤੀ ਜਾਵੇ।

ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ ਜਾਂ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਿਸਰ ਨਾਲ ਸੰਪਰਕ ਕਰੋ ਜੀ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

## ਸੰਪਾਦਕੀ

# ਅਕਾਲੀ ਦਲ ਪੰਜਾਬ ਦੇ ਮੁੱਦਿਆਂ 'ਤੇ ਧਿਆਨ ਮੁੜ ਕੇਂਦਰਿਤ ਕਰੇ

ਸ਼੍ਰੋਮਣੀ ਅਕਾਲੀ ਦਲ ਦੀ ਬੜ੍ਹਕ ਕਦੇ ਦਿੱਲੀ ਤਖਤ ਦੀਆਂ ਚੂਲਾਂ ਹਿਲਾ ਦਿਆ ਕਰਦੀ ਸੀ ਪਰ 1996 ਤੋਂ ਭਾਰਤੀ ਜਨਤਾ ਪਾਰਟੀ ਨਾਲ ਕੀਤੀ ਸਾਂਝ ਭਿਆਲੀ ਅਕਾਲੀ ਦਲ ਨੂੰ ਏਨੀ ਮਹਿੰਗੀ ਪਵੇਗੀ ਕਿ ਅਕਾਲੀ ਦਲ ਦੇ ਦਿਗਜਾਂ ਨੂੰ ਖ਼ੁਦ ਨੂੰ ਵੀ ਇਹ ਇਲਮ ਨਹੀਂ ਸੀ। ਜਦੋਂ 1997 ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਵਾਰ ਸਰਕਾਰ ਬਣੀ ਤਾਂ ਭਾਜਪਾ ਦੇ ਸਮੁੱਚੀ ਕੈਬਨਿਟ ਵਿਚ ਦੋ ਮੰਤਰੀ ਸਨ। ਉਸ ਸਮੇਂ ਉਹ ਆਪਣੀ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਹਸਰਤ ਤਾਂ ਅੰਦਰਖਾਤੇ ਪਾਲਦੇ ਸਨ ਪਰ ਇਸ ਬਾਰੇ ਨਾ ਹੀ ਉਨ੍ਹਾਂ ਖੁੱਲ੍ਹਕੇ ਮੰਗ ਕੀਤੀ ਅਤੇ ਨਾ ਹੀ ਇਸਨੂੰ ਕਦੇ ਮੁੱਦਾ ਬਣਾਇਆ। 2017 ਵਿਚ ਅਕਾਲੀ ਭਾਜਪਾ ਗੱਠਜੋੜ ਸੱਤਾ ਤੋਂ ਬਾਹਰ ਹੋ ਗਿਆ। ਦੋਵਾਂ ਪਾਰਟੀਆਂ ਵਿਚ ਅੰਦਰਖਾਤੇ ਖੁਸਰ ਫੁਸਰ ਹੋਣੀ ਸ਼ੁਰੂ ਹੋ ਗਈ। ਇਸੇ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਮੌਕੇ ਵੀ ਭਾਜਪਾ ਨੇ ਚੁੱਪ ਧਾਰੀ ਰੱਖੀ ਅਤੇ ਕਿਸੇ ਕਿਸਮ ਦੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਹੀ ਕੀਤਾ। ਅਕਾਲੀ ਦਲ ਇਕੱਲਾ ਇਸ ਮਸਲੇ 'ਤੇ ਘਿਰਦਾ ਚਲਾ ਗਿਆ। ਇਸ ਉਪਰੰਤ ਕੇਂਦਰ ਦੀ ਮੋਦੀ ਸਰਕਾਰ ਨੇ ਤਿੰਨ ਖੇਤੀ ਬਿਲ ਲਿਆਂਦੇ ਅਤੇ ਉਨ੍ਹਾਂ ਵਿਰੁੱਧ ਇਤਿਹਾਸਕ ਵਿਰੋਧ ਉਭਰ ਕੇ ਸਾਹਮਣੇ ਆਇਆ। ਅਕਾਲੀ ਦਲ ਸ਼ੁਰੂ ਵਿਚ ਤਾਂ ਇਸ ਦੇ ਹੱਕ ਵਿਚ ਭੁਗਤਦਾ ਰਿਹਾ ਪਰ ਜਦੋਂ ਵਿਰੋਧ ਸਾਰੇ ਹੱਦਾਂ ਬੰਨੇ ਟੱਪ ਗਿਆ ਤਾਂ ਅਕਾਲੀ ਦਲ ਨੂੰ ਯੂ ਟਰਨ ਲੈਣ ਲਈ ਮਜਬੂਰ ਹੋਣਾ ਪਿਆ ਪਰ ਉਦੋਂ ਤਕ ਲੋਕਾਂ ਦੀ ਕਚਿਹਰੀ ਵਿਚ ਅਕਾਲੀ ਦਲ ਕਟਿਹਰੇ ਵਿਚ ਖੜ੍ਹਾ ਕੀਤਾ ਜਾ ਚੁੱਕਾ ਸੀ। ਭਾਵੇਂ ਉਸ ਤੋਂ ਉਪਰੰਤ ਆਪਣੀ ਕੇਂਦਰ ਵਿਚ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਤੋਂ ਅਸਤੀਫਾ ਵੀ ਦਿਵਾਇਆ ਪਰ ਇਸ ਨਾਲ ਵੀ ਲੋਕਾਂ ਖਾਸ ਤੌਰ 'ਤੇ ਸੰਘਰਸ਼ ਵਿਚ ਕੁੱਦੇ ਕਿਸਾਨਾਂ ਉਪਰ ਕੋਈ ਹਾਂ-ਪੱਖੀ ਪ੍ਰਭਾਵ ਨਾ ਪਿਆ। ਇਸ ਤੋਂ ਉਪਰੰਤ ਅਕਾਲੀ ਦਲ ਦਾ ਵੱਕਾਰ ਲਗਾਤਾਰ ਹਾਸ਼ੀਏ ਵੱਲ ਖਿਸਕਦਾ ਰਿਹਾ। ਹੈਰਾਨੀ ਤਾਂ ਉਦੋਂ ਹੋਈ ਜਦੋਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੋ ਦੇ ਹਿੰਦਸੇ ਤਕ ਵੀ ਨਾ ਪਹੁੰਚ ਸਕਿਆ। ਇਸ ਉਪਰੰਤ ਭਾਵੇਂ ਉਸਨੇ ਪ੍ਰਸਥਿਤੀਆਂ ਵਿਚੋਂ ਉਭਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ ਪਰ ਹਾਲੇ ਤਕ ਉਹ ਜਨਤਾ ਵਿਚ ਆਪਣੀ ਪੁਰਾਣੀ ਪੈਂਠ ਹਾਸਲ ਕਰਨ ਵਿਚ ਨਾਕਾਮਯਾਬ ਹੀ ਰਿਹਾ ਹੈ। ਜੇਕਰ ਅਕਾਲੀ ਦਲ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਉਸਦਾ ਪੰਜਾਬੀ ਸੂਬੇ ਬਾਰੇ ਕੀਤਾ ਸੰਘਰਸ਼, ਧਰਮ ਯੁੱਧ ਮੋਰਚਾ, ਕਦੇ ਚੰਡੀਗੜ੍ਹ, ਕਦੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਕਦੇ ਪੰਜਾਬ ਦੇ ਪਾਣੀਆਂ ਬਾਰੇ ਕੇਂਦਰ ਨੂੰ ਦਿੱਤੀ ਘੁਰਕੀ ਬਹੁਤ ਰੰਗ ਲਿਆਉਂਦੀ ਸੀ। ਅਸਲੀਅਤ ਬਾਰੇ ਗੱਲ ਕਰੀਏ ਤਾਂ ਉਦੋਂ ਪੁਰਾਣੇ ਟਕਸਾਲੀ ਆਗੂ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਵੀ ਅਕਾਲੀ ਦਲ ਦੀ ਮੂਲ ਹੋਂਦ ਨਾਲ ਬੱਝੇ ਹੋਏ ਸਨ ਪਰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਪਿੱਛੋਂ ਤਾਂ ਜਿਵੇਂ ਅਕਾਲੀ ਦਲ ਅਨਾਥ ਹੀ ਹੋ ਗਿਆ। ਇਕਸੁਰ ਹੋ ਕੇ ਫੈਸਲੇ ਲੈਣ ਅਤੇ ਕੇਂਦਰ ਨਾਲ ਮੜ੍ਹਿਕਣ ਦਾ ਉਸਦਾ ਹੌਸਲਾ ਹੀ ਪਸਤ ਹੋ ਕੇ ਰਹਿ ਗਿਆ। ਅਕਾਲੀ ਦਲ ਨੇ ਪਿਛਲੇ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤ ਮੁਹਿੰਮ ਵੀ ਚਲਾਈ ਪਰ ਪੰਜਾਬ ਦੇ ਲੋਕ ਉਸ ਤੋਂ ਵੀ ਕੋਈ ਖਾਸ ਪ੍ਰਭਾਵਿਤ ਨਹੀਂ ਹੋਏ। ਉਹ ਸਵਾਲ ਕਰਦੇ ਹਨ ਕਿ ਜਦੋਂ ਕੇਂਦਰ ਵਿਚ ਵਾਜਪਾਈ ਅਤੇ ਮੋਦੀ ਦੀ ਸਰਕਾਰ ਵੇਲੇ ਅਕਾਲੀ ਦਲ ਨੇ ਇਸ ਗੰਭੀਰ ਮੁੱਦੇ ਸਬੰਧੀ ਕੋਈ ਚਾਰਾਜੋਈ ਨਹੀਂ ਕੀਤੀ ਤਾਂ ਫਿਰ ਹੁਣ ਤਾਕਤ ਖੁੱਸਣ ਉਪਰੰਤ ਅਕਾਲੀ ਦਲ ਨੂੰ ਬੰਦੀ ਸਿੰਘਾਂ ਦਾ ਹੇਜ ਕਿਉਂ ਆਉਣ ਲੱਗਾ ਹੈ। ਪ੍ਰਸਥਿਤੀਆਂ ਦਾ ਅਧਿਐਨ ਕਰੀਏ ਤਾਂ ਅਕਾਲੀ ਦਲ ਨੂੰ ਸਾਹਮਣੇ ਦੀਵਾਰ 'ਤੇ ਉਕਰਿਆ ਹੋਇਆ ਸਾਫ-ਸਾਫ ਪੜ੍ਹਨਾ ਹੋਵੇਗਾ। ਪਿਛਲੇ ਸਮੇਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿਚ ਉਸਦਾ ਪ੍ਰਦਰਸ਼ਨ ਕਾਫੀ ਸੰਤੋਸ਼ਜਨਕ ਰਿਹਾ ਹੈ। ਹੁਣ ਵਕਤ ਆ ਗਿਆ ਹੈ ਕਿ ਉਸਨੂੰ ਆਤਮ ਮੰਥਨ ਕਰਦੇ ਹੋਏ ਪ੍ਰਭਾਵੀ ਲੀਡਰਸ਼ਿਪ ਨੂੰ ਅੱਗੇ ਕਰਨਾ ਹੋਵੇਗਾ। ਟਕਸਾਲੀ ਅਕਾਲੀ ਆਗੂਆਂ ਨੂੰ ਮੁੜ ਤੋਂ ਪਾਰਟੀ ਦੀਆਂ ਮੂਹਰਲੀਆਂ ਸਫ਼ਾਂ ਵਿਚ ਸ਼ਾਮਲ ਕਰਕੇ ਅਹਿਮ ਜ਼ਿੰਮੇਵਾਰੀਆਂ ਸੌਂਪਣੀਆਂ ਹੋਣਗੀਆਂ। ਘਰ-ਘਰ ਅਤੇ ਪਿੰਡ-ਪਿੰਡ ਪਹੁੰਚ ਬਣਾਉਣੀ ਹੋਵੇਗੀ। ਪੁਰਾਣੀਆਂ ਗਲਤੀਆਂ ਤੋਂ ਸਬਕ ਲੈ ਕੇ ਜਨਤਾ ਵਿਚ ਆਪਣੀ ਪੁਰਾਣੀ ਭਲ ਦੁਬਾਰਾ ਉਭਾਰਨੀ ਹੋਵੇਗੀ ਨਹੀਂ ਤਾਂ 2027 ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਾ ਕਿਆਸ ਨਹੀਂ ਕੀਤਾ ਜਾ ਸਕਦਾ।

-ਜਗਜੀਤ ਸਿੰਘ ਦਰਦੀ

# ਅੱਜ ਡਿਜ਼ੀਟਲ ਚਿਹਰਿਆਂ ਦੀ ਦੁਨੀਆ ਵਿੱਚ ਸੋਸ਼ਲ ਮੀਡੀਆ ਦਾ ਮਾਇਆਜਾਲ ਅਤੇ ਬਦਲਦੇ ਮਨੁੱਖ 'ਤੇ ਅਰਬਾਂ ਦਾ ਦਾਅ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਹੁਣ ਇਹ ਸਿਰਫ਼ ਤਕਨਾਲੋਜੀ ਦੀ ਕਹਾਣੀ ਨਹੀਂ, ਇਹ ਮਨੁੱਖੀ ਮਨ ਦੇ ਬਦਲਾਅ ਦੀ ਕਹਾਣੀ ਹੈ
- ਮਨੁੱਖ ਅਤੇ ਮਸ਼ੀਨ ਦੀ ਲਕੀਰ ਹੋਰ ਧੁੰਦਲੀ ਹੋਵੇਗੀ

ਅੱਜ ਦੀ ਇਸ ਬਦਲਦੀ ਦੁਨੀਆ ਵਿੱਚ ਜੇ ਕੋਈ ਸਭ ਤੋਂ ਵੱਡੀ ਅਦਿੱਖ ਤਾਕਤ ਹੈ ਤਾਂ ਉਹ ਹੈ ਸੋਸ਼ਲ ਮੀਡੀਆ । ਹੁਣ ਇਹ ਸਿਰਫ਼ ਇੱਕ ਤਕਨੀਕੀ ਪਲੇਟਫਾਰਮ ਨਹੀਂ ਰਹਿ ਗਿਆ ਹੈ, ਅੱਜ ਇਹ ਹੁਣ ਮਨੁੱਖੀ ਸੋਚ, ਰਿਸ਼ਤਿਆਂ, ਬਾਜ਼ਾਰ, ਰਾਜਨੀਤੀ, ਸੱਭਿਆਚਾਰ ਅਤੇ ਭਵਿੱਖ ਨੂੰ ਨਿਰਧਾਰਤ ਕਰਨ ਵਾਲਾ ਇੱਕ ਵੱਡਾ ਮਨੋਵਿਗਿਆਨਕ ਅਤੇ ਆਰਥਿਕ ਸੰਸਾਰ ਬਣ ਚੁੱਕਾ ਹੈ।

ਅੱਜ ਅਖ਼ਬਾਰਾਂ ਵਿੱਚ ਛਪੀ ਇਹ ਖ਼ਬਰ 'ਵਰਚੁਅਲ ਚਿਹਰਿਆਂ 'ਤੇ ਅਰਬਾਂ ਦਾ ਦਾਅ' ਸਿਰਫ਼ ਇਕ ਆਮ ਰਿਪੋਰਟ ਨਹੀਂ, ਸਗੋਂ ਉਸ ਨਵੀਂ ਦੁਨੀਆ ਦੀ ਝਲਕ ਹੈ, ਜਿੱਥੇ ਹੁਣ ਇਨਸਾਨ ਨਾਲੋਂ ਡਿਜ਼ੀਟਲ ਚਿਹਰਾ ਜ਼ਿਆਦਾ ਕੀਮਤੀ ਹੋ ਰਿਹਾ ਹੈ।

ਕਦੇ ਮਨੁੱਖ ਆਪਣੇ ਚਿਹਰੇ ਨੂੰ ਰੱਬ ਦੀ ਬਣਾਈ ਹੋਈ ਪਹਿਚਾਣ ਮੰਨਦਾ ਸੀ, ਪਰ ਹੁਣ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਵਰਚੁਅਲ ਇਨਫਲੂਐਂਸਰਾਂ ਦੇ ਯੁੱਗ ਵਿੱਚ ਮਨੁੱਖ ਖੁਦ ਆਪਣੇ ਬਣਾਏ ਚਿਹਰਿਆਂ ਦੇ ਪ੍ਰਭਾਵ ਹੇਠ ਆ ਗਿਆ ਹੈ। ਇਹ ਉਹ ਸਮਾਂ ਹੈ ਜਿੱਥੇ ਇੱਕ ਵਰਚੁਅਲ ਮਾਡਲ ਲੱਖਾਂ ਡਾਲਰ ਕਮਾ ਰਹੀਆਂ ਹਨ, ਕੰਪਨੀਆਂ ਉਸਨੂੰ ਅਸਲੀ ਇਨਸਾਨਾਂ ਨਾਲੋਂ ਵੱਧ ਭਰੋਸੇਯੋਗ ਮੰਨ ਰਹੀਆਂ ਹਨ ਅਤੇ ਜੇਨ-ਜ਼ੀ ਪੀੜ੍ਹੀ ਉਸਦੇ ਸਟਾਈਲ, ਬੋਲਚਾਲ ਅਤੇ ਜੀਵਨਸ਼ੈਲੀ ਤੋਂ ਪ੍ਰਭਾਵਿਤ ਹੋ ਰਹੀ ਹੈ।

ਅੱਜ ਇਹ ਸਿਰਫ਼ ਤਕਨਾਲੋਜੀ ਦੀ ਕਹਾਣੀ ਨਹੀਂ, ਇਹ ਮਨੁੱਖੀ ਮਨ ਦੇ ਬਦਲਾਅ ਦੀ ਕਹਾਣੀ ਹੈ। ਅੱਜ ਡਿਜ਼ੀਟਲ ਯੁੱਗ ਦਾ ਨਵਾਂ ਮਨੁੱਖ ਹੈ।ਅੱਜ ਸੋਸ਼ਲ ਮੀਡੀਆ ਨੇ ਪਿਛਲੇ ਦਸ ਸਾਲਾਂ ਵਿੱਚ ਮਨੁੱਖ ਦੇ ਜੀਵਨ ਦੀ ਰਫ਼ਤਾਰ ਬਦਲ ਦਿੱਤੀ ਹੈ। ਪਹਿਲਾਂ ਮਨੁੱਖ ਘਰ, ਸਮਾਜ ਅਤੇ ਪਰਿਵਾਰ ਤੋਂ ਪ੍ਰਭਾਵਿਤ ਹੁੰਦਾ ਸੀ। ਹੁਣ ਉਹ Instagram reels, YouTube shorts, Facebook stories ਅਤੇ AI avatars ਤੋਂ ਪ੍ਰਭਾਵਿਤ ਹੋ ਰਿਹਾ ਹੈ। ਇੱਕ ਮੋਬਾਈਲ ਸਕ੍ਰੀਨ ਅੱਜ ਦਾ ਸਭ ਤੋਂ ਵੱਡਾ ਗੁਰੂ, ਦੋਸਤ, ਮਨੋਰੰਜਨਕਾਰ ਅਤੇ ਮਾਰਕੀਟ ਬਣ ਚੁੱਕੀ ਹੈ।

ਅੱਜ ਦੁਨੀਆ ਭਰ ਵਿੱਚ ਵਰਚੁਅਲ ਇਨਫਲੂਐਂਸਰਾਂ ਦਾ ਬਾਜ਼ਾਰ ਅਰਬਾਂ ਡਾਲਰ ਤੱਕ ਪਹੁੰਚ ਗਿਆ ਹੈ। ਇਹ ਉਹ ਡਿਜ਼ੀਟਲ ਚਿਹਰੇ ਹਨ ਜੋ ਅਸਲ ਵਿੱਚ ਮੌਜੂਦ ਹੀ ਨਹੀਂ, ਪਰ ਲੋਕ ਉਹਨਾਂ ਨਾਲ ਪਿਆਰ ਕਰਦੇ ਹਨ, ਉਹਨਾਂ ਨੂੰ ਫਾਲੋ ਕਰਦੇ ਹਨ ਅਤੇ ਉਹਨਾਂ ਦੀ ਹਰ ਪੋਸਟ ਨੂੰ ਸੱਚ ਮੰਨਦੇ ਹਨ। ਅੱਜ ਇਹ ਇੱਕ ਅਜੀਬ ਮਨੋਵਿਗਿਆਨਕ ਬਦਲਾਅ ਹੈ। ਮਨੁੱਖ ਹੁਣ ਸੱਚ ਤੋਂ ਨਹੀਂ, ਪ੍ਰਜ਼ੈਂਟੇਸ਼ਨ ਤੋਂ ਪ੍ਰਭਾਵਿਤ ਹੋ ਰਿਹਾ ਹੈ। ਹਕੀਕਤ ਨਾਲੋਂ ਵਰਚੁਅਲ ਪਰਫੈਕਸ਼ਨ ਉਸਨੂੰ ਵਧੇਰੇ ਖਿੱਚ ਰਹੀ ਹੈ।

ਅੱਜ ਇਨਫਲੂਐਂਸਰ ਕਲਚਰ ਵਿੱਚ ਨਵਾਂ ਧਰਮ, ਨਵਾਂ ਸਮਾਜ ਬਣ ਗਿਆ ਹੈ। ਕਦੇ ਫਿਲਮੀ ਸਿਤਾਰੇ ਜਾਂ ਖਿਡਾਰੀ ਹੀ ਨੌਜਵਾਨਾਂ ਦੇ ਰੋਲ ਮਾਡਲ ਹੁੰਦੇ ਸਨ। ਹੁਣ ਹਰ ਮੋਬਾਈਲ ਸਕ੍ਰੀਨ 'ਤੇ ਇੱਕ ਨਵਾਂ ਇਨਫਲੂਐਂਸਰ ਹੈ। ਕੋਈ ਫੈਸ਼ਨ ਸਿਖਾ ਰਿਹਾ ਹੈ, ਕੋਈ ਜ਼ਿੰਦਗੀ ਜੀਣ ਦਾ ਤਰੀਕਾ, ਕੋਈ ਰਾਜਨੀਤੀ ਦੀ ਵਿਆਖਿਆ ਕਰ ਰਿਹਾ ਹੈ, ਕੋਈ ਧਰਮ ਦਾ ਪ੍ਰਚਾਰ ਅਤੇ ਕੋਈ ਮੋਟੀਵੇਸ਼ਨ ਵੇਚ ਰਿਹਾ ਹੈ।

ਅੱਜ ਇਹ ਇਨਫਲੂਐਂਸਰ ਹੁਣ ਸਿਰਫ਼ ਮਨੋਰੰਜਨਕਾਰੀ ਨਹੀਂ ਰਹੇ; ਇਹ ਲੋਕਾਂ ਦੇ ਮਨ, ਸੋਚ ਅਤੇ ਖ਼ਰੀਦਣ ਦੀ ਆਦਤਾਂ ਨੂੰ ਨਿਰਧਾਰਤ ਕਰ ਰਹੇ ਹਨ। ਕੰਪਨੀਆਂ ਹੁਣ ਵੱਡੇ ਵਿਗਿਆਪਨਾਂ ਨਾਲੋਂ ਵੱਧ ਪੈਸਾ ਇਨਫਲੂਐਂਸਰ ਮਾਰਕੀਟਿੰਗ 'ਤੇ ਖਰਚ ਰਹੀਆਂ ਹਨ, ਕਿਉਂਕਿ ਉਹ ਜਾਣਦੀਆਂ ਹਨ ਕਿ ਅੱਜ ਦਾ ਨੌਜਵਾਨ ਟੀਵੀ ਐਡ ਨਾਲ ਨਹੀਂ, ਰੀਲ ਨਾਲ ਪ੍ਰਭਾਵਿਤ ਹੁੰਦਾ ਹੈ। ਅੱਜ ਇਸ ਤਰ੍ਹਾਂ ਸੋਸ਼ਲ ਮੀਡੀਆ ਨੇ ਇੱਕ ਨਵਾਂ ਸਮਾਜਿਕ ਢਾਂਚਾ ਖੜ੍ਹਾ ਕਰ ਦਿੱਤਾ ਹੈ। ਹੁਣ ਲੋਕ ਪੁੱਛਦੇ ਹਨ । ਤੁਹਾਡੇ ਕੋਲ ਕਿੰਨੇ followers ਹਨ? ਕੀ ਤੁਹਾਡੀ reel viral ਹੋਈ ਹੈ ਅਤੇ ਤੁਹਾਡੀ reach ਕਿੰਨੀ ਹੈ? ਅੱਜ ਇਹ ਇੱਕ ਨਵੀਂ ਸਮਾਜਿਕ ਪਹਿਚਾਣ ਹੈ ਜਿੱਥੇ ਮਨੁੱਖ ਦੀ ਕਦਰ ਉਸਦੀ ਸੋਚ ਨਾਲ ਨਹੀਂ, views ਨਾਲ ਹੋ ਰਹੀ ਹੈ।

ਹੁਣ ਜੇਨ-ਜ਼ੀ : ਡਿਜ਼ੀਟਲ ਦੁਨੀਆ ਦੀ ਪਹਿਲੀ ਪੂਰੀ ਪੀੜ੍ਹੀ ਬਣੇ ਗਈ ਹੈ। ਅੱਜ 75% ਜੇਨ-ਜ਼ੀ ਇਨ੍ਹਾਂ AI ਮਾਡਲਾਂ ਅਤੇ ਇਨਫਲੂਐਂਸਰਾਂ ਤੋਂ ਪ੍ਰਭਾਵਿਤ ਹੈ। ਇਹ ਅੰਕੜਾ ਸਿਰਫ਼ ਇੱਕ ਡਾਟਾ ਨਹੀਂ; ਇਹ ਇੱਕ ਪੂਰੀ ਪੀੜ੍ਹੀ ਦੇ ਮਨੋਵਿਗਿਆਨ ਦੀ ਤਸਵੀਰ ਹੈ। ਅੱਜ ਜੇਨ-ਜ਼ੀ ਉਹ ਪੀੜ੍ਹੀ ਹੈ ਜਿਸਨੇ ਬਚਪਨ ਤੋਂ ਹੀ ਸਕ੍ਰੀਨ ਦੇਖੀ। ਉਹਨਾਂ ਲਈ ਡਿਜ਼ੀਟਲ ਅਤੇ ਅਸਲ ਜੀਵਨ ਵਿੱਚ ਵੱਡਾ ਫ਼ਰਕ ਨਹੀਂ। ਉਹ Instagram 'ਤੇ ਜਿੰਨੇ ਐਕਟਿਵ ਹਨ, ਕਈ ਵਾਰੀ ਅਸਲ ਜ਼ਿੰਦਗੀ ਵਿੱਚ ਉਨ੍ਹਾਂ ਤੋਂ ਘੱਟ ਹੁੰਦੇ ਹਨ। ਉਹਨਾਂ ਦੀ ਦੋਸਤੀ online ਹੈ। ਉਹਨਾਂ ਦੀ ਪ੍ਰਸਿੱਧੀ online ਹੈ। ਉਹਨਾਂ ਦਾ ਕਾਰੋਬਾਰ online ਹੈ। ਉਹਨਾਂ ਦੀ ਪਛਾਣ ਵੀ online ਹੈ।

ਅੱਜ ਇਸ ਪੀੜ੍ਹੀ ਲਈ influencer ਇੱਕ celebrity ਨਾਲੋਂ ਵੱਧ personal connection ਬਣ ਜਾਂਦਾ ਹੈ। ਉਹ ਹਰ ਰੋਜ਼ ਉਸਦੀ life updates ਦੇਖਦੇ ਹਨ, ਉਸਦੇ fashion ਨੂੰ follow ਕਰਦੇ ਹਨ, ਉਸਦੀ lifestyle copy ਕਰਦੇ ਹਨ। ਇਸ ਕਾਰਨ influencer culture ਹੁਣ ਇੱਕ ਮਨੋਵਿਗਿਆਨਕ ਹਕੂਮਤ ਬਣਦਾ ਜਾ ਰਿਹਾ ਹੈ। ਅੱਜ ਇਹ ਰੋਜ਼ੀ-ਰੋਟੀ ਦਾ ਨਵਾਂ ਸਾਧਨ ਹੈ। ਅੱਜ ਇਸ ਬਦਲਦੀ ਦੁਨੀਆ ਦਾ ਇੱਕ ਵੱਡਾ ਸਕਾਰਾਤਮਕ ਪੱਖ ਵੀ ਹੈ। ਸੋਸ਼ਲ ਮੀਡੀਆ ਨੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਦਿੱਤਾ ਹੈ। ਅੱਜ ਇੱਕ ਪਿੰਡ ਦਾ ਨੌਜਵਾਨ ਵੀ YouTube channel ਰਾਹੀਂ ਆਪਣੀ ਕਲਾ ਦੁਨੀਆ ਤੱਕ ਪਹੁੰਚਾ ਸਕਦਾ ਹੈ। Instagram creators, vloggers, podcasters, digital marketers, editors, meme creators — ਇਹ ਸਭ ਨਵੀਆਂ ਨੌਕਰੀਆਂ ਹਨ ਜੋ ਦਸ ਸਾਲ ਪਹਿਲਾਂ



ਮੌਜੂਦ ਹੀ ਨਹੀਂ ਸਨ। ਅੱਜ ਭਾਰਤ ਵਿੱਚ ਹਜ਼ਾਰਾਂ ਨੌਜਵਾਨ reels, content creation ਅਤੇ affiliate marketing ਰਾਹੀਂ ਲੱਖਾਂ ਰੁਪਏ ਕਮਾ ਰਹੇ ਹਨ। ਪੰਜਾਬ ਵਿੱਚ ਵੀ ਗਾਇਕੀ, ਕਾਮੇਡੀ, ਖੇਤੀਬਾੜੀ vlog, ਧਾਰਮਿਕ content ਅਤੇ lifestyle videos ਰਾਹੀਂ ਨੌਜਵਾਨ ਆਪਣੀ ਪਛਾਣ ਅਤੇ ਆਮਦਨ ਬਣਾਉਂਦੇ ਨਜ਼ਰ ਆ ਰਹੇ ਹਨ। ਹੁਣ ਇਹ ਡਿਜ਼ੀਟਲ ਅਰਥਵਿਵਸਥਾ ਹੁਣ ਇੱਕ ਵੱਡਾ ਉਦਯੋਗ ਬਣ ਗਈ ਹੈ।ਇੱਕ ਸਮਾਂ ਸੀ ਜਦੋਂ ਨੌਕਰੀ ਲਈ ਸ਼ਹਿਰ ਜਾਣਾ ਪੈਂਦਾ ਸੀ। ਹੁਣ ਮੋਬਾਈਲ ਹੀ ਦਫ਼ਤਰ ਬਣ ਗਿਆ ਹੈ।

ਅੱਜ ਇਹ ਬਦਲਾਅ ਸਮਾਜਿਕ ਤੌਰ 'ਤੇ ਬਹੁਤ ਵੱਡਾ ਹੈ। ਅੱਜ ਲੋਕ ਹੁਣ ਆਪਣੀ ਜ਼ਿੰਦਗੀ ਦੀ ਤੁਲਨਾ Instagram edited life ਨਾਲ ਕਰਨ ਲੱਗ ਪਏ ਹਨ। ਹਰ ਕੋਈ perfect ਦਿਖਣਾ ਚਾਹੁੰਦਾ ਹੈ। ਹਰ ਕੋਈ viral ਹੋਣਾ ਚਾਹੁੰਦਾ ਹੈ। ਹਰ ਕੋਈ famous ਹੋਣਾ ਚਾਹੁੰਦਾ ਹੈ। ਇਸ ਕਾਰਨ anxiety, depression ਅਤੇ loneliness ਤੇਜ਼ੀ ਨਾਲ ਵਧ ਰਹੇ ਹਨ। ਨੌਜਵਾਨ ਆਪਣੀ ਅਸਲੀ ਪਛਾਣ ਨਾਲ ਖੁਸ਼ ਨਹੀਂ। ਉਹ filter ਵਾਲੀ ਜ਼ਿੰਦਗੀ ਜੀਣਾ ਚਾਹੁੰਦੇ ਹਨ।

ਅੱਜ ਜਦੋਂ ਵਰਚੁਅਲ influencer ਅਸਲ ਮਨੁੱਖ ਨਾਲੋਂ ਵੱਧ popular ਹੋਣ ਲੱਗੇ, ਤਾਂ ਇਹ ਸਿਰਫ਼ technology ਨਹੀਂ, ਇੱਕ ਸੱਭਿਆਚਾਰਕ ਸੰਕਟ ਵੀ ਹੈ। ਲੋਕ ਹੁਣ ਅਸਲੀ ਰਿਸ਼ਤਿਆਂ ਨਾਲੋਂ online attention ਨੂੰ ਜ਼ਿਆਦਾ ਮਹੱਤਵ ਦੇ ਰਹੇ ਹਨ। ਅੱਜ ਘਰਾਂ ਵਿੱਚ ਬੈਠੇ ਲੋਕ ਇਕ-ਦੂਜੇ ਨਾਲ ਗੱਲ ਘੱਟ ਅਤੇ ਮੋਬਾਈਲ ਨਾਲ ਵੱਧ ਗੱਲ ਕਰਦੇ ਹਨ। ਅੱਜ ਝੂਠੇ narrative ਅਤੇ propaganda ਸੋਸ਼ਲ ਮੀਡੀਆ ਸਿਰਫ਼ ਮਨੋਰੰਜਨ ਨਹੀਂ, narrative ਬਣਾਉਣ ਦਾ ਸਭ ਤੋਂ ਵੱਡਾ ਹਥਿਆਰ ਬਣ ਚੁੱਕਾ ਹੈ। Political propaganda, fake news, communal hatred paid trends societies ਨੂੰ ਪ੍ਰਭਾਵਿਤ ਕਰ ਰਹੇ ਹਨ ਜੋ narrative viral ਹੁੰਦਾ ਹੈ, ਕਈ ਵਾਰ ਉਹੀ ਸੱਚ ਮੰਨ ਲਿਆ ਜਾਂਦਾ ਹੈ।

ਅੱਜ ਭਾਰਤ ਵਿੱਚ ਸੋਸ਼ਲ ਮੀਡੀਆ ਪ੍ਰਭਾਵਸ਼ਾਲੀ ਹੈ। ਭਾਰਤ ਵਰਗੇ ਵੱਡੇ ਅਤੇ ਜਵਾਨ ਦੇਸ਼ ਵਿੱਚ ਸੋਸ਼ਲ ਮੀਡੀਆ ਦਾ ਪ੍ਰਭਾਵ ਬੇਹੱਦ ਡੂੰਘਾ ਹੈ। ਇੱਥੇ ਇੰਟਰਨੈੱਟ ਦੀ ਸਸਤੀ ਪਹੁੰਚ ਨੇ ਡਿਜ਼ੀਟਲ ਕ੍ਰਾਂਤੀ ਖੜ੍ਹੀ ਕਰ ਦਿੱਤੀ ਹੈ। ਅੱਜ ਸਮਾਜਿਕ ਬਦਲਾਅ ਨਾਲ ਪਿੰਡਾਂ ਤੱਕ fashion trends ਪਹੁੰਚ ਗਏਤੇ ਛੋਟੇ creators ů platform ਮਿਲਿਆ ਹੈ। ਅੱਜ ਲੋਕਲ ਬੋਲੀਆਂ ਅਤੇ ਲੋਕ ਕਲਾ ਨੂੰ ਨਵੀਂ ਪਹਿਚਾਣ ਮਿਲੀ।ਛੋਟੇ ਕਾਰੋਬਾਰ online ਹੋਏ ਪਰ ਇਸਦੇ ਨਾਲ ਨਾਲ ਫ਼ਰਜ਼ੀ ਖ਼ਬਰਾਂ ਦਾ ਬਾਜ਼ਾਰ ਵਧਿਆ ਹੈ। ਅੱਜ ਧਾਰਮਿਕ ਅਤੇ ਰਾਜਨੀਤਿਕ ਧਰੁਵੀਕਰਨ ਵਧਿਆ। ਅੱਜ ਕਈ ਨੌਜਵਾਨ ਪੜ੍ਹਾਈ ਨਾਲੋਂ viral fame ਨੂੰ ਜ਼ਿਆਦਾ ਮਹੱਤਵ ਦੇ ਰਹੇ ਹਨ। ਕਈਆਂ ਨਾਲੋਂ shortcuts attractive ਹੋ ਗਏ ਹਨ।

ਅੱਜ ਪੰਜਾਬ ਅਤੇ ਸੋਸ਼ਲ ਮੀਡੀਆ ਵਿਸ਼ਲੇਸ਼ਕ ਇਸ ਤਰ੍ਹਾਂ ਦੀ ਸਥਿਤੀ ਨਾਲ ਪੰਜਾਬ ਵਿੱਚ ਸੋਸ਼ਲ ਮੀਡੀਆ ਨੇ ਇੱਕ ਵੱਖਰੀ ਸੱਭਿਆਚਾਰਕ ਲਹਿਰ ਪੈਦਾ ਕੀਤੀ ਹੈ। ਇੱਥੇ reels ਅਤੇ music culture ਨੇ ਨੌਜਵਾਨਾਂ ਦੀ ਮਨੋਵਿਰਤੀ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਅੱਜ ਇੱਕ ਪਾਸੇ ਪੰਜਾਬੀ artists ਅਤੇ creators ਨੇ ਦੁਨੀਆ ਭਰ ਵਿੱਚ ਆਪਣੀ ਪਛਾਣ ਬਣਾਈ ਹੈ। ਪੰਜਾਬੀ ਗੀਤ, ਕਾਮੇਡੀ ਅਤੇ vlog culture ਨੇ ਗਲੋਬਲ audience ਹਾਸਲ ਕੀਤੀ ਹੈ। ਕਈ ਨੌਜਵਾਨਾਂ ਲਈ ਇਹ ਰੋਜ਼ਗਾਰ ਦਾ ਵੱਡਾ ਸਰੋਤ ਬਣਿਆ ਹੈ ਪਰ ਦੂਜੇ ਪਾਸੇ fake lifestyle ਦਾ craze ਵਧਿਆ ਹੈ। ਅੱਜ reels ਵਿੱਚ ਮਹਿੰਗੀਆਂ ਗੱਡੀਆਂ, ਹਥਿਆਰਾਂ ਦੀ ਦਿਖਾਵਟ, ਨਸ਼ੇ ਅਤੇ superficial fame ਨੂੰ cool culture ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਨੌਜਵਾਨ ਮਨਾਂ 'ਤੇ ਖ਼ਤਰਨਾਕ ਅਸਰ ਪਾ ਰਿਹਾ ਹੈ। ਅੱਜ ਪੰਜਾਬ ਦਾ ਨੌਜਵਾਨ ਜੋ ਕਦੇ ਮਿਹਨਤ, ਖੇਤੀ ਅਤੇ ਜ਼ਮੀਨ ਨਾਲ ਜੁੜਿਆ ਸੀ, ਹੁਣ virtual validation ਦੀ ਦੁਨੀਆ ਵਿੱਚ ਆਪਣੀ ਪਛਾਣ ਲੱਭ ਰਿਹਾ ਹੈ। ਅੱਜ AI ਅਤੇ ਵਰਚੁਅਲ ਇਨਸਾਨਾਂ ਦਾ ਭਵਿੱਖ ਕੀ ਹੋਵੇਗਾ। ਅੱਜ AI influencers ਸਿਰਫ਼ ਸ਼ੁਰੂਆਤ ਹਨ। ਆਉਣ ਵਾਲੇ ਸਮੇਂ ਵਿੱਚ virtual anchors, AI teachers, AI actors ਅਤੇ AI companions ਆਮ ਹੋ ਜਾਣਗੇ। ਮਨੁੱਖ ਅਤੇ ਮਸ਼ੀਨ ਦੀ ਲਕੀਰ ਹੋਰ ਧੁੰਦਲੀ ਹੋਵੇਗੀ ਪਰ ਸਵਾਲ ਇਹ ਹੈ ਕਿ ਕੀ ਭਵਿੱਖ ਵਿੱਚ ਮਨੁੱਖੀ ਜਜ਼ਬਾਤ ਵੀ algorithm ਬਣ ਜਾਣਗੇ?

ਅੱਜ ਕੀ ਆਉਣ ਵਾਲੀ ਪੀੜ੍ਹੀ ਅਸਲੀ ਇਨਸਾਨ ਨਾਲੋਂ virtual characters ਨਾਲ ਵੱਧ emotional attachment ਬਣਾਏਗੀ? ਅੱਜ ਇਹ ਸਵਾਲ ਸਿਰਫ਼ technology ਦੇ ਨਹੀਂ, ਮਨੁੱਖੀ ਅਸਤਿਤਵ ਦੇ ਹਨ।

ਕੀ ਅੱਜ ਮਨੁੱਖ ਆਪਣੀ ਰੂਹ ਖੋ ਰਿਹਾ ਹੈ? ਅੱਜ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਤੇਜ਼ੀ ਨਾਲ digital ਹੋ ਰਹੀ ਦੁਨੀਆ ਮਨੁੱਖ ਨੂੰ ਅੰਦਰੋਂ ਖਾਲੀ ਨਾ ਕਰ ਦੇਵੇ। Followers ਵਧ ਰਹੇ ਹਨ, ਪਰ ਦੋਸਤ ਘੱਟ ਰਹੇ ਹਨ। Likes ਵਧ ਰਹੇ ਹਨ, ਪਰ ਮਨ ਦੀ ਸ਼ਾਂਤੀ ਘੱਟ ਰਹੀ ਹੈ। ਅੱਜ ਸੋਸ਼ਲ ਮੀਡੀਆ ਨੇ ਮਨੁੱਖ ਨੂੰ connected ਤਾਂ ਕੀਤਾ ਹੈ, ਪਰ ਕੀ ਉਹ ਅਸਲ ਵਿੱਚ emotionally disconnected ਨਹੀਂ ਹੋ ਰਿਹਾ ਹੈ।ਇਹ ਉਹ ਸਮਾਂ ਹੈ ਜਿੱਥੇ ਮਨੁੱਖ ਹਰ ਪਲ online ਹੈ, ਪਰ ਆਪਣੇ ਆਪ ਨਾਲ offline ਹੋ ਗਿਆ ਹੈ। ਅੱਜ ਜੇ ਇਹ ਗਿਆਨ, ਰੋਜ਼ਗਾਰ, ਰਚਨਾਤਮਕਤਾ ਅਤੇ ਸੰਵਾਦ ਲਈ ਵਰਤਿਆ ਜਾਵੇ ਤਾਂ ਇਹ ਇੱਕ ਕ੍ਰਾਂਤੀ ਹੈ। ਪਰ ਜੇ ਇਹ ਸਿਰਫ਼ ਦਿਖਾਵੇ, ਨਫ਼ਰਤ ਅਤੇ ਝੂਠੇ narrative ਲਈ ਵਰਤਿਆ ਜਾਵੇ ਤਾਂ ਇਹ ਸਮਾਜਿਕ ਸੰਕਟ ਬਣ ਸਕਦਾ ਹੈ। ਅੱਜ ਸਭ ਤੋਂ ਵੱਡੀ ਲੋੜ ਹੈ ,ਡਿਜ਼ੀਟਲ ਸਿੱਖਿਆ ਦੀ। ਅੱਜ ਡਿਜ਼ੀਟਲ ਵਰਚੁਅਲ ਚਿਹਰਿਆਂ 'ਤੇ ਅਰਬਾਂ ਦਾ ਦਾਅ ਸਿਰਫ਼ ਇੱਕ ਖ਼ਬਰ ਨਹੀਂ, ਇਹ ਆਉਣ ਵਾਲੇ ਯੁੱਗ ਦਾ ਐਲਾਨ ਹੈ। ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਸੋਸ਼ਲ ਮੀਡੀਆ ਨੇ ਮਨੁੱਖ ਨੂੰ ਇੱਕ ਨਵੀਂ ਤਾਕਤ ਦਿੱਤੀ ਹੈ, ਪਰ ਨਾਲ ਹੀ ਉਸਦੀ ਮਨੁੱਖਤਾ ਨੂੰ ਵੀ ਚੁਣੌਤੀ ਦਿੱਤੀ ਹੈ। ਅੱਜ ਦਾ ਇਨਸਾਨ reels ਬਣਾਉਂਦਾ ਬਣਾਉਂਦਾ ਕਈ ਵਾਰ ਆਪਣੀ ਅਸਲੀ ਜ਼ਿੰਦਗੀ ਤੋਂ ਦੂਰ ਹੋ ਰਿਹਾ ਹੈ। Artificial intelligence ਦੇ ਇਸ ਯੁੱਗ ਵਿੱਚ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ technology ਕਿੰਨੀ smart ਹੋ ਗਈ ਹੈ; ਸਵਾਲ ਇਹ ਹੈ ਕਿ ਕੀ ਮਨੁੱਖ ਅਜੇ ਵੀ ਅੰਦਰੋਂ ਸੰਵੇਦਨਸ਼ੀਲ, ਸੱਚਾ ਅਤੇ ਜ਼ਿੰਦਾ ਹੈ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਸ਼ਾਇਦ ਸਭ ਕੁਝ virtual ਹੋ ਜਾਵੇ — ਚਿਹਰੇ ਵੀ, ਦੋਸਤ ਵੀ, ਪਿਆਰ ਵੀ ਅਤੇ ਸ਼ਾਇਦ ਸੱਚ ਵੀ। ਪਰ ਮਨੁੱਖੀ ਰੂਹ ਦੀ ਅਸਲ ਗਰਮੀ ਕਦੇ ਵੀ ਕਿਸੇ algorithm ਨਾਲ ਨਹੀਂ ਬਣ ਸਕਦੀ। ਅੱਜ ਇਹੀ ਇਸ ਬਦਲਦੀ ਦੁਨੀਆ ਦੀ ਸਭ ਤੋਂ ਵੱਡੀ ਚੇਤਾਵਨੀ ਵੀ ਹੈ ਅਤੇ ਸਭ ਤੋਂ ਵੱਡੀ ਉਮੀਦ ਵੀ ਹੈ।

# ਅਕਾਲੀ ਦਲ ਪੁਨਰ ਸੁਰਜੀਤ ਨੂੰ ਚੁਫੇਰਿਓਂ ਖੋਰਾ

ਕਮਲਜੀਤ ਸਿੰਘ ਬਨਵੈਤ
98147 34035



ਸਿਆਸੀ ਤੌਰ 'ਤੇ ਲਈਏ ਤਾਂ ਮਾਮਲਾ ਗੰਭੀਰ ਹੈ ਪਰ ਗੱਲ ਹਾਸੇ ਠੱਠੇ ਜਿਹੇ ਵਿੱਚ ਵੀ ਲਈ ਜਾ ਸਕਦੀ ਹੈ । ਗੱਲ ਇਹ ਕਿ ਅਕਾਲੀ ਦਲ ਪੁਨਰ ਸੁਰਜੀਤ ਨੂੰ ਛੱਡਣ ਵਾਲੇ ਇੱਕ-ਇੱਕ ਕਰਕੇ ਵੱਖੋ-ਵੱਖ ਪਾਰਟੀਆਂ ਵਿੱਚ ਗਏ। ਸਭ ਤੋਂ ਪਹਿਲਾਂ ਬਾਗ਼ੀ ਧੜੇ ਦੀ ਅਗਵਾਈ ਕਰਨ ਵਾਲੇ ਚਰਨਜੀਤ ਸਿੰਘ ਬਰਾੜ ਨੇ ਭਾਜਪਾ ਦਾ ਕਮਲ ਹੱਥ ਵਿੱਚ ਫੜ ਲਿਆ। ਉਸ ਤੋਂ ਬਾਅਦ ਬਰਜਿੰਦਰ ਸਿੰਘ ਮੱਖਣ ਬਰਾੜ ਆਪਣੀ ਪਿਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਪਰਤ ਗਏ। ਸਾਬਕਾ ਮੰਤਰੀ ਅਤੇ ਮੂਹਰਲੀ ਕਤਾਰ ਦੇ ਨੇਤਾ ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਹੁਣ ਕਾਂਗਰਸ ਇੱਕ ਅਜਿਹੀ ਪਾਰਟੀ ਰਹਿ ਗਈ ਹੈ, ਜਿਸ ਨੂੰ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਗੱਫਾ ਨਹੀਂ ਮਿਲਿਆ ਹੈ। ਦਾਖਾ ਤੋਂ ਵਿਧਾਇਕ ਅਤੇ ਤੇਜ਼ ਤਰਾਰ ਨੇਤਾ ਮਨਪ੍ਰੀਤ ਸਿੰਘ ਇਆਲੀ ਵਾਰਿਸ ਪੰਜਾਬ ਦੇ ਵਿੱਚ ਡਗੇ ਦੀ ਚੋਟ 'ਤੇ ਗਏ ਹਨ । ਖ਼ਬਰਾਂ ਹਨ ਕਿ ਸਾਬਕਾ ਮੰਤਰੀ ਅਤੇ ਇੱਕ ਵੱਡੇ ਪਰਿਵਾਰ ਦੇ ਫਰਜ਼ੰਦ ਦੀ ਕਾਂਗਰਸ ਪਾਰਟੀ ਨਾਲ ਗਿਟਮਿਟ ਚੱਲ ਰਹੀ ਹੈ।

ਪੁਨਰ ਸੁਰਜੀਤ ਲਈ ਭਰਤੀ ਵੇਲੇ ਨਵੇਂ ਅਕਾਲੀ ਦਲ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਸੀ । ਸ਼੍ਰੋਮਣੀ ਅਕਾਲੀ ਦਲ ਵੱਲੋਂ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਜੇ ਭਰਤੀ 10 ਲੱਖ ਨੂੰ ਨਹੀਂ ਸੀ ਟੱਪੀ ਤਾਂ ਨਵੇਂ ਅਕਾਲੀ ਦਲ ਦੇ 15 ਲੱਖ ਲੋਕ ਹੁੱਬ ਕੇ ਮੈਂਬਰ ਬਣੇ। ਬਾਗ਼ੀ ਲੀਡਰਾਂ ਵਿੱਚ ਜੋਸ਼ ਸੀ। ਪੰਜਾਬੀ ਵਿਸ਼ੇਸ਼ ਕਰਕੇ ਸਿੱਖ ਵੀ ਇਹਨਾਂ ਵੱਲ ਉਮੀਦ ਨਾਲ ਦੇਖ ਰਹੇ ਸਨ। ਪ੍ਰਧਾਨ ਦੇ ਅਹੁਦੇ ਲਈ ਨਿੱਕਾ ਮੋਟਾ ਰੇੜਕਾ ਪੈਣ ਤੋਂ ਬਾਅਦ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਤੇ ਪ੍ਰਧਾਨਗੀ ਦਾ ਗੁਣਾ ਪੈ ਗਿਆ। ਹੋਰ ਅਹੁਦੇਦਾਰ ਵੀ ਚੁਣੇ ਗਏ। ਸ਼ਹੀਦ ਭਾਈ ਅਮਰੀਕ ਸਿੰਘ ਦੀ ਬੇਟੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾ ਦਿੱਤਾ ਗਿਆ। ਉਹ ਸੁਰਜੀਤ ਅਕਾਲੀ ਦਲ ਦੇ ਸਿਆਸੀ ਤੇ ਧਾਰਮਿਕ ਵਿੰਗ ਪੈਰ ਨਾਲ ਪੈਰ ਮਿਲਾ ਕੇ ਚੱਲ ਨਾ ਸਕੇ। ਅਕਾਲੀ ਦਲ ਪੁਨਰ ਸੁਰਜੀਤ ਡੱਕੇ ਡੋਲੇ ਖਾਂਦਾ ਰਿਹਾ। ਸੱਚ ਤਾਂ ਇਹ ਹੈ ਕਿ ਹੁਣ ਲੋਕਾਂ ਨੂੰ ਉਮੀਦ ਮੁਕਦੀ ਲੱਗਦੀ ਹੈ। ਉਹ ਖੇਤਰੀ ਪਾਰਟੀ ਨੂੰ ਉੱਚੀ ਉਡਾਰੀ ਭਰਦਿਆਂ ਵੇਖਣਾ ਚਾਹੁੰਦੇ ਹਨ। ਪਰ ਦੋਹਾਂ ਪਾਸਿਆਂ ਤੋਂ ਨਿਰਾਸ਼ਾ ਪੱਲੇ ਪੈ ਰਹੀ ਹੈ । ਸੁਖਬੀਰ ਸਿੰਘ ਬਾਦਲ ਨਾਲ ਲੋਕਾਂ ਦਾ ਦਿਲ ਨਹੀਂ ਭਿੱਜਦਾ ਹੈ। ਅਕਾਲੀ ਦਲ ਪੁਨਰ ਸੁਰਜੀਤ ਦੇ ਆਪਣੇ ਝਮੇਲੇ ਨਹੀਂ ਮੁੱਕਦੇ ਹਨ। ਅਕਾਲ ਤਖਤ ਸਾਹਿਬ ਦੇ ਦੋ ਦਸੰਬਰ ਦੇ ਹੁਕਮਨਾਮੇ ਦੀ ਰੌਸ਼ਨੀ ਵਿੱਚ ਸੁਖਬੀਰ ਸਿੰਘ ਬਾਦਲ ਦੇ ਮੁੜ ਤੋਂ ਪ੍ਰਧਾਨ ਬਣਨ 'ਤੇ ਜੇ ਉਂਗਲਾਂ ਉਠ ਰਹੀਆਂ ਹਨ ਤਾਂ ਪੁਨਰ ਸੁਰਜੀਤ ਦੇ ਕਈ ਲੀਡਰਾਂ ਦੀ ਚੌਧਰ ਉੱਤੇ ਵੀ ਇਤਰਾਜ਼ ਹੈ। ਇਹ ਵੱਖਰੀ ਗੱਲ ਹੈ ਕਿ ਇਹ ਲੀਡਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਤਨਖਾਹ ਭੁਗਤਣ ਤੋਂ ਬਾਅਦ ਆਪਣੇ ਆਪ ਨੂੰ ਬਰੀ ਦੱਸਣ ਲੱਗ ਪਏ ਹਨ। ਸੁਰਜੀਤ ਸਿੰਘ ਰੱਖੜਾ ਇਸੇ ਦੁਬਿਧਾ ਵਿੱਚੋਂ ਬਾਹਰ ਨਹੀਂ ਨਿਕਲ ਸਕੇ, ਇਸੇ ਕਰਕੇ ਉਹਨਾਂ ਨੂੰ ਹੱਥ ਵਿੱਚ ਝਾੜੂ ਫੜਨਾ ਪਿਆ।

ਉਹਨਾਂ ਦੇ ਸੁਰਜੀਤ ਅਕਾਲੀ ਦਲ ਦੇ ਸਿਰ ਕੱਢ ਲੀਡਰਾਂ ਵਿੱਚੋਂ ਇੱਕ ਮਨਪ੍ਰੀਤ ਸਿੰਘ ਇਆਲੀ ਦਾ ਝੁਕਾਅ ਸ਼ੁਰੂ ਤੋਂ ਹੀ ਵਾਰਿਸ ਪੰਜਾਬ ਵੱਲ ਦਿਸ ਰਿਹਾ ਸੀ। ਪੁਨਰ ਸੁਰਜੀਤ ਅਕਾਲੀ ਦਲ ਅਤੇ ਵਾਰਿਸ ਪੰਜਾਬ ਵਿੱਚ ਗੱਠਜੋੜ ਕਰਾਉਣ ਲਈ ਦੋਹਾਂ ਧਿਰਾਂ ਵੱਲੋਂ ਚਾਰ ਚਾਰ ਮੈਂਬਰੀ ਕਮੇਟੀਆਂ ਵੀ ਬਣਾਈਆਂ ਗਈਆਂ। ਇਆਲੀ ਦੋਹਾਂ ਕਮੇਟੀਆਂ ਦੇ ਕੋਆਰਡੀਨੇਟਰ ਬਣੇ। ਅਕਾਲੀ ਦਲ ਪੁਨਰ ਸੁਰਜੀਤ ਵਾਲਿਆਂ ਨੂੰ ਇਤਰਾਜ਼ ਸੀ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਕਾਹਲੀ ਵਿੱਚ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਗਿਆ। ਵਾਰਿਸ ਪੰਜਾਬ ਵਾਲੇ ਉਹਨਾਂ ਲੀਡਰਾਂ ਨੂੰ ਮਾਨਤਾ ਦੇਣ ਲਈ ਤਿਆਰ ਨਹੀਂ ਸਨ, ਜਿਹਨਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੋਇਆ ਦੋ ਦਸੰਬਰ ਦਾ ਫੈਸਲਾ ਨਹੀਂ ਮੰਨਿਆ ਹੈ। ਮਨਪ੍ਰੀਤ ਸਿੰਘ ਇਆਲੀ ਦੀ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨਾਲ ਕੱਲ ਮੁਲਾਕਾਤ ਹੋਈ ਹੈ। ਸਮਝਿਆ ਜਾ ਰਿਹਾ ਹੈ ਕਿ ਉਹ ਅਗਲੇ ਹਫਤੇ ਰਸਮੀ ਤੌਰ 'ਤੇ ਵਾਰਿਸ ਪੰਜਾਬ ਦੇ ਹੋ ਜਾਣਗੇ । ਖ਼ਬਰਾਂ ਤਾਂ ਇਹ ਵੀ ਹਨ ਕਿ ਉਹਨਾਂ ਦੀ ਪ੍ਰਧਾਨਗੀ ਦਾ ਚਾਅ ਵੀ ਪੂਰਾ ਹੋਣ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਦਰਮਿਆਨ ਡੂੰਘੀ ਲਕੀਰ ਪਹਿਲਾਂ ਹੀ ਖਿੱਚੀ ਗਈ ਸੀ। ਸੁਖਬੀਰ ਸਿੰਘ ਬਾਦਲ ਨੂੰ ਬਾਹਰ ਨਾਲੋਂ ਘਰੋਂ ਵੱਡੀ ਟੱਕਰ ਮਿਲਣ ਲੱਗੀ ਹੈ।

ਪੁਨਰ ਸੁਰਜੀਤ ਅਕਾਲੀ ਦਲ ਮੁੜ ਤੋਂ ਸਾਹ ਭਰਨ ਲੱਗਾ ਹੈ। ਸ਼ਾਇਦ ਇਸ ਕਰਕੇ ਵੀ ਕਿਉਂਕਿ ਇੱਕ ਮੰਚ 'ਤੇ ਇਕੱਠਿਆਂ ਹੋਣਾ ਦੋਹਾਂ ਧਿਰਾਂ ਦੀ ਲੋੜ ਹੈ। ਦੋਹੇਂ ਧਿਰਾਂ ਰਲ ਕੇ ਤੁਰਦੀਆਂ ਹਨ ਅਤੇ ਇਹਨਾਂ ਦੀ ਬੰਦ ਕਮਰਾ ਸਾਂਝ ਭਾਰਤੀ ਜਨਤਾ ਪਾਰਟੀ ਨਾਲ ਪੁੱਗ ਜਾਂਦੀ ਹੈ ਤਾਂ ਪੰਜਾਬ ਦੀ ਤਸਵੀਰ ਬਦਲਣ ਦੀ ਉਮੀਦ ਪੂਰੀ ਲੱਗਣ ਲੱਗਦੀ ਹੈ। ਭਾਰਤੀ ਜਨਤਾ ਪਾਰਟੀ ਸਿੱਖ ਚਿਹਰੇ ਦੀ ਭਾਲ ਵਿੱਚ ਹੈ, ਜਿਸ ਨੂੰ ਅੱਗੇ ਵਧਾਇਆ ਜਾਵੇਗਾ। ਉਂਝ ਪਤਾ ਨਹੀਂ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿੱਚੋਂ ਕਿੰਨੇ ਸਿੱਖ ਚਿਹਰੇ ਵੋਟਾਂ ਤੋਂ ਪਹਿਲਾਂ ਭਾਜਪਾ ਦਾ ਕਮਲ ਹੱਥ ਵਿੱਚ ਫੜ ਲੈਣਗੇ। ਕੋਈ ਸਤਾ ਦੀ ਖ਼ਾਤਰ। ਕਿਸੇ ਨੂੰ ਈਡੀ ਜਾਂ ਸੀਬੀਆਈ ਦਾ ਡਰ। ਉਂਝ ਵੀ ਵੱਡੇ ਘਰਾਂ ਨਾਲ ਪਿੱਠ ਲਾਉਣੀ ਕਿਹਨੂੰ ਚੰਗੀ ਨਹੀਂ ਲੱਗਦੀ ਹੈ।

ਅਕਾਲੀ ਦਲ ਪੁਨਰ ਸੁਰਜੀਤ ਢੀਚਕ ਮਾਰ ਕੇ ਚੱਲਦਾ ਰਿਹਾ ਅਤੇ ਹੁਣ ਵੀ ਰਫ਼ਤਾਰ ਨਾ ਫੜੀ ਤਾਂ ਖੋਰਾ ਲੱਗਦਾ ਰਹਿਣਾ ਹੈ। ਸਬੂਤ ਦੇਣ ਦੀ ਭਲਾ ਕਿਹੜੀ ਲੋੜ ਹੋਈ। ਪਿੱਛੇ ਜਿਹੇ ਚੰਦੂਮਾਜਰਾ ਤੇ ਉਸਦੇ ਪੁੱਤਰ ਦਾ ਨਾਂ ਵੀ ਪਿਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਪਰਤਣ ਵਾਲਿਆਂ ਵਿੱਚ ਬੋਲਦਾ ਰਿਹਾ ਸੀ। ਇੱਕ ਕੌੜਾ ਸੱਚ ਮੰਨ ਲੈਣਾ ਚਾਹੀਦਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦਾ ਸਿਆਸੀ ਕੱਦ ਸ਼ਰੀਕਾਂ ਨੂੰ ਟੱਕਰ ਦੇਣ ਜੋਗੀ ਉਚਾਈ 'ਤੇ ਨਹੀਂ ਹੈ। ਪਾਰਟੀ ਕੋਲ ਉਹਨਾਂ ਤੋਂ ਉੱਚੇ ਕੱਦ ਦਾ ਕੋਈ ਨੇਤਾ ਨਹੀਂ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਇੱਕ ਸਿਫ਼ਤ ਹੈ ਕਿ ਉਹ ਲੜਨਾ ਭਿੜਨਾ ਜਾਣਦੇ ਹਨ। ਉਹਨਾਂ ਅੰਦਰ ਮਾੜੇ ਸਮੇਂ ਵਿੱਚ ਵੀ ਗਰਜਣ ਦੀ ਸਮਰੱਥਾ ਹੈ। ਉਹ ਵਿਰੋਧੀਆਂ ਨੂੰ ਉਹਨਾਂ ਦੀ ਆਵਾਜ਼ ਵਿੱਚ ਹੀ ਜਵਾਬ ਦੇਣਾ ਜਾਣਦੇ ਹਨ। ਅਕਾਲੀ ਦਲ ਪੁਨਰ ਸੁਰਜੀਤ ਦੀ ਰੀੜ੍ਹ ਦੀ ਹੱਡੀ ਆਰਥਿਕ ਤੌਰ 'ਤੇ ਮਜ਼ਬੂਤ ਨਹੀਂ ਹੈ। ਪੈਸੇ ਟਕੇ ਦਾ ਥੰਮਣਾ ਦੇਣ ਵਾਲੇ ਵਪਾਰੀ ਲੱਦ ਗਏ ਹਨ। ਕਾਂਗਰਸ ਜੇ ਇਸ ਵਾਰ ਨਹੀਂ, ਸ਼੍ਰੋਮਣੀ ਅਕਾਲੀ ਦਲ ਇਸ ਵਾਰ ਨਹੀਂ, ਆਮ ਆਦਮੀ ਪਾਰਟੀ ਇਸ ਵਾਰ ਨਹੀਂ ਤਾਂ ਅਕਾਲੀ ਦਲ ਪੁਨਰ ਸੁਰਜੀਤ ਵੀ ਇਸ ਵਾਰ ਨਹੀਂ ਤਾਂ ਸਮਝੋ ਸਾਰੇ ਕਦੇ ਵੀ ਨਹੀਂ। ਭਾਰਤੀ ਜਨਤਾ ਪਾਰਟੀ ਹੈ ਜਿਹਦੇ ਕੋਲੇ ਗਵਾਉਣ ਲਈ ਕੁਝ ਨਹੀਂ। ਜੋ ਖੱਟਿਆ ਉਹ ਲਾਹੇ ਦਾ।

# ਅੰਕਾਂ ਲਈ ਅੰਨ੍ਹੀ ਦੌੜ ਅਤੇ ਬਚਪਨ ਦਾ ਨੁਕਸਾਨ



ਡਾ. ਪ੍ਰਿਅੰਕਾ ਸੌਰਭ
7015375570

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਸਿੱਖਿਆ ਨੂੰ ਹਮੇਸ਼ਾ ਸਤਿਕਾਰ ਅਤੇ ਤਰੱਕੀ ਦਾ ਸਾਧਨ ਮੰਨਿਆ ਜਾਂਦਾ ਰਿਹਾ ਹੈ। ਸਿੱਖਿਆ ਨਾ ਸਿਰਫ਼ ਗਿਆਨ ਪ੍ਰਦਾਨ ਕਰਦੀ ਹੈ, ਸਗੋਂ ਜੀਵਨ ਦੀ ਸਮਝ, ਸਮਾਜਿਕ ਜਾਗਰੂਕਤਾ ਅਤੇ ਬਿਹਤਰ ਭਵਿੱਖ ਲਈ ਦਿਸ਼ਾ ਵੀ ਪ੍ਰਦਾਨ ਕਰਦੀ ਹੈ। ਹਾਲਾਂਕਿ, ਸਮੇਂ ਦੇ ਨਾਲ ਸਿੱਖਿਆ ਦਾ ਸੁਭਾਅ ਬਦਲ ਗਿਆ ਹੈ ਅਤੇ ਅੱਜ ਸਥਿਤੀ ਅਜਿਹੀ ਬਣ ਗਈ ਹੈ ਕਿ ਸਿੱਖਿਆ ਸਿਰਫ਼ ਉੱਚ ਅੰਕ ਪ੍ਰਾਪਤ ਕਰਨ ਅਤੇ ਮੁਕਾਬਲੇ ਨੂੰ ਪਛਾੜਨ ਬਾਰੇ ਹੈ। ਬੱਚਿਆਂ ਦਾ ਮੁਲਾਂਕਣ ਉਨ੍ਹਾਂ ਦੀ ਸ਼ਖਸੀਅਤ, ਵਿਵਹਾਰ, ਰਚਨਾਤਮਕਤਾ ਜਾਂ ਸੰਵੇਦਨਸ਼ੀਲਤਾ 'ਤੇ ਨਹੀਂ, ਸਗੋਂ ਉਨ੍ਹਾਂ ਦੀ ਮਾਰਕਸ਼ੀਟ ਪ੍ਰਤੀਸ਼ਤਤਾ 'ਤੇ ਕੀਤਾ ਜਾਂਦਾ ਹੈ। ਨਤੀਜੇ ਵਜੋਂ ਬਚਪਨ ਦਬਾਅ, ਤਣਾਅ ਅਤੇ ਉਮੀਦਾਂ ਦੇ ਬੋਝ ਹੇਠ ਦੱਬਿਆ ਹੋਇਆ ਹੈ।

ਅੱਜ, ਹਰ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਕਲਾਸ ਵਿੱਚ ਅੱਵਲ ਆਵੇ, ਸਭ ਤੋਂ ਵੱਧ ਅੰਕ ਪ੍ਰਾਪਤ ਕਰੇ ਅਤੇ ਸਮਾਜ ਵਿੱਚ ਇੱਕ ਪ੍ਰਤਿਸ਼ਠਾਵਾਨ ਸਥਾਨ ਪ੍ਰਾਪਤ ਕਰੇ। ਇਹ ਇੱਛਾ ਕੁਦਰਤੀ ਹੈ, ਕਿਉਂਕਿ ਹਰ ਮਾਪੇ ਆਪਣੇ ਬੱਚਿਆਂ ਦਾ ਉੱਜਵਲ ਭਵਿੱਖ ਚਾਹੁੰਦੇ ਹਨ। ਸਮੱਸਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਇਹ ਇੱਛਾ ਇੱਕ ਉਮੀਦ ਬਣ ਜਾਂਦੀ ਹੈ ਅਤੇ ਇਹ ਉਮੀਦ ਹੌਲੀ-ਹੌਲੀ ਦਬਾਅ ਵਿੱਚ ਬਦਲ ਜਾਂਦੀ ਹੈ। ਬੱਚੇ ਦੀਆਂ ਰੁਚੀਆਂ, ਯੋਗਤਾਵਾਂ ਅਤੇ ਕੰਮਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ। ਮੁੱਖ ਚਿੰਤਾ ਅੰਕ ਅਤੇ ਦਰਜਾ ਬਣ ਜਾਂਦੀ ਹੈ। ਮੌਜੂਦਾ ਸਿੱਖਿਆ ਪ੍ਰਣਾਲੀ ਨੇ ਬੱਚਿਆਂ ਦੇ ਜੀਵਨ ਨੂੰ ਬਹੁਤ ਮੁਕਾਬਲੇ ਵਾਲਾ ਬਣਾ ਦਿੱਤਾ ਹੈ। ਸਕੂਲ ਦੇ ਕੰਮ ਤੋਂ ਇਲਾਵਾ ਕੋਚਿੰਗ, ਟਿਊਸ਼ਨ, ਔਨਲਾਈਨ ਕਲਾਸਾਂ ਅਤੇ ਅਸਾਈਨਮੈਂਟਾਂ ਨੇ ਉਨ੍ਹਾਂ ਦੇ ਦਿਨ ਦਾ ਜ਼ਿਆਦਾਤਰ ਸਮਾਂ ਲੈ ਲਿਆ ਹੈ। ਪਹਿਲਾਂ, ਬੱਚੇ ਸ਼ਾਮ ਨੂੰ ਖੇਤਾਂ ਵਿੱਚ ਖੇਡਦੇ ਸਨ, ਰੁੱਖਾਂ 'ਤੇ ਚੜ੍ਹਦੇ ਸਨ ਅਤੇ ਹੱਸਦੇ ਅਤੇ ਦੋਸਤਾਂ ਨਾਲ ਦੌੜਦੇ ਸਨ, ਪਰ ਅੱਜ ਉਨ੍ਹਾਂ ਦਾ ਬਚਪਨ ਕਿਤਾਬਾਂ ਅਤੇ ਸਕ੍ਰੀਨਾਂ ਵਿਚਕਾਰ ਸੀਮਤ ਹੈ। ਖੇਡ ਦਾ ਮੈਦਾਨ ਇੱਕ ਮੋਬਾਈਲ ਸਕ੍ਰੀਨ ਤੱਕ ਸੀਮਤ ਹੋ ਗਿਆ ਹੈ ਅਤੇ ਨਤੀਜਿਆਂ ਦੀ ਚਿੰਤਾ ਨੇ ਖੁੱਲ੍ਹੇ ਦਿਲ ਵਾਲੇ ਹਾਸੇ ਦੀ ਥਾਂ ਲੈ ਲਈ ਹੈ।

ਹਰ ਸਾਲ ਪ੍ਰੀਖਿਆ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਸਮਾਜ ਦਾ ਵਿਵਹਾਰ ਬੱਚਿਆਂ ਦੀ ਮਾਨਸਿਕ ਸਿਹਤ 'ਤੇ ਹੋਰ ਵੀ ਪ੍ਰਭਾਵ ਪਾਉਂਦਾ ਹੈ। ਉੱਚ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਅਕਸਰ ਸਮਾਜ ਦੁਆਰਾ ਹੁਸ਼ਿਆਰ ਕਿਹਾ ਜਾਂਦਾ ਹੈ, ਜਦੋਂ ਕਿ ਮੁਕਾਬਲਤਨ ਘੱਟ ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਅਕਸਰ ਘਟੀਆ ਸਮਝਿਆ ਜਾਂਦਾ ਹੈ। ਇਹ ਤੁਲਨਾ ਬੱਚਿਆਂ ਵਿੱਚ ਹੀਣਤਾ ਦੀ ਭਾਵਨਾ ਪੈਦਾ ਕਰਦੀ ਹੈ। ਬਹੁਤ ਸਾਰੇ ਤਣਾਅ, ਉਦਾਸੀ ਅਤੇ ਡਰ ਨਾਲ ਭਰ ਜਾਂਦੇ ਹਨ। ਦੁੱਖ ਦੀ ਗੱਲ ਹੈ ਕਿ ਕੁਝ ਬੱਚੇ ਪ੍ਰੀਖਿਆ ਵਿੱਚ ਅਸਫਲਤਾ ਕਾਰਨ ਖ਼ੁਦਕੁਸ਼ੀ ਵੀ ਕਰ ਲੈਂਦੇ ਹਨ। ਇਹ ਸਥਿਤੀ ਨਾ ਸਿਰਫ਼ ਸਿੱਖਿਆ ਪ੍ਰਣਾਲੀ ਦੀ, ਸਗੋਂ ਸਮੁੱਚੇ ਸਮਾਜ ਦੀ ਅਸਫਲਤਾ ਨੂੰ ਦਰਸਾਉਂਦੀ ਹੈ।

ਅੱਜ ਬੱਚਿਆਂ 'ਤੇ ਸਭ ਤੋਂ ਵੱਡਾ ਪ੍ਰਭਾਵ ਤੁਲਨਾ ਹੈ। ਦੇਖੋ ਸ਼ਰਮਾ ਜੀ ਦਾ ਪੁੱਤਰ ਕਿੰਨਾ ਪੜ੍ਹਦਾ ਹੈ, ਉਸਨੇ 98 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ, ਤੁਸੀਂ ਕਿਉਂ ਨਹੀਂ? - ਅਜਿਹੇ ਬਿਆਨ ਬੱਚਿਆਂ ਦੇ ਮਨਾਂ ਨੂੰ ਡੂੰਘਾ ਠੇਸ ਪਹੁੰਚਾਉਂਦੇ ਹਨ। ਤੁਲਨਾ ਕਦੇ ਵੀ ਪ੍ਰੇਰਿਤ ਨਹੀਂ ਕਰਦੀ; ਇਸ ਦੀ ਬਜਾਏ ਇਹ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਦੀ ਹੈ। ਹਰ ਬੱਚਾ ਆਪਣੀ ਯੋਗਤਾ, ਸੋਚ ਅਤੇ ਪ੍ਰਤਿਭਾ ਵਿੱਚ ਵਿਲੱਖਣ ਹੁੰਦਾ ਹੈ। ਕੁਝ ਸੰਗੀਤ ਵਿੱਚ ਉੱਤਮ ਹੋ ਸਕਦੇ ਹਨ, ਕੁਝ ਖੇਡਾਂ ਵਿੱਚ, ਕੁਝ ਪੇਂਟਿੰਗ ਵਿੱਚ ਅਤੇ ਕੁਝ ਲਿਖਣ ਵਿੱਚ। ਪਰ ਸਾਡੀ ਸਿੱਖਿਆ ਪ੍ਰਣਾਲੀ ਅਤੇ ਸਮਾਜਿਕ ਸੋਚ ਸਫਲਤਾ ਨੂੰ ਡਾਕਟਰ, ਇੰਜੀਨੀਅਰ ਜਾਂ ਪ੍ਰਸ਼ਾਸਨਿਕ ਅਧਿਕਾਰੀ ਬਣਨ ਤੱਕ ਸੀਮਤ ਮੰਨਦੀ ਹੈ।

ਇੱਕ ਹੋਰ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਸਿਰਫ਼ ਉੱਚ ਅੰਕ ਪ੍ਰਾਪਤ ਕਰਨਾ ਜ਼ਿੰਦਗੀ ਵਿੱਚ ਸਫਲਤਾ ਦੀ ਗਰੰਟੀ ਦਿੰਦਾ ਹੈ। ਇਤਿਹਾਸ ਅਤੇ ਵਰਤਮਾਨ ਦੋਵੇਂ ਹੀ ਦਰਮਿਆਨੀ ਵਿਦਿਅਕ ਪ੍ਰਾਪਤੀਆਂ ਦੇ ਬਾਵਜੂਦ ਬਹੁਤ ਸਾਰੇ ਮਹਾਨ ਵਿਅਕਤੀਆਂ ਦੀਆਂ ਅਸਧਾਰਨ ਪ੍ਰਾਪਤੀਆਂ ਦੇ ਗਵਾਹ ਹਨ। ਸਫਲਤਾ ਸਿਰਫ਼ ਕਿਤਾਬੀ ਗਿਆਨ ਤੋਂ ਨਹੀਂ ਮਿਲਦੀ, ਸਗੋਂ ਹਿੰਮਤ, ਧੀਰਜ, ਰਚਨਾਤਮਕਤਾ, ਸੰਵੇਦਨਸ਼ੀਲਤਾ ਅਤੇ ਸਖ਼ਤ ਮਿਹਨਤ ਤੋਂ ਮਿਲਦੀ ਹੈ। ਜੇਕਰ ਸਿੱਖਿਆ ਕਿਸੇ ਵਿਅਕਤੀ ਨੂੰ ਇੱਕ ਚੰਗੇ ਇਨਸਾਨ ਵਿੱਚ ਬਦਲਣ ਵਿੱਚ ਅਸਫਲ ਰਹਿੰਦੀ ਹੈ ਤਾਂ ਇਹ ਅਧੂਰੀ ਹੈ।

ਅੱਜ ਦੇ ਬੱਚੇ ਤਕਨੀਕੀ ਤੌਰ 'ਤੇ ਹੁਸ਼ਿਆਰ ਹਨ, ਪਰ ਉਹ ਭਾਵਨਾਤਮਕ ਤੌਰ 'ਤੇ ਅਲੱਗ-ਥਲੱਗ ਹੁੰਦੇ ਜਾ ਰਹੇ ਹਨ। ਦੋਵੇਂ ਮਾਪੇ ਕੰਮ ਕਰਦੇ ਹੋਣ, ਸੰਯੁਕਤ ਪਰਿਵਾਰਾਂ ਦੇ ਟੁੱਟਣ ਅਤੇ ਮੋਬਾਈਲ ਫੋਨ ਸੱਭਿਆਚਾਰ ਦੇ ਵਧਣ ਕਾਰਨ, ਬੱਚਿਆਂ ਨੂੰ ਘੱਟ ਸੰਚਾਰ ਅਤੇ ਭਾਵਨਾਤਮਕ ਸਹਾਇਤਾ ਮਿਲ ਰਹੀ ਹੈ। ਉਹ ਆਪਣੀਆਂ ਸਮੱਸਿਆਵਾਂ ਨੂੰ ਖੁੱਲ੍ਹ ਕੇ ਸਾਂਝਾ ਕਰਨ ਵਿੱਚ ਅਸਮਰੱਥ ਹਨ। ਨਤੀਜੇ ਵਜੋਂ ਪ੍ਰੀਖਿਆਵਾਂ ਅਤੇ ਭਵਿੱਖ ਦਾ ਦਬਾਅ ਉਨ੍ਹਾਂ ਨੂੰ ਅੰਦਰੋਂ ਤੋੜ ਦਿੰਦਾ ਹੈ। ਇੱਕ ਖੁਸ਼ਹਾਲ ਵਾਤਾਵਰਣ ਬਣਨ ਦੀ ਬਜਾਏ, ਵਿਦਿਅਕ ਵਾਤਾਵਰਣ ਡਰ ਦਾ ਵਾਤਾਵਰਣ ਬਣਦਾ ਜਾ ਰਿਹਾ ਹੈ।

ਕੋਚਿੰਗ ਸੰਸਥਾਵਾਂ ਦੇ ਵਧ ਰਹੇ ਸੱਭਿਆਚਾਰ ਨੇ ਵੀ ਇਸ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਟੌਪਰਾਂ ਦੇ ਚਿਹਰਿਆਂ ਨੂੰ ਦਰਸਾਉਂਦੇ ਵੱਡੇ ਇਸ਼ਤਿਹਾਰ ਬੱਚਿਆਂ ਅਤੇ ਮਾਪਿਆਂ ਵਿੱਚ ਇਹ ਪ੍ਰਭਾਵ ਪੈਦਾ ਕਰਦੇ ਹਨ ਕਿ ਸਫਲਤਾ ਸਿਰਫ ਸਖ਼ਤ ਮੁਕਾਬਲੇ ਅਤੇ ਨਿਰੰਤਰ ਅਧਿਐਨ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਮਸ਼ੀਨਾਂ ਵਾਂਗ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਦੀ ਸਿਰਜਣਾਤਮਕਤਾ ਅਤੇ ਸੁਤੰਤਰ ਸੋਚ ਹੌਲੀ-ਹੌਲੀ ਖਤਮ ਹੋ ਰਹੀ ਹੈ। ਸਿੱਖਿਆ ਹੁਣ ਸਿੱਖਣ ਦੀ ਪ੍ਰਕਿਰਿਆ ਨਹੀਂ ਰਹੀ, ਸਗੋਂ ਇੱਕ ਅੰਕ ਬਣਾਉਣ ਵਾਲੀ ਫੈਕਟਰੀ ਹੈ। ਸਭ ਤੋਂ ਦੁਖਦਾਈ ਸਥਿਤੀ ਉਦੋਂ ਹੁੰਦੀ ਹੈ ਜਦੋਂ ਬੱਚੇ ਆਪਣੇ ਮਾਪਿਆਂ ਦੇ ਸੁਪਨਿਆਂ ਦਾ ਬੋਝ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇ ਉਨ੍ਹਾਂ ਨੂੰ ਘੱਟ ਅੰਕ ਮਿਲੇ ਤਾਂ ਉਹ ਆਪਣੇ ਪਰਿਵਾਰ ਨੂੰ ਨਿਰਾਸ਼ ਕਰ ਦੇਣਗੇ। ਇਹ ਡਰ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦਿੰਦਾ ਹੈ। ਕਈ ਵਾਰ ਮਾਪੇ ਅਣਜਾਣੇ ਵਿੱਚ ਆਪਣੇ ਬੱਚਿਆਂ ਨੂੰ ਇਹ ਮਹਿਸੂਸ ਕਰਵਾਉਂਦੇ ਹਨ ਕਿ ਉਨ੍ਹਾਂ ਦਾ ਪਿਆਰ ਉਨ੍ਹਾਂ ਦੇ ਅੰਕਾਂ 'ਤੇ ਨਿਰਭਰ ਕਰਦਾ ਹੈ। ਬੱਚਿਆਂ ਨੂੰ ਸਭ ਤੋਂ ਵੱਧ ਲੋੜ ਬਿਨਾਂ ਸ਼ਰਤ ਸਵੀਕ੍ਰਿਤੀ ਅਤੇ ਭਾਵਨਾਤਮਕ ਸੁਰੱਖਿਆ ਦੀ ਹੁੰਦੀ ਹੈ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿੱਖਿਆ ਦਾ ਅਸਲ ਉਦੇਸ਼ ਸਿਰਫ਼ ਨੌਕਰੀ ਪ੍ਰਾਪਤ ਕਰਨਾ ਨਹੀਂ ਹੈ। ਸਿੱਖਿਆ ਦਾ ਟੀਚਾ ਮਨੁੱਖਤਾ, ਸੰਵੇਦਨਸ਼ੀਲਤਾ, ਨੈਤਿਕਤਾ ਅਤੇ ਆਤਮ-ਵਿਸ਼ਵਾਸ ਵਿਕਸਤ ਕਰਨਾ ਹੋਣਾ ਚਾਹੀਦਾ ਹੈ। ਜੇਕਰ ਕੋਈ ਬੱਚਾ ਦੂਜਿਆਂ ਦੀ ਮਦਦ ਕਰਨਾ, ਆਪਣੇ ਮਾਪਿਆਂ ਦਾ ਸਤਿਕਾਰ ਕਰਨਾ, ਸਮਾਜ ਪ੍ਰਤੀ ਜ਼ਿੰਮੇਵਾਰ ਬਣਨਾ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰਹਿਣਾ ਸਿੱਖਦਾ ਹੈ, ਤਾਂ ਇਹੀ ਸੱਚੀ ਸਿੱਖਿਆ ਹੈ। ਬੱਚਿਆਂ ਨੂੰ ਆਪਣੀਆਂ ਰੁਚੀਆਂ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਜੇਕਰ ਕੋਈ ਬੱਚਾ ਸੰਗੀਤ ਦਾ ਆਨੰਦ ਮਾਣਦਾ ਹੈ, ਤਾਂ ਉਸਨੂੰ ਇਸਦਾ ਪਿੱਛਾ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਜੇਕਰ ਕੋਈ ਖੇਡਾਂ, ਅਦਾਕਾਰੀ, ਲਿਖਣ, ਕਲਾ, ਜਾਂ ਕਿਸੇ ਹੋਰ ਖੇਤਰ ਵਿੱਚ ਦਿਲਚਸਪੀ ਰੱਖਦਾ ਹੈ ਤਾਂ ਉਸਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਹਰ ਪ੍ਰਤਿਭਾ ਮਹੱਤਵਪੂਰਨ ਹੈ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਦੁਨੀਆ ਸਿਰਫ਼ ਡਾਕਟਰਾਂ ਅਤੇ ਇੰਜੀਨੀਅਰਾਂ ਦੁਆਰਾ ਨਹੀਂ ਚਲਾਈ ਜਾਂਦੀ, ਸਗੋਂ ਕਲਾਕਾਰਾਂ, ਅਧਿਆਪਕਾਂ, ਕਿਸਾਨਾਂ, ਲੇਖਕਾਂ, ਵਿਗਿਆਨੀਆਂ, ਸੰਗੀਤਕਾਰਾਂ ਅਤੇ ਖਿਡਾਰੀਆਂ ਦੁਆਰਾ ਵੀ ਚਲਾਈ ਜਾਂਦੀ ਹੈ। ਇੱਥੇ ਮਾਪਿਆਂ ਅਤੇ ਅਧਿਆਪਕਾਂ ਦੀ ਵੱਡੀ ਜ਼ਿੰਮੇਵਾਰੀ ਹੈ। ਬੱਚਿਆਂ ਨੂੰ ਝਿੜਕਣ ਅਤੇ ਡਰਾਉਣ ਦੀ ਬਜਾਏ, ਉਨ੍ਹਾਂ ਨੂੰ ਸਮਝਣਾ ਅਤੇ ਪ੍ਰੇਰਿਤ ਕਰਨਾ ਜ਼ਰੂਰੀ ਹੈ। ਜੇਕਰ ਕੋਈ ਬੱਚਾ ਅਸਫਲ ਹੋ ਜਾਂਦਾ ਹੈ, ਤਾਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਅਸਫਲਤਾ ਅੰਤ ਨਹੀਂ ਹੈ, ਸਗੋਂ ਸਿੱਖਣ ਦਾ ਮੌਕਾ ਹੈ। ਕਈ ਵਾਰ, ਜ਼ਿੰਦਗੀ ਦੀਆਂ ਸਭ ਤੋਂ ਵੱਡੀਆਂ ਸਫਲਤਾਵਾਂ ਅਸਫਲਤਾਵਾਂ ਤੋਂ ਪੈਦਾ ਹੁੰਦੀਆਂ ਹਨ।

ਸਕੂਲਾਂ ਨੂੰ ਪ੍ਰੀਖਿਆ-ਕੇਂਦ੍ਰਿਤ ਸਿੱਖਿਆ ਤੋਂ ਅੱਗੇ ਵਧਣਾ ਚਾਹੀਦਾ ਹੈ ਅਤੇ ਸ਼ਖਸੀਅਤ ਵਿਕਾਸ, ਰਚਨਾਤਮਕ ਗਤੀਵਿਧੀਆਂ ਅਤੇ ਨੈਤਿਕ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਸਿਰਫ਼ ਯਾਦ ਰੱਖਣ ਦੀ ਬਜਾਏ ਸੋਚਣ ਅਤੇ ਸਮਝਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਿੱਖਿਆ ਨੂੰ ਉਤਸੁਕਤਾ ਅਤੇ ਖੁਸ਼ੀ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ, ਨਾ ਕਿ ਡਰ ਅਤੇ ਤਣਾਅ। ਸਰਕਾਰ ਅਤੇ ਸਮਾਜ ਨੂੰ ਵੀ ਬੱਚਿਆਂ ਦੀ ਮਾਨਸਿਕ ਸਿਹਤ ਪ੍ਰਤੀ ਗੰਭੀਰ ਹੋਣਾ ਚਾਹੀਦਾ ਹੈ। ਸਕੂਲਾਂ ਨੂੰ ਸਲਾਹ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਮਾਪਿਆਂ ਨੂੰ ਸਮੇਂ-ਸਮੇਂ 'ਤੇ ਬੱਚਿਆਂ 'ਤੇ ਬੇਲੋੜਾ ਦਬਾਅ ਪਾਉਣ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੀ ਵੀ ਲੋੜ ਹੁੰਦੀ ਹੈ।

ਅੱਜ, ਸਾਨੂੰ ਸਿੱਖਿਆ ਅਤੇ ਸਫਲਤਾ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਹੈ। ਸਾਨੂੰ ਬੱਚਿਆਂ ਨੂੰ ਸਿਰਫ਼ ਅੰਕ ਬਣਾਉਣ ਵਾਲੀਆਂ ਮਸ਼ੀਨਾਂ ਵਜੋਂ ਨਹੀਂ, ਸਗੋਂ ਸੰਵੇਦਨਸ਼ੀਲ ਅਤੇ ਰਚਨਾਤਮਕ ਮਨੁੱਖਾਂ ਵਜੋਂ ਦੇਖਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੀਮਤ ਉਨ੍ਹਾਂ ਦੀ ਮਾਰਕਸ਼ੀਟ ਨਾਲੋਂ ਕਿਤੇ ਜ਼ਿਆਦਾ ਹੈ। ਜੇਕਰ ਅਸੀਂ ਸੱਚਮੁੱਚ ਅਗਲੀ ਪੀੜ੍ਹੀ ਨੂੰ ਖੁਸ਼, ਸਿਹਤਮੰਦ ਅਤੇ ਆਤਮਵਿਸ਼ਵਾਸੀ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਗ੍ਰੇਡਾਂ ਦੀ ਅੰਨ੍ਹੀ ਦੌੜ ਤੋਂ ਦੂਰ ਰਹਿਣਾ ਚਾਹੀਦਾ ਹੈ। ਬੱਚਿਆਂ ਨੂੰ ਖੇਡਣ ਦਿਓ, ਸੁਪਨੇ ਦੇਖਣ ਦਿਓ, ਫੇਲ੍ਹ ਹੋਣ ਦਿਓ ਅਤੇ ਫਿਰ ਉੱਠ ਕੇ ਅੱਗੇ ਵਧੋ। ਕਿਉਂਕਿ ਜ਼ਿੰਦਗੀ ਸਿਰਫ਼ ਪ੍ਰੀਖਿਆ ਦੇ ਅੰਕਾਂ ਬਾਰੇ ਨਹੀਂ ਹੈ, ਇਹ ਅਨੁਭਵਾਂ, ਸੰਘਰਸ਼ਾਂ, ਭਾਵਨਾਵਾਂ ਅਤੇ ਰਿਸ਼ਤਿਆਂ ਦਾ ਇੱਕ ਸੁੰਦਰ ਸੁਮੇਲ ਹੈ। ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ-ਚੰਗੇ ਨੰਬਰ ਮਹੱਤਵਪੂਰਨ ਨਹੀਂ ਹਨ, ਉਹ ਵਿਅਕਤੀ ਮਹੱਤਵਪੂਰਨ ਹੈ ਜੋ ਮਹਾਨ ਬਣਦਾ ਹੈ।



# ਮਾਝਾ-ਦੁਆਬਾ

ਆਸ ਪਾਸ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਿੰਦਰਵੀਰ ਸਿੰਘ ਨੂੰ ਰਾਸ਼ਟਰੀ ਰਿਕਾਰਡ ਬਣਾਉਣ 'ਤੇ ਵਧਾਈ

*ਗੁਰਿੰਦਰਵੀਰ ਸਿੰਘ ਨੌਜਵਾਨਾਂ ਲਈ ਪ੍ਰੇਰਨਾ ਸਰੋਤ : ਗਿਆਨੀ ਗੜਗੱਜ*



ਅੰਮ੍ਰਿਤਸਰ, 24 ਮਈ (ਬਬਲੂ ਮਹਾਜਨ)ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਸਿੱਖ ਨੌਜਵਾਨ ਸ. ਗੁਰਿੰਦਰਵੀਰ ਸਿੰਘ ਨੂੰ ਭਾਰਤ ਵਿੱਚ 100 ਮੀਟਰ ਦੌੜ ਦਾ ਰਾਸ਼ਟਰੀ ਰਿਕਾਰਡ ਤੋੜਨ ਅਤੇ 10.09 ਸਕਿੰਟਾਂ ਵਿੱਚ ਦੌੜ ਪੂਰੀ ਕਰਕੇ ਸਭ ਤੋਂ ਤੇਜ਼ ਦੌੜਾਕ ਬਣਨ ਉੱਤੇ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਬਤ ਸੂਰਤ ਸਿੱਖ ਸ. ਗੁਰਿੰਦਰਵੀਰ ਸਿੰਘ ਦੀ ਪ੍ਰਾਪਤੀ ਉੱਤੇ ਸਿੱਖ ਕੌਮ ਨੂੰ ਮਾਣ ਹੈ ਅਤੇ ਇਹ ਸਮੂਹ ਸਿੱਖ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ, ਜਿਸ ਤੋਂ ਸੇਧ ਲੈ ਕੇ ਨੌਜਵਾਨ ਆਪਣੇ ਜੀਵਨ ਵਿੱਚ ਅੱਗੇ ਵਧਣ ਅਤੇ ਉੱਚੇ ਮੁਕਾਮ ਹਾਸਲ ਕਰਨ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਸਿੱਖ ਜਵਾਨੀ ਦੇਸ਼ ਦੁਨੀਆ ਅੰਦਰ ਵੱਡੀਆਂ ਪ੍ਰਾਪਤੀਆਂ ਹਾਸਲ ਕਰ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਸਨੇਹਾ ਦਿੱਤਾ ਕਿ ਉਹ ਆਪਣੇ ਆਪ ਨੂੰ ਸਿੱਖਿਆ, ਖੇਡਾਂ, ਕਿਰਤ ਅਤੇ ਗੁਰੂ ਘਰ ਅੰਦਰ ਸੇਵਾ ਕਾਰਜਾਂ ਵਿੱਚ ਰੁੱਝਿਆ ਰੱਖਣ ਅਤੇ ਨਸ਼ੇ ਦੀ ਅਲਾਮਤ ਤੋਂ ਬਿਲਕੁਲ ਦੂਰ ਰਹਿਣ।

## ਉਹ ਡਾਇਰੀ ਦੇ ਵਰਕੇ ਫਰੋਲਦਾ ਰਹਿੰਦਾ ਸੀ

ਥੋੜ੍ਹੇ ਕੁ ਦਿਨਾਂ ਦੀ ਗੱਲ ਹੈ ਕਿ ਮੇਰੇ ਬੇਟੇ ਦਾ ਇੱਕ ਸੀਨੀਅਰ ਅਫਸਰ ਸੀ ।ਉਹਨਾਂ ਦੀ ਰਿਟਾਇਰਮੈਂਟ ਹੋਈ ਨੂੰ ਲੱਗਭਗ ਛੇ ਕੁ ਮਹੀਨੇ ਹੋਏ ਸਨ । ਉਹ ਇਕ ਬਹੁਤ ਹੀ ਚੰਗੇ ਸੁਭਾਅ ਦਾ ਹਸਮੁੱਖ ਇਨਸਾਨ ਸੀ ।ਨੌਕਰੀ ਦੁਰਾਨ ਉਹਨਾਂ ਨੇ ਕਦੇ ਵੀ ਆਪਣੇ ਜੂਨੀਅਰਾਂ ਨੂੰ ਝਿੜਕਿਆ ਨਹੀਂ ਸੀ ।ਜੇ ਕਿਸੇ ਤੋਂ ਕੋਈ ਕੰਮ ਕਰਦਿਆਂ ਗਲਤੀ ਵੀ ਹੋ ਜਾਣੀ ਤਾਂ ਉਹਨਾਂ ਨੇ ਆਪਣੇ ਕੋਲ ਬੁਲਾ ਕੇ ਇੰਝ ਸਮਝਾਉਣਾ, ਜਿਵੇ ਪਿਤਾ ਅਪਣਿਆ ਪੁੱਤਰਾਂ ਨੂੰ ਸਮਝਾਉਂਦਾ ਹੈ ।ਸਮਝਾਉਂਦੇ ਹੋਏ ਕਹਿਣਾ ਮੈ ਵੀ ਤੁਹਾਡੇ ਵਾਂਗੂੰ ਬੜੀਆਂ ਗਲਤੀਆਂ ਕਰਦਾ ਹੁੰਦਾ ਸੀ ।ਫਿਰ ਮੇਰੇ ਸੀਨੀਅਰ ਨੇ ਕਹਿਣਾ ਇੰਝ ਨਹੀਂ ਇੰਝ ਕਰੀਦਾ ਹੈ ਕੰਮ ।ਹਰ ਇੱਕ ਨਾਲ ਹਸਦੇ ਖੇਡਦੇ ਰਹਿਣਾ ,ਤੁਰਦੇ ਫਿਰਦੇ ਨੇ ਸਟਾਫ ਕੋਲ ਆ ਜਾਣਾ ।ਬੜੇ ਪਿਆਰ ਨਾਲ ਕਹਿਣਾ ਕਿ ਆਪਣਾ ਆਹ ਕੰਮ ਕਰਨ ਵਾਲਾ ਰਹਿੰਦਾ ਹੈ ।ਜ਼ਰਾ ਵਕਤ ਮਿਲੇ ਤਾਂ ਕਰ ਲਿਓ ।ਕੋਈ ਗੱਲ ਨਹੀਂ ਅਗਰ ਅੱਜ ਨਾ ਵਕਤ ਮਿਲੇ ਤਾਂ ਕੱਲ ਨੂੰ ਕਰ ਲੈਣਾ ।ਬਾਕੀ ਚਿੰਤਾ ਨਹੀਂ ਕਰਨੀ ਅਗਰ ਤੁਹਾਡੇ ਤੋਂ ਨਾ ਹੋਇਆ ਤਾਂ ਮੈਨੂੰ ਦਸ ਦਿਉ ,ਮੈ ਕਰ ਦੇਵਾਂਗਾ ।ਮੈ ਵਿਹਲੇ ਨੇ ਕੀ ਕਰਨਾ ।ਇੱਕ ਡਾਕ ਉਤੇ ਘੁੱਗੀ ਹੀ ਮਾਰਨੀ ਹੁੰਦੀ ਹੈ ।ਮੇਰਾ ਕਿਹੜਾ ਕੁੱਝ ਘੱਟਣ ਲੱਗਾ ਹੈ ।ਬੇਸ਼ਕ ਸਟਾਫ ਤੋਂ ਕੰਮ ਵੀ ਪੂਰਾ ਲੈ ਲੈਣਾ ।ਤੇ ਕਿਸੇ ਨੂੰ ਦੁਖੀ ਵੀ ਨਹੀਂ ਹੋਣ ਦੇਣਾ । ਸਾਰੇ ਸਟਾਫ ਤੋਂ ਖੁਸ ਰਹਿੰਦਾ ਸੀ ।ਪਰ ਪੈਸੇ ਦਾ ਪੱਕਾ ਪੀਰ ਸੀ ।ਤੁਰਦੇ ਫਿਰਦੇ ਨੇ ਪੁੱਛ ਲੈਣਾ ਕਿ ਫਲਾਨਾ ਆਦਮੀ ਕਿਵੇਂ ਆਇਆ ਸੀ ।ਕੀ ਕਹਿੰਦਾ ਸੀ ਕੋਈ ਜੇਬ ਵੀ ਗਰਮ ਕਰਕੇ ਗਿਆ ਹੈ ਜਾਂ ਐਵੇ ਹੀ ਵਾਪਿਸ ਪਰਤ ਗਿਆ ਹੈ ।ਇਹਨਾਂ ਲੋਕਾਂ ਦਾ ਕੰਮ ਕਰ ਦਿਆਂ ਕਰੋ ।ਆਪਾਂ ਕਿਹੜੇ ਪੈਸੇ ਆਪਣੀ ਜੇਬ ਵਿੱਚੋ ਦੇਣੇ ਹਨ ।ਸਰਕਾਰ ਤੋਂ ਪੈਸੇ ਆਉਣੇ ਨੇ । ਅਗਰ ਇਹਨਾਂ ਨੂੰ ਕੁੱਝ ਮਿਲੇਗਾ ਤਾਂ ਹੀ ਆਪਣੀ ਕੁੱਝ ਮੁੱਠ ਵਿੱਚ ਆਵੇਗਾ ।ਸਾਰਿਆਂ ਨੇ ਹੱਸਦੇ ਹੱਸਦੇ ਕਹਿ ਦੇਣਾ ਕਿ ਸਾਬ ਜੀ , ਜਦੋ ਤੁਸੀਂ ਪੈਨਸ਼ਨ ਪਾ ਕੇ ਚਲੇ ਗਏ ।ਫਿਰ ਤੁਹਾਡੀ ਮੁੱਠੀ ਦਾ ਕੀ ਬਣੇਗਾ ।ਗੱਲ ਸੁਣਦਿਆਂ ਹੀ ਉਸ ਦਾ ਸਾਰਾ ਹਾਸਾ ਬੰਦ ਹੋ ਜਾਣਾ ।ਉਸ ਨੇ ਲੰਬੇ ਲੰਬੇ ਸਾਹ ਲੈਣ ਲੱਗ ਜਾਣਾ ।ਕਹਿਣਾ ਕਿ ਫਿਰ ਕਿ ਹੋਇਆ ਸਾਰੀ ਉਮਰ ਪੈਸਾ ਹੀ ਕਮਾਇਆ ਹੈ ।ਉਹ ਗੱਲ ਵੱਖਰੀ ਹੈ ਕੀ ਪੈਸਾ ਜੋੜਿਆ ਨਹੀਂ ਗਿਆ ।ਪਰ ਉਸ ਪੈਸੇ ਨਾਲ ਐਸ ਬਹੁਤ ਕੀਤੀ ਹੈ ।ਇਕੱਲੀ ਤਨਖਾਹ ਨਾਲ ਤਾਂ ਘਰ ਦਾ ਰਾਸ਼ਨ ਪਾਣੀ ਵੀ ਨਹੀਂ ਚੱਲਦਾ ।ਇਸ ਗੱਲ ਦਾ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ।ਜੇ ਐਸ ਕਰਨੀ ਹੋਵੇ ਫਿਰ ਜਿਹੜੇ ਪੈਸੇ ਆਪਾਂ ਨੂੰ ਲੋਕ ਕੰਮ ਕਰਾਉਣ ਦੇ ਕੇ ਜਾਂਦੇ ਹਨ ।ਇਹਨਾਂ ਨੂੰ ਰਿਸ਼ਵਤ ਨਾ ਸਮਝਿਆ ਕਰੋ ।ਇਹ ਆਪਣਾ ਹੱਕ ਬਣਦਾ ਹੈ ।ਨਾਲੇ ਆਪਾਂ ਕਿਹੜੇ ਲੋਕਾਂ ਦੇ ਗਲ ਪੇਕੇ ਖੋਂਹਦੇ ਹਾਂ ।ਬਸ ਲੋਕ ਖੁਸ਼ੀ ਨਾਲ ਹੀ ਪਾਰਟੀ ਕਰ ਦਿੰਦੇ ਨੇ ।ਪਾਰਟੀ ਲੈਣਾ ਤਾਂ ਕੋਈ ਰਿਸ਼ਵਤ ਨਹੀਂ ਹੁੰਦੀ ।ਜਿਹੜੇ ਆਪਾਂ ਨੂੰ ਪਾਰਟੀ ਦੇ ਕੇ ਜਾਂਦੇ ਨੇ ਉਹ ਪਤਾ ਨਹੀਂ ਅਗੋਂ ਕਿੰਨੀ ਲੋਕਾਂ ਦੀ ਛਿੱਲ ਲਹਾਉਂਦੇ ਹੋਣੇ ਨੇ ।ਉਹ ਕਿਹੜਾ ਆਪਾਂ ਨੂੰ ਆ ਕੇ ਦਸਦੇ ਨੇ ।ਇਸ ਤਰਾਂ ਉਸ ਨੇ ਗੱਲਾਂ ਕਰਨੀਆਂ । ਬਸ ਛੇ ਕੁ ਮਹੀਨਿਆਂ ਬਾਹਦ ਉਸ ਦੀ ਅਚਾਨਕ ਮੌਤ ਹੋ ਗਈ ।ਸਾਰਾ ਸਟਾਫ ਅਫਸੋਸ ਵਾਸਤੇ ਗਿਆ ।ਅਫਸੋਸ ਕਰਨ ਤੋਂ ਬਾਹਦ ਉਸ ਦੀ ਘਰ ਵਾਲੀ ਨੂੰ ਮੌਤ ਦਾ ਕਾਰਨ ਪੁੱਛਿਆ ਕਿ ਕੀ ਹੋਇਆ ਸੀ ਸਾਬ ਨੂੰ ।ਅਚਾਨਕ ਕਿਵੇਂ ਮੌਤ ਹੋ ਗਈ ।ਤਕੜਾ ਸੀ ਉਸ ਨੇ ਤਾਂ ਸਾਡੇ ਸਾਹਮਣੇ ਕਦੇ ਗੋਲੀ ਤਕ ਨਹੀਂ ਸੀ ਖਾਹਦੀ ।ਵੀਰ ਜੀ ਹੋਣਾ ਕੀ ਸੀ ਜਦੋ ਦਾ ਪੈਨਸ਼ਨ ਆਇਆ ਸੀ ।ਇੱਕ ਉਸ ਕੋਲ ਡਾਇਰੀ ਹੁੰਦੀ ਸੀ ਉਹੀ ਸਾਰਾ ਦਿਨ ਫਰੋਲਦਾ ਰਹਿੰਦਾ ਸੀ ।ਪਤਾ ਨਹੀਂ ਉਸ ਡਾਇਰੀ ਵਿੱਚ ਕੀ ਲਿਖਿਆ ਸੀ ।ਸਾਰੇ ਸਟਾਫ ਵਾਲੇ ਇੱਕ ਦੂਜੇ ਦੇ ਮੂੰਹ ਵਲ ਵੇਖਣ ਲੱਗ ਪਏ ।ਉਹਨਾਂ ਨੂੰ ਵੀ ਸਾਬ ਦੀ ਡਾਇਰੀ ਯਾਦ ਆ ਗਈ ।ਭੈਣ ਜੀ ਡਾਇਰੀ ਵਿੱਚ ਲੋਕਾਂ ਤੋਂ ਜਿਹੜੇ ਪੈਸੇ ਲੈਣੇ ਹੁੰਦੇ ਨੇ ਉਹ ਹੀ ਲਿਖਿਆ ਹੁੰਦਾ ਸੀ । ਬਸ ਵੀਰ ਜੀ ਉਹ ਵੀ ਇਹੋ ਹੀ ਬੋਲਦਾ ਰਹਿੰਦਾ ਸੀ ।ਸ਼ਾਇਦ ਉਹੀ ਡਾਇਰੀ ਉਸ ਦੀ ਮੌਤ ਦਾ ਕਾਰਨ ਬਣ ਗਈ ਹੈ ।ਜਿਸ ਦੇ ਸਾਰਾ ਸਾਰਾ ਦਿਨ ਵਰਕੇ ਫਰੋਲਦਾ ਰਹਿੰਦਾ ਸੀ । ਬਸ ਵੀਰ ਜੀ ਉਹ ਵੀ ਇਹੋ ਹੀ ਬੋਲਦਾ ਰਹਿੰਦਾ ਸੀ ।ਸ਼ਾਇਦ ਉਹੀ ਡਾਇਰੀ ਉਸ ਦੀ ਮੌਤ ਦਾ ਕਾਰਨ ਬਣ ਗਈ ਹੈ ।ਜਿਸ ਦੇ ਸਾਰਾ ਸਾਰਾ ਦਿਨ ਵਰਕੇ ਫਰੋਲਦਾ ਰਹਿੰਦਾ ਸੀ ।



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

7589155501

## ਕਾਂਗਰਸੀ ਉਮੀਦਵਾਰ ਦੀ ਫਾਈਲ ਖੋਹਣ ਦਾ ਪਾਰਟੀ ਵਰਕਰਾਂ 'ਚ ਰੋਸ



ਗੜ੍ਹਸ਼ੰਕਰ 24 ਮਈ (ਅਜਮੇਰ ਸਿੰਘ ਭਨੋਟ)ਗੜ੍ਹਸ਼ੰਕਰ ਤੋਂ ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਇੰਚਾਰਜ ਅਮਰਪ੍ਰੀਤ ਸਿੰਘ ਲਾਲੀ ਨੇ ਨਗਰ ਕੌਂਸਲ ਗੜ੍ਹਸ਼ੰਕਰ ਦੀਆਂ ਚੋਣਾਂ ਦੇ ਨਾਮਜਦਗੀ ਪੱਤਰਾਂ ਦੌਰਾਨ ਹਲਕਾ ਗੜ੍ਹਸ਼ੰਕਰ ਦੇ ਐਸਡੀਐਮ ਦਫਤਰ ਵਿਖੇ ਵਿਧਾਇਕ ਤੇ ਐਸਡੀਐਮ ਸਾਹਮਣੇ ਕਾਂਗਰਸੀ ਕੈਂਡੀਡੇਟ ਪਵਨ ਕੁਮਾਰ ਪੰਮੀ ਦੀ ਫਾਇਲ ਖੋਹ ਕੇ ਲੈ ਜਾਣਾ ਬਹੁਤ ਹੀ ਘਟੀਆ ਤੇ ਕੋਜੀ ਹਰਕਤ ਦੀ ਨਿੰਦਾ ਕਰਦੇ ਹਾਂ , ਇਸ ਘਟਨਾ ਕਾਰਨ ਕਾਂਗਰਸੀ ਸਮਰਥਕਾਂ ਅਤੇ ਸਥਾਨਕ ਲੋਕਾਂ ਚ ਭਾਰੀ ਰੋਸ ਪਾਇਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਗਰ ਕੌਂਸਲ ਚ ਆਪਣੀ ਹਾਰ ਨੂੰ ਪ੍ਰਤੱਖ ਮਹਿਸੂਸ ਕਰ ਰਹੇ ਹਨ, ਜਿਸ ਲਈ ਆਪ ਸਰਕਾਰ ਚੋਣਾਂ ਜਿੱਤਣ ਲਈ ਕੌਝੀਆਂ ਹਰਕਤਾਂ ਤੇ ਉਤਰ ਆਈ ਹੈ ਅਮਰਪ੍ਰੀਤ ਸਿੰਘ ਲਾਲੀ ਨੇ ਕਿਹਾ ਕਿ ਉਕਤ ਐੱਸ. ਡੀ. ਐੱਮ. ਦੇ ਸਾਹਮਣੇ ਫਾਇਲ ਖੋਹਕੇ ਜਾਣਾ ਗੈਰ-ਲੋਕਤੰਤਰਿਕ ਕਾਰਵਾਈ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਕਰਵਾਇਆ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਉਮੀਦਵਾਰ ਨਾਲ ਭੇਦਭਾਵ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਾਡੇ ਹੋਰ ਵੀ ਕਾਂਗਰਸੀ ਉਮੀਦਵਾਰਾਂ ਨੂੰ ਬਿਨ੍ਹਾਂ ਵਜ੍ਹਾ ਰੋਕਣਾ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਦੇ ਬਰਾਬਰ ਹੈ। ਉਹਨਾਂ ਕਿਹਾ ਕਿ ਐਸਡੀਐਮ ਦਫਤਰ ਵਿੱਚ ਫਾਈਲ ਖੋਹਣ ਵਾਲੇ ਦੀ ਸ਼ਿਕਾਇਤ ਵੀ ਡੀਐਸਪੀ ਗੜ੍ਹਸ਼ੰਕਰ ਕਰਨ ਦੇ ਬਾਅਦ ਵੀ ਹਾਲੇ ਤੱਕ ਕੋਈ ਵੀ ਪ੍ਰਸ਼ਾਸਨ ਵੱਲੋਂ ਕਾਰਵਾਈ ਨਹੀਂ ਕੀਤੀ ਗਈ ਉਨ੍ਹਾਂ ਮੰਗ ਕੀਤੀ ਕਿ ਚੋਣ ਪ੍ਰਕਿਰਿਆ ਦੌਰਾਨ ਸਮੂਹ ਉਮੀਦਵਾਰਾਂ ਨੂੰ ਬਰਾਬਰ ਮੌਕੇ ਦਿੱਤੇ ਜਾਣ ਅਤੇ ਪ੍ਰਸ਼ਾਸਨ ਨਿਰਪੱਖ ਭੂਮਿਕਾ ਨਿਭਾਏ, ਅਮਰਪ੍ਰੀਤ ਸਿੰਘ ਲਾਲੀ ਨੇ ਕਿਹਾ ਕਿ ਚੋਣ ਲੜ ਰਹੇ ਉਮੀਦਵਾਰਾਂ ਦੇ ਸਪੋਟਰਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਡਰਾਉਣਾ ਆਪ ਸਰਕਾਰ ਦੀ ਸੜੀ ਹੋਈ ਸੋਚ ਅਤੇ ਲੋਕਤੰਤਰ ਤੇ ਸਿੱਧਾ ਹਮਲਾ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਵੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਵਿੱਚ ਸ਼ਾਮਿਲ ਧਿਰਾਂ ਦਾ ਸਮਾਜਿਕ ਬਾਈਕਾਟ : ਖਾਲੜਾ ਮਿਸ਼ਨ

*ਇੰਦਰਾ ਗਾਂਧੀ, ਰਾਜੀਵ, ਨਰਸਿਮਹਾ ਰਾਓ, ਅਡਵਾਨੀ, ਕੁਲਦੀਪ ਬਰਾੜ, ਕੇ.ਪੀ.ਐਸ. ਗਿੱਲ ਨੂੰ ਦਿੱਤੇ ਸਨਮਾਨ ਲਓ ਵਾਪਿਸ*



ਅੰਮ੍ਰਿਤਸਰ, 24 ਮਈ ( ਬਬਲੂ ਮਹਾਜਨ ) : ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਮਨੁੱਖੀ ਅਧਿਕਾਰ ਇੰਨਸਾਫ ਸੰਘਰਸ਼ ਕਮੇਟੀ ਵੱਲੋਂ ਜੂਨ-84 ਵਿੱਚ ਸ਼੍ਰੀ ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਦੇ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਤੇ ਹਜ਼ਾਰਾਂ ਕਤਲ ਹੋਏ ਨਿਰਦੋਸ਼ ਸਿੱਖਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਗਈ। ਇਸ ਮੌਕੇ ਤੇ ਅਕਾਲ ਪੁਰਖ ਅੱਗੇ ਕੀਤੀ ਅਰਦਾਸ ਬੇਨਤੀ ਵਿੱਚ ਕਿਹਾ ਗਿਆ ਕਿ ਹੇ ਪ੍ਰਮਾਤਮਾ ਪਾਪੀ ਹਾਕਮਾਂ ਨੂੰ ਸੁਮੱਤ ਬਖਸ਼ੋ, ਹਾਕਮ ਲੋਕਾਈ ਉੱਪਰ ਜ਼ੁਲਮ ਢਾਹ ਰਹੇ ਹਨ ਆਪਣੇ ਆਪ ਨੂੰ ਇਹ ਰੱਬ ਸਮਝਣ ਲੱਗ ਪਏ ਹਨ। ਇਹ ਪਾਵਨ ਗੁਰਬਾਣੀ ਦਾ ਇਹ ਸੰਦੇਸ਼ ਭੁੱਲ ਗਏ ਹਨ-ਕਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥

ਇਸ ਮੌਕੇ ਤੇ ਖਾਲੜਾ ਮਿਸ਼ਨ ਤੇ ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ ਨੇ ਕਿਹਾ ਕਿ ਸ਼੍ਰੀ ਦਰਬਾਰ ਸਾਹਿਬ ਤੇ ਫੌਜੀ ਹਮਲਾ ਸਿੱਖਾਂ ਤੇ ਸਿੱਖੀ ਉੱਪਰ ਮਿੱਥ ਕੇ ਕੀਤਾ ਗਿਆ ਅੱਤਵਾਦੀ ਫੌਜੀ ਹਮਲਾ ਸੀ ਜੋ ਸਿੱਖੀ ਨਾਲ 5 ਸਦੀਆਂ ਪੁਰਾਣਾ ਵੈਰ ਕੱਢਣ ਲਈ ਕੀਤਾ ਗਿਆ ਸੀ। ਕਿਉਂਕਿ ਸਮੇਂ ਸਮੇਂ ਦੇ ਹਾਕਮਾਂ ਕੋਲੋਂ ਸਿੱਖੀ ਦਾ ਸੰਦੇਸ਼ ਬਰਦਾਸ਼ਤ ਨਹੀਂ ਹੋ ਰਿਹਾ। ਸੰਦੇਸ਼ ਹੈ ਸਰਬੱਤ ਦਾ ਭਲਾ, ਮਨੁੱਖੀ ਬਰਾਬਰਤਾ, ਜ਼ੁਲਮ ਦਾ ਵਿਰੋਧ, ਜਾਤਪਾਤ ਦਾ ਖਾਤਮਾ, ਹਲੇਮੀ ਰਾਜ, ਨਿਮਾਣਿਆਂ-ਨਿਤਾਣਿਆਂ ਦਾ ਸਾਥ ਤੇ ਗਰੀਬ ਦੀ ਬਾਂਹ ਫੜਨੀ, ਮਲਕ ਭਾਗੋਆਂ ਦੀ ਵਿਰੋਧਤਾ। ਜਥੇਬੰਦੀਆਂ ਨੇ ਕਿਹਾ ਕਿ ਜ਼ਲ੍ਹਿਆਂ ਵਾਲਾ ਬਾਗ ਗੋਲੀ ਕਾਂਡ ਵਾਪਰਿਆ ਤਾਂ ਅੰਗਰੇਜ ਸਰਕਾਰ ਨੇ 10 ਮਿੰਟ ਚੱਲੀ ਗੋਲੀ ਲਈ ਹੰਟਰ ਕਮਿਸ਼ਨ ਬਣਾਇਆ ਤੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ। ਕਾਂਗਰਸ ਪਾਰਟੀ ਨੇ ਵੱਖਰਾ ਪੜ੍ਹਤਾਲੀਆਂ ਕਮਿਸ਼ਨ ਬਣਾਇਆ। ਪਰ ਹਨੇਰ ਸਾਈਂ ਦਾ ਸ਼੍ਰੀ ਦਰਬਾਰ ਸਾਹਿਬ ਉੱਪਰ 72 ਘੰਟੇ ਤੋਪਾਂ ਟੈਂਕਾਂ ਨਾਲ ਬੰਬਾਰੀ ਕਰਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲੇਆਮ ਦਾ ਏਡਾ ਵੱਡਾ ਪਾਪ ਜਿਸ ਦੀ ਅੱਜ ਤੱਕ ਕੋਈ ਪੜ੍ਹਤਾਲ ਨਹੀਂ ਹੋਈ ਨਾ 42 ਸਾਲ ਬਾਅਦ ਫਾਈਲਾਂ ਜਨਤਕ ਹੋਈਆਂ। ਹੋਰ ਤਾਂ ਹੋਰ ਅਕਾਲੀ ਦਲ ਨੇ ਅੱਜ ਤੱਕ ਕੋਈ ਪੜ੍ਹਤਾਲੀਆਂ ਕਮਿਸ਼ਨ ਬਣਾਕੇ ਸਿੱਖਾਂ ਦੇ ਹਿਰਦੇ ਠੰਡੇ ਕਰਨ ਦੀ ਬਜਾਏ, ਇੰਨ੍ਹਾਂ ਦਿੱਲੀ ਨਾਗਪੁਰ ਨਾਲ ਰਲ ਕੇ ਫੌਜੀ ਹਮਲੇ ਦੇ ਸਭ ਨਿਸ਼ਾਨ ਮਿਟਾ ਦਿੱਤੇ। ਏਜੰਡਾ ਸੀ ਫੌਜੀ ਹਮਲੇ ਦਾ ਖੁਰਾ ਖੋਜ ਮਿਟਾਉਣਾ। ਉਨ੍ਹਾਂ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਫੌਜੀ ਹਮਲੇ ਦੀ ਯੋਜਨਾਬੰਦੀ ਵਿੱਚ ਸ਼ਾਮਿਲ ਤੇ ਪਰਦਾਪੋਸ਼ੀ ਵਿੱਚ ਸ਼ਾਮਿਲ ਧਿਰਾਂ (ਕਾਂਗਰਸ, ਭਾਜਪਾ, ਆਰ.ਐਸ.ਐਸ., ਬਾਦਲਕੇ, ਕੇਜਰੀਵਾਲਕੇ) ਦਾ ਸਮਾਜਿਕ ਬਾਈਕਾਟ ਹੋਣਾ ਚਾਹੀਦਾ ਹੈ, ਇੰਨ੍ਹਾਂ ਦੇ ਗੁਰੂ ਘਰਾਂ ਵਿੱਚ ਸਨਮਾਨ ਬੰਦ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਕੁਲਨਾਸ਼ ਦੇ ਦੋਸ਼ੀਆਂ ਇੰਦਰਾਂ, ਰਾਜੀਵ, ਨਰਸਿਮਹਾ ਰਾਓ, ਅਡਵਾਨੀ, ਵਾਜਪਾਈ, ਕੁਲਦੀਪ ਬਰਾੜ, ਕੇ.ਪੀ.ਐਸ. ਗਿੱਲ, ਬੇਅੰਤ ਸਿੰਘ, ਪ੍ਰਕਾਸ਼ ਸਿੰਘ ਬਾਦਲ ਵਰਗਿਆਂ ਨੂੰ ਦਿੱਤੇ ਸਨਮਾਨ ਵਾਪਸ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੌਮੀ ਤੇ ਕੌਮਾਂਤਰੀ ਪੱਧਰ ਦਾ ਨਿਰਪੱਖ ਕਮਿਸ਼ਨ ਫੌਜੀ ਹਮਲੇ ਦੀ ਪੜ੍ਹਤਾਲ ਲਈ ਬਣਨਾ ਚਾਹੀਦਾ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਮਹਾਂਪਾਪ ਲਈ ਕਮਿਸ਼ਨ ਬਣਾਕੇ ਸੱਚਾਈ ਤੋਂ ਪਰਦਾ ਚੁੱਕਣਾ ਚਾਹੀਦਾ ਹੈ।

## ਡਿਊਟੀ 'ਤੇ ਜਾ ਰਹੇ ਥਾਣੇਦਾਰ ਦਾ ਕਤਲ ਮੰਦਭਾਗਾ : ਸਾਹਿਬ ਸਿੰਘ



ਅੰਮ੍ਰਿਸਰ, 24 ਮਈ(ਬਬਲੂ ਮਹਾਜਨ) ਸੁਰੱਖਿਆ ਕਰਮਚਾਰੀ ਜੋ ਲੋਕਾਂ ਦੀ ਸੁਰੱਖਿਆ ਕਰਦੇ ਹਨ ਅਤੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਮਾੜੇ ਅਨਸਰਾਂ ਦੇ ਖਿਲਾਫ ਸਖ਼ਤ ਕਾਰਵਾਈ ਕਰਦੇ ਹਨ ਉਹਨਾਂ ਦੀ ਸੁਰੱਖਿਆ ਅਤੇ ਉਹਨਾਂ ਦੇ ਪਰਿਵਾਰ ਦੀ ਸੁਰੱਖਿਆ ਕੌਣ ਕਰੇਗਾ । ਮਜੀਠਾ ਹਲਕੇ ਵਿੱਚ ਥਾਣੇਦਾਰ ਜੋਗਾ ਸਿੰਘ ਦੀ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਬਹੁਤ ਹੀ ਮੰਦਭਾਗੀ ਘਟਨਾ ਹੈ । ਇਹ ਵਿਚਾਰ ਆਲ ਇੰਡੀਆ ਅੱਤਵਾਦ ਵਿਰੋਧੀ ਸੰਗਠਨ ਦੇ ਜਰਨਲ ਸਕਤਰ ਸਾਹਿਬ ਸਿੰਘ ਨੇ ਪ੍ਰੈਸ ਨੂੰ ਜਾਰੀ ਕੀਤੇ ਇੱਕ ਪ੍ਰੈਸ ਬਿਆਨ ਰਾਹੀਂ ਸਾਂਝੇ ਕੀਤੇ ਗਏ । ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੇ ਇਸ਼ਾਰਿਆਂ ਤੇ ਕੰਮ ਕਰ ਰਹੇ ਹਨ ,ਵਿਦੇਸ਼ਾਂ ਵਿੱਚ ਬੈਠੇ ਅੱਤਵਾਦੀ ਸੰਗਠਨਾਂ ਅਤੇ ਗੈਂਗਸਟਰਾ ਦੇ ਮੁਖੀ ਸਾਡੇ ਦੇਸ਼ ਦੇ ਭੋਲੇ ਭਾਲੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਕੁਝ ਰੁਪਿਆ ਦੀ ਖਾਤਰ ਅਜਿਹੀਆਂ ਘਟਨਾਵਾਂ ਨੂੰ ਇਨਜਾਮ ਦੇ ਰਹੇ ਹਨ । ਪਿਛਲੇ ਸਮੇਂ ਵਿੱਚ ਕਈ ਥਾਣਿਆਂ ਅਤੇ ਚੌਕੀਆਂ ਉਪਰ ਹੈਂਡ ਗਰਨੇਡ ਸੁੱਟੇ ਗਏ ਸਨ , ਜਿਨ੍ਹਾਂ ਕਰਕੇ ਪੁਲੀਸ ਦਾ ਨੁਕਸਾਨ ਹੋਇਆ ਸੀ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੋ ਪੁਲਿਸ ਮੁਲਾਜ਼ਮਾ ਦੀ ਹੱਤਿਆ ਕਰ ਦਿੱਤੀ ਗਈ ਸੀ , ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਬਣਿਆ ਸੀ ।ਦੇਸ਼ ਵਿਰੋਧੀ ਤਾਕਤਾਂ ਸਾਡੇ ਦੇਸ਼ ਅੰਦਰ ਮਹੌਲ ਨੂੰ ਖਰਾਬ ਕਰਨਾ ਚਾਉਦੀਆ ਹਨ । ਅਜਿਹੇ ਹਾਲਾਤਾਂ ਉਪਰ ਸਾਨੂੰ ਰਾਜਨੀਤੀ ਨਹੀਂ ਕਰਨੀ ਚਾਹੀਦੀ ਸਾਰੀਆਂ ਪਾਰਟੀਆਂ ਨੂੰ ਇਕ ਮੰਚ ਉੱਤੇ ਆਉਣਾ ਚਾਹੀਦਾ ਹੈ ਅਤੇ ਦੇਸ਼ ਵਿਰੋਧੀ ਤਾਕਤਾਂ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ ।

## ਲੋੜਵੰਦ ਪਰਿਵਾਰ ਦੀ ਲੜਕੀ ਦਾ ਆਨੰਦ ਕਾਰਜ ਕਰਵਾਇਆ



ਦੀਨਾਨਗਰ 24 ਮਈ (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ ) ਬਾਬਾ ਵੱਡਭਾਗ ਸਿੰਘ ਜੀ ਅਤੇ ਬਾਬਾ ਬਾਲਕ ਨਾਥ ਜੀ ਮੰਦਿਰ ਝੰਡੇਚੱਕ ਵਿੱਚ ਅੱਜ ਇੱਕ ਜਰੂਰਤਮੰਦ ਪਰਿਵਾਰ ਦੀ ਲੜਕੀ ਦਾ ਆਨੰਦ ਕਾਰਜ ਕਰਵਾਇਆ ਗਿਆ। ਇਸ ਮੌਕੇ ਤੇ ਕਰਨ ਪੁੱਤਰ ਬੋਧ ਰਾਜ ਵਾਸੀ ਛੱਤੀ ਖੂਹੀ ਗੁਰਦਾਸਪੁਰ ਅਤੇ ਸਿਮਰਨ ਪੁੱਤਰੀ ਸੁਰਿੰਦਰ ਪਾਲ ਵਾਸੀ ਪਾਹੜਾ ਦਾ ਆਨੰਦ ਕਾਰਜ ਕਰਵਾਇਆ ਗਿਆ। ਜਾਣਕਾਰੀ ਦਿੰਦੇ ਹੋਏ ਬਾਬਾ ਬਲਕਾਰ ਸਿੰਘ ਜੀ ਨੇ ਦੱਸਿਆ ਕਿ ਮੰਦਿਰ ਦੀ ਪ੍ਰਬੰਧਕ ਕਮੇਟੀ ਵੱਲੋਂ ਜਰੂਰਤ ਮੰਦ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਜਾਂਦੇ ਹਨ ਜਿਸਦੇ ਆਧਾਰ ਤੇ ਅੱਜ ਵੀ ਮੰਦਿਰ ਚ ਸਿਮਰਨ ਵਾਸੀ ਪਾਹੜਾ ਦਾ ਆਨੰਦ ਕਾਰਜ ਕਰਨ ਵਾਸੀ ਗੁਰਦਾਸਪੁਰ ਨਾਲ ਪੂਰੇ ਰੀਤੀ ਰਿਵਾਜਾਂ ਨਾਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਲੜਕੀ ਨੂੰ ਘਰ ਚ ਵਰਤਣ ਵਾਲਾ ਸਾਰਾ ਘਰੇਲੂ ਸਮਾਨ ਵੀ ਮੁਹੱਈਆ ਕਰਵਾਇਆ ਗਿਆ ਹੈ ।ਇਸ ਮੌਕੇ ਬਾਬਾ ਕਰਨੈਲ ਸਿੰਘ ਸੋਨੂ, ਰਿਟਾਇਰਡ ਰੀਡਰ ਟੂ ਐਸਡੀਐਮ ਰਕੇਸ਼ ਕੁਮਾਰ, ਅਮਨਿੰਦਰ ਸਿੰਘ ਸਾਬੀ, ਅਮਰਿੰਦਰ ਸਿੰਘ ਲਵਲੀ, ਚੇਅਰਮੈਨ ਪ੍ਰਸੋਤਮ ਕੁਮਾਰ ਸੰਮੀ ਬਾਬਾ ਕਰਨੈਲ ਸਿੰਘ ਸੋਨੂ, ਰਿਟਾਇਰਡ ਰੀਡਰ ਟੂ ਐਸਡੀਐਮ ਰਕੇਸ਼ ਕੁਮਾਰ, ਅਮਨਿੰਦਰ ਸਿੰਘ ਸਾਬੀ, ਅਮਰਿੰਦਰ ਸਿੰਘ ਲਵਲੀ, ਚੇਅਰਮੈਨ ਪ੍ਰਸੋਤਮ ਕੁਮਾਰ ਸੰਮੀ ਤੋਂ ਇਲਾਵਾ ਸਮੂਹ ਸੰਗਤਾਂ ਹਾਜਰ ਸਨ।

## ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਵਾਪਰੀ ਘਟਨਾ 'ਤੇ ਐਡਵੋਕੇਟ ਧਾਮੀ ਨੇ ਕੀਤਾ ਦੁੱਖ ਪ੍ਰਗਟ

**ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਸਹਾਇਤਾ ਦਾ ਐਲਾਨ**



ਅੰਮ੍ਰਿਤਸਰ, 24 ਮਈ : ਗੁਰਦਿਆਲ ਸਿੰਘ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਵਾਪਰੀ ਦੁਖਦਾਈ ਘਟਨਾ 'ਤੇ ਗਹਿਰਾ ਦੁੱਖ ਜ਼ਾਹਰ ਕਰਦਿਆਂ ਇਸ ਘਟਨਾ ਵਿਚ ਜਾਨ ਗਵਾਉਣ ਵਾਲੀਆਂ ਦੋ ਬੀਬੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਐਡਵੋਕੇਟ ਧਾਮੀ ਨੇ ਇਸ ਘਟਨਾ ਵਿਚ ਜ਼ਖ਼ਮੀ ਹੋਈਆਂ ਸੰਗਤਾਂ ਦਾ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਪਹੁੰਚ ਕੇ ਹਾਲ ਜਾਣਿਆ ਉਥੇ ਉਨ੍ਹਾਂ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਪਹੁੰਚ ਕੇ ਘਟਨਾ ਬਾਰੇ ਜਾਣਕਾਰੀ ਵੀ ਲਈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮੰਦਭਾਗੀ ਘਟਨਾ ਵਿਚ ਅਕਾਲ ਚਲਾਣਾ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 2-2 ਲੱਖ ਰੁਪਏ ਸਹਾਇਤਾ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਦੇ ਨਾਲ ਹੀ ਜ਼ਖ਼ਮੀਆਂ ਦਾ ਸ੍ਰੀ ਗੁਰੂ ਰਾਮਦਾਸ ਜੀ ਹਸਪਤਾਲ ਵਿਖੇ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹਰ ਐਤਵਾਰ ਵੱਡੀ ਗਿਣਤੀ ਵਿਚ ਸੰਗਤਾਂ ਪੁੱਜਦੀਆਂ ਹਨ। ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਇਸ ਅਸਥਾਨ ਤੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਸਹਿਯੋਗ ਨਾਲ ਸੇਵਾਵਾਂ ਚਲ ਰਹੀਆਂ ਹਨ। ਇਮਾਰਤ ਦੇ ਲੈਂਟਰ ਲਈ ਹੋਈ ਸਟਰਿੰਗ ਤੋਂ ਹਵਾ ਦੇ ਤੇਜ਼ ਬੁੱਲੇ ਨਾਲ ਕੁਝ ਪਲੇਟਾਂ ਥੱਲੇ ਬੈਠੀਆਂ ਸੰਗਤਾਂ ਤੇ ਡਿੱਗਣ ਨਾਲ ਇਹ ਘਟਨਾ ਵਾਪਰੀ ਹੈ।ਉਨ੍ਹਾਂ ਅਕਾਲ ਚਲਾਣਾ ਕਰਨ ਵਾਲੀਆਂ ਬੀਬੀਆਂ ਨਮਿਤ ਕਰਤਾ ਪੁਰਖੁ ਅੱਗੇ ਅਰਦਾਸ ਕੀਤੀ ਅਤੇ ਜ਼ਖਮੀਆਂ ਦੀ ਜਲਦ ਸਿਹਤਯਾਬੀ ਦੀ ਕਾਮਨਾ ਕੀਤੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਵੀ ਇਸ ਘਟਨਾ ਤੇ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟਾਈ ਹੈ। ਬਾਬਾ ਭੂਰੀਵਾਲਿਆਂ ਨੇ ਮਨੁੱਖੀ ਹਮਦਰਦੀ ਵਜੋਂ ਅਕਾਲ ਚਲਾਣਾ ਕਰਨ ਵਾਲੀਆਂ ਬੀਬੀਆਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ.ਸਾਹਬਾਜ਼ ਸਿੰਘ,ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜ਼ਰ ਸਿੰਘ, ਈਐਨਟੀ ਸਰਜਨ ਡਾ ਜਸਕਰਨ ਸਿੰਘ, ਐਕਸੀਅਨ ਸ. ਸੁਖਜਿੰਦਰ ਸਿੰਘ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਮੈਨੇਜਰ ਸ. ਜਤਿੰਦਰਪਾਲ ਸਿੰਘ ਸਮੇਤ ਹੋਰ ਹਾਜ਼ਰ ਸਨ।

## ਭੰਗਵਾਂ ਵਿਖੇ ਬਾਬਾ ਮਹਿੰਦਰ ਸਿੰਘ ਦੀ ਬਰਸੀ ਮਨਾਈ



ਚੋਗਾਵਾਂ, 24 ਮਈ (ਸੁਬੇਗ ਸਿੰਘ ਸੋਨਾ) ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਸ਼ਹੀਦ ਪਿੰਡ ਭੰਗਵਾਂ ਵਿਖੇ ਬਾਬਾ ਮਹਿੰਦਰ ਸਿੰਘ ਦੀ ਬਰਸੀ ਐਨ.ਆਰ.ਆਈ. ਵੀਰਾਂ ਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਨਾਈ ਗਈ। ਇਸ ਮੌਕੇ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗਏ। ਉਪਰੰਤ ਸਜੇ ਖੁੱਲ੍ਹੇ ਪੰਡਾਲ ਵਿੱਚ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸੁਖਦੇਵ ਸਿੰਘ ਬੂਹ ਦਾ ਢਾਡੀ ਜਥਾ , ਕਵੀ ਭਾਈ ਕੁਲਦੀਪ ਸਿੰਘ ਦਰਾਜਕੇ ਸਮੇਤ ਹੋਰਨਾਂ ਜਥਿਆਂ ਨੇ ਆਈ ਸੰਗਤ ਨੂੰ ਕਥਾ ਕੀਰਤਨ ਤੇ ਇਤਿਹਾਸ ਸੁਣਾ ਕੇ ਗੁਰੂ ਚਰਨਾਂ ਨਾਲ ਜੋੜੀ ਰੱਖਿਆ। ਪ੍ਰਬੰਧਕਾਂ ਵਲੋਂ ਜਥੇ ਤੇ ਸੰਤ ਮਹਾਂਪੁਰਸ਼ਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਿੰਡ ਭੰਗਵਾਂ ਦੇ ਸਮੂਹ ਨੌਜਵਾਨਾਂ ਵਲੋਂ ਫਲਾਂ ਦੇ ਜੂਸ, ਆਈਸਕ੍ਰੀਮ, ਗੋਲ ਗੱਪੇ, ਠੰਢੇ ਮਿੱਠੇ ਜਲ ਦੀਆਂ ਛਬੀਲਾਂ, ਚਾਹ ਪਕੌੜੇ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਗ੍ਰੰਥੀ ਬਿਕਰਮਜੀਤ ਸਿੰਘ, ਬਾਬਾ ਹਰੀ ਸਿੰਘ, ਗੁਰਜੰਟ ਸਿੰਘ, ਨਿਸ਼ਾਨ ਸਿੰਘ ਦੋਧੀ, ਦਾਰਾ ਸਿੰਘ ਸਾਬਕਾ ਸਰਪੰਚ, ਪਰਗਟ ਸਿੰਘ ਸਮੇਤ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਡਾ. ਅਜੇ ਗੁਪਤਾ ਅਤੇ ਕੌਂਸਲਰ ਜਰਨੈਲ ਸਿੰਘ ਢੋਟ ਨੇ ਵਾਲਡ ਸਿਟੀ ਵਿੱਚ ਗਲੀਆਂ ਦੇ ਨਿਰਮਾਣ ਦਾ ਉਦਘਾਟਨ ਕੀਤਾ



ਅੰਮ੍ਰਿਤਸਰ, 24 ਮਈ : ਗਰਦਿਆਲ ਸਿੰਘ/ਬਬਲੂ ਮਹਾਜਨ): ਕੇਂਦਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕ ਡਾ.ਅਜੇ ਗੁਪਤਾ ਅਤੇ ਕੌਂਸਲਰ ਜਰਨੈਲ ਸਿੰਘ ਢੋਟ ਨੇ ਅੱਜ ਵਾਲਡ ਸਿਟੀ ਵਿੱਚ ਗਲੀਆਂ ਦੇ ਨਿਰਮਾਣ ਦਾ ਉਦਘਾਟਨ ਕੀਤਾ। ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਵਾਲਡ ਸਿਟੀ ਵਿੱਚ ਵਿਕਾਸ ਕਾਰਜ ਤੇਜ਼ ਰਫ਼ਤਾਰ ਨਾਲ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਪਾਰਕ ਕੇਂਦਰ ਕਟੜਾ ਜੈਮਲ ਸਿੰਘ, ਸ਼ਾਸਤਰੀ ਮਾਰਕੀਟ ਅਤੇ ਗੁਰੂ ਬਾਜ਼ਾਰ ਵਿੱਚ ਵਪਾਰੀਆਂ ਦੀ ਮੰਗ ਤੇ ਸੜਕਾਂ ਅਤੇ ਗਲੀਆਂ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਜਦੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕੇਂਦਰੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਕਿਸੇ ਵੀ ਵਿਕਾਸ ਪ੍ਰੋਜੈਕਟ ਬਾਰੇ ਸੂਚਿਤ ਕੀਤਾ ਜਾਂਦਾ ਹੈ, ਤਾਂ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ ਫੰਡ ਵੀ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਲਡ ਸਿਟੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤੇ ਜਾਣ ਤੋਂ ਬਾਅਦ ਵਾਲਡ ਸਿਟੀ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਪਹਿਲਾਂ ਹੀ ਚੱਲ ਰਹੇ ਹਨ।ਵਿਧਾਇਕ ਡਾ. ਗੁਪਤਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਰੰਗਲਾ ਪੰਜਾਬ ਵਿਕਾਸ ਪ੍ਰੋਜੈਕਟ ਤਹਿਤ ਵਾਲਡ ਸਿਟੀ ਵਿੱਚ ਲਗਭਗ 5 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਜਾ ਰਹੀ ਹੈ। ਇਹ ਪ੍ਰੋਜੈਕਟ ਟੈਂਡਰ ਪ੍ਰਕਿਰਿਆ ਤੋਂ ਬਾਅਦ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੀਆਂ ਚਾਰ ਸਭ ਤੋਂ ਮਹੱਤਵਪੂਰਨ ਰੇਡੀਅਲ ਸੜਕਾਂ ਦਾ ਵਿਕਾਸ ਅਤੇ ਕੈਰੋ ਮਾਰਕੀਟ ਆਧੁਨਿਕ ਪਾਰਕਿੰਗ ਸਟੈਂਡ ਦਾ ਵਿਕਾਸ ਕਾਰਜਤੇਜ਼ੀ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪ੍ਰੋਜੈਕਟ ਇਸ ਸਾਲ ਅਕਤੂਬਰ ਤੱਕ ਪੂਰੇ ਹੋ ਜਾਣਗੇ। ਕੈਰੋ ਮਾਰਕੀਟ ਪਾਰਕਿੰਗ ਸਟੈਂਡ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਜਨਤਾ ਨੂੰ ਫਾਇਦਾ ਹੋਵੇਗਾ ਅਤੇ ਟ੍ਰੈਫਿਕ ਸਮੱਸਿਆ ਦੂਰ ਹੋਵੇਗੀ। ਇਸ ਮੌਕੇ , ਵਪਾਰਕ ਐਸੋਸੀਏਸ਼ਨ ਦੇ ਅਧਿਕਾਰੀ ਅਤੇ ਇਲਾਕੇ ਦੇ ਪ੍ਰਮੁੱਖ ਲੋਕ ਮੌਜੂਦ ਸਨ।

## ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਵਾਪਰੀ ਘਟਨਾ 'ਤੇ ਹਮਦਰਦੀ ਪ੍ਰਗਟ



ਅੰਮ੍ਰਿਤਸਰ, 24 ਮਈ (ਬਬਲੂ ਮਹਾਜਨ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੰਮ੍ਰਿਤਸਰ ਸਥਿਤ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਵਾਪਰੀ ਪੀੜਾਮਈ ਘਟਨਾ ਵਿੱਚ ਜਾਨ ਗਵਾਉਣ ਵਾਲੀਆਂ ਦੋ ਬੀਬੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਘਟਨਾ ਵਿੱਚ ਫੱਟੜ ਹੋਣ ਵਾਲੀ ਸੰਗਤ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਹੈ।ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੀੜਤ ਪਰਿਵਾਰਾਂ ਦਾ ਹਰ ਪੱਧਰ ਉੱਤੇ ਸਹਿਯੋਗ ਕਰਨ ਅਤੇ ਫੱਟੜਾਂ ਦਾ ਇਲਾਜ ਕਰਵਾਉਣ। ਉਨ੍ਹਾਂ ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਕਾਰ ਸੇਵਾ ਦਾ ਕਾਰਜ ਕਰ ਰਹੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਤਾਕੀਦ ਕੀਤੀ ਉਹ ਗੁਰੂ ਘਰ ਅੰਦਰ ਸੰਗਤ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਣ ਤਾਂ ਜੋ ਅਗਾਂਹ ਤੋਂ ਅਜਿਹੀ ਘਟਨਾ ਨਾ ਵਾਪਰੇ।ਜਥੇਦਾਰ ਗੜਗੱਜ ਨੇ ਅਕਾਲ ਚਲਾਣਾ ਕਰਨ ਵਾਲੀ ਸੰਗਤ ਲਈ ਅਕਾਲ ਪੁਰਖ ਦੇ ਸਨਮੁਖ ਅਰਦਾਸ ਕੀਤੀ ਕਿ ਉਹ ਵਿਛੜੀ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਨਸ਼ੇ ਖ਼ਿਲਾਫ਼ ਜਨ ਜਾਗਰਣ ਹੀ ਪੰਜਾਬ ਨੂੰ ਬਚਾਉਣ ਦਾ ਸਭ ਤੋਂ ਵੱਡਾ ਅਭਿਆਨ : ਤਰੁਣ ਚੁੱਘ



ਅੰਮ੍ਰਿਤਸਰ, 24 ਮਈ (ਬਬਲੂ ਮਹਾਜਨ) :ਭਾਜਪਾ ਦੇ ਰਾਸ਼ਟਰੀ ਮਹਾਮੰਤਰੀ ਸ਼੍ਰੀ ਤਰੁਣ ਚੁੱਘ ਜੀ ਦੀ ਅਗਵਾਈ ਹੇਠ ਅੱਜ ਕੇਂਦਰੀ ਵਿਧਾਨ ਸਭਾ ਖੇਤਰ, ਅੰਮ੍ਰਿਤਸਰ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇੱਕ ਵਿਸ਼ਾਲ ਜਨਜਾਗਰਣ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਸ ਅਭਿਆਨ ਤਹਿਤ ਲੋਕਾਂ ਨੂੰ ਦੁੱਧ, ਦਹੀਂ, ਲੱਸੀ ਅਤੇ ਦੇਸੀ ਘਿਉ ਵੰਡ ਕੇ ਪੰਜਾਬ ਦੀ ਸ਼ਾਨਦਾਰ ਸੰਸਕ੍ਰਿਤੀ, ਸਿਹਤਮੰਦ ਪਰੰਪਰਾਵਾਂ ਅਤੇ ਸਕਾਰਾਤਮਕ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਸ਼੍ਰੀ ਤਰੁਣ ਚੁੱਘ ਜੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਵੀਰਾਂ, ਕਿਸਾਨਾਂ, ਗੁਰੂਆਂ ਅਤੇ ਮਿਹਨਤੀ ਲੋਕਾਂ ਦੀ ਪਹਿਚਾਣ ਰਹੀ ਹੈ। ਇਹ ਧਰਤੀ ਦੁੱਧ, ਦਹੀਂ, ਲੱਸੀ ਅਤੇ ਦੇਸੀ ਘਿਉ ਦੀ ਸੰਸਕ੍ਰਿਤੀ ਵਾਲੀ ਧਰਤੀ ਹੈ, ਪਰ ਦੁੱਖ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਅਤੇ ਰਾਜਨੀਤਿਕ ਸੁਆਰਥਾਂ ਨੇ ਪੰਜਾਬ ਨੂੰ ਨਸ਼ੇ ਦੇ ਦਲਦਲ ਵਿੱਚ ਧੱਕਣ ਦਾ ਕੰਮ ਕੀਤਾ। ਅੱਜ ਹਜ਼ਾਰਾਂ ਪਰਿਵਾਰ ਨਸ਼ੇ ਕਾਰਨ ਤਬਾਹ ਹੋ ਰਹੇ ਹਨ, ਮਾਵਾਂ ਦੀਆਂ ਗੋਦਾਂ ਸੁੰਨੀਆਂ ਹੋ ਰਹੀਆਂ ਹਨ ਅਤੇ ਨੌਜਵਾਨਾਂ ਦਾ ਭਵਿੱਖ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ।ਤਰੁਣ ਚੁੱਘ ਜੀ ਨੇ ਕਿਹਾ ਕਿ ਭਾਜਪਾ ਪੰਜਾਬ ਦੀ ਨੌਜਵਾਨ ਸ਼ਕਤੀ ਨੂੰ ਬਚਾਉਣ ਲਈ ਸੜਕ ਤੋਂ ਲੈ ਕੇ ਸਦਨ ਤੱਕ ਸੰਘਰਸ਼ ਕਰੇਗੀ। ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਪ੍ਰੋਗਰਾਮ ਨਹੀਂ, ਸਗੋਂ ਪੰਜਾਬ ਦੀ ਆਤਮਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣ ਦਾ ਅਭਿਆਨ ਹੈ। ਪੰਜਾਬ ਦੀ ਅਸਲੀ ਪਹਿਚਾਣ ਗੁਰੂਆਂ ਦੀਆਂ ਸਿੱਖਿਆਵਾਂ, ਖੇਤਾਂ ਦੀ ਖੁਸ਼ਹਾਲੀ, ਖੇਡ ਸੰਸਕ੍ਰਿਤੀ ਅਤੇ ਨੌਜਵਾਨਾਂ ਦੀ ਊਰਜਾ ਨਾਲ ਹੈ, ਨਸ਼ੇ ਨਾਲ ਨਹੀਂ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੌਜਵਾਨਾਂ ਨੂੰ ਨਵੀਂ ਦਿਸ਼ਾ ਦੇਣ ਲਈ ਲਗਾਤਾਰ ਕੰਮ ਕਰ ਰਹੀ ਹੈ। ਰੋਜ਼ਗਾਰ, ਖੇਡਾਂ, ਸਿੱਖਿਆ ਅਤੇ ਸਕਿੱਲ ਡਿਵੈਲਪਮੈਂਟ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ, ਪਰ ਪੰਜਾਬ ਵਿੱਚ ਫੈਲਦਾ ਨਸ਼ੇ ਦਾ ਜਾਲ ਗੰਭੀਰ ਚਿੰਤਾ ਦਾ ਵਿਸ਼ਾ ਹੈ। ਭਾਜਪਾ ਇਸ ਮਾਮਲੇ 'ਤੇ ਰਾਜਨੀਤੀ ਨਹੀਂ, ਸਗੋਂ ਸਮਾਜ ਨੂੰ ਜਾਗਰੂਕ ਕਰਨ ਅਤੇ ਨੌਜਵਾਨਾਂ ਨੂੰ ਬਚਾਉਣ ਦਾ ਕੰਮ ਕਰ ਰਹੀ ਹੈ।

## ਗਰਮੀ ਦੇ ਮੱਦੇਨਜ਼ਰ ਸੇਵਾ ਕੇਂਦਰਾਂ ਦੇ ਸਮੇਂ ਵਿੱਚ ਤਬਦੀਲੀ: ਡੀ.ਸੀ.

ਅੰਮ੍ਰਿਤਸਰ, 24 ਮਈ : ਗੁਰਦਿਆਲ ਸਿੰਘ:ਪੰਜਾਬ ਸਰਕਾਰ ਅਧੀਨ ਪੰਜਾਬ ਸਟੇਟ ਈ-ਗਵਰਨੈਂਸ ਸੋਸਾਇਟੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਗਰਮੀ ਦੀ ਲਹਿਰ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਸਾਰੇ ਸੇਵਾ ਕੇਂਦਰਾਂ ਦੇ ਕੰਮਕਾਜ ਦੇ ਸਮੇਂ ਵਿੱਚ ਤਬਦੀਲੀ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਸੀ, ਜਿਸ ਨੂੰ ਹੁਣ 25 ਮਈ 2026 ਤੋਂ ਸਵੇਰੇ 7:30 ਵਜੇ ਤੋਂ ਦੁਪਹਿਰ 3:30 ਵਜੇ ਤੱਕ ਕਰ ਦਿੱਤਾ ਗਿਆ ਹੈ। ਇਹ ਸਮਾਂ ਅਗਲੇ ਹੁਕਮਾਂ ਤੱਕ ਲਾਗੂ ਰਹੇਗਾ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਲਈ ਨਵੇਂ ਸਮੇਂ ਅਨੁਸਾਰ ਸੇਵਾ ਕੇਂਦਰਾਂ ਵਿੱਚ ਪਹੁੰਚਣ ਅਤੇ ਗਰਮੀ ਤੋਂ ਬਚਾਅ ਲਈ ਸਵੇਰ ਦੇ ਸਮੇਂ ਨੂੰ ਤਰਜੀਹ ਦੇਣ।ਇਸ ਸਬੰਧੀ ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ ਸ਼੍ਰੀ ਪ੍ਰਿੰਸ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕੁੱਲ 41 ਸੇਵਾ ਕੇਂਦਰ ਕਾਰਜਸ਼ੀਲ ਹਨ, ਜਿੱਥੇ ਨਾਗਰਿਕ ਵੱਖ-ਵੱਖ ਸਰਕਾਰੀ ਸੇਵਾਵਾਂ ਜਿਵੇਂ ਕਿ ਸਰਟੀਫਿਕੇਟ, ਲਾਇਸੈਂਸ, ਪੈਨਸ਼ਨ, ਸਮਾਜਿਕ ਸੁਰੱਖਿਆ ਸਕੀਮਾਂ ਅਤੇ ਹੋਰ ਨਾਗਰਿਕ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਨਾਗਰਿਕਾਂ ਦੀ ਵਧੇਰੇ ਸਹੂਲਤ ਲਈ ਪੰਜਾਬ ਸਰਕਾਰ ਦੀ ਡੋਰ-ਸਟੈਪ ਡਿਲੀਵਰੀ ਸੇਵਾ ਵੀ ਉਪਲਬਧ ਹੈ। ਜੇਕਰ ਕੋਈ ਨਾਗਰਿਕ ਸੇਵਾ ਕੇਂਦਰ ਵਿੱਚ ਖੁਦ ਨਹੀਂ ਆ ਸਕਦਾ, ਤਾਂ ਉਹ 1076 ਹੈਲਪਲਾਈਨ ਨੰਬਰ 'ਤੇ ਕਾਲ ਕਰਕੇ ਆਪਣੇ ਘਰ ਬੈਠੇ ਹੀ ਸਕਾਰੀ ਸੇਵਾਵਾਂ ਲਈ ਅਪਾਇੰਟਮੈਂਟ ਬੁੱਕ ਕਰਵਾ ਸਕਦਾ ਹੈ ਅਤੇ ਨਿਰਧਾਰਿਤ ਸੇਵਾਵਾਂ ਦਾ ਲਾਭ ਆਪਣੇ ਘਰ ਵਿੱਚ ਹੀ ਪ੍ਰਾਪਤ ਕਰ ਸਕਦਾ ਹੈ।ਡਿਪਟੀ ਕਮਿਸ਼ਨਰ ਨੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਲਈ ਸੇਵਾ ਕੇਂਦਰਾਂ ਅਤੇ ਡੋਰ-ਸਟੈਪ ਡਿਲੀਵਰੀ ਸੇਵਾ ਦਾ ਵੱਧ ਤੋਂ ਵੱਧ ਉਪਯੋਗ ਕਰਨ।

## ਸ੍ਰੀ ਗੁਰੂ ਰਵੀਦਾਸ ਚੌਂਕ 'ਚ ਛਬੀਲ ਅਤੇ ਲੰਗਰ ਲਗਾਇਆ ਗਿਆ



ਦੀਨਾਨਗਰ 24 ਮਈ (ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ ) ਸ੍ਰੀ ਗੁਰੂ ਰਵੀਦਾਸ ਪ੍ਰਕਾਸ਼ ਉਤਸਵ ਸਭਾ ਦੀਨਾਨਗਰ ਵੱਲੋਂ ਰਵੀਦਾਸੀਆ ਕੋਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸ੍ਰੀ ਗੁਰੂ ਰਵੀਦਾਸ ਚੌਂਕ ਕੋਲੀਆਂ ਮੋੜ ਤੇ ਛਬੀਲ ਅਤੇ ਨਿਊਟਰੀ ਬਰੈਡ ਦਾ ਲੰਗਰ ਲਗਾਇਆ ਗਿਆ। ਇਹ ਸ਼ਹੀਦੀ ਸਮਾਗਮ ਸੰਤ ਬਾਬਾ ਗੁਰਦੀਪ ਗਿਰੀ ਮਹਾਰਾਜ ਜੀ ਦੀ ਰਹਿਨੁਮਾਈ ਹੇਠ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇ ਸਮੂਹ ਸੰਗਤਾਂ ਵੱਲੋਂ ਛਬੀਲ ਅਤੇ ਲੰਗਰ ਦੀ ਸੇਵਾ ਚ ਅਹਿਮ ਯੋਗਦਾਨ ਪਾਇਆ ਗਿਆ।ਇਸ ਮੌਕੇ ਤੇ ਸ੍ਰੀ ਗੁਰੂ ਰਵੀਦਾਸ ਪ੍ਰਕਾਸ਼ ਉਤਸਵ ਸਭਾ ਦੀਨਾਨਗਰ ਦੇ ਪ੍ਰਧਾਨ ਐਡਵੋਕੇਟ ਸੁੱਖਰਾਜ ਥਾਪਰ ਨੇ ਕਿਹਾ ਕਿ ਸਾਨੂੰ ਆਪਣੇ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਅਜਿਹੇ ਦਿਹਾੜੇ ਬਹੁਤ ਹੀ ਸ਼ਰਧਾਪੂਰਵਕ ਮਨਾਉਣੇ ਚਾਹੀਦੇ ਹਨ। ਇਸ ਮੌਕੇ ਤੇ ਮਾਸਟਰ ਪਰਵਿੰਦਰ, ਰਿਖੀ ਕੁਮਾਰ ਰਵੀਦਾਸੀਆ, ਮੈਨੇਜਰ ਅਨਿਲ ਅੱਤਰੀ, ਬਿਸ਼ਨ ਦਾਸ ਪਾਠੀ, ਅੰਕੂ, ਬੋਧ ਰਾਜ, ਰਕੇਸ਼ ਕੁਮਾਰ ਅਤੇ ਮਨਪ੍ਰੀਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ ।

## ਨਗਰ ਕੌਂਸਲ 'ਚ ਭਾਰੀ ਬਹੁਮਤ ਨਾਲ ਜਿੱਤ ਦਰਜ ਕਰੇਗੀ 'ਆਪ': ਐਡ. ਸੇਖਵਾਂ



ਧਾਰੀਵਾਲ, 24 ਮਈ (ਅਸ਼ੋਕ ਕੁਮਾਰ): ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਨਗਰ ਕੌਂਸਲ ਧਾਰੀਵਾਲ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਹਰ ਵਾਰਡ ਵਿੱਚ ਮਜ਼ਬੂਤੀ ਨਾਲ ਚੋਣ ਮੈਦਾਨ ਵਿੱਚ ਉਤਰੀ ਹੈ ਤੇ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿੱਤ ਮਿਲੇਗੀ। ਉਨ੍ਹਾਂ ਕਿਹਾ ਕਿ ਲੋਕ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਆਪ ਨਾਲ ਜੁੜ ਰਹੇ ਹਨ। ਐਡ. ਸੇਖਵਾਂ ਨੇ ਪਾਰਟੀ ਵਰਕਰਾਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਧਾਰੀਵਾਲ ਦੇ ਹਰ ਵਾਰਡ ਵਿੱਚ ਆਪ ਉਮੀਦਵਾਰਾਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੇ ਵਰਕਰ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ ਤੇ ਲੋਕ ਵੀ ਬਦਲਾਅ ਦੇ ਹੱਕ ਵਿੱਚ ਆਪਣਾ ਸਮਰਥਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਹਮੇਸ਼ਾ ਲੋਕਾਂ ਨਾਲ ਵਾਅਦੇ ਤਾਂ ਕੀਤੇ ਪਰ ਵਿਕਾਸ ਦੇ ਮਾਮਲੇ ਵਿੱਚ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਾਫ਼-ਸੁਥਰੀ ਤੇ ਇਮਾਨਦਾਰ ਰਾਜਨੀਤੀ ਦੀ ਪੱਖਦਾਰ ਹੈ ਤੇ ਜਿੱਤ ਤੋਂ ਬਾਅਦ ਸ਼ਹਿਰ ਵਿੱਚ ਸਫਾਈ, ਪੀਣ ਵਾਲੇ ਪਾਣੀ, ਸੜਕਾਂ, ਸਟਰੀਟ ਲਾਈਟਾਂ ਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਸੁਧਾਰਿਆ ਜਾਵੇਗਾ। ਇਸ ਮੌਕੇ ਹਨੀ ਸ਼ਰਮਾ ਤੋਂ ਇਲਾਵਾ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## 1984 ਦੇ ਸ਼ਹੀਦਾਂ ਦੀ ਯਾਦ 'ਚ ਖੱਬੇ ਰਾਜਪੂਤਾਂ ਵਿਖੇ ਸਜੇ ਦੀਵਾਨ

### ☛42ਵੇਂ ਮਹਾਨ ਸ਼ਹੀਦੀ ਸਮਾਗਮ ਮੌਕੇ ਸੰਗਤਾਂ 6 ਜੂਨ ਨੂੰ ਮਹਿਤਾ ਪਹੁੰਚਣ: ਗਿ. ਹਰਨਾਮ ਸਿੰਘ ਖ਼ਾਲਸਾ



ਚੌਕ ਮਹਿਤਾ, 24 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ (ਜੱਥਾ ਭਿੰਡਰਾਂ) ਮਹਿਤਾ ਵੱਲੋਂ ਤੀਸਰਾ ਘੱਲੂਘਾਰਾ (ਜੂਨ 1984) ਦੌਰਾਨ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਮਾਝੇ ਇਲਾਕੇ ਦੇ ਵੱਖ-ਵੱਖ ਨਗਰਾਂ ਵਿੱਚ ਰੋਜ਼ਾਨਾ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਅੱਜ 23ਵੇਂ ਦਿਨ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਪਿੰਡ ਖੱਬੇ ਰਾਜਪੂਤਾਂ ਵਿਖੇ ਸ਼ਾਮ ਵੇਲੇ ਦੇ ਦੀਵਾਨ ਸਜਾਏ ਗਏ। ਜਿਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਦੀਵਾਨ ਵਿੱਚ ਜੁੜੀਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਤੇ ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ 'ਚੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਕਾਲ ਨਾਲ ਸਬੰਧਤ ਪਾਵਨ ਇਤਿਹਾਸ ਦੀ ਲੜੀਵਾਰ ਕਥਾ ਸਰਵਣ ਕਰਵਾਈ। ਇਸ ਸਮੇਂ ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖ਼ਾਲਸਾ ਨੇ ਨਿਭਾਈ ਤੇ ਸਟੇਜ ਦਾ ਸੰਚਾਲਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਕੀਤਾ। ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜੱਥੇ ਨੇ ਰਸਮਈ ਕੀਰਤਨ ਸਰਵਣ ਕਰਵਾ ਕੇ ਸੰਗਤ ਨੂੰ ਨਿਹਾਲ ਕੀਤਾ। ਅਖੀਰ ਵਿੱਚ ਸਾਬਕਾ ਸਰਪੰਚ ਸੰਤੋਖ ਸਿੰਘ ਯੂ.ਐਸ.ਏ., ਚੇਅਰਮੈਨ ਲਖਵਿੰਦਰ ਸਿੰਘ ਖ਼ਾਲਸਾ, ਸਾਬਕਾ ਸਰਪੰਚ ਮਨਦੀਪ ਸਿੰਘ ਸੋਨਾ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ, ਹੈਡ ਗ੍ਰੰਥੀ ਭਾਈ ਦਲਜੀਤ ਸਿੰਘ ਤੇ ਪ੍ਰਧਾਨ ਜੁਗਰਾਜ ਸਿੰਘ ਜੋਗਾ ਦੇ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਸਤਿਕਾਰ ਵਿੱਚ ਦੁਸ਼ਾਲਾ ਤੇ ਸਿਰੋਪਾਓ ਭੇਟ ਕੀਤਾ ਗਿਆ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਦੱਸਿਆ ਕਿ 31 ਮਈ ਨੂੰ ਇਨ੍ਹਾਂ ਦੀਵਾਨਾਂ ਦੀ ਸਮਾਪਤੀ ਤੋਂ ਬਾਅਦ 1 ਤੋਂ 5 ਜੂਨ ਤੱਕ ਦਮਦਮੀ ਟਕਸਾਲ ਦੇ ਹੈਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਹੀਦੀ ਹਫਤੇ ਦੌਰਾਨ ਰੋਜ਼ਾਨਾ ਸ਼ਾਮ 4 ਤੋਂ 6 ਵਜੇ ਤੱਕ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ। 6 ਜੂਨ ਨੂੰ 42ਵਾਂ ਮੁੱਖ ਤੇ ਮਹਾਨ ਸ਼ਹੀਦੀ ਸਮਾਗਮ ਮਨਾਇਆ ਜਾਵੇਗਾ, ਜਿਸ ਦੌਰਾਨ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਦਾ ਲਾਮਿਸਾਲ ਪੰਥਕ ਇਕੱਠ ਹੋਵੇਗਾ, ਜਿਸ ਦੌਰਾਨ ਪ੍ਰਮੁੱਖ ਧਾਰਮਿਕ ਹਸਤੀਆਂ ਤੇ ਸੰਗਤਾਂ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਨਗੀਆਂ। ਇਸ ਮੌਕੇ ਜਥੇ. ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬਾਬਾ ਬੋਹੜ ਸਿੰਘ, ਗਿਆਨੀ ਗੁਰਬਾਜ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖ਼ਾਲਸਾ ਦੀਵਾਨ), ਭਾਈ ਜੁਝਾਰ ਸਿੰਘ, ਭਾਈ ਪ੍ਰਭਜੀਤ ਸਿੰਘ ਤੇ ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਐਸ.ਐਸ.ਪੀ. ਦੀ ਅਗਵਾਈ ਹੇਠ ਪੁਲਿਸ ਵੱਲੋਂ ਫਲੈਗ ਮਾਰਚ



ਬਟਾਲਾ, 24 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਨਗਰ ਨਿਗਮ ਚੋਣਾਂ ਨੂੰ ਲੈ ਕੇ ਡਾ. ਮਹਿਤਾਬ ਸਿੰਘ, ਐਸ.ਐਸ.ਪੀ. ਬਟਾਲਾ ਵੱਲੋਂ ਚੋਣਾਂ ਨੂੰ ਸ਼ਾਂਤੀ ਪੂਰਵਕ ਤੇ ਬਿਨਾਂ ਕਿਸੇ ਡਰ-ਭੈਅ ਤੋਂ ਸੁਚਾਰੂ ਢੰਗ ਨਾਲ ਮੁਕੰਮਲ ਕਰਵਾਉਣ ਲਈ ਸਖਤ ਪ੍ਰਬੰਧ ਕੀਤੇ ਹਨ ਤੇ ਰੋਜ਼ਾਨਾ ਬਟਾਲਾ ਪੁਲਿਸ ਵੱਲੋਂ ਫਲੈਗ ਮਾਰਚ ਕੀਤਾ ਜਾ ਰਿਹਾ ਹੈ। ਗਾਂਧੀ ਚੌਕ ਬਟਾਲਾ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਐਸ.ਐਸ.ਪੀ. ਬਟਾਲਾ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਬਟਾਲਾ, ਨਗਰ ਕੌਂਸਲ ਫਤਹਿਗੜ੍ਹ ਚੂੜੀਆਂ ਤੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ 26 ਮਈ ਨੂੰ ਹੋ ਰਹੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪੁਲਿਸ ਪੂਰੀ ਮੁਸ਼ਤੈਦ ਹੈ ਤੇ ਲਾਅ ਐਂਡ ਆਰਡਰ ਨੂੰ ਸੁਨਿਸ਼ਚਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫਲੈਗ ਮਾਰਚ ਗਾਂਧੀ ਚੌਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚੋਂ ਹੁੰਦਾ ਹੋਇਆ ਐਸ.ਐਸ.ਪੀ. ਦਫਤਰ ਵਿਖੇ ਸਮਾਪਤ ਹੋਇਆ। ਉਨ੍ਹਾਂ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਰੋਜ਼ਾਨਾ ਸ਼ਹਿਰ ਦੇ ਵੱਖ-ਵੱਖ ਇਲਕਿਆਂ 'ਚ ਨਾਕਾਬੰਦੀ ਕਰਦੇ ਹੋਏ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਸ਼ਹਿਰ ਵਾਸੀਆਂ ਦੀ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ।

## ਚੋਣ ਆਬਜ਼ਰਵਰ ਵੱਲੋਂ ਸੁਖਜਿੰਦਰ ਗਰੁੱਪ ਆਫ ਇੰਸਟੀਚਿਊਟ ਵਿਖੇ ਬਣਾਏ ਸਟਰਾਂਗ ਰੂਮ ਦਾ ਦੌਰਾ



ਬਟਾਲਾ/ਨੁਸ਼ਹਿਰਾ ਮੱਝਾ ਸਿੰਘ, 24 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸੰਧੂ/ਜਗੀਰ ਸਿੰਘ ਮੰਡ/ਨਾਹਰਤ): ਚੋਣ ਆਬਜ਼ਰਵਰ ਰਾਕੇਸ਼ ਕੁਮਾਰ ਪੋਪਲੀ ਵੱਲੋਂ ਸਟਰਾਂਗ ਰੂਮ/ਕਾਊਂਟਿੰਗ ਸੈਂਟਰ ਦੀ ਸੁਰੱਖਿਆ ਸਬੰਧੀ ਸੁਖਜਿੰਦਰ ਗਰੁੱਪ ਆਫ ਇੰਸਟੀਚਿਊਟ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ, ਇਥੇ ਧਾਰੀਵਾਲ ਨਗਰ ਕੌਂਸਲ ਦਾ ਸਟਰਾਂਗ ਰੂਮ ਸਥਾਪਤ ਕੀਤਾ ਗਿਆ। ਇਸ ਮੌਕੇ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ- ਕਮ-ਰਿਟਰਨਿੰਗ ਅਫਸਰ ਧਾਰੀਵਾਲ ਵੀ ਮੌਜੂਦ ਸਨ। ਇਸ ਮੌਕੇ ਚੋਣ ਆਬਜ਼ਰਵਰ ਰਾਕੇਸ਼ ਕੁਮਾਰ ਪੋਪਲੀ ਵੱਲੋਂ ਸੁਖਜਿੰਦਰ ਕਾਲਜ ਗਰੁੱਪ ਆਫ ਇੰਸਟੀਚਿਊਟ, ਹਰਦੋਛੰਨੀ ਰੋਡ ਗੁਰਦਾਸਪੁਰ ਵਿਖੇ ਬਣਾਏ ਗਏ ਸਟਰਾਂਗ ਰੂਮਾਂ ਦਾ ਨਿਰੀਖਣ ਕਰਦਿਆਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਇੰਨਬਿੰਨ ਪਾਲਣਾ ਕਰਦੇ ਹੋਏ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ, ਜਿਥੇ 24 ਘੰਟੇ ਸਟਰਾਂਗ ਰੂਮਾਂ ਦੀ ਸਖ਼ਤ ਸੁਰੱਖਿਆ ਨਿਗਰਾਨੀ ਕੀਤੀ ਜਾ ਰਹੀ ਹੈ।ਇਸ ਮੌਕੇ ਉਨ੍ਹਾਂ ਵੱਲੋਂ ਕਾਊਂਟਿੰਗ ਸਟਾਫ ਨਾਲ ਮੀਟਿੰਗ ਵੀ ਕੀਤੀ ਗਈ ਤੇ ਉਨ੍ਹਾਂ ਰਾਜ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂੰ ਕਰਵਾਇਆ ਗਿਆ। ਜੇਕਰ ਚੋਣਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਜਾਂ ਸ਼ਿਕਾਇਤ ਹੋਵੇ ਤਾਂ ਚੋਣ ਆਬਜ਼ਰਵਰ ਨਾਲ ਉਨ੍ਹਾਂ ਦੇ ਮੋਬਾਈਲ ਨੰਬਰ 98156-64124 ਜਾਂ ਉਨ੍ਹਾਂ ਦੇ ਲਾਇਨਜ਼ ਅਫਸਰ ਜ਼ਿਲ੍ਹਾ ਟਾਊਨ ਪਲਾਨਰ ਗੁਰਦਾਸਪੁਰ ਰਿਤੇਸ਼ ਕੁਮਾਰ ਦੇ ਮੋਬਾਇਲ ਨੰਬਰ 87912-59388 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ 26 ਮਈ ਨੂੰ ਪੋਲਿੰਗ ਤੇ 29 ਮਈ ਨੂੰ ਵੋਟਾਂ ਦੀ ਗਿਣਤੀ ਦਾ ਕੰਮ ਅਮਨ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

## ਨਗਰ ਨਿਗਮ ਚੋਣਾਂ ਨੂੰ ਲੈ ਕੇ ਵਾਰਡ ਨੰ. 3 'ਚ ਡੋਰ-ਟੂ-ਡੋਰ ਪ੍ਰਚਾਰ: ਮੰਜੂ ਵਰਮਾ



ਗੁਰਦਾਸਪੁਰ, 24 ਮਈ (ਜਸਵਿੰਦਰ ਸਿੰਘ): ਧਾਰੀਵਾਲ ਤੋਂ ਨਗਰ ਕੌਂਸਲ ਦੇ ਉਮੀਦਵਾਰ ਵਾਰਡ ਨੰ.3 ਤੋਂ ਮੰਜੂ ਵਰਮਾ ਚੋਣਾਂ ਵਿੱਚ ਉਤਰੇ ਤੇ ਉਨ੍ਹਾਂ ਨੇ ਆਪਣੇ ਵੋਟਰਾਂ-ਸਪੋਰਟਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਜਿੱਤ ਪ੍ਰਾਪਤ ਕਰਨ 'ਤੇ ਵਾਰਡ ਦਾ ਸਮੁੱਚਾ ਵਿਕਾਸ ਕਰਨਗੇ। ਮੀਡੀਆ ਨਾਲ ਗੱਲਬਾਤ ਕਰਦੇ ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮ ਦੀਆਂ ਚੋਣਾਂ ਦੇ ਸਬੰਧ ਵਿੱਚ ਹਲਕਾ ਧਾਰੀਵਾਲ ਵਿੱਚ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਵਾਰਡ ਨੰਬਰ 3 ਦੇ ਲੋਕਾਂ ਨਾਲ ਡੋਰ-ਟੂ-ਡੋਰ ਮੁਲਾਕਾਤ ਕਰਕੇ ਆਗਾਮੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਪਣੀਆਂ ਕੀਮਤੀ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਿਹਾ ਅਥਾਹ ਪਿਆਰ ਤੇ ਸਤਿਕਾਰ ਵੱਡੀ ਲੀਡ ਨਾਲ ਜਿੱਤ ਦਾ ਪ੍ਰਤੀਕ ਦਰਸਾ ਰਿਹਾ ਹੈ। ਆਮ ਆਦਮੀ ਪਾਰਟੀ ਜੋ ਲੋਕਾਂ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਦਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।

## ਕਰਮਵੀਰ ਵੱਲੋਂ ਹਰਵਿੰਦਰ ਸਿੰਘ ਦੇ ਹੱਕ 'ਚ ਚੋਣ ਪ੍ਰਚਾਰ



ਦਸੂਹਾ, 24 ਮਈ (ਰਾਜਿੰਦਰ ਸਿੰਘ ਦਸੂਹਾ): ਦਸੂਹਾ ਸ਼ਹਿਰ ਵਿੱਚ ਮਿਊਂਸੀਪਲ ਕਾਰਪੋਰੇਸ਼ਨ ਚੋਣਾਂ ਲਈ ਵੱਖ-ਵੱਖ ਪਾਰਟੀਆਂ ਦੇ 45 ਉਮੀਦਵਾਰ ਆਪਣੀ ਜ਼ੋਰ ਅਜਮਾਈ ਕਰ ਰਹੇ ਹਨ, ਜਿਸ ਵਿੱਚ ਆਮ ਆਦਮੀ ਪਾਰਟੀ ਦੇ 15 ਕਾਂਗਰਸ ਪਾਰਟੀ ਦੇ 15 ਭਾਰਤੀ ਜਨਤਾ ਪਾਰਟੀ ਦੇ 12 ਤੇ ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਉਮੀਦਵਾਰ ਚੋਣ ਮੈਦਾਨ ਵਿੱਚ ਉਤਰੇ ਹਨ। ਪਾਰਟੀ ਦੇ ਆਗੂਆਂ ਵੱਲੋਂ ਆਪਣੇ-ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਘਰੋਂ-ਘਰੀਂ, ਗਲੀ-ਗਲੀ, ਮੁਹੱਲਾ-ਮੁਹੱਲਾ ਜਾ ਕੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਤੇ ਲੋਕਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਵੱਲੋਂ ਵਾਰਡ ਨੰਬਰ 10 ਵਿੱਚ ਹਰਵਿੰਦਰ ਸਿੰਘ ਕਾਹਲੋਂ ਝਾੜੂ ਦੇ ਨਿਸ਼ਾਨ 'ਤੇ ਚੋਣ ਲੜ ਰਹੇ ਹਨ। ਬੀਤੀ ਰਾਤ ਹਲਕਾ ਵਿਧਾਇਕ ਕਰਮਵੀਰ ਸਿੰਘ ਘੁੰਮਣ ਵੱਲੋਂ ਵਾਰਡ ਨੰਬਰ 10 ਵਿੱਚ ਹਰਵਿੰਦਰ ਸਿੰਘ ਕਾਹਲੋਂ ਦੇ ਸਮਰਥਨ ਵਿੱਚ ਇੱਕ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਮੁਹੱਲਾ ਕਹਿਰਵਾਲੀ, ਜਪਾਨੀ ਕਲੋਨੀ, ਪਨਵਾ ਰੋਡ ਤੋਂ ਭਾਰੀ ਗਿਣਤੀ ਵਿੱਚ ਲੋਕਾਂ ਦਾ ਇਕੱਠ ਹੋਇਆ। ਵਿਧਾਇਕ ਕਰਮਵੀਰ ਸਿੰਘ ਘੁੰਮਣ ਨੇ ਕਿਹਾ ਕਿ ਹਰਵਿੰਦਰ ਸਿੰਘ ਕਾਹਲੋਂ ਇੱਕ ਪੜ੍ਹੇ-ਲਿਖੇ ਹੋਣਹਾਰ ਸਮਾਜ ਸੇਵੀ ਹਨ, ਜੋ ਲੋਕਾਂ ਦੇ ਦੁੱਖ-ਸੁੱਖ ਵਿੱਚ ਹਰ ਸਮੇਂ ਸਾਥ ਦਿੰਦੇ ਹਨ ਤੇ ਆਪਣੇ ਵਾਰਡ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਨੇ ਵਾਰਡ ਨੰਬਰ 10 ਵਾਸੀਆਂ ਨੂੰ ਅਪੀਲ ਕੀਤੀ ਕਿ ਕ੍ਰਿਪਾ ਕਰਕੇ ਆਪਣਾ ਕੀਮਤੀ ਵੋਟ ਨੌਜਵਾਨ ਆਗੂ ਹਰਵਿੰਦਰ ਸਿੰਘ ਕਾਹਲੋਂ ਨੂੰ ਪਾ ਕੇ ਕਾਮਯਾਬ ਬਣਾਓ। ਅਖੀਰ ਵਿੱਚ ਹਰਵਿੰਦਰ ਸਿੰਘ ਕਾਹਲੋਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਆਏ ਹੋਏ ਲੋਕਾਂ ਨੂੰ ਵੋਟਾਂ ਪਾਉਣ ਦੀ ਬੇਨਤੀ ਕੀਤੀ ਤੇ ਇਕੱਠੇ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਹਰਜੀਤ ਸਿੰਘ ਕਾਹਲੋਂ, ਹਰਮਿੰਦਰ ਸਿੰਘ ਫੌਜੀ, ਸਰਬਜੀਤ ਕਾਹਲੋਂ, ਦਵਿੰਦਰ ਸਿੰਘ ਠੇਠੀ, ਸੁਰਜੀਤ ਸਿੰਘ ਠੇਠੀ, ਅਵਤਾਰ ਸਿੰਘ, ਬੱਬਲੂ, ਰਣਜੀਤ ਸਿੰਘ, ਰਾਣਾ ਸੰਧੂ, ਨਵਦੀਪ ਸੰਧੂ, ਜਰਨੈਲ ਸਿੰਘ, ਜੋਗਾ ਸਿੰਘ ਠੇਠੀ, ਸੁਰਿੰਦਰ ਸਿੰਘ, ਸ਼ਿੰਗਾਰਾ ਸਿੰਘ, ਸੁੱਚਾ ਸਿੰਘ, ਗੁਰਦੀਪ ਸਿੰਘ, ਗੁਰਦੀਪ ਸਿੰਘ ਹਾਜ਼ਰ ਸਨ।

## ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ 600 ਲਾਭਪਾਤਰੀ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



ਚੱਬੇਵਾਲ, 24 ਮਈ (ਵਿਜੇ ਬਜਰਾਵਰ): ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕਰਦੇ ਹੋਏ ਤੇ ਭੋਜਨ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਐਤਵਾਰ ਨੂੰ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਪੰਜਾਬ ਸਰਕਾਰ ਦੀ ਮਹੱਤਵਪੂਰਨ ਮੇਰੀ ਰਸੋਈ ਯੋਜਨਾ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪਿੰਡ ਚੱਬੇਵਾਲ ਤੇ ਅਜਨੋਹਾ ਦੇ ਲਗਭਗ 600 ਲਾਭਪਾਤਰੀ ਪਰਿਵਾਰਾਂ ਨੂੰ ਮੁਫਤ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਵਿਧਾਇਕ ਨੇ ਚੱਬੇਵਾਲ ਵਿੱਚ ਲਗਭਗ 250 ਤੇ ਅਜਨੋਹਾ ਵਿੱਚ 350 ਲਾਭਪਾਤਰੀ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ। ਉਨ੍ਹਾਂ ਦੱਸਿਆ ਕਿ ਹਲਕੇ ਦੇ ਸਾਰੇ ਯੋਗ ਲਾਭਪਾਤਰੀਆਂ ਨੂੰ 30 ਜੂਨ ਤੱਕ ਇਸ ਯੋਜਨਾ ਦਾ ਲਾਭ ਪਹੁੰਚਦਾ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਚੱਬੇਵਾਲ ਪੰਜਾਬ ਦੇ ਚੋਣਵੇਂ ਹਲਕਿਆਂ ਦੇ ਸਮੂਹ ਵਿੱਚ ਸ਼ਾਮਲ ਹੋ ਗਿਆ ਹੈ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਸਿੱਧੂ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ, ਇਸ ਯੋਜਨਾ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਸ਼ੁਰੂ ਹੋ ਗਿਆ ਹੈ।ਇਸ ਮੌਕੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਮੇਰੀ ਰਸੋਈ ਯੋਜਨਾ ਦਾ ਉਦੇਸ਼ ਗਰੀਬ ਤੇ ਮੱਧ ਵਰਗੀ ਪਰਿਵਾਰਾਂ 'ਤੇ ਵੱਧ ਰਹੇ ਰਸੋਈ ਖਰਚਿਆਂ ਦੇ ਬੋਝ ਨੂੰ ਘਟਾਉਣਾ ਤੇ ਔਰਤਾਂ ਤੇ ਬੱਚਿਆਂ ਨੂੰ ਬਿਹਤਰ ਪੋਸ਼ਣ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ ਹਰੇਕ ਲਾਭਪਾਤਰੀ ਪਰਿਵਾਰ ਨੂੰ ਇੱਕ ਵਿਸ਼ੇਸ਼ ਰਾਸ਼ਨ ਕਿੱਟ ਮਿਲੇਗੀ ਜਿਸ ਵਿੱਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਆਇਓਡੀਨ ਵਾਲਾ ਨਮਕ, 200 ਗ੍ਰਾਮ ਹਲਦੀ ਤੇ 1 ਲੀਟਰ ਸਰ੍ਹੋਂ ਦਾ ਤੇਲ ਹੋਵੇਗਾ। ਇਸ ਮੌਕੇ ਕਈ ਪਾਰਟੀ ਅਧਿਕਾਰੀ, ਵਲੰਟੀਅਰ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਕਮੇਟੀ ਮੈਂਬਰ, ਸਰਪੰਚ, ਪੰਚ ਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਮੌਜੂਦ ਸਨ।

## ਨਰੇਗਾ ਮੁਲਾਜ਼ਮਾਂ ਵੱਲੋਂ ਮੰਗਾਂ ਸਬੰਧੀ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਐਲਾਨ



ਕਾਦੀਆਂ, 24 ਮਈ (ਸਿਕੰਦਰ ਸੰਧੂ): ਨਰੇਗਾ ਮੁਲਾਜ਼ਮਾਂ ਦੀਆਂ ਮੰਗਾਂ ਤੇ ਰਹਿੰਦੀ ਪਿਛਲੀਆਂ ਸਾਰੀਆਂ ਤਨਖ਼ਾਹਾਂ ਜਾਰੀ ਕਰਵਾਉਣ ਸਬੰਧੀ ਰੋਸ ਵਜੋਂ ਮਿਤੀ 25.5.26 ਨੂੰ ਜ਼ਿਲ੍ਹਾ ਚੋਣ ਹਲਕਾ ਨੂੰ ਵਫ਼ਦ ਰੂਪ ਵਿੱਚ ਮਿਲ ਕੇ ਨਰੇਗਾ ਮੁਲਾਜ਼ਮਾਂ 'ਤੇ ਹੋ ਰਹੇ ਧੱਕੇਸ਼ਾਹੀ ਸਬੰਧੀ ਸੰਘਰਸ਼ ਦਾ ਐਲਾਨ ਕਰਕੇ ਸਰਕਾਰ ਖ਼ਿਲਾਫ ਰੋਸ ਜ਼ਾਹਿਰ ਕੀਤਾ। ਮਗਨਰੇਗਾ ਕਰਮਚਾਰੀ ਯੂਨੀਅਨ (ਪੰਜਾਬ) ਦੇ ਜ਼ਿਲ੍ਹਾ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਸੂਬੇ ਭਰ ਦੇ ਨਰੇਗਾ ਮੁਲਾਜ਼ਮ ਇਸ ਸਮੇਂ ਬੜੀ ਤਣਾਅਪੂਰਨ ਸਥਿੱਤੀ ਵਿੱਚੋਂ ਗੁਜ਼ਰ ਰਹੇ ਹਨ। ਇੱਕ ਪਾਸੇ ਬੇਤਿਹਸਾ ਕੰਮਾਂ ਦਾ ਬੋਝ ਤੇ ਦੂਜੇ ਪਾਸੇ ਨਿਗੁਣੀਆ ਤਨਖਾਹਾਂ ਜੋ ਕਿ ਪਿਛਲੇ 5-6 ਮਹੀਨਿਆਂ ਤੋਂ ਲਟਕਦੀਆਂ ਆ ਰਹੀਆਂ ਹਨ। ਇਸ ਸਥਿਤੀ ਵਿੱਚ ਘਰਦਾ ਗੁਜ਼ਾਰਾ ਕਰਨਾ ਬੜਾ ਮੁਸ਼ਕਿਲ ਹੋ ਗਿਆ ਹੈ, ਸਾਰੇ ਨਰੇਗਾ ਮੁਲਾਜ਼ਮ ਤਕਰੀਬਨ ਗਰੀਬ ਤੇ ਆਮ ਘਰਾਂ ਤੋਂ ਸਬੰਧ ਰੱਖਦੇ ਹਨ, ਜਿਨ੍ਹਾਂ ਦਾ ਗੁਜ਼ਾਰਾ ਤਨਖਾਹ ਨਾਲ ਹੀ ਚੱਲਦਾ ਹੈ, ਅਜਿਹੀ ਸਥਿਤੀ ਵਿੱਚ 6-6 ਮਹੀਨੇ ਬਿਨਾਂ ਤਨਖਾਹਾਂ ਤੋਂ ਗੁਜ਼ਾਰਾ ਨਹੀਂ ਕੀਤਾ ਜਾ ਸਕਦਾ। ਉਪਰੋਂ ਅਫ਼ਸਰ-ਸ਼ਾਹੀ ਵੱਲੋਂ ਜਾਣਬੁੱਝ ਕੇ ਨਰੇਗਾ ਮੁਲਾਜ਼ਮਾਂ ਨੂੰ ਨਵੇਂ-ਨਵੇਂ ਟਾਰਗੇਟ ਦਿੱਤੇ ਜਾ ਰਹੇ ਹਨ, ਜੋ ਕਿ ਸਰਾਸਰ ਗ਼ਲਤ ਹੈ। ਨਰੇਗਾ ਮੁਲਾਜ਼ਮ ਪੰਚਾਇਤੀ ਵਿਭਾਗ ਦੀ ਰੀੜ੍ਹ ਦੀ ਹੱਡੀ ਹੈ। ਲਗਭਗ 17-18 ਸਾਲਾਂ ਤੋਂ ਪਿੰਡਾਂ ਦਾ 80 ਪਰਸੈਂਟ ਵਿਕਾਸ ਸਾਡੇ ਦੁਆਰਾ ਕਰਵਾਇਆ ਜਾ ਰਿਹਾ ਹੈ। ਯੂਨੀਅਨ ਵੱਲੋਂ ਲਗਾਤਾਰ ਵਿਭਾਗ ਨਾਲ ਤਾਲਮੇਲ ਕਰਕੇ ਆਪਣੀਆਂ ਮੰਗਾ ਸਬੰਧੀ ਜਾਣੂੰ ਕਰਵਾਇਆ ਗਿਆ, ਪ੍ਰੰਤੂ ਅਜੇ ਤੱਕ ਸਾਡੀਆਂ ਪ੍ਰਵਾਨ ਹੋਈਆਂ ਮੰਗਾਂ ਦਾ ਪੱਤਰ ਜਾਰੀ ਨਹੀਂ ਕੀਤਾ ਗਿਆ, ਜਿਸ ਬਾਬਤ ਵਾਰ-ਵਾਰ ਮੰਗ ਪੱਤਰ ਵੀ ਦਿੱਤੇ ਜਾ ਚੁੱਕੇ ਹਨ। ਜਿਸ ਦੇ ਰੋਸ ਵਜੋਂ ਮਿਤੀ 25.5.26 ਨੂੰ ਜ਼ਿਲ੍ਹਾ ਚੋਣ ਹਲਕਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਹਲਕੇ ਦੇ ਵਫ਼ਦ ਰੂਪ ਵਿੱਚ ਮਿਲ ਕੇ ਨਰੇਗਾ ਮੁਲਾਜ਼ਮਾਂ 'ਤੇ ਹੋ ਰਹੇ ਧੱਕੇਸ਼ਾਹੀ ਬਾਰੇ ਜਾਣੂੰ ਕਰਵਾਇਆ ਜਾਵੇਗਾ। ਜੇਕਰ ਫਿਰ ਵੀ ਮੰਗਾਂ ਲਾਗੂ ਤੇ ਰਹਿੰਦੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਕੰਮ ਮੁਕੰਮਲ ਬੰਦ ਕਰਕੇ ਹੜਤਾਲ ਕੀਤੀ ਜਾਵੇਗੀ ਤੇ ਕੈਬਨਿਟ ਮੰਤਰੀਆਂ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਸੁਖਰਾਜ ਸਿੰਘ, ਜੁਗਰਾਜ ਸਿੰਘ, ਵਿਕਰਮ ਹਿਮਤ ਸਿੰਘ, ਹਰਵਿੰਦਰ ਸਿੰਘ, ਦਲਜੀਤ ਸਿੰਘ ਟੀਏ, ਜੋਬਨਪ੍ਰੀਤ ਸਿੰਘ, ਸਮੀਤ ਥਾਪਾ, ਸਿਮਰਨ ਸਿੰਘ, ਜਸਵਿੰਦਰ ਸਿੰਘ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਵੱਲੋਂ ਕੈਂਸਰ ਤੇ ਮੈਡੀਕਲ ਚੈਕਅੱਪ ਕੈਂਪ 30 ਨੂੰ: ਚਰੜ, ਗਾਂਧੀ



ਟਾਂਡਾ ਉੜਮੁੜ, 24 ਮਈ (ਅਰਜੁਨ ਜੈਨ): ਲੋਕ ਸੇਵਾ ਵੈਲਫੇਅਰ ਸੁਸਾਇਟੀ ਦੇ ਸਰਪ੍ਰਸਤ ਰਛਪਾਲ ਸਿੰਘ ਚਰੜ ਦੀ ਅਗਵਾਈ ਵਿੱਚ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਚੇਅਰਮੈਨ ਕੁਲਵੰਤ ਸਿੰਘ ਧਾਲੀਵਾਲ ਤੇ ਮਾਂ ਮਤੇਸ਼ਵਰੀ ਚਿੰਤਪੁਰਨੀ ਮੰਦਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਦੇ ਸਹਿਯੋਗ ਨਾਲ ਬਾਬਾ ਬੂਟਾ ਭਗਤ ਹਾਲ ਉੜਮੁੜ ਵਿਖੇ 30 ਮਈ ਨੂੰ ਲਗਾਇਆ ਜਾ ਰਿਹਾ ਮੁਫ਼ਤ ਵਿਸ਼ਾਲ ਮੈਡੀਕਲ ਚੈਕਅੱਪ ਤੇ ਵਰਲਡ ਕੈਂਸਰ ਕੈਂਪ ਸਬੰਧੀ ਪੋਸਟਰ ਜਾਰੀ ਕੀਤਾ ਗਿਆ।ਇਸ ਵਿਸ਼ਾਲ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਲੋਕ ਸੇਵਾ ਵੈਲਫ਼ੇਅਰ ਸੁਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਅਜੋਕੇ ਮਹਿੰਗਾਈ ਭਰੇ ਯੁਗ ਵਿੱਚ ਗਰੀਬ ਬੇਸਹਾਰਾ ਲਾਚਾਰ ਮਹਿੰਗੇ ਇਲਾਜ ਤੋਂ ਵੰਚਿਤ ਮਰੀਜ਼ਾਂ ਦੀ ਸਾਡੀ ਸੁਸਾਇਟੀ ਹਰ ਪੱਖੋਂ ਸਹਾਇਤਾ ਕਰ ਰਹੀ ਹੈ ਤਾਂ ਜੋ ਕੀਮਤੀ ਜ਼ਿੰਦਗੀਆਂ ਬਚਾਈਆਂ ਜਾ ਸਕਣ।ਰਸ਼ਪਾਲ ਚਰੜ ਨੇ ਕਿਹਾ ਕਿ ਇਸ ਵਿਸ਼ਾਲ ਕੈਂਪ ਵਿੱਚ ਕੈਂਸਰ ਦੇ ਮਾਹਿਰ ਡਾਕਟਰ, ਨਿਓਨੈਟੋਲੋਜਿਸਟ ਡਾ. ਅੰਕਿਤ ਗੋਇਲ, ਬੱਚਿਆਂ ਦੀ ਸਪੈਸ਼ਲਿਸਟ ਡਾ. ਪ੍ਰਗਤੀ ਗੋਇਲ ਤੇ ਅੱਖਾਂ ਦੇ ਡਾਕਟਰ ਤੋਂ ਇਲਾਵਾ ਆਰਥੋਪੈਡਿਕਸ ਡਾਕਟਰ ਇੰਦਰਦੀਪ ਸਿੰਘ ਮਰੀਜ਼ਾਂ ਦਾ ਚੈਕਅੱਪ ਕਰਕੇ ਮਰੀਜ਼ਾਂ ਨੂੰ ਜ਼ਰੂਰਤ ਅਨੁਸਾਰ ਮੁਫਤ ਦਵਾਈਆਂ ਦੇਣਗੇ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਲੈਬੋਟਰੀ ਟੈਕਨੀਸ਼ੀਅਨ ਸ਼ੂਗਰ ਤੋਂ ਇਲਾਵਾ ਹੋਰ ਟੈਸਟ ਮੁਫਤ ਕਰਨਗੇ।

## ਕੁਲਵਿੰਦਰ ਸਿੰਘ ਦੇ ਕਤਲ ਮਾਮਲੇ 'ਚ ਇਨਸਾਫ ਲਈ ਧਰਨਾ



ਕਾਹਨੂੰਵਾਨ, 24 ਮਈ (ਕੁਲਜੀਤ ਖੋਖਰ): ਕਾਹਨੂੰਵਾਨ ਦੇ ਨਵਾਂ ਪਿੰਡ ਵਿੱਚ ਇੱਕ ਕਿਸਾਨ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਕੁਲਵਿੰਦਰ ਸਿੰਘ ਵਜੋਂ ਹੋਈ ਹੈ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਗੁਆਂਢੀ ਪਰਿਵਾਰ ਦੇ ਕੁਝ ਮੈਂਬਰਾਂ ਨੇ ਪਹਿਲਾਂ ਕੁਲਵਿੰਦਰ ਸਿੰਘ ਨੂੰ ਅਗਵਾ ਕੀਤਾ ਤੇ ਬਾਅਦ ਵਿੱਚ ਉਸਦਾ ਕਤਲ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਦਾ ਮਾਹੌਲ ਬਣ ਗਿਆ ਹੈ। ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਪ੍ਰਸ਼ਾਸਨ ਖ਼ਿਲਾਫ਼ ਧਰਨਾ ਲਗਾਇਆ ਗਿਆ ਹੈ। ਧਰਨੇ ਦੌਰਾਨ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਰਾਜੂ, ਜ਼ਿਲ੍ਹਾ ਪ੍ਰਧਾਨ ਸੋਨੂੰ ਚੱਢਾ, ਜਰਨਲ ਸਕੱਤਰ ਗੁਰਪ੍ਰੀਤ ਸਿੰਘ ਬੋਪਾਰਾਏ, ਸਰਪੰਚ ਬਲਕਾਰ ਸਿੰਘ, ਨਿਸ਼ਾਨ ਸਿੰਘ ਪੰਨੂੰ, ਰਾਜੂ ਧੱਕੜ ਤੇ ਮਨੋਹਰ ਸਿੰਘ ਸਮੇਤ ਹੋਰ ਆਗੂਆਂ ਨੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਹਰ ਹਾਲਤ ਵਿੱਚ ਇਨਸਾਫ ਲਈ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਗੁਰਦਾਸਪੁਰ ਤੋਂ ਸ੍ਰੀ ਹਰਿਗੋਬਿੰਦਪੁਰ ਰੋਡ 'ਤੇ ਸਠਿਆਲੀ ਪੁਲ ਕੋਲ ਆਵਾਜਾਈ ਬੰਦ ਕਰਕੇ ਰੋਸ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਆਉਣ-ਜਾਣ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਪੁਲਿਸ ਪ੍ਰਸ਼ਾਸਨ ਵੱਲੋਂ ਪਰਿਵਾਰ ਨੂੰ ਭਰੋਸਾ ਦਿੱਤਾ ਗਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਪ੍ਰੀਲੀਮੀਨਰੀ ਐਜੂਕੇਸ਼ਨ ਸਟੱਡੀ ਸੈਂਟਰ, ਸਲੱਮ ਏਰੀਆ ਮਾਨ ਕੌਰ 'ਚ ਨੌਜਵਾਨ ਪ੍ਰਤਿਭਾਵਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ



ਗੁਰਦਾਸਪੁਰ, 24 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਪ੍ਰੀਲੀਮੀਨਰੀ ਐਜੂਕੇਸ਼ਨ ਸਟੱਡੀ ਸੈਂਟਰ, ਸਲੱਮ ਏਰੀਆ ਮਾਨ ਕੌਰ ਗੁਰਦਾਸਪੁਰ ਵਿੱਚ ਉਪਲਬਧੀ ਸਨਮਾਨ ਸਮਾਰੋਹ ਕਰਵਾਇਆ ਗਿਆ। ਇਹ ਸਮਾਰੋਹ ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਦੀ ਗਤੀਸ਼ੀਲ ਅਗਵਾਈ ਹੇਠ ਕੀਤਾ ਗਿਆ, ਜਿਸਦਾ ਉਦੇਸ਼ ਪਿੱਛੜੇ ਵਰਗਾਂ ਦੇ ਬੱਚਿਆਂ ਦੀ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਦਾ ਸਨਮਾਨ ਕਰਨਾ ਸੀ। ਇਸ ਸਮਾਰੋਹ ਵਿੱਚ ਉਨ੍ਹਾਂ ਵਿਦਿਆਰਥੀਆਂ ਦੀ ਮਿਹਨਤ, ਲਗਨ ਤੇ ਦ੍ਰਿੜਤਾ ਦਾ ਜਸ਼ਨ ਮਨਾਇਆ ਗਿਆ, ਜਿਨ੍ਹਾਂ ਨੇ ਇਸ ਸਾਲ ਆਪਣੀਆਂ ਕਲਾਸਾਂ ਵਿੱਚ ਉਤਮ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਬਾਲ ਭਲਾਈ ਕੌਂਸਲ, ਗੁਰਦਾਸਪੁਰ ਨੇ ਭਾਰਤ ਵਿਕਾਸ ਪ੍ਰੀਸ਼ਦ, ਗੁਰਦਾਸਪੁਰ ਦੇ ਸਹਿਯੋਗ ਨਾਲ ਹੋਣਹਾਰ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਦਾ ਖਾਸ ਆਕਰਸ਼ਣ ਮਿਸ ਨੇਹਾ ਦਾ ਸਨਮਾਨ ਸੀ, ਜਿਸਨੇ ਕਠਿਨ ਹਾਲਾਤਾਂ ਦੇ ਬਾਵਜੂਦ 12ਵੀਂ ਕਲਾਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਸਦੀ ਪ੍ਰੇਰਨਾਦਾਇਕ ਕਹਾਣੀ ਨੇ ਸਾਰੇ ਹਾਜ਼ਰੀਨਾਂ ਲਈ ਇੱਕ ਉਮੀਦ ਤੇ ਹੌਂਸਲੇ ਦੀ ਕਿਰਨ ਬਣ ਕੇ ਕੰਮ ਕੀਤਾ।ਉਨ੍ਹਾਂ ਨੇ ਝੁੱਗੀ-ਝੌਂਪੜੀ ਇਲਾਕਿਆਂ ਦੇ ਬੱਚਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਸੰਵਾਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਆਪਣੇ ਸੰਬੋਧਨ ਵਿੱਚ ਰੋਮੇਸ਼ ਮਹਾਜਨ ਨੇ ਕੇਂਦਰ ਦੀ ਸ਼ਾਨਦਾਰ ਯਾਤਰਾ ਸਾਂਝੀ ਕੀਤੀ। ਜਿੱਥੇ ਸ਼ੁਰੂਆਤ ਸਿਰਫ਼ ਤਿੰਨ ਬੱਚਿਆਂ ਨਾਲ ਟੈਂਟ ਹੇਠ ਹੋਈ ਸੀ ਤੇ ਅੱਜ ਇਹ ਇੱਕ ਆਧੁਨਿਕ ਤੇ ਸੁਵਿਧਾਜਨਕ ਸਿੱਖਿਆ ਕੇਂਦਰ ਬਣ ਚੁੱਕਾ ਹੈ। ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਨੇ ਰੋਮੇਸ਼ ਮਹਾਜਨ ਦੀ ਇਸ ਵਿਲੱਖਣ ਤੇ ਸੇਵਾਮਈ ਪਹਿਲ ਦੀ ਭਰਪੂਰ ਸਰਾਹਨਾ ਕੀਤੀ।ਇਸ ਸਮਾਰੋਹ ਵਿੱਚ ਲਾਇਨ ਕੇ.ਪੀ. ਸਿੰਘ, ਸਮਰਪਿਤ ਅਧਿਆਪਕ ਆਸ਼ੂ, ਮਨਜੀਤ ਕੌਰ ਤੇ ਕਿਰਨ ਤ੍ਰੇਹਣ ਦੇ ਨਾਲ ਨਾਲ ਸਥਾਨਕ ਭਾਈਚਾਰੇ ਦੇ ਸਨਮਾਨਿਤ ਮੈਂਬਰਾਂ ਦੀ ਹਾਜ਼ਰੀ ਨੇ ਇਸਨੂੰ ਇੱਕ ਯਾਦਗਾਰ ਤੇ ਪ੍ਰੇਰਕ ਅਨੁਭਵ ਬਣਾਇਆ।

## ਨਗਰ ਨਿਗਮ ਚੋਣਾਂ 'ਚ ਭਾਜਪਾ ਦੇ ਉਮੀਦਵਾਰ ਵੱਡੇ ਫਰਕ ਨਾਲ ਜਿੱਤਣਗੇ ਤੇ ਆਪਣਾ ਮੇਅਰ ਚੁਣਨਗੇ: ਡਾ. ਸੀਮਾਂਤ ਗਰਗ



ਮੋਗਾ, 24 ਮਈ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਨਗਰ ਨਿਗਮ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਭਾਰੀ ਬਹੁਮਤ ਨਾਲ ਜਿੱਤਣ, ਆਪਣਾ ਮੇਅਰ ਚੁਣਨ ਤੇ ਨਿਗਮ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਕੇ ਵਿਕਾਸ ਕਾਰਜਾਂ ਦੀ ਗੁਣਵੱਤਾ ਨੂੰ ਤਰਜੀਹ ਦੇਣ ਲਈ ਤਿਆਰ ਹਨ। ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਵਾਰਡ ਨੰਬਰ 38 (ਰੇਣੂ ਮੰਗਲਾ, ਸੋਨੀ ਮੰਗਲਾ ਦੀ ਪਤਨੀ ਦੁਆਰਾ ਪ੍ਰਤੀਨਿਧਤਾ), ਵਾਰਡ ਨੰਬਰ 19, ਵਾਰਡ ਨੰਬਰ 20 (ਸੋਨੂੰ ਅਰੋੜਾ ਦੀ ਪਤਨੀ ਦੁਆਰਾ ਪ੍ਰਤੀਨਿਧਤਾ), ਵਾਰਡ ਨੰਬਰ 21, ਵਾਰਡ ਨੰਬਰ 23, ਵਾਰਡ ਨੰਬਰ 41, ਵਾਰਡ ਨੰਬਰ 37, ਵਾਰਡ ਨੰਬਰ 07, ਵਾਰਡ ਨੰਬਰ 14 ਤੇ ਵਾਰਡ ਨੰਬਰ 21 ਸਮੇਤ ਵੱਖ-ਵੱਖ ਵਾਰਡਾਂ ਵਿੱਚ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਘਰ-ਘਰ ਜਾ ਕੇ ਚੋਣ ਮੁਹਿੰਮ ਚਲਾਉਂਦੇ ਹੋਏ ਪ੍ਰਗਟ ਕੀਤੀਆਂ ਤੇ ਵੋਟਰਾਂ ਨੂੰ ਪਾਰਟੀ ਦੇ ਕਮਲ ਚਿੰਨ੍ਹ ਲਈ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਕੋਆਰਡੀਨੇਟਰ ਰਾਕੇਸ਼ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਨਿਲ ਬਾਂਸਲ, ਮੰਡਲ ਪ੍ਰਧਾਨ (ਬਾਘਾ ਪੁਰਾਣਾ) ਦੀਪਕ ਤਲਵਾੜ, ਕਵਿਤਾ ਅਰੋੜਾ (ਵਾਰਡ ਨੰਬਰ 20 ਉਮੀਦਵਾਰ ਸੋਨੂੰ ਅਰੋੜਾ ਦੀ ਪਤਨੀ), ਨਾਨਕ ਚੋਪੜਾ, ਸ਼ਿਵ ਟੰਡਨ, ਡਾ. ਸੰਜੀਵ ਮਿੱਤਲ, ਵਾਰਡ ਨੰਬਰ 21 ਉਮੀਦਵਾਰ ਵਿੱਕੀ ਸਿਤਾਰਾ, ਮੁਕੇਸ਼ ਸ਼ਰਮਾ, ਭਜਨ ਲਾਲ ਸਿਤਾਰਾ, ਸੰਜੀਵ ਅਗਰਵਾਲ, ਭਾਜਪਾ ਦੇ ਉਪ ਪ੍ਰਧਾਨ ਰਾਹੁਲ ਗਰਗ, ਵਾਰਡ ਨੰਬਰ 38 ਦੀ ਉਮੀਦਵਾਰ ਰੇਣੂ ਬਾਲਾ, ਉਪ ਪ੍ਰਧਾਨ ਸੋਨੀ ਮੰਗਲਾ, ਆਈਟੀ ਸੈਲ ਇੰਚਾਰਜ ਮੁਕੇਸ਼ ਸ਼ਰਮਾ ਆਦਿ ਨੇ ਚੋਣ ਪ੍ਰਚਾਰ ਕੀਤਾ।

## ਬਾਬਾ ਮਹਿਮਾ ਸਾਹਿਬ ਪਬਲਿਕ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਡੇਰਾ ਬਾਬਾ ਨਾਨਕ, 24 ਮਈ (ਹੈਪੀ ਕੋਟਲੀ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੀ ਨਾਮਵਰ ਸੰਸਥਾ ਬਾਬਾ ਮਹਿਮਾ ਸਾਹਿਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੋਹਲੋਵਾਲੀ ਦੇ ਵਿਦਿਆਰਥੀਆਂ ਨੇ 100 ਫੀਸਦੀ ਅੰਕ ਲੈ ਕੇ ਆਪਣੇ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਨੀਤ ਕੌਰ ਨੇ 90.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਪ੍ਰਨੀਤ ਕੌਰ ਨੇ 88 ਪ੍ਰਤੀਸ਼ਤ ਦੂਸਰਾ ਸਥਾਨ, ਰਿਪਨਦੀਪ ਕੌਰ 88 ਪ੍ਰਤੀਸ਼ਤ ਤੀਸਰਾ ਸਥਾਨ, ਸਿਮਰਪ੍ਰੀਤ ਕੌਰ 87.4 ਪ੍ਰਤੀਸ਼ਤ ਚੌਥਾ ਸਥਾਨ, ਜਸ਼ਨਪ੍ਰੀਤ ਕੌਰ ਨੇ 84.2 ਪ੍ਰਤੀਸ਼ਤ ਪੰਜਵਾਂ ਸਥਾਨ, ਸਨਮਾਨਿਤਪ੍ਰੀਤ ਕੌਰ ਨੇ 83.4 ਪ੍ਰਤੀਸ਼ਤ ਸੇਵਾ ਸਥਾਨ, ਰਮਨਪ੍ਰੀਤ ਕੌਰ 83.4 ਪ੍ਰਤੀਸ਼ਤ ਸੱਤਵਾਂ ਸਥਾਨ, ਹਰਨੂਰਪ੍ਰੀਤ ਸਿੰਘ 83.4 ਪ੍ਰਤੀਸ਼ਤ ਅੱਠਵਾਂ ਸਥਾਨ, ਅਨਮੋਲਪ੍ਰੀਤ ਕੌਰ 83.4 ਪ੍ਰਤੀਸ਼ਤ ਨੌਵਾਂ ਸਥਾਨ, ਜਸ਼ਨਪ੍ਰੀਤ ਕੌਰ 82.2 ਪ੍ਰਤੀਸ਼ਤ ਦਸਵਾਂ ਸਥਾਨ, ਅਮਾਨਤਪ੍ਰੀਤ ਕੌਰ 81.6 ਪ੍ਰਤੀਸ਼ਤ ਗਿਆਰਵਾਂ ਸਥਾਨ, ਲਵਪ੍ਰੀਤ ਸਿੰਘ 81.8 ਪ੍ਰਤੀਸ਼ਤ ਬਾਰ੍ਹਵਾਂ ਸਥਾਨ ਤੇ ਅਜੈਵੀਰ ਸਿੰਘ ਨੇ 81 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੇਰਵਾਂ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੇ ਐਮ.ਡੀ. ਪ੍ਰੀਤਮ ਸਿੰਘ ਧਾਲੀਵਾਲ ਵੱਲੋਂ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਦੇ ਵਿਦਿਆਰਥੀ ਸਾਲ ਭਰ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ ਤੇ ਵੱਖ-ਵੱਖ ਵਿਦਿਅਕ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੀ ਵਿਲੱਖਣ ਪਛਾਣ ਬਣਾਉਂਦੇ ਰਹੇ ਹਨ। ਇਸ ਮੌਕੇ ਐਮ.ਡੀ. ਪ੍ਰੀਤਮ ਸਿੰਘ ਧਾਲੀਵਾਲ, ਤਲਬੀਰ ਕੌਰ, ਪੂਨਮਦੀਪ ਕੌਰ, ਨਰਪਿੰਦਰ ਕੌਰ, ਨਵਮੀਤ ਕੌਰ, ਰਾਜਬੀਰ ਕੌਰ, ਸ਼ਰਨਜੀਤ ਸਿੰਘ, ਸਿਮਰਜੀਤ ਸਿੰਘ ਆਦਿ ਹੋਰ ਸਕੂਲ ਸਟਾਫ ਮੈਂਬਰ ਹਾਜ਼ਰ ਸਨ।

## ਡੇਂਗੂ 'ਤੇ ਵਾਰ ਤਹਿਤ ਸਰਕਾਰੀ ਦਫ਼ਤਰਾਂ ਤੇ ਪ੍ਰਾਈਵੇਟ ਦਫਤਰਾਂ 'ਚ ਡੇਂਗੂ ਫੀਵਰ ਸਰਵੇ ਕਰਵਾਇਆ



ਕਲਾਨੌਰ, 24 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਮਾਣਯੋਗ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਪ੍ਰਭਾਕਰ ਤੇ ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਸਰਕਾਰੀ ਦਫਤਰ ਤੇ ਪ੍ਰਾਈਵੇਟ ਦਫਤਰਾਂ ਵਿੱਚ ਡੇਂਗੂ ਫੀਵਰ ਸਰਵੇ ਕਰਵਾਇਆ ਗਿਆ। ਇਸ ਮੌਕੇ ਡਾ. ਕੁਲਵਿੰਦਰ ਕੌਰ ਮੈਡੀਕਲ ਆਫਿਸਰ ਆਫ ਹੈਲਥ ਤੇ ਡਾ. ਗੁਰਪ੍ਰੀਤ ਕੌਰ ਜ਼ਿਲ੍ਹਾ ਐਪੀਡੀਮੋਲੋਜਿਸਟ ਗੁਰਦਾਸਪੁਰ ਨੇ 98 ਟੀਮਾਂ ਬਣਾ ਕੇ ਪੂਰੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਸ਼ਹਿਰੀ ਏਰੀਆ ਤੇ ਪੇਂਡੂ ਏਰੀਏ ਵਿੱਚ ਸਰਵੇ ਕਰਵਾਇਆ ਗਿਆ। ਇਸ ਦੌਰਾਨ ਡਾ. ਗੁਰਪ੍ਰੀਤ ਕੌਰ ਤੇ ਡਾ. ਕੁਲਵਿੰਦਰ ਕੌਰ ਨੇ ਖੁਦ ਸ਼ਹਿਰੀ ਏਰੀਏ ਦੇ ਦਫਤਰਾਂ ਵਿੱਚ ਜਾ ਕੇ ਸਰਵੇ ਕੀਤਾ ਤੇ ਦਫਤਰੀ ਸਟਾਫ ਤੇ ਆਮ ਪਬਲਿਕ ਨੂੰ ਡੇਂਗੂ ਮਲੇਰੀਆ ਤੇ ਚਿਕਨਗੁਣੀਆ ਬਾਰੇ ਜਾਣਕਾਰੀ ਦਿੱਤੀ ਗਈ ਤੇ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਡੇਂਗੂ ਤੇ ਚਿਕਨਗੁਣੀਆ ਬੁਖਾਰ ਮਾਦਾ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਤੇ ਇਹ ਸਿਰਫ ਦਿਨ ਵੇਲੇ ਕੱਟਦਾ ਹੈ, ਜੇਕਰ ਤੇਜ਼ ਬੁਖਾਰ ਸਿਰ ਦਰਦ ਮਾਸਪੇਸ਼ੀਆਂ ਵਿੱਚ ਦਰਦ ਚਮੜੀ ਦੇ ਦਾਣੇ ਅੱਖਾਂ ਦੇ ਪਿੱਛੇ ਹਿੱਸੇ ਵਿੱਚ ਦਰਦ ਮਸੂੜਿਆਂ ਤੇ ਨੱਕ ਵਿੱਚ ਖੂਨ ਦਾ ਵਗਣਾ ਇਹ ਡੇਂਗੂ ਤੇ ਚਿਕਨਗੁਣੀਆ ਬੁਖਾਰ ਹੋ ਸਕਦਾ ਹੈ। ਇਸ ਸਮੇਂ ਆਪਣੇ ਨਜ਼ਦੀਕੀ ਸਰਕਾਰੀ ਹਸਪਤਾਲ ਵਿਖੇ ਖੂਨ ਦੀ ਜਾਂਚ ਕਰਵਾਓ।ਇਸ ਮੌਕੇ ਹਰਪ੍ਰੀਤ ਸਿੰਘ ਐਚਆਈ, ਜੋਬਨਪ੍ਰੀਤ ਸਿੰਘ, ਮਹਿੰਦਰ ਪਾਲ, ਦਵਿੰਦਰ ਸਿੰਘ, ਨਿਕੁੰਜ ਮੋਹਨ, ਪਵਨ ਕੁਮਾਰ, ਅਮਨਪ੍ਰੀਤ ਸਿੰਘ, ਆਕਾਸ਼ਦੀਪ, ਰਮਨ ਕੁਮਾਰ, ਹਰਭੇਜ, ਬਰੀਡਿੰਗ ਚੈਕਰ ਤੇ ਨਰਸਿੰਗ ਸਕੂਲ ਸਿਵਲ ਸਰਜਨ ਦਫਤਰ ਦੇ ਵਿਦਿਆਰਥੀ ਆਦਿ ਹਾਜ਼ਰ ਸਨ।

## ਰੋਜ਼ਾਨਾ ਨਾਮ ਸਿਮਰਨ ਕਰਦੇ ਹੋਏ ਪ੍ਰਭੂ ਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦੈ: ਬਾਬਾ ਸ਼ੇਰ ਸਿੰਘ



ਟਾਂਡਾ ਉੜਮੁੜ, 24 ਮਈ (ਅਰਜੁਨ ਜੈਨ): ਹਰ ਇਨਸਾਨ ਨੂੰ ਰੋਜ਼ਾਨਾ ਨਾਮ ਸਿਮਰਨ ਕਰਦੇ ਹੋਏ ਪ੍ਰਭੂ ਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਇਸ ਮਨੁੱਖੀ ਜੀਵਨ ਦਾ ਅਸਲ ਮਕਸਦ ਹਾਸਲ ਕੀਤਾ ਜਾ ਸਕੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਇਨਸਾਨ ਦੁਨਿਆਵੀ ਮੋਹ ਮਾਇਆ ਦੇ ਜਾਲ ਵਿੱਚੋਂ ਨਿਕਲ ਕੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਸਵੇਰੇ ਉਠਦੇ ਸਾਰ ਹੀ ਮਾਲਕ ਨੂੰ ਯਾਦ ਕਰੇ ਤੇ ਪਰਮ-ਪਿਤਾ ਪਰਮੇਸ਼ਵਰ ਨੂੰ ਆਪਣੇ ਆਪ ਨੂੰ ਸੰਪੂਰਨ ਸਮਰਪਿਤ ਕਰ ਦੇਵੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਰ ਪਾਕ ਸੱਚੀ ਦਰਗਾਹ 'ਤੇ ਦੂਸਰਾ ਕਲੀਅਰ ਸ਼ਰੀਫ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਦੇ ਇਕੱਠ ਨੂੰ ਪ੍ਰਭੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕਿਹਾ ਕਿ ਦੁਨੀਆਂ ਦੇ ਮੋਹ ਮਾਇਆ ਜਾਲ ਤੋਂ ਮੁਕਤ ਹੋ ਕੇ ਆਪਣੀਆਂ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਹਰ ਇਨਸਾਨ ਨੂੰ ਸੰਤ ਮਹਾਂਪੁਰਸ਼ਾਂ ਦੇ ਕਹੇ ਅਨੁਸਾਰ ਪਰਮ-ਪਿਤਾ ਪਰਮੇਸ਼ਵਰ ਦਾ ਸਿਮਰਨ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਇਨਸਾਨ ਸਤਿਗੁਰ ਦੇ ਦਰਸਾਏ ਮਾਰਗ ਦੇ ਚੱਲਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ, ਉਹ ਉਸ ਮਾਲਕ ਦੀ ਸ਼ਰਨ ਪ੍ਰਾਪਤ ਕਰਕੇ ਇਸ ਆਵਾਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਲੈਂਦੇ ਹਨ।

# ਟਰੰਪ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਅਰਜ਼ੀ ਪ੍ਰਕਿਰਿਆ ਨੂੰ ਕੀਤਾ ਹੋਰ ਔਖਾ

ਨਵੀਂ ਦਿੱਲੀ, 24 ਮਈ (ਚ.ਨ.ਸ): ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਨੇ ਵਿਦੇਸ਼ੀ ਨਾਗਰਿਕਾਂ ਲਈ ਇੱਕ ਨਵਾਂ ਸਖ਼ਤ ਨਿਯਮ ਜਾਰੀ ਕੀਤਾ ਹੈ। ਹੁਣ, ਸੰਯੁਕਤ ਰਾਜ ਵਿੱਚ ਅਸਥਾਈ ਤੌਰ 'ਤੇ ਰਹਿ ਰਹੇ ਵਿਅਕਤੀ ਆਪਣੇ ਦੇਸ਼ ਵਾਪਸ ਆਉਣ ਤੋਂ ਬਾਅਦ ਹੀ ਗ੍ਰੀਨ ਕਾਰਡ (ਸਥਾਈ ਨਿਵਾਸ) ਲਈ ਅਰਜ਼ੀ ਦੇ ਸਕਣਗੇ। ਇਹ ਨੀਤੀ ਟਰੰਪ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਦਾ ਹਿੱਸਾ ਹੈ। **ਨਵਾਂ ਨਿਯਮ:** ਯੂਐਸਸੀਆਈਐਸ ਦੇ ਅਨੁਸਾਰ ਅਸਥਾਈ ਵੀਜ਼ਾ 'ਤੇ ਅਮਰੀਕਾ ਵਿੱਚ ਮੌਜੂਦਾ ਵਿਦੇਸ਼ੀ ਨਾਗਰਿਕ ਜੋ ਗ੍ਰੀਨ ਕਾਰਡ ਪ੍ਰਾਪਤ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣੇ ਮੂਲ ਦੇਸ਼ ਵਾਪਸ ਜਾਣਾ ਚਾਹੀਦਾ ਹੈ ਤੇ ਵਿਦੇਸ਼ ਵਿਭਾਗ ਰਾਹੀਂ ਅਰਜ਼ੀ ਦੇਣੀ ਚਾਹੀਦੀ ਹੈ। **ਸਰਕਾਰੀ ਤਰਕ:** ਯੂਐਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਨੇ ਕਿਹਾ




ਕਿ ਇਹ ਨੀਤੀ ਇਮੀਗ੍ਰੇਸ਼ਨ ਸਿਸਟਮ ਨੂੰ ਕਾਨੂੰਨ ਦੇ ਅਨੁਸਾਰ ਕੰਮ ਕਰਨ ਵਿੱਚ ਮਦਦ ਕਰੇਗੀ ਤੇ ਕਮੀਆਂ ਨੂੰ ਰੋਕੇਗੀ। ਇਹ ਯੂਐਸਸੀਆਈਐਸ ਨੂੰ ਹੋਰ ਮਾਮਲਿਆਂ ਲਈ ਆਪਣੇ ਸਰੋਤਾਂ ਨੂੰ ਨਿਰਧਾਰਿਤ ਕਰਨ ਦੀ ਵੀ ਆਗਿਆ ਦੇਵੇਗਾ। **ਮਾਨਵਤਾਵਾਦੀ ਚਿੰਤਾਵਾਂ:** ਪ੍ਰਵਾਸੀ ਸਹਾਇਤਾ ਸੰਗਠਨਾਂ, ਜਿਵੇਂ ਕਿ HIAS, ਨੇ ਇਸ ਨੀਤੀ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਤਰਕ ਹੈ ਕਿ ਇਸ ਦੇ ਨਤੀਜੇ ਵਜੋਂ ਮਨੁੱਖੀ ਤਸਕਰੀ ਦੇ ਪੀੜਤ, ਦੁਰਵਿਵਹਾਰ ਵਾਲੇ ਬੱਚਿਆਂ ਤੇ ਹੋਰ ਕਮਜ਼ੋਰ ਸਮੂਹਾਂ ਨੂੰ ਉਨ੍ਹਾਂ ਖਤਰਨਾਕ ਦੇਸ਼ਾਂ ਵਿੱਚ ਵਾਪਸ ਭੇਜਿਆ ਜਾਵੇਗਾ ਜਿੱਥੋਂ ਉਹ ਭੱਜ ਕੇ ਆਏ ਸਨ। **ਟਰੰਪ ਪ੍ਰਸ਼ਾਸਨ ਦੀ ਸਖ਼ਤੀ:** ਇਹ ਬਦਲਾਅ ਪਿਛਲੇ ਸਾਲ ਦੌਰਾਨ ਟਰੰਪ ਪ੍ਰਸ਼ਾਸਨ ਦੁਆਰਾ ਲਾਗੂ ਕੀਤੇ ਗਏ ਉਪਾਵਾਂ ਦੀ ਇੱਕ ਲੜੀ ਵਿੱਚ ਨਵੀਨਤਮ ਹੈ। ਪਹਿਲਾਂ, ਵਿਦਿਆਰਥੀ ਵੀਜ਼ਾ, ਸੱਭਿਆਚਾਰਕ ਵਟਾਂਦਰਾ ਵੀਜ਼ਾ ਤੇ ਮੀਡੀਆ ਵੀਜ਼ਾ ਲਈ ਵੈਲਿਡਿਟੀ ਦੀ ਮਿਆਦ ਘਟਾ ਦਿੱਤੀ ਗਈ ਸੀ। ਜਨਵਰੀ ਵਿੱਚ, ਵਿਦੇਸ਼ ਵਿਭਾਗ ਨੇ 100,000 ਤੋਂ ਵੱਧ ਵੀਜ਼ਾ ਰੱਦ ਕਰ ਦਿੱਤੇ ਸਨ।

# ਟਰੰਪ ਵੱਲੋਂ ਈਰਾਨ ਦੇ ਨਕਸ਼ੇ ਨੂੰ ਅਮਰੀਕੀ ਝੰਡੇ ਦੇ ਰੰਗਾਂ 'ਚ ਰੰਗਿਆ ਹੋਇਆ ਦਿਖਾਉਣ ਵਾਲੀ ਤਸਵੀਰ ਸਾਂਝੀ ਕਰਨ ਤੋਂ ਬਾਅਦ ਤਣਾਅ ਸਿਖ਼ਰ 'ਤੇ

ਵਾਸ਼ਿੰਗਟਨ/ਤਹਿਰਾਨ, 24 ਮਈ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੁਆਰਾ ਸੋਸ਼ਲ ਮੀਡੀਆ 'ਤੇ ਈਰਾਨ ਦੇ ਨਕਸ਼ੇ ਨੂੰ ਅਮਰੀਕੀ ਝੰਡੇ ਦੇ ਰੰਗਾਂ ਵਿੱਚ ਰੰਗਿਆ ਹੋਇਆ ਦਿਖਾਉਣ ਵਾਲੀ ਤਸਵੀਰ ਸਾਂਝੀ ਕਰਨ ਤੋਂ ਬਾਅਦ ਦੋਵਾਂ ਦੇਸ਼ਾਂ ਵਿੱਚਕਾਰ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਇਸ ਤਸਵੀਰ ਦੇ ਨਾਲ ਟਰੰਪ ਨੇ ਕੈਪਸ਼ਨ ਲਿਖਿਆ, 'ਯੂਨਾਈਟਿਡ ਸਟੇਟਸ ਆਫ ਦਿ ਮਿਡਲ ਈਸਟ'। ਇਹ ਪੋਸਟ ਅਜਿਹੇ ਸਮੇਂ ਆਈ ਹੈ ਜਦੋਂ ਵਾਸ਼ਿੰਗਟਨ ਤੇ ਤਹਿਰਾਨ ਵਿਚਕਾਰ ਫੌਜੀ ਕਾਰਵਾਈ ਦੀਆਂ ਚਰਚਾਵਾਂ ਤੇਜ਼ ਹਨ। **ਫੌਜੀ ਹਮਲੇ ਦੀ ਤਿਆਰੀ:** ਸੂਤਰਾਂ ਅਨੁਸਾਰ, ਰਾਸ਼ਟਰਪਤੀ ਟਰੰਪ ਈਰਾਨ ਵਿਰੁੱਧ ਨਵੇਂ ਫੌਜੀ ਹਮਲੇ ਕਰਨ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ, ਜੇਕਰ ਮੌਜੂਦਾ ਕੂਟਨੀਤਕ ਯਤਨ ਅਸਫਲ ਰਹਿੰਦੇ ਹਨ। ਟਰੰਪ ਨੇ ਆਪਣੀ ਉਚ ਪੱਧਰੀ ਰਾਸ਼ਟਰੀ ਸੁਰੱਖਿਆ ਟੀਮ, ਜਿਸ ਵਿੱਚ ਉਪ-ਰਾਸ਼ਟਰਪਤੀ ਜੇਡੀ ਵਾਂਸ, ਰੱਖਿਆ ਮੰਤਰੀ ਪੀਟ ਹੇਗਸੇਥ ਤੇ ਸੀਆਈਏ ਡਾਇਰੈਕਟਰ ਜੌਨ ਰੈਟਕਲਿਫ ਸ਼ਾਮਲ ਸਨ, ਨਾਲ ਮੀਟਿੰਗ ਕਰਕੇ ਫੌਜੀ ਸੰਭਾਵਨਾਵਾਂ ਦੀ ਸਮੀਖਿਆ ਕੀਤੀ। ਇਸ ਤੋਂ ਪਹਿਲਾਂ ਟਰੰਪ ਨੇ ਈਰਾਨੀ ਕਿਸ਼ਤੀਆਂ 'ਤੇ ਮਿਜ਼ਾਈਲ ਹਮਲਿਆਂ ਤੇ ਪੁਲਾੜ ਯੁੱਧ ਨੂੰ ਦਰਸਾਉਂਦੀਆਂ ਏਆਈ ਦੁਆਰਾ ਤਿਆਰ ਕੀਤੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਸਨ। **ਵਿਚੋਲਗੀ ਦੇ ਯਤਨ:** ਦੂਜੇ ਪਾਸੇ ਖੇਤਰੀ ਤਣਾਅ ਨੂੰ ਘੱਟ ਕਰਨ ਲਈ ਪਾਕਿਸਤਾਨ ਤੇ ਕਤਰ ਵੱਲੋਂ ਵਿਚੋਲਗੀ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪਾਕਿਸਤਾਨੀ ਫੌਜ ਦੇ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਨੇ ਤਹਿਰਾਨ ਦਾ ਦੌਰਾ




ਕਰਕੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਤੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨਾਲ ਮੁਲਾਕਾਤ ਕੀਤੀ। ਈਰਾਨ ਨੇ ਗੱਲਬਾਤ ਲਈ ਇੱਕ 14-ਨੁਕਾਤੀ ਦਸਤਾਵੇਜ਼ ਪੇਸ਼ ਕੀਤਾ ਹੈ, ਜਿਸ ਨੂੰ ਉਹ ਗੱਲਬਾਤ ਦਾ ਮੁੱਖ ਢਾਂਚਾ ਮੰਨਦਾ ਹੈ। **ਈਰਾਨ ਦਾ ਸਖ਼ਤ ਰੁਖ:** ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਮਰੀਕਾ ਨੂੰ ਗੱਲਬਾਤ ਵਿੱਚ ਇੱਕ ਈਮਾਨਦਾਰ ਧਿਰ ਨਹੀਂ ਮੰਨਦੇ ਤੇ ਈਰਾਨ ਆਪਣੇ ਰਾਸ਼ਟਰੀ ਅਧਿਕਾਰਾਂ 'ਤੇ ਕੋਈ ਸਮਝੌਤਾ ਨਹੀਂ ਕਰੇਗਾ। ਕਾਲੀਬਾਫ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਮਰੀਕਾ ਨੇ ਮੂਰਖਤਾ ਨਾਲ ਦੁਬਾਰਾ ਜੰਗ ਸ਼ੁਰੂ ਕੀਤੀ ਤਾਂ ਇਸ ਦੇ ਨਤੀਜੇ ਪਹਿਲਾਂ ਨਾਲੋਂ ਕਿਤੇ ਵੱਧ ਸ਼ਕਤੀਸ਼ਾਲੀ ਤੇ ਕੌੜੇ ਹੋਣਗੇ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਚਾਰ ਦਿਨਾਂ ਯਾਤਰਾ ਲਈ ਚੀਨ ਰਵਾਨਾ

ਇਸਲਾਮਾਬਾਦ, 24 ਮਈ (ਚ.ਨ.ਸ): ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਚੀਨ ਨਾਲ ਰਿਸ਼ਤਿਆਂ ਨੂੰ ਹੁਲਾਰਾ ਦੇਣ ਤੇ ਦੋਵਾਂ ਦੇਸ਼ਾਂ ਵਿਚਾਲੇ ਡਿਪਲੋਮੈਟਿਕ ਰਿਸ਼ਤਿਆਂ ਦੇ 75 ਸਾਲ ਪੂਰੇ ਹੋਣ ਦੇ ਮੌਕੇ 'ਤੇ ਆਪਣੀ 4 ਦਿਨਾਂ ਯਾਤਰਾ ਦੇ ਪਹਿਲੇ ਪੜਾਅ ਤਹਿਤ ਚੀਨ ਦੇ ਹਾਂਗਜ਼ੌਊ ਲਈ ਰਵਾਨਾ ਹੋਏ।



ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਅਨੁਸਾਰ ਇਸ ਯਾਤਰਾ ਦੌਰਾਨ ਉਪ-ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਮੁਹੰਮਦ ਇਸਹਾਕ ਡਾਰ, ਯੋਜਨਾ ਮੰਤਰੀ ਅਹਿਸਾਨ ਇਕਬਾਲ, ਸੂਚਨਾ ਤੇ ਪ੍ਰਸਾਰਣ ਮੰਤਰੀ ਅਤਾਉਲ੍ਹਾ ਤਰਾਰ, ਸੂਚਨਾ ਤਕਨਾਲੋਜੀ ਮੰਤਰੀ ਸ਼ਾਜ਼ਾ ਫਾਤਿਮਾ ਖਵਾਜ਼ਾ ਤੇ ਵਿਸ਼ੇਸ਼ ਸਹਾਇਕ ਤਾਰਿਕ ਫਾਤੇਮੀ ਪ੍ਰਧਾਨ ਮੰਤਰੀ ਦੇ ਨਾਲ ਸਨ। ਪ੍ਰਧਾਨ ਮੰਤਰੀ ਹਾਂਗਜ਼ੌਊ ਵਿੱਚ ਜੇਜਿਆਂਗ ਸੂਬੇ ਦੇ ਪਾਰਟੀ ਸਕੱਤਰ ਨਾਲ ਮੁਲਾਕਾਤ ਕਰਨਗੇ। ਉਹ 'ਸੀ.ਪੀ.ਈ.ਸੀ.' ਸਟੇਜ-2 ਤਹਿਤ ਪਾਕਿਸਤਾਨੀ ਤੇ ਚੀਨੀ ਕੰਪਨੀਆਂ ਵਿਚਾਲੇ ਸਹਿਯੋਗ ਨੂੰ ਹੁਲਾਰਾ ਦੇਣ ਲਈ ਆਯੋਜਿਤ ਇੱਕ ਵਪਾਰਕ ਮੰਚ ਵਿਚ ਹਿੱਸਾ ਲੈਣਗੇ ਤੇ ਸਮਝੌਤਿਆਂ ਤੇ ਸਹਿਮਤੀ ਪੱਤਰਾਂ ਦੇ ਵਟਾਂਦਰੇ ਦੇ ਸਮਾਗਮ ਵਿਚ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਪ੍ਰਮੁੱਖ ਚੀਨੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ (ਸੀ.ਈ.ਓਜ਼) ਨਾਲ ਮੁਲਾਕਾਤ ਕਰਨਗੇ। ਉਹ ਚੀਨੀ ਕੰਪਨੀ ਅਲੀਬਾਬਾ ਦੇ ਹੈਡਕੁਆਰਟਰ ਦਾ ਵੀ ਦੌਰਾ ਕਰਨਗੇ ਤੇ ਸਹਿਯੋਗ ਨੂੰ ਲੈ ਕੇ ਸਮਝੌਤਿਆਂ 'ਤੇ ਦਸਤਖ਼ਤ ਕਰਨ ਦੇ ਸਮਾਗਮ ਵਿੱਚ ਹਿੱਸਾ ਲੈਣਗੇ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਬੀਜਿੰਗ ਲਈ ਰਵਾਨਾ ਹੋਣਗੇ, ਜਿੱਥੇ ਉਹ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਪ੍ਰਧਾਨ ਮੰਤਰੀ ਲੀ ਕਿਆਂਗ ਨਾਲ ਮੁਲਾਕਾਤ ਕਰਨਗੇ।

# ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮੋਹਾਲੀ ਦਾ ਬਿਲਡਰ ਗ੍ਰਿਫ਼ਤਾਰ

ਚੰਡੀਗੜ੍ਹ, 24 ਮਈ (ਚ.ਨ.ਸ): ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ




ਮੋਹਾਲੀ ਦੇ ਇੱਕ ਬਿਲਡਰ ਅਜੇ ਸਹਿਗਲ ਨੂੰ ਲੰਘੀ ਰਾਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ ਅੱਜ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਈਡੀ ਨੇ ਅਦਾਲਤ ਤੋਂ ਸਹਿਗਲ ਦਾ ਪੰਜ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ। ਗੌਰਤਲਬ ਹੈ ਕਿ ਈਡੀ ਨੇ ਬੀਤੇ ਕੱਲ੍ਹ ਗਮਾਡਾ ਦੇ ਪੰਜ ਮੈਂਬਰੀ ਸਟਾਫ਼ ਨੂੰ ਸਮੇਤ ਇੰਡੀਅਨ ਕੋਆਪਰੇਟਿਵ ਹਾਊਸਿੰਗ ਬਿਲਡਿੰਗ ਸੁਸਾਇਟੀ (ਸਨਟੈਕ ਸਿਟੀ ਦੇ ਪ੍ਰਮੋਟਰ) ਦੇ ਅਹੁਦੇਦਾਰ ਅਜੇ ਸਹਿਗਲ ਨੂੰ ਵੀ ਤਲਬ ਕੀਤਾ ਸੀ। ਇਸ ਦੌਰਾਨ ਈਡੀ ਨੇ ਰਾਤ ਗਮਾਡਾ ਟੀਮ ਨੂੰ ਤਾਂ ਵਾਪਸ ਭੇਜ ਦਿੱਤਾ ਸੀ ਪਰ ਬਿਲਡਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਈਡੀ ਅਧਿਕਾਰੀਆਂ ਅਨੁਸਾਰ ਅਜੇ ਸਹਿਗਲ, ਜੋ ਕਿ ਇੰਡੀਅਨ ਕੋਆਪਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਦਾ ਸਕੱਤਰ ਵੀ ਹੈ, ਨੂੰ ਕੇਂਦਰੀ ਏਜੰਸੀ ਦੇ ਜਲੰਧਰ ਦਫ਼ਤਰ ਵੱਲੋਂ ਸ਼ੁੱਕਰਵਾਰ ਨੂੰ ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ ਤਹਿਤ ਹਿਰਾਸਤ ਵਿੱਚ ਲਿਆ ਗਿਆ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਸੇ ਮਹੀਨੇ ਦੇ ਸ਼ੁਰੂ ਵਿੱਚ ਸਹਿਗਲ ਤੇ ਸਨਟੈਕ ਸਿਟੀ ਪ੍ਰੋਜੈਕਟ ਨਾਲ ਜੁੜੇ ਟਿਕਾਣਿਆਂ ਤੇ ਕੁਝ ਹੋਰਨਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਸੀ।ਮਨੀ ਲਾਂਡਰਿੰਗ ਦਾ ਇਹ ਮਾਮਲਾ ਪੰਜਾਬ ਪੁਲਿਸ ਵੱਲੋਂ ਦਰਜ ਕੀਤੀ ਗਈ ਇੱਕ ਐਫ.ਆਈ.ਆਰ. ਤੋਂ ਉਪਜਿਆ ਹੈ, ਜੋ ਉਨ੍ਹਾਂ ਕਿਸਾਨਾਂ ਤੋਂ ਮਿਲੀ ਸ਼ਿਕਾਇਤ 'ਤੇ ਆਧਾਰਿਤ ਸੀ, ਜਿਨ੍ਹਾਂ ਦੀ ਸਹਿਮਤੀ CLU ਪ੍ਰਾਪਤ ਕਰਨ ਲਈ ਫ਼ਰਜ਼ੀ ਤਰੀਕੇ ਨਾਲ ਤਿਆਰ ਕੀਤੀ ਗਈ ਸੀ। ਈਡੀ ਦੇ ਅਨੁਸਾਰ ਸਹਿਗਲ 'ਤੇ 15 ਲੋਕਾਂ ਦੀ ਮਾਲਕੀ ਵਾਲੀ 30.5 ਏਕੜ ਜ਼ਮੀਨ ਦੇ ਸਬੰਧ ਵਿੱਚ ਫ਼ਰਜ਼ੀ ਸਹਿਮਤੀ ਪੱਤਰ ਤਿਆਰ ਕਰਨ ਦਾ ਦੋਸ਼ ਹੈ।

# ਕੇਂਦਰ ਵੱਲੋਂ ਵੱਕਾਰੀ ਤੇ ਇਤਿਹਾਸਕ ਕਲੱਬਾਂ 'ਚੋਂ ਇੱਕ ਦਿੱਲੀ ਜਿੰਮਖਾਨਾ ਕਲੱਬ ਦੀ ਲੀਜ਼ ਰੱਦ

ਨਵੀਂ ਦਿੱਲੀ, 24 ਮਈ (ਚ.ਨ.ਸ): ਕੇਂਦਰ ਸਰਕਾਰ ਨੇ ਲੁਟੀਅਨਜ਼ ਦਿੱਲੀ ਦੇ ਸਭ ਤੋਂ ਵੱਕਾਰੀ ਤੇ ਇਤਿਹਾਸਕ ਕਲੱਬਾਂ ਵਿੱਚੋਂ ਇੱਕ, ਦਿੱਲੀ ਜਿੰਮਖਾਨਾ ਕਲੱਬ ਦੀ ਲੀਜ਼ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਹੈ। ਰੱਖਿਆ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਹੋਰ ਮਹੱਤਵਪੂਰਨ ਸਰਕਾਰੀ ਪ੍ਰੋਜੈਕਟਾਂ ਦੀ ਲੋੜ ਦਾ ਹਵਾਲਾ ਦਿੰਦੇ ਹੋਏ, ਸਰਕਾਰ ਨੇ ਕਲੱਬ ਪ੍ਰਬੰਧਨ ਨੂੰ 5 ਜੂਨ 2026 ਤੱਕ ਪਰਿਸਰ ਖਾਲੀ ਕਰਨ ਦੇ ਹੁਕਮ ਦਿੱਤੇ ਹਨ। **ਰੱਖਿਆ ਤੇ ਰਾਸ਼ਟਰੀ ਸੁਰੱਖਿਆ ਲਈ ਲਿਆ ਗਿਆ ਫੈਸਲਾ:** ਕੇਂਦਰੀ ਰਿਹਾਇਸ਼ ਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੇ ਭੂਮੀ ਤੇ ਵਿਕਾਸ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਆਦੇਸ਼ 'ਚ ਕਿਹਾ ਗਿਆ ਹੈ ਕਿ ਰਾਸ਼ਟਰੀ ਰਾਜਧਾਨੀ 'ਚ ਜ਼ਰੂਰੀ ਸੰਸਥਾਗਤ ਲੋੜਾਂ ਤੇ ਜਨਤਕ ਸੁਰੱਖਿਆ ਲਈ ਇਸ ਜ਼ਮੀਨ ਦੀ ਲੋੜ ਹੈ। ਇਹ ਕਲੱਬ ਸਫਦਰਜੰਗ ਰੋਡ ਵਰਗੇ ਉਚ-ਸੁਰੱਖਿਆ ਵਾਲੇ ਖੇਤਰ 'ਚ ਸਥਿਤ ਹੈ, ਜੋ ਪ੍ਰਧਾਨ ਮੰਤਰੀ ਨਿਵਾਸ ਤੇ ਕਈ ਅਹਿਮ ਰੱਖਿਆ ਸੰਸਥਾਵਾਂ ਦੇ ਬੇਹੱਦ ਕਰੀਬ ਹੈ। **27.3 ਏਕੜ ਜ਼ਮੀਨ ਸਰਕਾਰ ਦੇ ਕਬਜ਼ੇ 'ਚ ਆਵੇਗੀ:** ਸਰਕਾਰ ਨੇ ਲੀਜ਼ ਡੀਡ ਦੇ ਕਲਾਜ਼ 4 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਇਹ ਲੀਜ਼ ਖ਼ਤਮ ਕੀਤੀ ਹੈ। 27.3 ਏਕੜ ਵਿੱਚ ਫੈਲੀ ਇਹ ਪੂਰੀ ਜ਼ਮੀਨ ਹੁਣ ਭਾਰਤ ਸਰਕਾਰ ਦੇ ਅਧਿਕਾਰ ਵਿੱਚ ਆ ਜਾਵੇਗੀ। ਕਲੱਬ ਪ੍ਰਬੰਧਨ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਤੈਅ ਤਰੀਕ ਤੱਕ ਸ਼ਾਂਤੀਪੂਰਨ ਤਰੀਕੇ ਨਾਲ ਕਬਜ਼ਾ ਸੌਂਪ ਦੇਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕਰਕੇ ਕਬਜ਼ਾ ਲਿਆ ਜਾਵੇਗਾ।



**ਵਿਵਾਦਾਂ 'ਚ ਰਿਹਾ ਹੈ ਕਲੱਬ ਦਾ ਇਤਿਹਾਸ:** 1913 ਵਿੱਚ ਇੰਪੀਰੀਅਲ ਦਿੱਲੀ ਜਿੰਮਖਾਨਾ ਕਲੱਬ ਦੇ ਨਾਂ ਨਾਲ ਸਥਾਪਤ ਹੋਇਆ ਇਹ ਕਲੱਬ ਪਿਛਲੇ ਕਈ ਸਾਲਾਂ ਤੋਂ ਵਿੱਤੀ ਬੇਨਿਯਮੀਆਂ ਤੇ ਪ੍ਰਬੰਧਨ ਸਬੰਧੀ ਵਿਵਾਦਾਂ ਕਾਰਨ ਚਰਚਾ ਵਿੱਚ ਰਿਹਾ ਹੈ। ਸਾਲ 2022 ਵਿੱਚ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਨੇ ਕਲੱਬ ਦੀ ਜਨਰਲ ਕੌਂਸਲ ਨੂੰ ਹਟਾ ਕੇ 15 ਮੈਂਬਰੀ ਸਰਕਾਰੀ ਕਮੇਟੀ ਨਿਯੁਕਤ ਕਰਨ ਦੇ ਹੁਕਮ ਦਿੱਤੇ ਸਨ। ਮਾਰਚ 2020 ਵਿੱਚ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨੂੰ ਸੌਂਪੀ ਗਈ ਰਿਪੋਰਟ ਵਿੱਚ ਵੀ ਕਲੱਬ ਦੇ ਕੰਮਕਾਜ ਵਿੱਚ ਕਈ ਉਲੰਘਣਾਵਾਂ ਦਾ ਜ਼ਿਕਰ ਕੀਤਾ ਗਿਆ ਸੀ।

# ਗੁ. ਸ੍ਰੀ ਪਾਉਂਟਾ ਸਾਹਿਬ ਦਾ 62ਵਾਂ ਸਾਲਾਨਾ ਸ਼ਹੀਦੀ ਜੋੜ ਮੇਲਾ ਮਨਾਇਆ

ਪਾਉਂਟਾ ਸਾਹਿਬ, 24 ਮਈ (ਚ.ਨ.ਸ): ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਗੁ. ਸ੍ਰੀ ਪਾਉਂਟਾ ਸਾਹਿਬ ਪਾਤਸ਼ਾਹੀ ਦਸਵੀਂ ਨੂੰ ਪਤਿਤ ਮਹੰਤਾਂ ਤੋਂ ਆਜ਼ਾਦ ਕਰਵਾਉਣ ਵਾਸਤੇ 22 ਮਈ 1964 ਨੂੰ ਵਾਪਰੇ ਖੂਨੀ ਸਾਕੇ ਦੌਰਾਨ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਸ਼ਹੀਦ ਹੋਏ 11 ਨਿਹੰਗ ਸਿੰਘਾਂ ਦੀ ਯਾਦ ਵਿੱਚ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਤੇ ਪ੍ਰਬੰਧਕ ਕਮੇਟੀ ਗੁ. ਸ੍ਰੀ ਪਾਉਂਟਾ ਸਾਹਿਬ ਵੱਲੋਂ ਸਿੰਘ ਸਾਹਿਬ ਜਥੇ. ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਅਗਵਾਈ ਵਿੱਚ 62ਵਾਂ ਸਾਲਾਨਾ ਸ਼ਹੀਦੀ ਜੋੜ ਮੇਲਾ ਗੁ. ਸ੍ਰੀ ਪਾਉਂਟਾ ਸਾਹਿਬ, ਹਿਮਾਚਲ ਪ੍ਰਦੇਸ਼ ਵਿਖੇ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਭਾਈ ਸਾਹਿਬ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ, ਜ਼ਿੰਦਾ ਸ਼ਹੀਦ ਸਿੰਘ ਸਾਹਿਬ ਜਥੇ. ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ, ਐਡ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ, ਬੀਬੀ ਯਸ਼ਪਾਲ ਕੌਰ ਹਰੀਆਂ ਵੇਲਾ, ਬੀਬੀ ਬਲਰਾਜ ਕੌਰ ਕੈਨੇਡਾ, ਗਿਆਨੀ ਬਲਵਿੰਦਰ ਸਿੰਘ, ਢਾਡੀ ਮਲਕੀਤ ਸਿੰਘ ਬੀ.ਏ ਤੇ ਗਿਆਨੀ ਗੁਰਦੀਪ ਸਿੰਘ ਨੇ ਸੰਗਤਾਂ ਨੂੰ ਕਥਾ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ। ਇਸ ਮੌਕੇ 22 ਮਈ 1964 ਈ ਨੂੰ ਵਾਪਰੇ ਗੁ. ਸ੍ਰੀ ਪਾਉਂਟਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਆਪਣੇ ਤਨ ਹੰਢਾਉਣ ਵਾਲੇ ਚਸ਼ਮਦੀਦ ਗਵਾਹ ਤੇ ਜ਼ਿੰਦਾ ਸ਼ਹੀਦ ਸਿੰਘ ਸਾਹਿਬ ਜਥੇ. ਬਾਬਾ ਨਿਹਾਲ ਸਿੰਘ ਹਰੀਆਂ



ਵੇਲਾਂ, ਜੋ ਕਿ ਉਸ ਸਮੇਂ ਵਾਪਰੇ ਸਾਕੇ ਦੌਰਾਨ ਤਿੰਨ ਗੋਲੀਆਂ ਲੱਗਣ ਕਰਕੇ ਗੰਭੀਰ ਜ਼ਖ਼ਮੀ ਹੋ ਗਏ ਸਨ, ਨੇ ਸ੍ਰੀ ਪਾਉਂਟਾ ਸਾਹਿਬ ਦੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਅੱਖੀ ਡਿੱਠੇ ਤੇ ਆਪਣੇ ਤਨ ਉਤੇ ਹੰਢਾਏ ਇਸ ਸ਼ਹੀਦੀ ਸਾਕੇ ਦੀ ਰੋਗਟੇ ਖੜ੍ਹੇ ਕਰ ਦੇਣ ਵਾਲੀ ਸਾਰੀ ਵਾਰਤਾ ਕਥਾ ਰੂਪ ਵਿੱਚ ਸੰਗਤਾਂ ਨੂੰ ਸਰਵਣ ਕਰਵਾਈ ਤੇ ਸਿੱਖਾਂ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਲਈ ਕਿਹਾ। ਉਨ੍ਹਾਂ ਨੇ ਗੁਰਧਾਮਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਮਰਿਆਦਾ ਨੂੰ ਹਰ ਥਾਂ ਹਰ ਹਾਲਤ ਵਿੱਚ ਬਰਕਰਾਰ ਰੱਖਣ ਲਈ ਕਿਹਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਕਿਹਾ ਕਿ ਸਰਕਾਰਾਂ ਵੱਲੋਂ ਸਿੱਖ ਪੰਥ ਨੂੰ ਢਾਅ ਲਗਾਉਣ ਲਈ ਜਥੇਬੰਦੀਆਂ ਵਿੱਚ ਫੁੱਟ ਪਾਉਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਰਕਾਰ ਵੱਲੋਂ ਬੇਅਦਬੀ ਕਾਨੂੰਨ ਵਿੱਚ ਸਿੱਖ ਸਿਧਾਂਤਾਂ ਨੂੰ ਢਾਹ ਲਗਾਉਣ ਵਾਲੀਆਂ ਦਰਜ ਕੀਤੀਆਂ ਮੱਦਾਂ ਨੂੰ ਤੁਰੰਤ ਹਟਾਇਆ ਜਾਵੇ।

# ਵਿਧਾਇਕ ਰਾਏ ਵੱਲੋਂ ਵਾਰਡ ਨੰ. 7 ਤੋਂ ਉਮੀਦਵਾਰ ਬੀਬੀ ਗੁਰਵਿੰਦਰ ਕੌਰ ਦੇ ਹੱਕ 'ਚ ਚੋਣ ਜਲਸਾ



ਸ੍ਰੀ ਫਤਹਿਗੜ੍ਹ ਸਾਹਿਬ, 24 ਮਈ (ਨਰਿੰਦਰ ਸਿੰਘ): ਸਰਹਿੰਦ ਸ਼ਹਿਰ ਦੇ ਵਾਸੀ ਨਗਰ ਕੌਂਸਲ ਚੋਣਾਂ ਦੇ ਦੌਰਾਨ ਵਿਕਾਸ ਉਤੇ ਵੋਟ ਕਰਨ। ਕਿਉਂਕਿ ਪਿਛਲੇ ਸਾਲਾਂ ਦੇ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਬਹੁਤ ਕੰਮ ਕੀਤਾ ਗਿਆ ਹੈ। ਇਨ੍ਹਾਂ ਕੰਮਾਂ ਨੂੰ ਕਰਵਾਉਣ ਦੇ ਵਿੱਚ ਵਾਰਡ ਇੰਚਾਰਜ ਬਲਦੇਵ ਸਿੰਘ ਭੱਲਮਾਜਰਾ ਨੇ ਅਹਿਮ ਰੋਲ ਅਦਾ ਕੀਤਾ ਹੈ। ਇਹ ਪ੍ਰਗਟਾਵਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਐਡ. ਲਖਬੀਰ ਸਿੰਘ ਰਾਏ ਨੇ ਵਾਰਡ ਨੰਬਰ 7 ਵਿਖੇ ਆਪ ਉਮੀਦਵਾਰ ਗੁਰਵਿੰਦਰ ਕੌਰ ਦੇ ਹੱਕ ਵਿੱਚ ਇੱਕ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਦੇ ਸਦਕਾ ਸਰਹਿੰਦ ਦੀ ਨੁਹਾਰ ਬਦਲੀ ਗਈ ਹੈ। ਸਰਹੰਦ ਦੀਆਂ ਲਗਭਗ ਸਾਰੀਆਂ ਸੜਕਾਂ ਦਾ ਨਵੀਨੀਕਰਨ ਹੋ ਚੁੱਕਿਆ ਹੈ, ਗਲੀਆਂ ਲਗਭਗ ਸਾਰੀਆਂ ਪੱਕੀਆਂ ਹਨ, ਜਿਹੜੇ ਰਸਤੇ ਪੱਕੇ ਹੋਣ ਤੋਂ ਰਹਿ ਗਏ ਹਨ, ਉਨ੍ਹਾਂ ਨੂੰ ਵੀ ਆਉਣ ਵਾਲੇ ਦਿਨਾਂ ਦੇ ਵਿੱਚ ਪੱਕਾ ਕੀਤਾ ਜਾਵੇਗਾ। ਵਾਰਡਾਂ ਦੇ ਵਿੱਚ ਜਿੱਥੇ ਸਟਰੀਟ ਲਾਈਟ ਦੀ ਸਮੱਸਿਆ ਹੈ, ਉਸ ਦਾ ਵੀ ਮੁਕੰਮਲ ਹੱਲ ਕੀਤਾ ਜਾਵੇਗਾ। ਮਾਨ ਸਰਕਾਰ ਵੱਲੋਂ ਆਮ ਲੋਕਾਂ ਦੇ ਨਾਲ ਜਿਹੜੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਾ ਕੀਤਾ ਗਿਆ ਹੈ। ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਪੰਜਾਬ ਸਰਕਾਰ ਵਚਨਬੱਧ ਹੈ।ਇਸ ਮੌਕੇ ਰਾਮਦਾਸ ਨਗਰ ਨਿਵਾਸੀਆਂ ਵੱਲੋਂ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਆਪ ਉਮੀਦਵਾਰ ਗੁਰਵਿੰਦਰ ਕੌਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਤਜਿੰਦਰ ਸਿੰਘ ਟਿਵਾਣਾ, ਸੋਨੀ ਨੰਬਰਦਾਰ, ਰਿਟਾਇਰਡ ਐਸਡੀਓ ਜਗਪਾਲ ਸਿੰਘ, ਰਿਟਾਇਰਡ ਐਸਡੀਓ ਬਲਦੇਵ ਸਿੰਘ, ਜਸਪਾਲ ਸਿੰਘ, ਜਸਵੀਰ ਕੌਰ, ਬਲਜਿੰਦਰ ਕੌਰ, ਮਹਿੰਦਰ ਸਿੰਘ ਮਿੰਦੀ, ਦਵਿੰਦਰ ਸਿੰਘ, ਗੁਰਮੀਤ ਸਿੰਘ ਇੰਸਪੈਕਟਰ, ਦਰਸ਼ਨ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ ਬੀੜਮਾਨ, ਗੁਲਜਾਰ ਮੁਹੰਮਦ, ਐਡਵੋਕੇਟ ਸੁਖੀ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਮੁਸਤਕ ਅਲੀ ਆਦਿ ਵੀ ਹਾਜ਼ਰ ਸਨ।

# ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਵੱਲੋਂ ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ

ਮੰਡੀ ਗੋਬਿੰਦਗੜ੍ਹ, 24 ਮਈ (ਰੂਪਲ ਸੂਦ): ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ 26 ਮਈ ਨੂੰ ਹੋਣ ਵਾਲੀਆਂ ਕੌਂਸਲ ਚੋਣਾਂ ਨੂੰ ਲੈ ਕੇ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਭਰਵੀਆਂ ਮੀਟਿੰਗਾਂ ਕਰਕੇ ਲੋਕਾਂ ਨੂੰ ਪਾਰਟੀ



ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਕਾਮਯਾਬ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਵਾਰਡਾਂ ਵਿੱਚ ਵੀ ਘਰ-ਘਰ ਜਾ ਕੇ ਵੋਟਰਾਂ ਨਾਲ ਤਾਲਮੇਲ ਕਰਕੇ ਭਰੋਸਾ ਦਿੱਤਾ ਕਿ ਲੋਕਾਂ ਦੀ ਹਰ ਸਮੱਸਿਆ ਦਾ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਵਾਰਡ ਨੰਬਰ 4 ਤੋਂ ਖੁਸ਼ਵਿੰਦਰ ਕੌਰ ਅੰਬੇਮਾਜਰਾ, ਵਾਰਡ ਨੰਬਰ 5 ਤੋਂ ਦੀਦਾਰ ਸਿੰਘ ਅਜਨਾਲੀ, ਵਾਰਡ ਨੰਬਰ 6 ਤੋਂ ਹਰਜੀਤ ਸਿੰਘ ਅਜਨਾਲੀ, ਵਾਰਡ ਨੰਬਰ 13 ਤੋਂ ਸੁਖਵਿੰਦਰ ਕੌਰ ਸੁੱਖੀ ਦੇ ਹੱਕ ਵਿੱਚ ਭਰਵੀਆਂ ਮੀਟਿੰਗਾਂ ਕੀਤੀਆਂ ਤੇ ਵਾਰਡ ਨੰਬਰ 22 ਤੋਂ ਪ੍ਰੀਤਮ ਸਿੰਘ ਸਿੱਧੂ ਦੇ ਹੱਕ ਵਿੱਚ ਘਰ-ਘਰ ਜਾ ਕੇ ਪ੍ਰਚਾਰ ਕੀਤਾ। ਉਨ੍ਹਾਂ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਤਰਸਯੋਗ ਹਾਲਤ ਦਾ ਜ਼ਿਕਰ ਕਰਦਿਆਂ ਪਿਛਲੀ ਅਕਾਲੀ ਦਲ ਦੀ ਸਰਕਾਰ ਸਮੇਂ ਸ਼ਹਿਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੀਤੇ ਕਾਰਜਾਂ ਦਾ ਜ਼ਿਕਰ ਕੀਤਾ। ਉਨ੍ਹਾਂ ਸ਼ਹਿਰ ਦੀ ਪਾਣੀ ਦੀ ਨਿਕਾਸੀ, ਸਟਰੀਟ ਲਾਈਟਾਂ ਤੇ ਸੜਕਾਂ ਦੀ ਤਰਸਯੋਗ ਹਾਲਤ ਆਦਿ ਬਾਰੇ ਚਰਚਾ ਕੀਤੀ। ਉਨ੍ਹਾਂ ਲੋਕਾਂ ਨੂੰ 'ਤੱਕੜੀ' ਦੇ ਨਿਸ਼ਾਨ 'ਤੇ ਵੋਟਾਂ ਦੇਣ ਦੀ ਅਪੀਲ ਕੀਤੀ। ਮੀਟਿੰਗਾਂ ਨੂੰ ਸੂਬਾ ਮੀਤ ਪ੍ਰਧਾਨ ਜੋਗਿੰਦਰ ਸਿੰਘ ਮੈਣੀ, ਹਲਕਾ ਆਬਜ਼ਰਵਰ ਜਤਿੰਦਰ ਸਿੰਘ ਧਾਲੀਵਾਲ, ਸੀਨੀਅਰ ਆਗੂ ਭਿੰਦਰ ਸਿੰਘ, ਜਰਨੈਲ ਸਿੰਘ ਮਾਜਰੀ, ਡਾ. ਅਰੁਜਨ ਸਿੰਘ, ਭਾਰਤ ਭੂਸ਼ਨ ਟੋਨੀ, ਕੁਲਦੀਪ ਸਿੰਘ ਮਛਰਾਈ, ਫੋਰਮੈਨ ਬਲਵੀਰ ਸਿੰਘ ਸਿੱਧੂ, ਬਾਬਾ ਨਿਸ਼ਾਨ ਸਿੰਘ, ਕਰਮ ਸਿੰਘ ਘੁਟੀਡ, ਸੋਮਨਾਥ ਅਜਨਾਲੀ, ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਮਧੂਮੀਤ ਵਡੇਰਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਯੂਥ ਆਗੂ ਹਰਦੀਪ ਸਿੰਘ ਗੋਰਾ, ਐਸ.ਓ.ਆਈ. ਦੇ ਆਗੂ ਗੁਰਕੀਰਤ ਸਿੰਘ ਪਨਾਗ, ਦਿਲਾਵਰ ਸਿੰਘ ਚੀਮਾ, ਬਲਜਿੰਦਰ ਸਿੰਘ ਅੰਬੇਮਾਜਰਾ, ਯੂਥ ਪ੍ਰਧਾਨ ਅੰਗਰੇਜ਼ ਸਿੰਘ ਲਾਡਪੁਰ, ਨੂਰ ਕੈਥ, ਦਰਸਨ ਸਿੰਘ ਚੀਮਾ, ਹਰਮਿੰਦਰ ਸਿੰਘ ਮੰਡੀ, ਬਿੰਦਰ ਸਿੰਘ, ਹਰਤੇਜਪਾਲ ਸਿੰਘ ਅੰਬੇਮਾਜਰਾ, ਬਲਜੀਤ ਸਿੰਘ ਅੰਬੇਮਾਜਰਾ, ਰਿੰਕੂ ਮੰਡੀ, ਬਲਜੀਤ ਸਿੰਘ ਸੰਗਤਪੁਰਾ, ਹਰਬੰਸ ਸਿੰਘ ਬਡਾਲੀ ਤੇ ਹਰਪਿੰਦਰ ਸਿੰਘ ਭੂਰਾ ਨੇ ਸੰਬੋਧਨ ਕੀਤਾ।

# ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਪੁਲਿਸ ਨੇ ਫਲੈਗ ਮਾਰਚ ਕੱਢਿਆ



ਮੰਡੀ ਗੋਬਿੰਦਗੜ੍ਹ, 24 ਮਈ (ਰੂਪਲ ਸੂਦ): ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਤੇ ਸਰਹਿੰਦ ਦੀਆਂ ਚੋਣਾਂ ਦੇ ਮੱਦੇਨਜ਼ਰ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਤੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਪੁਲਿਸ ਵੱਲੋਂ ਬਿਕਰਮਜੀਤ ਸਿੰਘ ਘੁੰਮਣ ਤੇ ਡੀਐਸਪੀ ਕੁਲਬੀਰ ਸਿੰਘ ਦੀ ਅਗਵਾਈ ਵਿੱਚ ਦੋਵੇਂ ਸ਼ਹਿਰਾਂ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਸ ਦੌਰਾਨ ਪੁਲਿਸ ਪ੍ਰਸ਼ਾਸਨ ਵੱਲੋਂ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਤੇ ਚੌਕਾਂ ਵਿੱਚ ਨਾਕਾਬੰਦੀ ਕਰਕੇ ਚੈਕਿੰਗ ਵੀ ਕੀਤੀ ਗਈ ਤੇ ਸ਼ੱਕੀ ਵਾਹਨਾਂ ਦੇ ਕਾਗਜ਼ ਆਦਿ ਚੈਕ ਕੀਤੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਮਾਹੌਲ ਖ਼ਰਾਬ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣਾਂ ਨੂੰ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਨੂੰ ਸਹਿਯੋਗ ਦੇਣ। ਇਸ ਮੌਕੇ ਐਸਐਚਓ ਫਤਹਿਗੜ੍ਹ ਸਾਹਿਬ ਅਸ਼ੋਕ ਕੁਮਾਰ, ਐਸਐਚਓ ਮੂਲੇਪੁਰ ਬਲਜਿੰਦਰ ਸਿੰਘ, ਐਸਐਚਓ ਸਰਹਿੰਦ ਰਾਜਵੰਤ ਸਿੰਘ, ਪੁਲਿਸ ਚੌਕੀ ਸਰਹਿੰਦ ਮੰਡੀ ਦੇ ਇੰਚਾਰਜ ਜਗਦੀਪ ਸਿੰਘ, ਐਸ.ਐਚ.ਓ. ਮੰਡੀ ਗੋਬਿੰਦਗੜ੍ਹ ਤੇ ਐਸ.ਐਚ.ਓ. ਅਮਲੋਹ ਹਾਜ਼ਰ ਸਨ।

# ਨਗਰ ਨਿਗਮ/ਨਗਰ ਕੌਂਸਲ ਚੋਣਾਂ-2026 ਲਈ ਹਰਪ੍ਰੀਤ ਸਿੰਘ ਪੁਲਿਸ ਆਬਜ਼ਰਵਰ ਨਿਯੁਕਤ

ਫ਼ਿਰੋਜ਼ਪੁਰ, 24 ਮਈ (ਤਿਵਾੜੀ): ਪੰਜਾਬ ਰਾਜ ਵਿੱਚ ਨਗਰ ਨਿਗਮ/ਨਗਰ ਕੌਂਸਲ ਚੋਣਾਂ-2026 ਮਿਤੀ 26 ਮਈ 2026 ਨੂੰ ਕਰਵਾਈਆਂ ਜਾ ਰਹੀਆਂ ਹਨ। ਚੋਣ ਪ੍ਰਕਿਰਿਆ ਨੂੰ ਸੁਤੰਤਰ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਸੰਪੰਨ ਕਰਵਾਉਣ ਲਈ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਹਰਪ੍ਰੀਤ ਸਿੰਘ, ਆਈ.ਪੀ.ਐਸ. ਡੀ.ਆਈ.ਜੀ. ਈ.ਓ.ਡਬਲਿਊ, ਵਿਜੀਲੈਂਸ ਬਿਊਰੋ ਨੂੰ ਜ਼ਿਲ੍ਹਾ ਫ਼ਿਰੋਜ਼ਪੁਰ ਲਈ ਪੁਲਿਸ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਦੀਪਸ਼ਿਖਾ ਸ਼ਰਮਾ ਨੇ ਸਾਂਝੀ ਕੀਤੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਜ਼ਿਲ੍ਹੇ ਅੰਦਰ ਚੋਣਾਂ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਕਰਨਗੇ। ਜ਼ਿਲ੍ਹੇ ਦੇ ਵੋਟਰ, ਉਮੀਦਵਾਰ ਜਾਂ ਰਾਜਨੀਤਿਕ ਪਾਰਟੀਆਂ ਚੋਣ ਪ੍ਰਕਿਰਿਆ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸੁਰੱਖਿਆ ਸਬੰਧੀ ਸ਼ਿਕਾਇਤ ਜਾਂ ਸੁਝਾਅ ਬਾਰੇ ਉਨ੍ਹਾਂ ਨਾਲ ਮੋ. ਨੰਬਰ 98144-32144 ਜਾਂ ਈ.ਮੇਲ ਆਈਡੀ harpreet.singhADD@punjabpolice.gov.in 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਨੂੰ ਫ਼ਿਰੋਜ਼ਪੁਰ ਦੇ ਨਾਲ-ਨਾਲ ਫ਼ਾਜ਼ਿਲਕਾ ਜ਼ਿਲ੍ਹੇ ਲਈ ਵੀ ਪੁਲਿਸ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ ਤੇ ਚੋਣਾਂ ਦੌਰਾਨ ਉਨ੍ਹਾਂ ਦਾ ਹੈਡ ਕੁਆਰਟਰ ਫ਼ਿਰੋਜ਼ਪੁਰ ਰਹੇਗਾ।



# ਸ੍ਰੀ ਹੇਮਕੁੰਟ ਸਾਹਿਬ, ਸ੍ਰੀ ਬਦਰੀਨਾਥ ਤੇ ਸ੍ਰੀ ਕੇਦਾਰਨਾਥ ਦੇ ਰਸਤੇ 'ਚ ਲੰਗਰਾਂ ਲਈ ਰਾਸ਼ਨ ਦੀ ਗੱਡੀ ਰਵਾਨਾ

ਅਮਲੋਹ, 24 ਮਈ (ਜਸਵੰਤ ਸਿੰਘ): ਧੰਨ-ਧੰਨ ਸਵਾਮੀ ਕ੍ਰਿਸ਼ਨਾ ਨੰਦ ਜੀ ਬੀਨੇਆਲ ਕੁਟੀਆ ਹੁਸ਼ਿਆਰਪੁਰ ਪ੍ਰਧਾਨ ਗਊ ਮਿਸ਼ਨ ਦੀ ਅਗਵਾਈ ਹੇਠ ਬਾਬਾ ਸੁੱਧ ਸਿੰਘ ਮੁੱਖ ਸੇਵਾਦਾਰ ਸ੍ਰੀ ਮਾਛੀਵਾੜਾ ਸਾਹਿਬ (ਲੰਗਰਾਂ ਵਾਲੇ), ਬਾਬਾ ਦਵਿੰਦਰ ਕੌੜਾ ਪ੍ਰਧਾਨ ਮਾਤਾ ਸ਼ੀਤਲਾ ਮੰਦਰ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਸਾਲ ਰਿਸ਼ੀਕੇਸ਼ ਤੋਂ 65 ਕਿਲੋਮੀਟਰ ਅੱਗੇ ਪਿੰਡ ਵਿਸ਼ੈਲੀਖਾਨ (ਉਤਰਾ ਖੰਡ)



ਵਿਖੇ ਲਗਾਏ ਜਾਂਦੇ ਲੰਗਰ ਲਈ ਅਮਲੋਹ ਤੋਂ ਇੱਕ ਲੰਗਰ ਦੇ ਰਾਸ਼ਨ ਦੀ ਗੱਡੀ ਮਾਨਵ ਭਲਾਈ ਮੰਚ ਅਮਲੋਹ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ ਦੀ ਅਗਵਾਈ ਹੇਠ ਰਵਾਨਾ ਕੀਤੀ ਗਈ। ਇਸ ਮੌਕੇ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਵਿਨੋਦ ਮਿੱਤਲ, ਡਾ. ਪ੍ਰਵੀਨ ਕੁਮਾਰ, ਹਿਮਾਂਕ ਮਿੱਤਲ, ਜਗਦੀਸ਼ ਚੰਦ ਵਰਮਾ, ਸੁਬੋਧ ਧੀਰ, ਅਜੇ ਲੁਟਾਵਾ, ਜਥੇ. ਸਤਵੰਤ ਸਿੰਘ, ਭਾਈ ਸਰਬਜੀਤ ਸਿੰਘ, ਜਥੇ. ਹਰਜਿੰਦਰ ਸਿੰਘ, ਨੈਬੀ ਨਾਗਪਾਲ, ਵਿਪਨ ਕੁਮਾਰ, ਕ੍ਰਿਸ਼ਨ ਲਾਲ ਅਰੋੜਾ, ਰਛਪਾਲ ਸਿੰਘ ਤੇ ਸਵਰਨਜੀਤ ਸਿੰਘ ਆਦਿ ਹਾਜ਼ਰ ਸਨ। ਇਹ ਸਮਾਨ ਬਾਬਾ ਸੁੱਧ ਸਿੰਘ ਦੇ ਹਵਾਲੇ ਕੀਤਾ ਗਿਆ, ਜਿਨ੍ਹਾਂ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਨੇ ਲੰਗਰ ਦੀ ਸੇਵਾ ਨੂੰ ਉਤਮ ਸੇਵਾ ਦੱਸਿਆ ਹੈ, ਜੋ ਕਿਸਮਤ ਨਾਲ ਮਿਲਦੀ ਹੈ। ਉਨ੍ਹਾਂ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਸਾਲ ਦੂਸਰਾ ਲੰਗਰ ਰਿਸ਼ੀਕੇਸ਼ ਤੋਂ 10 ਕਿਲੋਮੀਟਰ ਪਹਿਲਾਂ ਪਿੰਡ ਬੜਕੋਟ, ਨਜ਼ਦੀਕ ਸ਼ਨੀ ਮੰਦਰ ਮੇਨ ਰੋਡ ਰਿਸ਼ੀਕੇਸ਼ ਵਿੱਚ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਗਤ ਦੇ ਸਹਿਯੋਗ ਨਾਲ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ ਤੇ ਦੇਸ਼-ਵਿਦੇਸ਼ ਦੀ ਸੰਗਤ ਦੇ ਸਹਿਯੋਗ ਨਾਲ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲੰਗਰਾਂ ਦੀ ਸੇਵਾ ਚੱਲਦੀ ਹੈ।

# 'ਆਪ' ਨਗਰ ਨਿਗਮ ਮੋਗਾ ਦੇ 50 ਵਾਰਡਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ: ਵਿਧਾਇਕਾ ਡਾ. ਅਰੋੜਾ

ਮੋਗਾ, 24 ਮਈ (ਨਿਸ਼ੀ ਮਨਚੰਦਾ/ ਗੁਰਦੇਵ ਖੁਰਾਣਾ): 'ਆਪ' ਵੱਲੋਂ 26 ਮਈ ਨੂੰ ਹੋਣ ਵਾਲੀਆਂ ਨਗਰ ਨਿਗਮ ਮੋਗਾ ਦੇ 50 ਵਾਰਡਾਂ ਦੀਆਂ ਚੋਣਾਂ ਲਈ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ ਤੇ ਸ਼ਹਿਰ ਵਾਸੀਆਂ ਵੱਲੋਂ ਆਪ ਪਾਰਟੀ ਦੇ ਉਮੀਦਵਾਰਾਂ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ ਸਾਬਤ ਕਰਦਾ ਹੈ ਕਿ ਸਾਰੇ ਉਮੀਦਵਾਰ ਸ਼ਾਨ ਨਾਲ ਜਿੱਤਣਗੇ ਤੇ ਮੋਗਾ ਨਗਰ ਨਿਗਮ ਦਾ ਮੇਅਰ ਆਪ ਪਾਰਟੀ ਦਾ ਹੋਵੇਗਾ। ਇਹ ਪ੍ਰਗਟਾਵਾ ਹਲਕਾ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਇੱਕ ਪ੍ਰੈਸ ਬਿਆਨ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਉਹ ਹਰ ਵਾਰਡ ਵਿੱਚ ਜਾ ਕੇ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ ਤੇ ਇਸ ਤੋਂ ਇਲਾਵਾ ਪਾਰਟੀ ਹਾਈਕਮਾਂਡ ਵੱਲੋਂ ਵੀ ਨਗਰ ਨਿਗਮ ਮੋਗਾ ਲਈ ਮੰਤਰੀ ਸਾਹਿਬਾਨ



ਤੇ ਵਿਧਾਇਕਾਂ ਦੀਆਂ ਵੀ ਡਿਊਟੀਆਂ ਲਗਾਈਆਂ ਗਈਆਂ ਹਨ, ਜੋ ਕਿ ਵਾਰਡ ਵਿੱਚ ਜਾ ਕੇ ਆਪਣੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰ ਰਹੇ ਹਨ। ਡਾ. ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਚਾਰ ਸਾਲ ਦੇ ਅਰਸੇ ਦੌਰਾਨ ਮੋਗਾ ਸ਼ਹਿਰ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਸ਼ਹਿਰ ਦਾ ਸਰਬਪੱਖੀ ਵਿਕਾਸ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇਕੱਲੇ ਪੰਜਾਬ ਦੇ ਹੀ ਮੁੱਖ ਮੰਤਰੀ ਨਹੀਂ ਬਲਕਿ ਦੇਸ਼ ਦੇ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਨੂੰ ਲੋਕਾਂ ਵੱਲੋਂ ਵੱਧ ਪਿਆਰ ਤੇ ਸਤਿਕਾਰ ਮਿਲਿਆ ਹੈ ਕਿਉਂਕਿ ਜੋ ਉਨ੍ਹਾਂ ਨੇ ਕਿਹਾ, ਉਸ ਨੂੰ ਕਰਕੇ ਵਿਖਾਇਆ ਹੈ ਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਉਹ ਦਿਨ-ਰਾਤ ਇੱਕ ਕਰ ਰਹੇ ਹਨ ਤੇ ਅੱਜ ਸੂਬੇ ਦਾ ਵਿਕਾਸ ਇਸ ਗੱਲ ਦੀ ਗਵਾਹੀ ਭਰਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਹੋਰ ਸਿਆਸੀ ਪਾਰਟੀਆਂ ਦੇ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਹਨ ਪਰ ਆਪ ਦੇ ਉਮੀਦਵਾਰ ਜਿੱਤ ਦੇ ਨੇੜੇ ਪੁੱਜ ਗਏ ਹਨ ਤੇ 50 ਵਾਰਡਾਂ 'ਚ ਜਿੱਤ ਪ੍ਰਾਪਤ ਕਰਕੇ ਸ਼ਹਿਰ ਵਾਸੀਆਂ ਨੂੰ ਆਪ ਪਾਰਟੀ ਦਾ ਮੇਅਰ ਦਿੱਤਾ ਜਾਵੇਗਾ ਤਾਂ ਜੋ ਮੋਗਾ ਨੂੰ ਪੰਜਾਬ ਦਾ ਮੋਹਰੀ ਜ਼ਿਲ੍ਹਾ ਤੇ ਮੋਹਰੀ ਨਗਰ ਨਿਗਮ ਬਣਾਇਆ ਜਾ ਸਕੇ। ਅਖੀਰ ਵਿੱਚ ਉਨ੍ਹਾਂ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਸ਼ੈਲੀ ਨਰਸਿੰਗ ਹੋਮ, ਸਰਹਿੰਦ ਨਾਲ ਐਮ.ਓ.ਯੂ.

ਸ੍ਰੀ ਫਤਹਿਗੜ੍ਹ ਸਾਹਿਬ, 24 ਮਈ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਨੇ ਸ਼ੈਲੀ ਨਰਸਿੰਗ ਹੋਮ, ਸਰਹਿੰਦ ਨਾਲ ਫਿਜ਼ੀਓਥੈਰੇਪੀ ਤੇ ਐਲਾਇਡ ਹੈਲਥ ਸਾਇੰਸਿਜ਼ ਵਿੱਚ ਅਕਾਦਮਿਕ, ਕਲੀਨੀਕਲ ਟ੍ਰੇਨਿੰਗ ਤੇ ਰਿਸਰਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮ.ਓ.ਯੂ.) ਸਾਇਨ ਕੀਤਾ ਹੈ।



ਇਸ ਐਮ.ਓ.ਯੂ. 'ਤੇ ਡਾ. ਜੀ.ਕੇ. ਸ਼ੈਲੀ, ਡਾਇਰੈਕਟਰ, ਸ਼ੈਲੀ ਨਰਸਿੰਗ ਹੋਮ ਤੇ ਪ੍ਰੋ. (ਡਾ.) ਪਰਿਤ ਪਾਲ ਸਿੰਘ, ਵਾਈਸ-ਚਾਂਸਲਰ, ਯੂਨੀਵਰਸਿਟੀ ਵੱਲੋਂ ਰਸਮੀ ਤੌਰ 'ਤੇ ਦਸਤਖ਼ਤ ਕੀਤੇ ਗਏ। ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਦੱਸਿਆ ਕਿ ਇਹ ਐਲਾਇਡ ਤੇ ਹੈਲਥ-ਕੇਅਰ ਸਾਇੰਸਿਜ਼ ਫੈਕਲਟੀ ਅਧੀਨ ਫਿਜ਼ੀਓਥੈਰੇਪੀ ਵਿਭਾਗ ਦੇ ਵਿਦਿਆਰਥੀਆਂ ਨੂੰ ਕਲੀਨੀਕਲ ਐਕਸਪੋਜ਼ਰ ਤੇ ਹੱਥੀਂ ਟ੍ਰੇਨਿੰਗ ਦੇਣ ਲਈ ਹੈ। ਇਹ ਥਿਊਰੀ ਤੇ ਵਾਸਤਵਿਕ ਕਲੀਨੀਕਲ ਪ੍ਰੈਕਟਿਸ ਵਿਚਕਾਰ ਪਾੜਾ ਘਟਾਉਂਦਾ ਹੈ ਤੇ ਕਲੀਨੀਕਲ ਪੋਸਟਿੰਗ, ਬੈਡਸਾਈਡ ਟੀਚਿੰਗ, ਮਰੀਜ਼ ਮੁਲਾਂਕਣ (ਪੇਸ਼ੈਂਟ ਅਸੈਸਮੈਂਟ) ਟ੍ਰੇਨਿੰਗ, ਕੇਸ ਚਰਚਾਵਾਂ, ਐਵੀਡੈਂਸ-ਬੇਸਡ ਪ੍ਰੈਕਟਿਸ ਸੈਸ਼ਨ, ਵਰਕਸ਼ਾਪਾਂ ਤੇ ਨਿਗਰਾਨੀ ਹੇਠ ਸਿਖਲਾਈ ਰਾਹੀਂ ਵਿਦਿਆਰਥੀਆਂ ਨੂੰ ਤਿਆਰ ਕੀਤਾ ਜਾਵੇਗਾ। 1972 ਵਿੱਚ ਸਥਾਪਤ ਸ਼ੈਲੀ ਨਰਸਿੰਗ ਹੋਮ ਇੱਕ ਪ੍ਰਸਿੱਧ ਮਲਟੀ-ਸਪੈਸ਼ਲਟੀ ਹਸਪਤਾਲ ਹੈ ਜੋ ਕਿਫ਼ਾਇਤੀ ਤੇ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਲਈ ਜਾਣਿਆ ਜਾਂਦਾ ਹੈ। ਇਸ ਵਿੱਚ ਆਰਥੋਪੀਡਿਕਸ, ਜਨਰਲ ਸਰਜਰੀ, ਔਬਸਟੈਟ੍ਰਿਕਸ ਐਂਡ ਗਾਇਨੀ, ਬਾਲ ਰੋਗ (ਐਨ.ਆਈ.ਸੀ.ਯੂ./ ਪੀ.ਆਈ.ਸੀ.ਯੂ. ਸਮੇਤ), ਈ.ਐਨ.ਟੀ., ਕ੍ਰਿਟੀਕਲ ਕੇਅਰ, ਐਮਰਜੈਂਸੀ ਸਰਵਿਸਿਜ਼, ਫਿਜ਼ੀਓਥੈਰੇਪੀ ਤੇ ਨਿਊਟ੍ਰੀਸ਼ਨ ਐਂਡ ਡਾਇਟੈਟਿਕਸ ਵਰਗੀਆਂ ਉਨਤ ਸਹੂਲਤਾਂ ਮੌਜੂਦ ਹਨ।ਇਸ ਮੌਕੇ 'ਤੇ ਡਾ. ਪੰਕਜਪ੍ਰੀਤ ਸਿੰਘ, ਡੀਨ, ਫੈਕਲਟੀ ਆਫ ਐਲਾਇਡ ਐਂਡ ਹੈਲਥ-ਕੇਅਰ ਸਾਇੰਸਿਜ਼ ਨੇ ਕਿਹਾ ਕਿ ਇਹ ਸਹਿਯੋਗ ਪ੍ਰੈਕਟੀਕਲ ਲਰਨਿੰਗ ਨੂੰ ਬਹੁਤ ਮਜ਼ਬੂਤ ਕਰੇਗਾ ਤੇ ਵਿਦਿਆਰਥੀਆਂ ਨੂੰ ਪੇਸ਼ੇਵਰ ਉਤਮਤਾ ਲਈ ਲੋੜੀਂਦੀਆਂ ਕਲੀਨੀਕਲ ਸਕਿੱਲਜ਼ ਪ੍ਰਦਾਨ ਕਰੇਗਾ।

# ਸੀਐਚਸੀ ਫਿਰੋਜ਼ਸ਼ਾਹ ਵਿਖੇ ਬਲਾਕ ਪੱਧਰੀ 'ਬੇਟੀ ਬਚਾਓ ਬੇਟੀ ਪੜ੍ਹਾਓ' ਵਰਕਸ਼ਾਪ ਕਰਵਾਈ

ਫਿਰੋਜ਼ਪੁਰ, 24 ਮਈ (ਤਿਵਾੜੀ): ਸਿਵਲ ਸਰਜਨ ਫਿਰੋਜ਼ਪੁਰ ਡਾ. ਮੀਨਾਕਸ਼ੀ ਢੀਂਗਰਾ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਸੀਐਚਸੀ ਫਿਰੋਜ਼ਸ਼ਾਹ ਡਾ. ਅਭੈਜੀਤ ਸਿੰਘ ਦੀ ਰਹਿਨੁਮਾਈ ਹੇਠ ਸੀਐਚਸੀ ਫਿਰੋਜ਼ਸ਼ਾਹ ਵਿਖੇ ਬਲਾਕ ਪੱਧਰੀ ਬੇਟੀ ਬਚਾਓ-ਬੇਟੀ ਪੜ੍ਹਾਓ ਵਰਕਸ਼ਾਪ ਕਰਵਾਈ ਗਈ। ਵਰਕਸ਼ਾਪ ਵਿੱਚ ਡਾ. ਮਨਮੀਤ ਸਕੂਲ ਹੈਲਥ ਮੈਡੀਕਲ ਆਫੀਸਰ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਕੁਮਾਰ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਡਾ. ਅਭੈਜੀਤ ਸਿੰਘ ਨੇ ਕਿਹਾ ਕਿ ਬੇਟੀਆਂ ਸਾਡੇ ਸਮਾਜ ਦਾ ਇੱਕ ਮਹੱਤਵਪੂਰਨ ਅੰਗ ਹਨ ਤੇ ਇਨ੍ਹਾਂ ਤੋਂ ਬਿਨਾਂ ਸਾਡਾ ਭਵਿੱਖ ਅਧੂਰਾ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮਕਸਦ ਬੇਟਾ-ਬੇਟੀ ਵਿੱਚ ਸਮਾਨਤਾ, ਧੀਆਂ ਨੂੰ ਸਿੱਖਿਅਤ ਕਰਨਾ ਹੈ ਕਿਉਂਕਿ ਇੱਕ ਬੇਟੀ ਦੇ ਸਿੱਖਿਅਤ ਹੋਣ ਨਾਲ ਦੋ ਪਰਿਵਾਰਾਂ ਨੂੰ ਲਾਭ ਮਿਲਦਾ ਹੈ। ਅਜੋਕੇ ਸਮੇਂ ਵਿੱਚ ਧੀਆਂ ਹਰ ਖੇਤਰ ਵਿੱਚ ਵੱਡੇ-ਵੱਡੇ ਅਹੁਦਿਆਂ 'ਤੇ ਬੈਠੀਆਂ ਹੋਈਆਂ ਹਨ।ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਕੁਮਾਰ ਨੇ ਕਿਹਾ ਕਿ ਲੜਕੀਆਂ ਦੇ ਲਿੰਗ ਅਨੁਪਾਤ ਵਿੱਚ ਆ ਰਹੀ ਗਿਰਾਵਟ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਆਸ਼ਾ ਵਰਕਰ ਨੂੰ ਹਦਾਇਤ ਕੀਤੀ ਕਿ ਪਹਿਲੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਗਰਭਵਤੀ ਔਰਤਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਜਾਵੇ ਤਾਂ ਜੋ ਲੜਕੀਆਂ ਦੇ ਲਿੰਗ ਅਨੁਪਾਤ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਨੇ ਕਿਹਾ ਕਿ ਧੀਆਂ ਆਪਣੇ ਪਰਿਵਾਰ ਪ੍ਰਤੀ ਲੜਕਿਆਂ ਨਾਲੋਂ ਜ਼ਿਆਦਾ ਸੁਹਿਰਦ ਹਨ ਤੇ ਉਨ੍ਹਾਂ ਦੀ ਪਰਿਵਾਰ ਨਾਲ ਜ਼ਿਆਦਾ ਨਜ਼ਦੀਕੀ ਹੁੰਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ ਵਿੱਚ ਲੜਕਿਆਂ ਨੂੰ ਲੜਕੀਆਂ ਪ੍ਰਤੀ ਸਨਮਾਨ ਯੋਗ ਵਤੀਰਾ ਰੱਖਣ ਵਿੱਚ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਲਿੰਗ ਨਿਰਧਾਰਿਤ ਐਕਟ ਦੀ ਸਖ਼ਤੀ ਨਾਲ ਪਾਲਣਾ ਲਈ ਪ੍ਰਤੀਬੱਧ ਹੈ। ਇਸ ਮੌਕੇ ਹਰਦੀਪ ਸਿੰਘ ਬੀ.ਈ.ਈ. ਫਿਰੋਜ਼ਸ਼ਾਹ ਨੇ ਆਮ ਲੋਕਾਂ ਨੂੰ ਬੇਟੀਆਂ ਨੂੰ ਕੁੱਖ ਵਿੱਚ ਕਤਲ ਹੋਣ ਤੋਂ ਬਚਾਉਣ ਤੋਂ ਲੈ ਕੇ ਉਨ੍ਹਾਂ ਨੂੰ ਪੜ੍ਹਾਉਣ-ਲਿਖਾਉਣ ਬਾਰੇ ਜਾਗਰੂਕ ਕੀਤਾ ਗਿਆ।



# ਅਮੋਲਕ ਸਿੰਘ ਦੀ ਕਹੀ ਇੱਕ-ਇੱਕ ਗੱਲ ਪੱਥਰ 'ਤੇ ਲਕੀਰ: ਪੰਨਾ ਲਾਲ



ਜੈਤੋ, 24 ਮਈ (ਸੰਜੀਵ ਗੋਇਲ ਸੰਜੂ): ਜੈਤੋ ਦੇ ਸਮਾਜ ਸੇਵੀ ਤੇ ਮਸ਼ਹੂਰ ਵਪਾਰੀ ਪੰਨਾ ਲਾਲ ਜੈਨ ਆਪਣੇ ਪੁੱਤਰ ਪ੍ਰਤੀਕ ਜੈਨ, ਭਰਾ ਅਸ਼ੋਕ ਜੈਨ, ਕਾਕਾ ਜੈਨ, ਡੀਕੇ ਗੋਇਲ ਤੇ ਹੋਰ ਕਾਫੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਦਾ ਸਵਾਗਤ ਹਲਕਾ ਜੈਤੋ ਵਿਧਾਇਕ ਅਮੋਲਕ ਸਿੰਘ ਨੇ ਸਿਰੋਪਾਓ ਪਾ ਕੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਇਨ੍ਹਾਂ ਨੂੰ ਪਾਰਟੀ ਵੱਲੋਂ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਪੰਨਾ ਲਾਲ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਜੈਤੋ ਵਿਧਾਇਕ ਅਮੋਲਕ ਸਿੰਘ ਦੇ ਕੰਮ ਕਾਜ ਤੋਂ ਪ੍ਰਭਾਵਿਤ ਹੋ ਕੇ ਅਸੀਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਾਂ। ਅਸੀਂ ਤਨੋਂ, ਮਨੋਂ, ਧਨੋਂ ਆਮ ਆਦਮੀ ਪਾਰਟੀ ਦੇ ਨਾਲ ਹਾਂ ਤੇ ਆਪਣੇ ਪਰਿਵਾਰ ਨਾਲ ਘਰ-ਘਰ ਜਾ ਕੇ ਆਮ ਆਦਮੀ ਪਾਰਟੀ ਦਾ ਪ੍ਰਚਾਰ ਕਰਾਂਗੇ, ਪਾਰਟੀ ਲਈ ਦਿਨ-ਰਾਤ ਮਿਹਨਤ ਕਰਾਂਗੇ। ਪੰਨਾ ਲਾਲ ਜੈਨ ਨੇ ਕਿਹਾ ਕਿ ਜੈਤੋ ਵਿਧਾਇਕ ਅਮੋਲਕ ਸਿੰਘ ਦੀ ਕਹੀ ਹਰ ਇੱਕ ਗੱਲ ਪੱਥਰ 'ਤੇ ਲਕੀਰ ਹੈ। ਇਸ ਮੌਕੇ ਪੰਜਾਬ ਵਪਾਰ ਮੰਡਲ ਦੇ ਵਾਈਸ ਪ੍ਰਧਾਨ ਸ਼ੈਲੀ ਗਰਗ, ਟਰੱਕ ਯੂਨੀਅਨ ਜੈਤੋ ਦੇ ਪ੍ਰਧਾਨ ਹਰਸਿਮਰਤ ਮਲਹੋਤਰਾ, ਅਸ਼ੋਕ ਗਰਗ ਆਦਿ ਪਾਰਟੀ ਵਰਕਰ ਹਾਜ਼ਰ ਸਨ।

# ਭਾਸ਼ਾ ਵਿਭਾਗ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਮਨਾਇਆ



ਲੁਧਿਆਣਾ, 24 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ/ਅਰਸ਼ ਸ਼ਰਮਾ): ਪੰਜਾਬ ਸਰਕਾਰ ਦੀ ਸਰਪ੍ਰਸਤੀ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਸਮਰਪਿਤ ਵਿਚਾਰ ਚਰਚਾ ਅਤੇ ਕਵੀ ਦਰਬਾਰ ਦਾ ਆਯੋਜਨ ਸ਼ਹੀਦ ਕਰਤਾਰ ਸਿੰਘ ਸਰਾਭਾ ਗਰੁੱਪ ਆਫ ਮੈਡੀਕਲ ਕਾਲਜਿਜ਼ ਸਰਾਭਾ ਵਿਖੇ ਕਰਵਾਇਆ ਗਿਆ। ਸਮਾਗਮ ਦੀ ਸਫਲਤਾ ਲਈ ਸ਼ਹੀਦ ਕਰਤਾਰ ਸਿੰਘ ਸਰਾਭਾ ਟਰੱਸਟ ਦੇ ਸੰਚਾਲਕ ਅਵਤਾਰ ਸਿੰਘ, ਕਰਨਲ ਰਣਧੀਰ ਸਿੰਘ, ਸਾਧੂ ਸਿੰਘ, ਜਸਵਿੰਦਰ ਰਾਣਾ, ਪਰਮਜੀਤ ਸਿੰਘ ਤੇ ਕਲੱਬ ਪ੍ਰਧਾਨ ਦਵਿੰਦਰ ਸਿੰਘ ਹੋਰਾਂ ਨੇ ਭਰਵਾਂ ਯੋਗਦਾਨ ਪਾਇਆ। ਜ਼ਿਲ੍ਹਾ ਭਾਸ਼ਾ ਅਫ਼ਸਰ ਲੁਧਿਆਣਾ ਡਾ. ਸੰਦੀਪ ਸ਼ਰਮਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਭਾਗ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ।

ਪ੍ਰੋ. ਜਗਮੋਹਨ ਸਿੰਘ ਦੀ ਪ੍ਰਧਾਨਗੀ 'ਚ ਹੋਈ ਵਿਚਾਰ ਚਰਚਾ ਦੀ ਸ਼ੁਰੂਆਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਤਿਹਾਸ ਵਿਭਾਗ ਦੇ ਮੁਖੀ ਡਾ. ਜਸਵੀਰ ਸਿੰਘ ਨੇ ਕੀਤੀ। ਉਨ੍ਹਾਂ 'ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਗਦਰ ਲਹਿਰ' ਬਾਰੇ ਬੋਲਦਿਆਂ ਕਿਹਾ ਕਿ ਸ਼ਹੀਦ ਸਰਾਭਾ ਵਰਗੇ ਜੋਸ਼ੀਲੇ ਤੇ ਸੂਝਵਾਨ ਦੇਸ਼ ਭਗਤਾਂ ਦੇ ਯਤਨਾਂ ਸਦਕਾ ਸਿਰਜੀ ਗਈ ਗਦਰ ਲਹਿਰ ਨੇ ਅੰਗਰੇਜ਼ੀ ਸਰਕਾਰ ਅੰਦਰ ਇੱਕ ਅਜਿਹਾ ਡਰ ਬੈਠਾ ਦਿੱਤਾ ਸੀ ਕਿ ਅਜ਼ਾਦੀ ਲਈ ਭਾਰਤ ਵਸਦੇ ਜੁਝਾਰੂ ਲੋਕ ਹੀ ਕੇਵਲ ਸੰਘਰਸ਼ ਕਰਨ ਦੇ ਰੌਅ ਵਿੱਚ ਨਹੀਂ ਹਨ, ਸਗੋਂ ਵਿਦੇਸ਼ਾਂ 'ਚ ਬੈਠੇ ਭਾਰਤੀ ਵੀ ਵਿਸ਼ਵ ਪੱਧਰ 'ਤੇ ਵੀ ਆਪਣੇ ਮੁਲਕ ਦੀ ਅਜ਼ਾਦੀ ਲਈ ਆਵਾਜ਼ ਚੁੱਕ ਰਹੇ ਹਨ। ਇਹ ਸਮਾਜਿਕ ਤੇ ਸੱਭਿਆਚਾਰਕ ਸਾਂਝਾਂ 'ਚੋਂ ਉਪਜੀ ਲਹਿਰ ਸੀ। ਇਸ ਕਰਕੇ ਗਦਰ ਲਹਿਰ ਦੇ ਸੰਕਲਪ ਤੇ ਮਨੋਰਥ ਅਜੋਕੇ ਭਾਰਤ ਲਈ ਵੀ ਮਾਰਗਦਰਸ਼ਕ ਹਨ। ਜਿਨ੍ਹਾਂ ਨੂੰ ਸਮਝਣ ਤੇ ਅਮਲੀ ਰੂਪ ਦੇਣ ਦੀ ਲੋੜ ਹੈ। ਲੋਕ ਪੱਖੀ ਲਹਿਰਾਂ ਦੇ ਇਤਿਹਾਸ ਨੂੰ ਨਵੇਂ ਨਜ਼ਰੀਏ ਤੋਂ ਵਾਚਣ ਵਾਲੇ ਡਾ. ਸੁਮੇਲ ਸਿੰਘ ਸਿੱਧੂ ਨੇ 'ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਗਦਰ ਸਾਹਿਤ' ਬਾਰੇ ਕਿਹਾ ਕਿ ਗਦਰ ਸਾਹਿਤ ਨੇ ਦਰਸਾ ਦਿੱਤਾ ਸੀ ਕਿ ਸਾਹਿਤ ਕਿਉਂ ਲਿਖਿਆ ਤੇ ਕਿਉਂ ਪੜ੍ਹਿਆ ਜਾਂਦਾ ਹੈ। ਗਦਰੀ ਸਾਹਿਤ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਰਾਹੀਂ ਦੇਸ਼ ਨੂੰ ਪਿਆਰ ਕਰਨ ਦਾ ਮਤਲਬ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਸੀ। ਸਿੱਧੂ ਨੇ ਕਿਹਾ ਕਿ ਗਦਰੀ ਭਾਵੇਂ ਬਹੁਤ ਪੜ੍ਹੇ ਲਿਖੇ ਨਹੀਂ ਸਨ, ਪਰ ਉਹ ਵਿਦੇਸ਼ਾਂ 'ਚ ਹੱਡ ਭੰਨਵੀਂ ਕਮਾਈ ਦੇ ਨਾਲ-ਨਾਲ ਉੱਚ ਕੋਟੀ ਦਾ ਸਾਹਿਤ ਸਿਰਜਣ ਲਈ ਵੀ ਸਰਗਰਮ ਰਹੇ। ਉਨ੍ਹਾਂ ਦੇ ਸਾਹਿਤ ਦੇ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਸਿੱਖ ਗੁਰੂ ਸਨ। ਕਵੀ ਦਰਬਾਰ ਸਮਾਗਮ ਦੇ ਦੂਸਰੇ ਪੜਾਅ ਕਵੀ ਦਰਬਾਰ ਦੀ ਪ੍ਰਧਾਨਗੀ ਉੱਘੇ ਸ਼ਾਇਰ ਤੇ ਪੱਤਰਕਾਰ ਸ੍ਰੀ. ਮਾਰਕੰਡਾ ਨੇ ਕੀਤੀ। ਪ੍ਰਿੰ. ਮਹਿੰਦਰ ਕੌਰ ਗਰੇਵਾਲ ਨੇ ਆਪਣੀ ਕਵਿਤਾ 'ਕੀ ਆਖਾ ਵੀਰ ਸਰਾਭੇ ਨੂੰ' ਰਾਹੀਂ ਪੰਜਾਬ ਦੇ ਅਜੋਕੇ ਸੰਘਰਸ਼ੀ ਲੋਕਾਂ ਦੀ ਗੱਲ ਕੀਤੀ। ਕਰਮਜੀਤ ਗਰੇਵਾਲ ਲਲਤੋਂ ਕਲਾਂ ਨੇ 'ਇੱਕ ਗੱਭਰੂ ਉੱਨੀ ਸਾਲਾਂ ਦਾ' ਗੀਤ ਤੁਰੰਨਮ 'ਚ ਗਾ ਕੇ ਮਾਹੌਲ ਨੂੰ ਜੋਸ਼ ਪ੍ਰਦਾਨ ਕੀਤਾ। ਸਰਕਾਰੀ ਹਾਈ ਸਕੂਲ ਖੰਡੀ-ਭੰਮੀ ਦੀਆਂ ਵਿਦਿਆਰਥਣਾਂ ਨੇ 'ਦੇਸ਼ ਲਈ ਫੁੱਲ-ਫੁੱਲ ਪੈਂਦਾ ਪਿਆਰ ਸਰਾਭੇ ਦਾ' ਅਤੇ 'ਪਿੰਡ ਸਰਾਭੇ ਜੰਮਿਆ ਜੀਹਦਾ ਨਾ ਕਰਤਾਰ' ਰਾਹੀਂ ਸਰੋਤਿਆਂ ਨੂੰ ਨਵਾਂ ਹਲੂਨਾ ਦਿੱਤਾ। ਇੰਦਰਜੀਤ ਕੌਰ ਵਡਾਲਾ ਗੁੰਝੀਆਂ ਨੇ 'ਗਦਰ ਦੀ ਅੱਗ ਸੀ ਸੀਨੇ ਉਹ ਤਿੱਖੀ ਤਲਵਾਰ ਵਰਗਾ ਸੀ' ਕਵਿਤਾ ਰਾਹੀਂ ਸ. ਸਰਾਭਾ ਦੀ ਸ਼ਖਸੀਅਤ ਬਾਰੇ ਚਾਨਣਾ ਪਾਇਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਦਰਸ਼ਨ ਸਿੰਘ ਟਿਵਾਣਾ ਨੇ ਬਾਖ਼ੂਬੀ ਕੀਤਾ। ਇਸ ਮੌਕੇ ਸੀ.ਐਮ.ਓ. ਲੁਧਿਆਣਾ ਡਾ. ਰਮਨਦੀਪ ਕੌਰ, ਮੈਂਬਰ ਪੰਜਾਬ ਕਾਲਜ ਦੀ ਪ੍ਰਿੰ. ਪ੍ਰਭਜੋਤ ਕੌਰ ਸੈਣੀ, ਸਾਬਕਾ ਪ੍ਰਿੰ. ਮਹਿੰਦਰ ਕੌਰ ਗਰੇਵਾਲ, ਡਾ. ਬਲਜੀਤ ਸਿੰਘ ਵਿਰਕ, ਖੋਜ ਸਹਾਇਕ ਹਰਪ੍ਰੀਤ ਸਿੰਘ, ਅੰਕੁਸ਼ ਕੁਮਾਰ, ਅਰੁਣ ਕੁਮਾਰ, ਤਰਲੋਕ ਨੇਗੀ ਤੇ ਸਿਮਰਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਤੋਂ ਬਾਅਦ ਸਾਰੇ ਬੁਲਾਰੇ, ਕਵੀ ਤੇ ਪ੍ਰਬੰਧਕਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਘਰ ਦੇ ਦਰਸ਼ਨ ਕੀਤੇ।

# ਆਸਟ੍ਰੇਲੀਆ ਦੇ ਸ਼ਹਿਰ ਮੈਲਬੋਰਨ ਵਿੱਚ ਅਸ਼ਵਨੀ ਬਾਵਾ ਵੱਲੋਂ ਤਿਵਾੜੀ ਤੇ ਦੀਵਾਨ ਦਾ ਭਰਵਾਂ ਸਵਾਗਤ



ਲੁਧਿਆਣਾ, 24 ਮਈ (ਰਵਿੰਦਰ ਸਿੰਘ ਨਿੱਝਰ): ਸ਼੍ਰੀ ਮੁਨੀਸ਼ ਤਿਵਾੜੀ ਸਾਬਕਾ ਪ੍ਰਸਾਰਣ ਮੰਤਰੀ ਭਾਰਤ ਸਰਕਾਰ ਤੇ ਸੰਸਦ ਮੈਂਬਰ ਚੰਡੀਗੜ੍ਹ, ਅਤੇ ਪਵਨ ਦੀਵਾਨ ਸਾਬਕਾ ਚੇਅਰਮੈਨ ਪੰਜਾਬ ਲਾਰਜ ਇੰਡਸਟਰੀ ਡਿਵੈਲਪਮੈਂਟ ਬੋਰਡ ਦਾ ਆਸਟਰੇਲੀਆ ਦੇ ਸ਼ਹਿਰ ਮੈਲਬੋਰਨ ਪਹੁੰਚਣ 'ਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪੰਜਾਬ ਚੈਪਟਰ ਦੇ ਜਨਰਲ ਸਕੱਤਰ ਅਸ਼ਵਨੀ ਬਾਵਾ ਅਤੇ ਉਸਦੇ ਸਾਥੀਆਂ ਰਵਿੰਦਰ ਰਵੀ ਆਸਟ੍ਰੇਲੀਆ, ਵਰੁਣ ਸ਼ਰਮਾ, ਸੰਨੀ ਦੱਤ, ਸੁਨੀਲ ਦੱਤ, ਗੁਰਦੀਪ ਸਿੰਘ , ਵਰੁਣ ਸ਼ਰਮਾ ਸਮੇਤ ਇੰਡੀਅਨ ਓਵਰਸੀਜ਼ ਕਾਂਗਰਸ ਟੀਮ ਦੇ ਸਮੁੱਚੇ ਮੈਂਬਰਾਂ ਨੇ ਭਰਵਾਂ ਸਵਾਗਤ ਕੀਤਾ। ਸ੍ਰੀ ਅਸ਼ਵਨੀ ਨੇ ਸ੍ਰੀ ਤਿਵਾੜੀ ਨੂੰ ਬੁੱਕਾ ਭੇਂਟ ਕੀਤਾ। ਉਨ੍ਹਾਂ ਦੱਸਿਆ ਕਿ ਬਾਅਦ ਵਿੱਚ ਆਸਟਰੇਲੀਆ ਸਰਕਾਰ ਨਾਲ ਸੰਬੰਧਿਤ ਕਈ ਸੁਸਾਇਟੀਆਂ ਦੇ ਪ੍ਰਮੁੱਖ ਅਹੁਦੇਦਾਰਾਂ ਨਾਲ ਸ੍ਰੀ ਤਿਵਾੜੀ ਨੇ ਮੀਟਿੰਗਾਂ ਕੀਤੀਆਂ। ਇਸ ਮੌਕੇ ਆਸਟਰੇਲੀਆ ਵਿੱਚ ਵਸਦੇ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ 'ਤੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਉਹਨਾਂ ਦੱਸਿਆ ਕਿ ਸ੍ਰੀ ਤਿਵਾੜੀ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਹਨਾਂ ਮਸਲਿਆਂ ਨੂੰ ਵੱਡੇ ਪੱਧਰ 'ਤੇ ਚੁੱਕ ਕੇ ਪ੍ਰਵਾਸੀ ਭਾਰਤੀਆਂ ਨੂੰ ਇਨਸਾਫ ਦਿਵਾਉਣ ਤੱਕ ਪੂਰੀ ਤਰ੍ਹਾਂ ਸਰਗਰਮ ਰਹਿਣਗੇ ਅਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆਉਣ 'ਤੇ ਪ੍ਰਵਾਸੀ ਪੰਜਾਬੀਆਂ ਦੇ ਸਾਰੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਏ ਜਾਣਗੇ। ਇਸ ਮੌਕੇ ਪ੍ਰਵਾਸੀਆਂ ਦੀਆਂ ਕਈ ਨਿੱਜੀ ਸੰਸਥਾਵਾਂ ਨਾਲ ਵੀ ਸ੍ਰੀ ਤਿਵਾੜੀ ਅਤੇ ਸ੍ਰੀ ਦੀਵਾਨ ਨੇ ਅਨੇਕਾਂ ਮੀਟਿੰਗਾਂ ਕੀਤੀਆਂ ਅਤੇ ਮੌਜੂਦਾ ਹਾਲਾਤਾਂ 'ਤੇ ਚਰਚਾ ਕੀਤੀ। ਅਸ਼ਵਨੀ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਨੂੰ ਆ ਰਹੀਆਂ ਮੁਸ਼ਕਲਾਂ ਵਿੱਚ ਇੱਕ ਮੁਸ਼ਕਿਲ ਇਹ ਵੀ ਹੈ ਕਿ ਉਹਨਾਂ ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ ਅਤੇ ਬਹੁਤ ਸਾਰੇ ਮਾਫੀਆ ਗਰੋਹ ਸਥਾਨਕ ਸਰਕਾਰ ਦੇ ਮੰਤਰੀਆਂ ਵਿਧਾਇਕਾਂ ਹਲਕਾ ਇੰਚਾਰਜਾਂ ਜਾਂ ਹੋਰ ਵੱਡੇ ਲੀਡਰਾਂ ਨਾਲ ਕਥਿਤ ਤੌਰ 'ਤੇ ਰਲ ਕੇ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਨੈਕਸਸ ਨੂੰ ਤੋੜਨ ਦੀ ਜ਼ਰੂਰਤ ਹੈ। ਉਹਨਾਂ ਦੱਸਿਆ ਕਿ ਸ੍ਰੀ ਤਿਵਾੜੀ ਅਤੇ ਸ਼੍ਰੀ ਦੀਵਾਨ ਮੈਲਬੌਰਨ ਵਿੱਚ ਦਿਨ ਰਾਤ ਮੀਟਿੰਗਾਂ ਕਰਨ ਵਿੱਚ ਰੁੱਝੇ ਹੋਏ ਹਨ ਅਤੇ ਚਾਰ ਦਿਨਾਂ ਇੱਥੇ ਰਹਿਣ ਤੋਂ ਬਾਅਦ ਉਹ ਵਾਪਸ ਦੇਸ਼ ਪਰਤ ਜਾਣਗੇ।

# ਲੁੱਟਾਂ-ਖੋਹਾਂ ਕਾਰਨ ਸੁਨਿਆਰਿਆਂ ਦੇ ਪਰਿਵਾਰਾਂ ਵਿੱਚ ਦਹਿਸ਼ਤ ਦਾ ਮਾਹੌਲ : ਕੰਡਾ



ਲੁਧਿਆਣਾ, 24 ਮਈ (ਰਵਿੰਦਰ ਸਿੰਘ ਨਿੱਝਰ): ਸਵਰਨਕਾਰ ਵੈਲਫੇਅਰ ਸੰਘ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਨੇ ਆਖਿਆ ਹੈ ਕਿ ਸੋਨੇ ਦਾ ਵਪਾਰ ਕਰਨ ਵਾਲੇ ਸੁਨਿਆਰਿਆਂ ਦੀਆਂ ਦੁਕਾਨਾਂ ਵਿੱਚ ਲੁਟੇਰਿਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜਦੋਂ ਦੀ ਕੇਂਦਰ ਵਿੱਚ ਭਾਜਪਾ ਦੀ ਮੋਦੀ ਸਰਕਾਰ ਨੇ ਸੱਤਾ ਸੰਭਾਲੀ ਉਦੋਂ ਤੋਂ ਸੁਨਿਆਰਿਆਂ ਦੇ ਕਾਰੋਬਾਰ ਵਿੱਚ ਮੰਦਾ ਆਉਣਾ ਸ਼ੁਰੂ ਹੋ ਗਿਆ ਸੀ ਤੇ ਅੱਜ ਕੱਲ੍ਹ ਸੁਨਿਆਰਿਆਂ ਨੂੰ ਭਾਰੀ ਮੰਦੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੋਂ ਤੱਕ ਕਿ ਕਈ ਕਾਰੋਬਾਰੀਆਂ ਲਈ ਤਾਂ ਖਰਚੇ ਪੂਰੇ ਕਰਨੇ ਵੀ ਔਖੇ ਹੋ ਗਏ ਹਨ ਅਤੇ ਬਹੁਤ ਸਾਰੇ ਸੁਨਿਆਰੇ ਆਪਣੀਆਂ ਦੁਕਾਨਾਂ ਬੰਦ ਕਰ ਗਏ ਹਨ। ਕੰਡਾ ਨੇ ਆਖਿਆ ਕਿ ਅੱਜ ਕੱਲ੍ਹ ਲੁੱਟਾਂ ਖੋਹਾਂ ਇੰਨੀਆਂ ਵੱਧ ਗਈਆਂ ਹਨ ਜਿੰਨੀਆਂ ਪਹਿਲਾਂ ਕਦੇ ਨਹੀਂ ਸਨ ਸੁਣੀਆਂ। ਉਹਨਾਂ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਆਤਮ ਨਗਰ ਵਿੱਚ ਏਟੀਆਈ ਰੋਡ 'ਤੇ ਪੈਂਦੇ ਸੁਨਿਆਰੇ ਰਘਵੀਰ ਜਿਊਲਰਜ਼ ਦੀ ਦੁਕਾਨ 'ਤੇ ਲੁਟੇਰਿਆਂ ਵੱਲੋਂ ਮਾਲਕ 'ਤੇ ਕੀਤੇ ਗਏ ਜਾਨ ਮਾਰੂ ਹਮਲੇ ਅਤੇ ਦੁਕਾਨ ਵਿੱਚੋਂ ਸਾਰਾ ਸੋਨਾ, ਪਿਸਤੌਲ ਅਤੇ ਮਾਲਕ ਦੀ ਐਕਟਵਾ ਸਕੂਟਰੀ ਲੈ ਕੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਲੁਟੇਰਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਬੇਖੌਫ ਹੋ ਕੇ ਵਾਰਦਾਤ ਨੂੰ ਅੰਜਾਮ ਦੇ ਕੇ ਤੁਰਦੇ ਬਣਦੇ ਹਨ। ਉਹਨਾਂ ਕਿਹਾ ਕਿ ਬਹੁਤ ਸਾਰੇ ਕੇਸਾਂ ਵਿੱਚ ਤਾਂ ਲੁੱਟਾਂ ਖੋਹਾਂ ਕਰਨ ਵਾਲੇ ਪੁਲਿਸ ਦੇ ਹੱਥ ਆਉਂਦੇ ਹੀ ਨਹੀਂ ਅਤੇ ਜੇਕਰ ਆ ਵੀ ਜਾਂਦੇ ਹਨ ਤਾਂ ਕੁਝ ਸਮਾਂ ਕਾਨੂੰਨ ਦੀ ਗ੍ਰਿਫਤ ਵਿੱਚ ਰਹਿਣ ਤੋਂ ਬਾਅਦ ਉਹ ਫਿਰ ਸ਼ਰੇਆਮ ਬਾਹਰ ਆ ਕੇ ਉਸੇ ਤਰ੍ਹਾਂ ਦੀਆਂ ਵਾਰਦਾਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਇਸੇ ਕਰਕੇ ਅਜਿਹੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਰੁਕਣ ਦੀ ਬਜਾਏ ਦਿਨੋ ਦਿਨ ਵੱਧਦੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸੁਨਿਆਰਿਆਂ ਦੇ ਪਰਿਵਾਰ ਅਜਿਹੀਆਂ ਵਾਰਦਾਤਾਂ ਕਾਰਣ ਬੇਹੱਦ ਦਹਿਸ਼ਤ ਵਿੱਚ ਹਨ ਅਤੇ ਪਰਿਵਾਰਿਕ ਮੈਂਬਰਾਂ ਨੂੰ ਡਰ ਹੁੰਦਾ ਹੈ ਕਿ ਦੁਕਾਨ 'ਤੇ ਬੈਠਾ ਘਰ ਦਾ ਮੁਖੀ ਪਤਾ ਨਹੀਂ ਰਾਤ ਨੂੰ ਘਰ ਆਵੇਗਾ ਜਾਂ ਨਹੀਂ। ਸ੍. ਕੰਡਾ ਨੇ ਪੁਲਿਸ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਸਖਤਾਈ ਵਰਤੇ ਅਤੇ ਜਿਹੜਾ ਵੀ ਮੁਲਜ਼ਮ ਪਕੜਿਆ ਜਾਂਦਾ ਹੈ ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਵੇ। ਉਹਨਾਂ ਕਾਰੋਬਾਰੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀਆਂ ਦੁਕਾਨਾਂ ਵਿੱਚ ਸਿਕਿਉਰਟੀ ਸਿਸਟਮ ਲਾ ਕੇ ਰੱਖਣ ਜਿਸ ਵਿੱਚ ਖਤਰੇ ਵੇਲੇ ਅਲਾਰਮ ਵੱਜਣ ਦੀ ਸੁਵਿਧਾ ਵੀ ਹੋਵੇ ਅਤੇ ਹੋਰ ਵੀ ਅਜਿਹਾ ਸਿਸਟਮ ਹੋਵੇ ਕਿ ਲੁੱਟ ਖੋਹ ਕਰਨ ਲਈ ਦੁਕਾਨ ਵਿੱਚ ਆਏ ਲੁਟੇਰੇ ਕਿਸੇ ਵੀ ਕੀਮਤ 'ਤੇ ਬਚ ਕੇ ਭੱਜ ਨਾ ਸਕਣ।

# ਨਿਗਮ ਅਧੀਨ ਲੈਣ ਦੇ ਫ਼ੈਸਲੇ ਤੋਂ ਬਾਅਦ ਬਿਜਲੀ ਨਿਗਮ ਦੇ ਕੱਚੇ ਕਾਮਿਆਂ ਨੇ ਚੁੱਕਿਆ ਧਰਨਾ



ਲੁਧਿਆਣਾ, 24 ਮਈ (ਰਵਿੰਦਰ ਸਿੰਘ ਨਿੱਝਰ) ਸੀਐਚਬੀ ਕਾਮਿਆਂ ਨੂੰ ਮਹਿਕਮੇਂ 'ਚ ਠੇਕੇ 'ਤੇ ਰੱਖ ਕੇ ਤਨਖਾਹਾਂ ਵਧਾਉਣ ਦੇ ਹੋਏ ਸਮਝੌਤੇ ਤੋਂ ਬਾਅਦ ਬਿਜਲੀ ਨਿਗਮ ਦੇ ਹੋਰਨਾਂ ਕੱਚੇ ਕਾਮਿਆਂ ਨੇ ਵੀ ਏਸੇ ਤਰਜ 'ਤੇ ਉਨ੍ਹਾਂ ਦੀਆਂ ਸੇਵਾਵਾਂ ਮਹਿਕਮੇਂ ਅਧੀਨ ਕਰਕੇ ਤਨਖਾਹਾਂ ਵਧਾਉਣ ਦੀ ਮੰਗ ਨੂੰ ਲੈਕੇ ਕਈ ਰੋਜ ਤੋਂ ਕੰਮ ਛੱਡਕੇ ਪਟਿਆਲਾ ਮੁੱਖ ਦਫਤਰ ਅੱਗੇ ਧਰਨਾ ਦਿੱਤਾ ਹੋਇਆ ਸੀ। ਇਸ ਧਰਨੇ ਦੀ ਅਗਵਾਈ ਕਰ ਰਹੀਆਂ ਜੱਥੇਬੰਦੀਆਂ ਪਾਵਰਕਾਮ ਟਰਾਂਸਕੋ ਆਊਟਸੋਰਸਡ ਵਰਕਰ ਯੂਨੀਅਨ ਏਟਕ, ਸਾਂਝੀ ਥਰਮਲ ਕੰਟਰੈਕਟ ਵਰਕਰ ਸੰਘਰਸ਼ ਕਮੇਟੀ ਅਤੇ ਆਊਟਸੋਰਸ ਇੰਪਲਾਈਜ ਫੈਡਰੇਸ਼ਨ ਜਿਨ੍ਹਾਂ ਨੂੰ ਸਮੱਰਥਨ ਦੇਣ ਲਈ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਬਾਸਰਕੇ ਤੇ ਏਟਕ ਪੰਜਾਬ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਵੀ ਪੁੱਜੇ ਸਨ। ਧਰਨੇ 'ਚ ਵਧੇ ਜੋਸ਼ ਅਤੇ ਪੰਜਾਬ ਭਰ 'ਚ ਬਿਜਲੀ ਦਾ ਸਿਸਟਮ ਵਿਗੜਨ ਦੀ ਖਬਰ ਜਿਉਂ ਹੀ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੋਂਧ ਤੱਕ ਪੁੱਜੀ ਤਾਂ ਉਨ੍ਹਾਂ ਸਾਰੀਆਂ ਜੱਥੇਬੰਦੀਆਂ ਦੀ ਲੀਡਰਸ਼ਿਪ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਲਿਖਤੀ ਭਰੋਸਾ ਦਿੱਤਾ। ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਜਾਰੀ ਮੀਟਿੰਗ ਆਫ ਮਿੰਟਿਸ ਤਹਿਤ ਯੋਗਤਾ/ ਤਜਰੁਬੇ/ ਅੰਦਰੂਨੀ ਪ੍ਰੀਖਿਆ ਤੋਂ ਬਾਅਦ ਏਨ੍ਹਾਂ ਆਊਟਸੋਰਸ ਮੁਲਾਜ਼ਮਾਂ ਨੂੰ ਮਹਿਕਮੇਂ ਅਧੀਨ ਠੇਕੇ 'ਤੇ ਰੱਖ ਲਿਆ ਜਾਵੇਗਾ। ਏਹ ਪ੍ਰਕਿਰਿਆ 15 ਜੂਨ ਤੱਕ ਮੁਕੰਮਲ ਕੀਤੀ ਜਾਵੇਗੀ। ਮੌਜੂਦਾ ਤਨਖਾਹ 'ਚ ਭੱਤੇ ਤੇ ਜੀਐਸਟੀ ਨੂੰ ਜੋੜ ਕੇ ਵਾਧਾ ਕੀਤਾ ਜਾਵੇਗਾ। ਹੜਤਾਲ ਦੌਰਾਨ ਕੀਤੀਆਂ ਛੁੱਟੀਆਂ ਦੇ ਪੈਸੇ ਵੀ ਉਨ੍ਹਾਂ ਨੂੰ ਦੇਣ ਦਾ ਭਰੋਸਾ ਦਿੱਤਾ ਗਿਆ। ਆਊਟਸੋਰਸ ਇੰਪਲਾਈਜ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਕੁਲਜੀਤ ਸਿੰਘ ਨੇ ਸਰਕਾਰ, ਮੈਨੇਜਮੈਂਟ ਅਤੇ ਜੱਥੇਬੰਦੀਆਂ ਦਾ ਧੰਨਵਾਦ ਕੀਤਾ। ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਸੰਘਰਸ਼ 'ਚ ਕੁੱਦੇ ਸਾਰੇ ਜੇਤੂ ਮੁਲਾਜ਼ਮਾਂ ਨੂੰ ਬਿਜਲੀ ਨਿਗਮ 'ਚ ਲੈਣ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ।

# ਧਾਰਮਿਕ ਯਾਤਰਾ ਲਈ ਭੇਜੀ ਬੱਸ ਨੂੰ ਜਗਜੀਤ ਸਿੰਘ ਅਰੋੜਾ ਨੇ ਝੰਡੀ ਦੇ ਕੇ ਕੀਤਾ ਰਵਾਨਾ




ਲੁਧਿਆਣਾ 24 ਮਈ (ਰਵਿੰਦਰ ਸਿੰਘ ਨਿੱਝਰ)- ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੱਥਾ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਦੀਪਾ ਦੀ ਅਗਵਾਈ ਹੇਠ ਕਰਵਾਈਆਂ ਜਾ ਰਹੀਆਂ ਧਾਰਮਿਕ ਯਾਤਰਾਵਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਦਰਸ਼ਨਾਂ ਲਈ ਏ.ਸੀ ਬੱਸ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਜਿਸ ਨੂੰ ਸਮਾਜ ਸੇਵੀ ਜਗਜੀਤ ਸਿੰਘ ਅਰੋੜਾ ਨੇ ਆਪਣੇ ਕਰ ਕਮਲਾਂ ਦੁਆਰਾ ਝੰਡੀ ਦੇ ਕੇ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ। ਇਸ ਮੌਕੇ ਗੱਲਬਾਤ ਦੌਰਾਨ ਜਗਜੀਤ ਸਿੰਘ ਅਰੋੜਾ ਅਤੇ ਪ੍ਰਧਾਨ ਦੀਪਾ ਨੇ ਦੱਸਿਆ ਕਿ ਇਹ ਯਾਤਰਾ ਗੁ. ਟਾਹਲੀਆਣਾ ਸਾਹਿਬ, ਰਾਏਕੋਟ, ਗੁ. ਅੜੀ ਸਾਹਿਬ ਗੁ. ਟੁੱਟੀ ਗੰਢੀ ਮੁਕਤਸਰ ਸਾਹਿਬ ਆਦਿ ਧਾਰਮਿਕ ਸਥਾਨਾਂ ਸਮੇਤ ਸ੍ਰੀ ਦਮਦਮਾ ਸਾਹਿਬ ਤੋਂ ਵਾਪਸ ਪਰਤਦੇ ਹੋਏ ਸ੍ਰੀ ਨਾਨਕਸਰ ਠਾਠ ਜਗਰਾਉਂ ਆਦਿ ਵਿਖੇ ਵੀ ਦਰਸ਼ਨ ਮੇਲੇ ਕਰਵਾਏ ਜਾਣਗੇ। ਇਸ ਮੌਕੇ ਅਰੋੜਾ ਨੇ ਕਿਹਾ ਕਿ ਦੀਪਾ ਜੀ ਪਿਛਲੇ 30 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਨਾ ਸਿਰਫ ਨਿਰਸਵਾਰਥ ਸੇਵਾ ਭਾਵਨਾ ਦੇ ਨਾਲ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਲਈ ਲੋੜਵੰਦ ਸੰਗਤਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ ਬਲਕਿ ਉਹਨਾਂ ਨੇ ਆਪਣਾ ਸਾਰਾ ਜੀਵਨ ਹੀ ਸੇਵਾ ਭਾਵਨਾ ਨੂੰ ਸਮਰਪਿਤ ਕੀਤਾ ਹੋਇਆ ਹੈ। ਜਗਜੀਤ ਸਿੰਘ ਅਰੋੜਾ ਨੇ ਕਿਹਾ ਕਿ ਉਸ ਅਕਾਲ ਪੁਰਖ ਵਾਹਿਗੁਰੂ ਵੱਲੋਂ ਮਿਲੀ ਡਿਊਟੀ ਅਤੇ ਪ੍ਰਭੂ ਪਰਮੇਸ਼ਵਰ ਦੀ ਕਿਰਪਾ ਸਦਕਾ ਹੀ ਇੰਨੀਆਂ ਵੱਡੀਆਂ ਸੇਵਾਵਾਂ ਨਿਭਾਈਆਂ ਜਾ ਸਕਦੀਆਂ ਹਨ। ਜਿਸਦੇ ਚਲਦਿਆਂ ਕੁਲਦੀਪ ਸਿੰਘ ਦੀਪਾ ਜੀ ਅਤੇ ਉਨਾਂ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਚੋਣਾਂ ਤੋਂ ਪਹਿਲਾਂ ਧਾਰਾ 163 ਲਾਗੂ

ਲੁਧਿਆਣਾ, 24 ਮਈ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਮੈਜਿਸਟ੍ਰੇਟ ਹਿਮਾਂਸ਼ੂ ਜੈਨ ਨੇ ਪੰਜਾਬ ਵਿੱਚ 26 ਮਈ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ-2026 ਦੇ ਮੱਦੇਨਜ਼ਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ), 2023 ਦੀ ਧਾਰਾ 163 ਦੇ ਤਹਿਤ ਮਨਾਹੀ ਦੇ ਹੁਕਮ ਲਾਗੂ ਕੀਤੇ ਹਨ। ਚੋਣ ਸਮੇਂ ਦੌਰਾਨ ਸ਼ਾਂਤੀ, ਕਾਨੂੰਨ ਵਿਵਸਥਾ ਬਣਾਈ ਰੱਖਣ, ਜਨਤਕ ਜੀਵਨ ਅਤੇ ਜਾਇਦਾਦ ਦੀ ਰਾਖੀ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਅਨੁਸਾਰ, ਜ਼ਿਲ੍ਹਾ ਲੁਧਿਆਣਾ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਜਨਤਕ ਥਾਵਾਂ 'ਤੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਕਿਸੇ ਵੀ ਤਰ੍ਹਾਂ ਦੀ ਨਾਅਰੇਬਾਜ਼ੀ ਕਰਨ, ਭੜਕਾਊ ਭਾਸ਼ਣ ਦੇਣ, ਮੀਟਿੰਗਾਂ ਕਰਨ, ਜਲੂਸ ਕੱਢਣ ਅਤੇ ਰੈਲੀਆਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਗੈਰ-ਕਾਨੂੰਨੀ ਇਕੱਠਾਂ ਅਤੇ ਰਾਜਨੀਤਿਕ ਗਤੀਵਿਧੀਆਂ ਕਾਰਨ ਚੋਣ ਸਮੇਂ ਦੌਰਾਨ ਝੜਪਾਂ, ਜਨਤਕ ਸ਼ਾਂਤੀ ਭੰਗ ਹੋਣ ਅਤੇ ਸਰਕਾਰੀ ਜਾਂ ਨਿੱਜੀ ਜਾਇਦਾਦ ਨੂੰ ਨੁਕਸਾਨ ਹੋਣ ਦਾ ਖਦਸ਼ਾ ਹੈ। ਇਸ ਲਈ ਸ਼ਾਂਤੀਪੂਰਨ, ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਰੋਕਥਾਮ ਉਪਾਅ ਕੀਤੇ ਗਏ ਹਨ। ਹਾਲਾਂਕਿ, ਇਹ ਹੁਕਮ ਪੁਲਿਸ ਕਰਮਚਾਰੀਆਂ, ਵਰਦੀ ਵਿੱਚ ਫੌਜ ਦੇ ਅਧਿਕਾਰੀਆਂ ਅਤੇ ਡਿਊਟੀ 'ਤੇ ਮੌਜੂਦ ਹੋਰ ਸਰਕਾਰੀ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਣਗੇ। ਇਹ ਪਾਬੰਦੀਆਂ ਵਿਆਹ ਸਮਾਗਮਾਂ, ਸ਼ੋਕ ਇਕੱਠਾਂ, ਧਾਰਮਿਕ ਸਥਾਨਾਂ, ਧਾਰਮਿਕ ਸੰਸਥਾਵਾਂ ਅਤੇ ਕੀਰਤਨ ਆਦਿ ਸਮੇਤ ਭਗਤੀ ਪ੍ਰੋਗਰਾਮਾਂ 'ਤੇ ਵੀ ਲਾਗੂ ਨਹੀਂ ਹੋਣਗੀਆਂ। ਹਾਲਾਂਕਿ ਵਿਸ਼ੇਸ਼ ਹਾਲਤਾਂ ਵਿੱਚ ਪ੍ਰਬੰਧਕ ਜਨਤਕ ਮੀਟਿੰਗਾਂ ਜਾਂ ਜਲੂਸਾਂ ਦੇ ਆਯੋਜਨ ਲਈ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਲਿਖਤੀ ਇਜਾਜ਼ਤ ਲੈ ਸਕਦੇ ਹਨ।

# ਸਿਆਸੀ ਦਲਾਂ ਨੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਲਗਾਇਆ ਪੂਰਾ ਜ਼ੋਰ



ਪਾਇਲ, 24 ਮਈ (ਸੰਜੀਵ ਲਹਿਲ/ਅਰਸ਼ ਸ਼ਰਮਾ) : ਪੰਜਾਬ ਵਿੱਚ 26 ਮਈ ਨੂੰ ਹੋਣ ਜਾ ਰਹੀਆਂ ਨਗਰ ਕੌਂਸਲ ਅਤੇ ਨਗਰ ਨਿਗਮ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਨਗਰ ਕੌਂਸਲ ਪਾਇਲ ਦੀਆਂ ਚੋਣਾਂ ਵਿੱਚ ਵੀ ਸਾਰੀਆਂ ਸਿਆਸੀ ਪਾਰਟੀਆਂ ਆਪਣੇ-ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ। ਇਸੇ ਤਹਿਤ ਪਾਇਲ ਦੇ ਵਾਰਡ ਨੰਬਰ ਇੱਕ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਦਾਨੋ ਰਾਣੀ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਹਲਕਾ ਵਿਧਾਇਕ ਲੱਖਬੀਰ ਸਿੰਘ ਲੱਖਾ ਨਗਰ ਕੌਂਸਲ ਪਾਇਲ ਦੇ ਕਈ ਵਾਰ ਪ੍ਰਧਾਨ ਰਹਿ ਚੁੱਕੇ ਸੀਨੀਅਰ ਕਾਂਗਰਸੀ ਆਗੂ ਮਲਕੀਤ ਸਿੰਘ ਗੋਗਾ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਵੱਖ-ਵੱਖ ਅਹੁਦੇਦਾਰ, ਵਰਕਰ ਅਤੇ ਵੱਡੀ ਗਿਣਤੀ ਵਿੱਚ ਪਾਇਲ ਨਿਵਾਸੀ ਮੌਜੂਦ ਸਨ।

ਇਸ ਦੌਰਾਨ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਅਮਰ ਸਿੰਘ ਨੇ ਕਿਹਾ ਕਿ ਜੇਕਰ ਪੰਜਾਬ ਦੇ ਲੋਕਾਂ ਦੇ ਹਿਤਾਂ ਲਈ ਕੋਈ ਪਾਰਟੀ ਸੋਚ ਸਕਦੀ ਹੈ ਤਾਂ ਉਹ ਕੇਵਲ ਕਾਂਗਰਸ ਪਾਰਟੀ ਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਅੱਜ ਤੱਕ ਜਿਹੜੇ ਵੀ ਵੱਡੇ ਵਿਕਾਸ ਕਾਰਜ ਹੋਏ ਹਨ, ਉਹ ਕਾਂਗਰਸ ਸਰਕਾਰਾਂ ਦੇ ਸਮੇਂ ਦੌਰਾਨ ਹੀ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਬਹੁਤ ਜਲਦੀ ਚੋਣਾਂ ਹੋਣ ਵਾਲੀਆਂ ਹਨ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਨਵੰਬਰ ਤੋਂ ਪਹਿਲਾਂ ਹੀ ਚੋਣਾਂ ਹੋ ਸਕਦੀਆਂ ਹਨ।

ਸੱਤਾਧਾਰੀ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਡਾ. ਅਮਰ ਸਿੰਘ ਨੇ ਕਿਹਾ ਕਿ ਬਦਲਾਅ ਦੇ ਨਾਮ 'ਤੇ ਆਈ ਪਾਰਟੀ ਨੇ ਸਭ ਤੋਂ ਵੱਡਾ ਧੋਖਾ ਪੰਜਾਬ ਦੀਆਂ ਮਹਿਲਾਵਾਂ ਨਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਅੱਜ ਤੱਕ ਉਹ ਪੂਰਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਦੇ ਖਾਤਿਆਂ ਵਿੱਚ ਥੋੜ੍ਹੀ-ਬਹੁਤ ਰਕਮ ਪਾ ਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਰਕਮ ਮਿਲਦੀ ਹੈ ਤਾਂ ਉਹ ਲੈ ਲੈਣ, ਪਰ ਵੋਟ ਕਾਂਗਰਸ ਪਾਰਟੀ ਨੂੰ ਹੀ ਪਾਉਣ।

ਉਨ੍ਹਾਂ ਕਿਹਾ ਕਿ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ ਅਤੇ ਜੇਕਰ ਨਗਰ ਕੌਂਸਲ ਵਿੱਚ ਵੀ ਕਾਂਗਰਸੀ ਉਮੀਦਵਾਰ ਜਿੱਤਦੇ ਹਨ ਤਾਂ ਵਾਰਡਾਂ ਦੇ ਰੁਕੇ ਹੋਏ ਵਿਕਾਸ ਕਾਰਜ ਤੇਜ਼ੀ ਨਾਲ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਚੋਣਾਂ ਤੋਂ ਬਾਅਦ ਉਹ ਪਾਇਲ ਨਗਰ ਕੌਂਸਲ ਲਈ ਲੋੜੀਂਦੀ ਗਰਾਂਟ ਮੁਹੱਈਆ ਕਰਵਾਉਣਗੇ।

ਇਸ ਮੌਕੇ ਸੰਬੋਧਨ ਕਰਦਿਆਂ ਮਲਕੀਤ ਸਿੰਘ ਗੋਗਾ ਨੇ ਕਿਹਾ ਕਿ ਵਾਰਡ ਨੰਬਰ ਇੱਕ ਪਹਿਲਾਂ ਉਨ੍ਹਾਂ ਦਾ ਆਪਣਾ ਵਾਰਡ ਸੀ ਪਰ ਸੱਤਾਧਾਰੀ ਪਾਰਟੀ ਵੱਲੋਂ ਜਾਣਬੁੱਝ ਕੇ ਇਸ ਨੂੰ ਰਾਖਵਾਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਇਲ ਦੇ ਲੋਕ ਹਮੇਸ਼ਾਂ ਕਾਂਗਰਸ ਪਾਰਟੀ ਦੇ ਨਾਲ ਖੜ੍ਹੇ ਰਹੇ ਹਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਵੀ ਕਾਂਗਰਸ ਨੂੰ ਹੀ ਸਮੱਰਥਨ ਮਿਲੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਵਿਕਾਸ ਕਾਰਜ ਰੁਕਣ ਲਈ ਸੱਤਾਧਾਰੀ ਪਾਰਟੀ ਜ਼ਿੰਮੇਵਾਰ ਹੈ।

ਉਨ੍ਹਾਂ ਸੱਤਾਧਾਰੀ ਪਾਰਟੀ 'ਤੇ ਲੋਕਾਂ ਨਾਲ ਧੋਖੇ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਦੇ ਲੋਕ 26 ਮਈ ਨੂੰ ਇਸ ਦਾ ਜਵਾਬ ਵੋਟਾਂ ਰਾਹੀਂ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ ਅਤੇ ਆਮ ਆਦਮੀ ਪਾਰਟੀ ਦੇ 10 ਵਿਧਾਇਕ ਵੀ ਨਹੀਂ ਜਿੱਤ ਸਕਣਗੇ।

ਇਸ ਦੌਰਾਨ ਲਖਬੀਰ ਸਿੰਘ ਲੱਖਾ ਵੱਲੋਂ ਵਾਰਡ ਨੰਬਰ ਇੱਕ ਤੋਂ ਬੀਬੀ ਦਾਨੋ ਰਾਣੀ ਅਤੇ ਵਾਰਡ ਨੰਬਰ ਦੋ ਤੋਂ ਰੁਪਿੰਦਰ ਸਿੰਘ ਬਿੰਦੂ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਚੋਣ ਨਿਸ਼ਾਨ ਹੱਥ ਪੰਜਾ 'ਤੇ ਮੋਹਰ ਲਗਾ ਕੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਵੋਟਾਂ ਪਾ ਕੇ ਜਿਤਾਉਣ।

# ਲੁਧਿਆਣਾ 'ਚ ਯੂ.ਪੀ.ਐਸ.ਸੀ ਪ੍ਰੀਲਿਮਜ਼ ਪ੍ਰੀਖਿਆ ਸ਼ਾਂਤੀਪੂਰਵਕ ਹੋਈ



ਲੁਧਿਆਣਾ, 24 ਮਈ ਵਿਸ਼ਾਲ ਸ਼ਰਮਾ): ਜ਼ਿਲ੍ਹਾ ਪ੍ਰਸ਼ਾਸਨ ਨੇ ਐਤਵਾਰ ਨੂੰ ਜ਼ਿਲ੍ਹੇ ਭਰ ਦੇ 14 ਕੇਂਦਰਾਂ 'ਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐਸ.ਸੀ) ਸਿਵਲ ਸੇਵਾਵਾਂ ਪ੍ਰੀਲਿਮਜ਼ ਪ੍ਰੀਖਿਆ ਦੇ ਸੁਚਾਰੂ ਅਤੇ ਨਿਰਪੱਖ ਸੰਚਾਲਨ ਨੂੰ ਯਕੀਨੀ ਬਣਾਇਆ।4,353 ਰਜਿਸਟਰਡ ਉਮੀਦਵਾਰਾਂ ਵਿੱਚੋਂ, 2,753 ਉਮੀਦਵਾਰਾਂ ਨੇ ਜਿਨ੍ਹਾਂ ਵਿੱਚ 1,300 ਪੁਰਸ਼ ਅਤੇ 1,453 ਔਰਤਾਂ ਸ਼ਾਮਲ ਹਨ, ਜਿਹੜੇ ਕਿ ਸਵੇਰ ਦੇ ਸੈਸ਼ਨ ਵਿੱਚ ਹਾਜ਼ਰ ਹੋਏ, ਜਦੋਂ ਕਿ 2,758 ਉਮੀਦਵਾਰਾਂ ਨੇ ਦੁਪਹਿਰ ਦੇ ਸੈਸ਼ਨ ਦੀ ਪ੍ਰੀਖਿਆ ਦਿੱਤੀ, ਜਿਸ ਵਿੱਚ 1,287 ਪੁਰਸ਼ ਅਤੇ 1,442 ਔਰਤਾਂ ਸ਼ਾਮਲ ਸਨ। ਪ੍ਰੀਖਿਆ ਦੋ ਸ਼ਿਫਟਾਂ ਵਿੱਚ ਲਈ ਗਈ। ਪਹਿਲਾ ਪੇਪਰ ਸਵੇਰੇ 9.30 ਵਜੇ ਤੋਂ 11.30 ਵਜੇ ਤੱਕ ਆਯੋਜਿਤ ਕੀਤਾ ਗਿਆ, ਜਦੋਂ ਕਿ ਦੂਜਾ ਪੇਪਰ ਦੁਪਹਿਰ 2.30 ਵਜੇ ਤੋਂ ਸ਼ਾਮ 4.30 ਵਜੇ ਤੱਕ ਆਯੋਜਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਪ੍ਰੀਖਿਆ ਕੇਂਦਰਾਂ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰੀਖਿਆ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸੁਰੱਖਿਆ, ਆਵਾਜਾਈ, ਬੈਠਣ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਡਾਕਟਰੀ ਸਹਾਇਤਾ ਅਤੇ ਹੋਰ ਜ਼ਰੂਰੀ ਸਹੂਲਤਾਂ ਸਮੇਤ ਵਿਆਪਕ ਪ੍ਰਬੰਧ ਕੀਤੇ ਹਨ।

ਵਾਧੂ ਕੇਂਦਰਾਂ ਵਿੱਚ ਐਸ.ਸੀ.ਡੀ ਸਰਕਾਰੀ ਕਾਲਜ, ਸਿਵਲ ਲਾਈਨਜ਼ ਲੁਧਿਆਣਾ ਸ਼ਾਮਲ ਸਨ, ਜਿਸ ਵਿੱਚ ਪ੍ਰੀਖਿਆਵਾਂ ਇਸਦੀ ਪੁਰਾਣੀ ਇਮਾਰਤ (ਬਲਾਕ-ਏ), ਪੀ.ਟੀ.ਏ ਬਿਲਡਿੰਗ (ਬਲਾਕ-ਬੀ) ਅਤੇ ਪੀ.ਜੀ ਬਿਲਡਿੰਗ (ਬਲਾਕ-ਸੀ) ਵਿੱਚ ਕਰਵਾਈਆਂ ਗਈਆਂ, ਐਸ.ਡੀ.ਪੀ ਕਾਲਜ ਫਾਰ ਵੂਮੈਨ, ਦਰੇਸੀ ਰੋਡ, ਖਾਲਸਾ ਕਾਲਜ ਫਾਰ ਵੂਮੈਨ, ਸਿਵਲ ਲਾਈਨਜ਼, ਸਰਕਾਰੀ ਕਾਲਜ ਫਾਰ ਗਰਲਜ਼, ਰੱਖ ਬਾਗ (ਸਬ-ਸੈਂਟਰ ਏ), ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ, ਬਸੰਤ ਸਿਟੀ, ਸਕੂਲ ਆਫ਼ ਐਮੀਨੈਂਸ, ਮਾਡਲ ਟਾਊਨ ਅਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ (ਐਮ.ਬੀ.ਏ. ਬਲਾਕ), ਗਿੱਲ ਪਾਰਕ, ਗਿੱਲ ਰੋਡ, ਲੁਧਿਆਣਾ ਸ਼ਾਮਲ ਸਨ। ਹਰੇਕ ਪ੍ਰੀਖਿਆ ਕੇਂਦਰ 'ਤੇ ਪੁਰਸ਼ ਅਤੇ ਮਹਿਲਾ ਕਰਮਚਾਰੀਆਂ ਸਮੇਤ ਲੋੜੀਂਦੀ ਪੁਲਿਸ ਤਾਇਨਾਤੀ ਯਕੀਨੀ ਬਣਾਈ ਗਈ ਸੀ। ਪ੍ਰੀਖਿਆ ਦੌਰਾਨ ਸੁਰੱਖਿਆ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਸਾਰੇ ਸਥਾਨਾਂ 'ਤੇ ਉਮੀਦਵਾਰਾਂ ਦੀ ਤਲਾਸ਼ੀ ਵੀ ਲਈ ਗਈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੰਨਾ ਪੁਲਿਸ ਨੂੰ ਮਿਲੀ ਵੱਡੀ ਸਫ਼ਲਤਾ



ਖੰਨਾ/ਪਾਇਲ, 24 ਮਈ (ਸੰਜੀਵ ਲਹਿਲ/ਅਰਸ਼ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੰਨਾ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਹੈ। ਪੁਲਿਸ ਨੇ ਇੱਕ ਦੋਸ਼ੀ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 1 ਕੁਇੰਟਲ 2 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਾਣਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਗੌਰਵ ਯਾਦਵ ਅਤੇ ਡੀਆਈਜੀ ਲੁਧਿਆਣਾ ਰੇਂਜ ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਦਰਪਨ ਆਹਲੂਵਾਲੀਆ ਸੀਨੀਅਰ ਕਪਤਾਨ ਪੁਲਿਸ ਖੰਨਾ ਦੀ ਰਹਿਨੁਮਾਈ ਹੇਠ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।

ਇਸੇ ਮੁਹਿੰਮ ਦੌਰਾਨ ਐਸਪੀ ਇਨਵੈਸਟੀਗੇਸ਼ਨ ਪਵਨਜੀਤ ਦੀ ਅਗਵਾਈ ਹੇਠ ਡੀਐਸਪੀ ਖੰਨਾ ਵਿਨੋਦ ਕੁਮਾਰ, ਇੰਸਪੈਕਟਰ ਅਜੀਤੇਸ਼ ਕੌਸ਼ਲ ਮੁਖ ਅਫਸਰ ਥਾਣਾ ਸਿਟੀ-2 ਖੰਨਾ ਸਮੇਤ ਪੁਲਿਸ ਪਾਰਟੀ ਵੱਲੋਂ ਕਾਰਵਾਈ ਕੀਤੀ ਗਈ।

ਪੁਲਿਸ ਮੁਤਾਬਕ 23 ਮਈ ਨੂੰ ਐਸਆਈ ਸੁਖਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਜੀ.ਟੀ. ਰੋਡ ਖੰਨਾ ਵਿਖੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਮੰਡੀ ਗੋਬਿੰਦਗੜ੍ਹ ਵੱਲੋਂ ਆ ਰਹੇ ਇੱਕ ਕੈਂਟਰ ਟਰੱਕ ਨੰਬਰ PB-05-AS-3920 ਨੂੰ ਰੋਕ ਕੇ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਟਰੱਕ ਵਿਚੋਂ 1 ਕੁਇੰਟਲ 2 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਪੁਲਿਸ ਨੇ ਦੋਸ਼ੀ ਗੁਰਚਰਨ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਜਮਾਲਪੁਰ ਲੇਲੀ, ਜ਼ਿਲ੍ਹਾ ਲੁਧਿਆਣਾ ਨੂੰ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਖ਼ਿਲਾਫ਼ ਥਾਣਾ ਸਿਟੀ-2 ਖੰਨਾ ਵਿਖੇ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਸੈਂਕੜੇ ਲੋਕਾਂ ਨੇ ਰਜਿਸਟਰੇਸ਼ਨ ਕਰਵਾ ਕੇ ਕੇਂਦਰੀ ਯੋਜਨਾਵਾਂ ਦਾ ਉਠਾਇਆ ਲਾਭ

## ਪੰਜਾਬ ਸਰਕਾਰ ਕੇਂਦਰ ਦੀਆਂ ਯੋਜਨਾਵਾਂ ਦਾ ਲਾਭ ਆਮ ਲੋਕਾਂ ਤੱਕ ਨਾ ਪਹੁੰਚਾ ਕੇ ਕਰ ਰਹੀ ਹੈ ਧੋਖਾ : ਦੇਬੀ



ਲੁਧਿਆਣਾ, 24 ਮਈ, (ਕਰਨੈਲ ਸਿੰਘ ਐੱਮ.ਏ.): ਵਿਧਾਨ ਸਭਾ ਸੈਂਟਰਲ ਹਲਕੇ ਵਿੱਚ ਗੁਰਦੇਵ ਸ਼ਰਮਾ ਦੇਬੀ ਦੇ ਦਫ਼ਤਰ ਵਿਖੇ ਕੇਂਦਰੀ ਯੋਜਨਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਮੁਫ਼ਤ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਸੈਂਕੜੇ ਲੋਕਾਂ ਦੇ ਆਯੂਸ਼ਮਾਨ ਕਾਰਡ, ਵੱਖ-ਵੱਖ ਤਰ੍ਹਾਂ ਦੀਆਂ ਪੈਨਸ਼ਨਾਂ, ਵੋਟਰ ਕਾਰਡ, ਸੀਨੀਅਰ ਸਿਟੀਜ਼ਨ ਕਾਰਡ, ਆਧਾਰ ਕਾਰਡ ਸਮੇਤ ਹੋਰ ਯੋਜਨਾਵਾਂ ਲਈ ਆਨਲਾਈਨ ਰਜਿਸਟਰੇਸ਼ਨ ਕਰਵਾਈ। ਗੁਰਦੇਵ ਸ਼ਰਮਾ ਦੇਬੀ ਨੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਹਰ ਘਰ ਦੀ ਦਹਿਲੀਜ਼ ਤੱਕ ਪਹੁੰਚਾ ਕੇ ਹੱਕਦਾਰ ਲੋਕਾਂ ਨੂੰ ਉਹਨਾਂ ਦੇ ਅਧਿਕਾਰ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਕੇਂਦਰੀ ਯੋਜਨਾਵਾਂ ਦੀ ਜਾਣਕਾਰੀ ਲੋਕਾਂ ਤੱਕ ਨਾ ਪਹੁੰਚਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਰਾਜ ਸਰਕਾਰ ਹੇਠਲੇ ਪੱਧਰ ਦੀ ਰਾਜਨੀਤਿਕ ਭਾਵਨਾ ਨਾਲ ਕੇਂਦਰੀ ਯੋਜਨਾਵਾਂ ਨੂੰ ਲੁਕਾ ਕੇ ਆਮ ਨਾਗਰਿਕਾਂ ਨਾਲ ਧੋਖਾ ਕਰ ਰਹੀ ਹੈ। ਪੰਜਾਬ ਦੀ ਖਸ਼ਤਾਹਾਲ ਆਰਥਿਕ ਸਥਿਤੀ ਦਾ ਜ਼ਿਕਰ ਕਰਦਿਆਂ ਦੇਬੀ ਨੇ ਕਿਹਾ ਕਿ ਸਰਕਾਰ ਕਰਜ਼ੇ 'ਤੇ ਕਰਜ਼ਾ ਲੈ ਕੇ ਵਿਕਾਸ ਦੀ ਬਜਾਏ ਇਸ਼ਤਿਹਾਰਬਾਜ਼ੀ 'ਤੇ ਖਰਚ ਕਰ ਰਹੀ ਹੈ। ਇਸ ਮੌਕੇ ਰਾਜੀਵ ਸ਼ਰਮਾ, ਦੀਪਕ ਜੌਹਰ, ਹਿਮਾਂਸ਼ੂ ਕਾਲੜਾ, ਅਮਿਤ ਮਿੱਤਲ, ਗੁਰਦੀਪ ਸਿੰਘ ਨੀਟੂ, ਅਸ਼ਵਨੀ ਟੰਡਨ, ਸੰਜੈ ਖਟਕ, ਸਤਨਾਮ ਸਿੰਘ ਸੇਠੀ, ਐਡਵੋਕੇਟ ਅਭਿਸ਼ੇਕ ਸ਼ਰਮਾ, ਭਾਰਤ ਭੂਸ਼ਣ ਜੌਹਰ, ਜਗਦੀਸ਼ ਸੱਭਰਵਾਲ, ਆਸ਼ੀਸ਼ ਰਤੜਾ, ਗੁਰਮੀਤ ਸਿੰਘ ਗੀਤਾ, ਕੇਵਲ ਕਿਸ਼ਨ ਬਾਲੀ, ਪ੍ਰਦੀਪ ਬਟਲਾ, ਸੋਨੀ, ਹਿਮਾਨੀ ਸ਼ਰਮਾ ਅਤੇ ਨਿਸ਼ਾ ਰਾਣੀ ਸਮੇਤ ਹੋਰ ਵੀ ਹਾਜ਼ਰ ਸਨ।

# ਮੈਗਾ ਇੰਫਰਟੀਲਿਟੀ ਜਾਂਚ ਕੈਂਪ ਨੂੰ ਮਿਲਿਆ ਭਰਪੂਰ ਸਹਿਯੋਗ



ਲੁਧਿਆਣਾ, 24 ਮਈ (ਜਤਿੰਦਰਪਾਲ ਸਿੰਘ ਛਾਬੜਾ) : ਲੁਧਿਆਣਾ ਦੇ ਪ੍ਰਸਿੱਧ ਡਾਇਗਨੋਸਟਿਕ ਸੈਂਟਰ ਦੀਦਾਰ ਹਾਰਟ ਬੀਟ ਡਾਇਗਨੋਸਟਿਕਸ, ਜਨਤਾ ਨਗਰ, ਗਿੱਲ ਰੋਡ ਵੱਲੋਂ ਵੂਮੈਨ ਇਮੇਜਿੰਗ ਕਲਿਨਿਕ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਮੈਗਾ ਇੰਫਰਟੀਲਿਟੀ ਚੈਕ-ਅੱਪ ਕੈਂਪ ਸਫਲਤਾਪੂਰਵਕ ਸੰਪੰਨ ਹੋਇਆ।

ਇਸ ਕੈਂਪ ਵਿੱਚ 100 ਤੋਂ ਵੱਧ ਮਰੀਜ਼ਾਂ ਨੇ ਭਾਗ ਲਿਆ ਅਤੇ ਮਾਹਿਰ ਡਾਕਟਰਾਂ ਤੋਂ ਜਾਂਚ ਅਤੇ ਸਲਾਹ ਦਾ ਲਾਭ ਪ੍ਰਾਪਤ ਕੀਤਾ। ਕੈਂਪ ਦੌਰਾਨ ਮਹਿਲਾਵਾਂ ਅਤੇ ਪੁਰਸ਼ਾਂ ਨਾਲ ਸੰਬੰਧਿਤ ਇੰਫਰਟੀਲਿਟੀ ਸਮੱਸਿਆਵਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ ਅਤੇ ਕਈ ਮਰੀਜ਼ਾਂ ਨੂੰ ਸਮੇਂ ਸਿਰ ਸਹੀ ਮਾਰਗਦਰਸ਼ਨ ਮਿਲਿਆ।

ਇਸ ਮੌਕੇ 'ਤੇ ਡਾ. ਨਰਜੀਤ ਕੌਰ ਅਤੇ ਡਾ. ਅਨਖਵੀਰ ਗਿੱਲ ਵੱਲੋਂ ਮਰੀਜ਼ਾਂ ਨੂੰ ਇੰਫਰਟੀਲਿਟੀ ਨਾਲ ਸੰਬੰਧਿਤ ਜਾਗਰੂਕਤਾ ਅਤੇ ਇਲਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਸੈਂਟਰ ਦੇ ਪ੍ਰਬੰਧਕਾਂ ਨੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਿਹਤ ਕੈਂਪ ਲਗਾਤਾਰ ਆਯੋਜਿਤ ਕੀਤੇ ਜਾਂਦੇ ਰਹਿਣਗੇ ਤਾਂ ਜੋ ਲੋਕਾਂ ਨੂੰ ਆਧੁਨਿਕ ਅਤੇ ਸਸਤੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

# ਖੜ੍ਹੇ ਦਰੱਖਤਾਂ ਨੂੰ ਸ਼ਰੇਆਮ ਲਾਈ ਜਾ ਰਹੀ ਅੱਗ ਜੰਗਲਾਤ ਵਿਭਾਗ ਖਾਮੋਸ਼ : ਬੈਨੀਪਾਲ



ਲੁਧਿਆਣਾ, 24 ਮਈ (ਵਿਸ਼ਾਲ ਸ਼ਰਮਾ): 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਪੂਰੇ ਸੰਸਾਰ ਭਰ 'ਚ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਵਾਤਾਵਰਣ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ।ਇਸ ਲੜੀ ਤਹਿਤ ਜੰਗਲਾਤ ਵਿਭਾਗ ਵੀ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਦੀਆਂ ਤਿਆਰੀਆਂ ਵਿੱਚ ਰੁੱਝਿਆ ਹੋਇਆ ਹੈ, ਜਿਸ ਪ੍ਰਤੀ ਜੰਗਲਾਤ ਵਿਭਾਗ ਵੱਡੇ ਪੱਧਰ 'ਤੇ ਤਿਆਰੀਆਂ ਵਿੱਢ ਕੇ ਪੂਰੇ ਪੰਜਾਬ ਵਿੱਚ ਲੱਖਾਂ ਬੂਟੇ 'ਤੇ ਦਰੱਖ਼ਤ ਲਾਉਣ ਦੀਆਂ ਤਿਆਰੀਆਂ ਵਿੱਚ ਹੈ। ਇੰਨੀ ਭਿਆਨਕ ਗਰਮੀ ਪੈਣ ਨਾਲ ਲੋਕਾਂ ਦਾ ਘਰਾਂ 'ਚੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋਇਆ ਪਿਆ ਹੈ ਸੜਕਾਂ ਦੇ ਆਲੇ ਦੁਆਲੇ ਖੜ੍ਹੇ ਦਰੱਖ਼ਤਾਂ ਕਰਕੇ ਰਾਹਗੀਰਾਂ ਨੂੰ ਭਿਆਨਕ ਗਰਮੀ ਤੋਂ ਰਾਹਤ ਮਿਲਦੀ ਹੈ, ਪਰੰਤੂ ਫੇਰ ਵੀ ਕੁਝ ਲੋਕਾਂ ਵੱਲੋਂ ਸੜਕਾਂ ਕਿਨਾਰੇ ਖੜ੍ਹੇ ਦਰੱਖਤਾਂ ਨੂੰ ਸ਼ਰੇਆਮ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ ਤੇ ਇਸ ਪਾਸੇ ਵੱਲ ਜੰਗਲਾਤ ਵਿਭਾਗ ਦੇ ਕਿਸੇ ਵੀ ਅਧਿਕਾਰੀ ਤੇ ਕਰਮਚਾਰੀ ਦਾ ਕੋਈ ਵੀ ਧਿਆਨ ਨਹੀਂ।ਪਿੰਡ ਰੋਹਣੋ ਖੁਰਦ ਦੇ ਨੰਬਰਦਾਰ ਸੰਤੋਖ ਸਿੰਘ ਬੈਨੀਪਾਲ ਨੇ ਕਿਹਾ ਕਿ ਖੰਨਾ ਬਲਾਕ ਅਧੀਨ ਪੈਂਦੀ ਬੀਟ ਈਸੜੂ ਦੀਆਂ ਸੜਕਾਂ ਦੇ ਦੋਵੇਂ ਪਾਸੇ ਲੱਗੇ ਦਰੱਖਤਾਂ ਨੂੰ ਅੱਗ ਨਾਲ ਸਾੜਨ ਦੀਆਂ ਘਟਨਾਵਾਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ, ਜਿਸ ਨਾਲ ਜਿੱਥੇ ਸਰਕਾਰੀ ਖਜ਼ਾਨੇ ਨੂੰ ਚੂਨਾਂ ਲੱਗ ਰਿਹਾ ਹੈ, ਉੱਥੇ ਹੀ ਵਾਤਾਵਰਣ ਵੀ ਵੱਡੇ ਪੱਧਰ 'ਤੇ ਦੂਸ਼ਿਤ ਹੋ ਰਿਹਾ ਹੈ ਇਸ ਤੋਂ ਇਲਾਵਾ ਪੰਛੀਆਂ ਦਾ ਵੀ ਨੁਕਸਾਨ ਹੋ ਰਿਹਾ ਹੈ। ਹਾਲਾਂਕਿ ਨਾੜ ਜਾਂ ਘਾਹ ਫੂਸ ਸਾੜਨ ਵਾਲੇ ਕਿਸਾਨ ਅਕਸਰ ਇਹਨਾਂ ਯਤਨਾਂ ਵਿੱਚ ਰਹਿੰਦੇ ਹਨ, ਕਿ ਇਸ ਅੱਗ ਨਾਲ ਕਿਸੇ ਦਾ ਨੁਕਸਾਨ ਨਾ ਹੋਵੇ, ਪਰ ਸੜਕਾਂ ਦੇ ਆਲੇ ਦੁਆਲੇ ਸੜੇ ਹੋਏ ਨਿੱਕੇ ਨਿੱਕੇ ਦਰੱਖ਼ਤ ਅਤੇ ਮੋਟੇ ਦਰੱਖ਼ਤ ਬੁਰੀ ਤਰ੍ਹਾਂ ਸੜੇ ਪਏ ਹਨ, ਜੋ ਬਹੁਤ ਸਾਰੇ ਸਵਾਲ ਖੜ੍ਹੇ ਕਰਦਾ ਹੈ। ਵਾਤਾਵਰਣ ਵਿੱਚ ਲੋਹੜੇ ਦਾ ਜ਼ਹਿਰ ਘੋਲ ਰਿਹਾ ਹੈ। ਬੈਨੀਪਾਲ ਨੇ ਕਿਹਾ ਜੇਕਰ ਜੰਗਲਾਤ ਵਿਭਾਗ ਦੇ ਗਾਰਡ ਆਪਣੇ ਦਫ਼ਤਰਾਂ ਵਿੱਚੋਂ ਬਾਹਰ ਨਿਕਲ ਕੇ ਆਪਣੀ ਡਿਊਟੀ ਸਮੇਂ ਸਿਰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਤਾਂ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ ਤੇ ਲੋਕਾਂ ਦੇ ਨਾਲ ਨਾਲ ਪਸ਼ੂ ਪੰਛੀਆਂ ਦੀਆਂ ਜਾ ਰਹੀਆਂ ਅਜਾਈਂ ਜਾਨਾਂ ਨੂੰ ਵੀ ਬਚਾਇਆ ਜਾ ਸਕੇਗਾ। ਬੈਨੀਪਾਲ ਨੇ ਕਿਹਾ ਕਿ ਸੜਕਾਂ 'ਤੇ ਹਰ ਸਾਲ ਅੱਗ ਲਾਉਣ ਦੀਆਂ ਸੈਂਕੜੇ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਜੰਗਲਾਤ ਵਿਭਾਗ ਦੇ ਕਿਸੇ ਵੀ ਅਧਿਕਾਰੀ ਦੇ ਕੰਨ 'ਤੇ ਜੂੰਅ ਤੱਕ ਨਹੀਂ ਸਰਕੀ, ਜਿਸ ਨਾਲ ਅੱਗ ਲਾਉਣ ਵਾਲਿਆਂ ਦੇ ਹੌਂਸਲੇ ਦਿਨ ਬ ਦਿਨ ਵੱਧਦੇ ਜਾ ਰਹੇ ਹਨ। ਉਹਨਾਂ ਜੰਗਲਾਤ ਵਿਭਾਗ ਦੇ ਸਕੱਤਰ ਤੋਂ ਮੰਗ ਕੀਤੀ ਹੈ ਕਿ ਵਣ ਰੇਂਜ ਦੋਰਾਹਾ ਅਧੀਨ ਪੈਂਦੀ ਬੀਟ ਈਸੜੂ ਦੀਆਂ ਸੜਕਾਂ 'ਤੇ ਕਰਮਚਾਰੀਆਂ ਦੀ ਗਸ਼ਤ ਵਧਾਈ ਜਾਵੇ, ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਨੱਥ ਪਾਈ ਜਾ ਸਕੇ। ਇਸ ਮੌਕੇ ਪਿਆਰਾ ਸਿੰਘ ਕੌੜੀ, ਨੰਬਰਦਾਰ ਲਖਵੀਰ ਸਿੰਘ ਪੰਜਰੁੱਖਾ, ਚੌਕੀਦਾਰ ਜਤਿੰਦਰ ਸਿੰਘ ਰੋਹਣੋ, ਗੁਰਪ੍ਰੀਤ ਸਿੰਘ ਰੋਹਣੋ, ਗੁਰਦੀਪ ਸਿੰਘ ਲਿਬਲਾਨੀ, ਸਵਰਨ ਸਿੰਘ ਰੋਹਣੋ, ਐਡਵੋਕੇਟ ਰਵਿੰਦਰ ਰਿਖੀ, ਐਡਵੋਕੇਟ ਵਿਪਨ ਰਿਖੀ, ਐਡਵੋਕੇਟ ਅਸ਼ੋਕ ਗਰਗ ਆਦਿ ਹਾਜ਼ਰ ਸਨ।

## ਸਿਰਲੇਖਵਾਰ ਇਸ਼ਤਿਹਾਰ /Classified Advertisement


(U/o 5 Rule 20 CPC)
**In The Court of Sh. Gurmeet Tiwana**
**Additional District and Sessions Judge-III, Kapurthala**
CNR NO. PBKP01-005159-2025
Next Date:09.07.2026
CM/170/2025
Nisha Bhardwaj
Versus
Gopal Dass
Application for Restoration of Claim Petition
Notice to: Jagjit Singh Son Of Avtar Singh R/O H.No. 8326, Gali No.1, Ward No. 6, Swatantar Nagar, Basti Jodhewal, Ludhiana (Owner Of Car Bearing REG NO. PB10-GL-0259)
In above titled case the defendant(s)/respondent(s) that defendant(s)/respondent(s) should appear in person or through counsel on 09.07.2026 at 10:00 A.M.
for details logon to https://highcourtchd.gov.in/?mod=district_ notice &district=Kapurthala
Dated this day of 03-04-2026
**Sd/- Additional District and Sessions Judge-III, Kapurthala**

(U/o 5 Rule 20 CPC)
**In The Court of Sh. Palwinder Singh**
**Additional Civil Judge (Senior Division), Ajnala**
CNR No.PBASA0-000885-2025
Next Date: 07.07.2026
State Bank of India
Versus
Major Pal
Notice to: Major Pal S/O Mohan Lal R/O Vpo Jhanjoti, Tehsil Lopoke, Distt. Amritsar
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 07.07.2026 at 10:00 am. For details logon to https://highcourtchd.gov.in/?trs=district_notice&district=Amritsar
Dated this day of 06-05-2026
**Sd/- Additional Civil Judge (Senior Division), Ajnala**

(U/o 5 Rule 20 CPC)
**In The Court of Sh. Baljinder Singh Maan**
**Principal Judge, Family Court, Shaheed Bhagat Singh Nagar**
CNR No.PBSB01-003271-2025
Next Date: 06.07.2026
HMA/323/2025
Manjit Kumar
Versus
Manjit Kumari
Notice to: Manjit Kumari W/O Manjit Kumar D/O Sukhi Ram R/O Vill Pathlawa, Tehsil Banga Distt Shaheed Bhagat Singh Nagar
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **06.**07.2026 at 10:00 A.M. For details logon to https://highcourtchd.gov.in/?mod=district_notice&district=sbsnagar
Dated this day of 23-04-2026
**Sd/- Principal Judge, Family Court, Shaheed Bhagat Singh Nagar**

(U/o 5 Rule 20 CPC)
**In The Court of Hon'ble Aman Sharma**
**Addditional Principal Judge Family Court, Amritsar**
CNR No.PBAS01-022606-2025
Next Date: 06.07.2026
Jagroop Singh
Versus
Pardeep Kaur
Notice to: Pardeep Kaur :- R/O Chogwan, Near Chogwan Chowk, Lopoke Tehsil Ajnala Amritsar
In above titled case the defendant(s)respondent(s) could not be served. It is ordered that defendant(s)respondent(s) should appear in person or through counsel on **06.**07.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 23-04-2026
**Sd/- Addditional Principal Judge Family Court, Amritsar**

(U/o 5 Rule 20 CPC)
**In The Court of Ms. Harjinder Kaur**
**Civil Judge (Junior Division), Hoshiarpur**
CNR No.PBHO02-001129-2025
Next Date: 06.07.2026
Narinder Singh Son Of Sh. Rattan Singh Resident Of Village Nangal, Shahidan Tehsil And District Hoshiarpur
................Plaintiff
Versus
Moti Son Of Shibu Alias Shiv Ram Resident Of Village Nangal, Shahidan Tehsil And District Hoshiarpur And Others.
..........Defendants
Notice to: 2 Ram Parkash Son Of Shibu Alias Shiv Ram 3.Parksh Kaur Daughter Of Shibu Alias Shiv Ram 5. Kehar Singh Son Of Partap Singh 6. Didar Singh Son Of Mohan Singh S/O Beeru 7. Kartar Singh Son Of Beeru 9. Rajwinder Singh Son Of Teja Singh 10. Jaspal Singh Son Piara Singh 12. Seeso Daughter Of Wattan Singh All R/O Village Nangal Shahidan Tehsil And District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.**07.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 01-05-2026
**Sd/- Civil Judge (Junior Division), Hoshiarpur**

(U/o 5 Rule 20 CPC)
**In The Court of Ms. Haramrit Kaur**
**Civil Judge (Junior Division)-7,**
CNR No.PBSA02-002061-2025
Next Date: 06.07.2026
Pal Singh
Versus
Gurindrabir Singh
Notice to: Gurindrabir Singh:- S/O Baldev Singh R/O House Number 1747 Phase 3 B2 Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.**07.2026 at 10:00 A.M.
For details logon to https://highcourtchd.gov.in/?mod=district_notice&district=mohali
Dated, this day of 08-05-2026
**Sd/- Civil Judge (Junior Division)-7,**

(U/o 5 Rule 20 CPC)
**In The Court of Ms. Jatinder Kaur**
**District and Sessions Judge, Amritsar**
CNR No.PBAS01-009516-2024
Next Date: 07.07.2026
Case No. MACP 68/2024
Sukhjinder Kaur
Versus
Balbir Singh
Notice to: Harsh :- S/O Dharmpal R/O Taragarh Distt Gurdaspur (Driver Of The Car Bearing No PB-29-X-31339)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 12-05-2026
**Sd/- District and Sessions Judge, Amritsar**

(U/o 5 Rule 20 CPC)
**In The Court of Sh. Palwinder Singh**
**Additional Civil Judge (Senior Division), Ajnala**
CNR NO. PBASA0-001013-2024
Next Date: 07.07.2026
Punjab Gramin Bank
Versus
Ramandeep Singh and others
Notice to: 1.Ramandeep Singh S/O Jaswant Singh 2. Gagandeep Singh S/O Jaswant Singh 3.Mahinder Kaur W/O Kasmir Singh, All R/O Village Gujjapeer Tehsil Ajnala Dist Amritsar
In above titled case the defendant(s)/respondent(s) that defendant(s)/respondent(s) should appear in person or through counsel on 07.07.2026 at 10:00 A.M.
for details logon to https://highcourtchd.gov.in/?trs=district_ notice &district=Amritsar
Dated this day of 11-05-2026
**Sd/- Additional Civil Judge (Senior Division), Ajnala**

(U/o 5 Rule 20 CPC)
**In The Court of Sh. Karanvir Singh**
**Civil Judge (Junior Division), Dhuri**
CNR No.PBSGB0-000887-2022
Next Date: 07.07.2026
CS/701/2022
Gurmail Singh Son Of Bachan Singh Son Of Chanda Singh Resident Of Janta Nagar, W.No.19, Dhuri, Tehsil Dhuri District Sangrur
Versus
Jang Bahadar Son Of Bhag Singh Son Of Bachan Singh Resident Of Near Patwar Khanna, Dhuri Tehsil Dhuri District Sangrur
Notice to: 40. Balwinder Singh Son Of Gian Kaur 93. Harmanpreet Singh Sonof Darshan Singh R/O Dhuri, Tehsil Dhuri District Sangrur
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 07.07.2026 at 10:00 am. For details logon to https://highcourtchd.gov.in/?mod=district_notice&district=Sangrur
Dated this day of 07-05-2026
**Sd/- Civil Judge (Junior Division), Dhuri**

(U/o 5 Rule 20 CPC)
**In The Court of Hon'ble Priyanka Sharma**
**Civil Judge (Junior Division),**
CNR No.PBAS02-001476-2020
Next Date: 07.07.2026
CS/2515/2025
Bank of Baroda
Versus
Smt. Kulwinder Kaur
Notice to: Smt. Kulwinder Kaur W/O Shri Dara Singh R/O 452, Tungpal, Mohkampura, Batala Road, Amritsar.
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?trs=district_notice&district=Amritsar
**Sd/- Civil Judge (Junior Division),**

(U/o 5 Rule 20 CPC)
**In The Court of Ms. Jaspreet Kaur Simak**
**Additional Civil Judge (Senior Division), Dasuya**
CNR No.PBHOA0-000855-2023
Next Date: 07.07.2026
Jaspal Singh S/O Joginder Singh R/O Village Rajpura Safdarpur, Tehsil Dasuya, District Hoshiarpur. 2. Narinder Kaur W/O Kamaljit Singh R/O Village Jhinger Kalan, Tehsil Dasuya, Hoshiarpur Through Her Attorney Jaspal Singh S/O Joginder Singh.
Versus
Manmohan Singh Father:- Mangal Singh R/O Village Khangwari, P.O. Manhota, Tehsil And District Hoshiarpur.
Suit for recovery of Rs. 300000
Notice to: Manmohan Singh S/O Mangal Singh R/O Village Khangwari, P.O. Manhota, Tehsil And District Hoshiarpur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 07.07.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 20-04-2026
**Sd/- Additional Civil Judge (Senior Division), Dasuya**

(U/o 5 Rule 20 CPC)
**In The Court of Ms. Nazmeen Singh**
**Civil Judge (Junior Division), Pathankot**
CNR NO. PBPO02-002199-2021
Next Date: 06.07.2026
Indu Bala
Versus
Ministry of Railway
suit for declaration to the effect that the plaintiff is entitled to receive family pension of her deceased husband pawan kumar i.c no 97 died during his service with the defendant as o.s. gr.1 in engineering department of the defendants, and that the son of the plaintiff and deceased pawan kumar namely anmol aggarwal is entitled to get job on compassionate ground being son of the deceased employee pawan kumar suit for mandatory injunction b suit for mandatory injunction directing the defendants o section family pension in respect of the deceased employee pawan kumar in favour of the plaintiff and to provide job on compassionate ground to the son of the deceased employee pawan kumar namely anmol aggarwal.
Notice to: (1) Heena Aggarwal D/O Late Sh. Pawan Kumar (2) Sourav Aggarwal S/O Late Sh. Pawan Kumar R/O H.No. 706, Vijay Inder Nagar, Jain Colony, Miller Ganj, Ludhiana.
In above titled case the defendant(s)/respondent(s) that defendant(s)/respondent(s) should appear in person or through counsel on 06.07.2026 at 10:00 A.M.
for details logon to https://high courtchd.gov.in/?mod=district_ notice &district=Pathankot
Dated this day of 12-05-2026
**Sd/- Civil Judge (Junior Division), Pathankot**


**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

**ਜ਼ਰੂਰੀ ਸੂਚਨਾ**

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਹੈਲਥ ਐਂਡ ਐਜੂਕੇਸ਼ਨ ਵੱਲੋਂ ਵੱਖ-ਵੱਖ ਸਕੂਲਾਂ ’ਚ ਸਨਮਾਨ

ਭੋਗਪੁਰ, 24 ਮਈ (ਚ.ਨ.ਸ.): ਹੈਲਥ ਐਂਡ ਐਜੂਕੇਸ਼ਨ ਚੈਰਟੀ ਸੰਸਥਾ ਸਾਊਥਾਲ ਵੱਲੋਂ ਇੱਕ ਪਹਿਲ ਕਦਮੀ ਕਰਦੇ ਹੋਏ ਇਲਾਕੇ ਦੇ ਵੱਖ ਵੱਖ ਪਿੰਡਾਂ ਦੇ ਮਿਡਲ ਸਕੂਲਾਂ ’ਚੋਂ ਅੱਠਵੀਂ, ਸੱਤਵੀਂ ਅਤੇ ਛੇਵੀਂ ਜਮਾਤਾਂ ਵਿੱਚੋਂ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਯੂਕੇ ਸੰਸਥਾ ਦੇ ਮੈਂਬਰ ਗਿਆਨ ਸਿੰਘ ਢਿੱਲੋਂ ਕਿਸ਼ਨਗੜ੍ਹ ਵੱਲੋਂ ਆਪਣੇ ਸਹਿਯੋਗੀਆਂ ਦੀ ਸਹਾਇਤਾ ਨਾਲ ਸਰਕਾਰੀ ਮਿਡਲ ਸਕੂਲ ਕਿਸ਼ਨਗੜ੍ਹ, ਪੰਜਵੀਂ ’ਚ ਪਹਿਲੇ ਸਥਾਨ ’ਤੇ ਹਰਜੋਤ ਸਿੰਘ, ਛੇਵੀਂ ’ਚ ਪਹਿਲੇ ਸਥਾਨ ’ਤੇ ਪ੍ਰਿੰਸੀ , ਸੱਤਵੀਂ ’ਚ ਪਹਿਲੇ ਸਥਾਨ ’ਤੇ ਪਰਿਅਨਸ਼ੂ ਅਤੇ ਅਠਵੀਂ ’ਚ ਪਹਿਲੇ ਸਥਾਨ ’ਤੇ ਆਉਣ ਵਾਲੇ ਬੱਚਿਆਂ ਨੂੰ 2100 ,2100 ਰੁਪਏ ਅਤੇ ਸ਼ਹੀਦ ਬੰਤਾ ਸਿੰਘ ਸਰਕਾਰੀ ਮਿਡਲ ਸਕੂਲ ਸੰਘਵਾਲ ਅੱਠਵੀਂ ’ਚ ਪਹਿਲੇ ਸਥਾਨ ’ਤੇ ਲਵਲੀਨ ਕੌਰ ਨੂੰ 5100 ,ਦੂਸਰੇ ਸਥਾਨ ’ਤੇ ਮਨਵੀਰ ਸਿੰਘ ਨੂੰ 3100 ਅਤੇ ਤੀਸਰੇ ਸਥਾਨ ’ਤੇ ਡਿੰਪੀ ਸਿੰਘ ਨੂੰ 2100 ਅਤੇ ਸ. ਕਸ਼ਮੀਰਾ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਾੜੀ ਦੇ ਬਾਰਵੀਂ ਜਮਾਤ ਦੇ ਪਹਿਲੇ ਸਥਾਨ ’ਤੇ ਅੰਸ਼ਿਕਾ ਨੂੰ 5100 ਦੂਸਰੇ ਸਥਾਨ ’ਤੇ ਨਵਜੀਤ ਕੌਰ ਨੂੰ 3100 ਅਤੇ ਤੀਸਰੇ ਸਥਾਨ ’ਤੇ ਸਮਨਪਰੀਤ ਨੂੰ 2100 ਰੁਪਏ ਤੋਂ ਇਲਾਵਾ ਗੁਰਲੀਨ ਕੌਰ ਜਿਸ ਦੀ ਇਸਰੋ ਵਿੱਚ ਚੋਣ ਹੋਣ ’ਤੇ 2100 ਰੁਪਏ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਨੀਲਮ ਕੁਮਾਰੀ , ਮਾ. ਕਰਮਜੀਤ ਸਿੰਘ, ਪੰਚ ਅਮਨਦੀਪ ਹਨੀ, ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ, ਰਣਜੀਤ ਰਾਏ,ਪੰਚ ਮਲਕੀਤ ਚੰਦ,ਪੰਚ ਨਰਿੰਦਰ ਸਿੰਘ, ਪਰਮਜੀਤ ਸਿੰਘ ਕੰਬੋਜ, ਸਾਬਕਾ ਸਰਪੰਚ ਭਾਗ ਰਾਮ, ਜਸਪ੍ਰੀਤ ਸਿੰਘ ਚਾਹਲ, ਪੰਚ ਹਰਜਿੰਦਰ ਸਿੰਘ, ਲਖਵਿੰਦਰ ਸਿੰਘ ਲੱਕੀ, ਅਮਨ ਕੁਮਾਰ ਚੌਹਾਨ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ। ਇਸ ਮੌਕੇ ਅਮਨਦੀਪ ਹਨੀ ਅਤੇ ਸਾਥੀਆਂ ਨੇ ਆਖਿਆ ਕਿ ਆਉਣ ਵਾਲੇ ਸਾਲ ਵਿੱਚ ਵਧੀਆ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਹੋਰ ਵੀ ਵੱਧ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ।



22 ਹੁਸਨ ਲਾਲ 01 ਲੋਕਲ-ਹੈਲਥ ਐਂਡ ਐਜੂਕੇਸ਼ਨ ਚੈਰਿਟੀ ਯੂਕੇ ਵੱਲੋਂ ਵੱਖ-ਵੱਖ ਸਕੂਲਾਂ ਦੇ ਅਵਲ ਵਿਦਿਆਰਥੀਆਂ ਨੂੰ ਨਗਦ ਰਾਸ਼ੀ ਨਾਲ ਸਨਮਾਨਿਤ ਕਰਨ ਮੌਕੇ ਅਮਨਦੀਪ ਹਨੀ, ਪਰਮਜੀਤ ਸਿੰਘ ਕੰਬੋਜ, ਸੁਰਿੰਦਰ ਕੁਮਾਰ ਆਦਿ ਹਾਜ਼ਰ ਸਨ।

# ਚੱਕ ਮੀਰਪੁਰ ਵਿੱਚ ਕਰੈਸ਼ਰ ਮਾਫ਼ੀਆ ਬੇਖੌਫ਼, ਬਿਆਸ ਦਰਿਆ ਵਿੱਚੋਂ ਧੜੱਲੇ ਨਾਲ ਹੋ ਰਹੀ ਹੈ ਰੇਤ-ਬਜਰੀ ਦੀ ਖੁਦਾਈ : ਧਰਮਿੰਦਰ ਸਿੰਘ

ਤਲਵਾੜਾ, 24 ਮਈ (ਜਗਮੋਹਨ ਸ਼ਰਮਾ) :ਤਲਵਾੜਾ ਦੇ ਨਾਲ ਲੱਗਦੇ ਪਿੰਡ ਚੱਕ ਮੀਰਪੁਰ ਵਿੱਚ ਲਗਾਤਾਰ ਕਰੈਸ਼ਰ ਮਾਫੀਆ ਵੱਲੋਂ ਬਿਆਸ ਦਰਿਆ ਵਿੱਚੋਂ ਬੇਖੌਫ਼ ਹੋ ਕੇ ਰੇਤ ਅਤੇ ਬਜਰੀ ਕੱਢਣ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਇਸ ਸਬੰਧੀ ਸਮਾਜਸੇਵੀ ਧਰਮਿੰਦਰ ਸਿੰਘ ਨੇ ਤਲਵਾੜਾ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਉੱਤੇ ਗੰਭੀਰ ਸਵਾਲ ਖੜੇ ਕੀਤੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਸੀਨੀਅਰ ਆਗੂ ਅਤੇ ਵੱਡੇ ਅਧਿਕਾਰੀ ਇਸ ਮਾਮਲੇ ’ਤੇ ਅੱਖਾਂ ਮੂੰਦ ਕੇ ਬੈਠੇ ਹੋਏ ਹਨ।ਧਰਮਿੰਦਰ ਸਿੰਘ ਨੇ ਦੱਸਿਆ ਕਿ ਅਮਰੋਹ, ਚੱਕ ਮੀਰ ਪੁਰ ਤੋਂ ਲੈ ਕੇ ਹੰਦਵਾਲ ਦੇ ਨੇੜਲੇ ਇਲਾਕਿਆਂ ਤੱਕ ਲਗਭਗ 20 ਦੇ ਕਰੀਬ ਕਰੈਸ਼ਰ ਮਾਫੀਆ ਸਰਗਰਮ ਹਨ, ਜੋ ਬਿਆਸ ਦਰਿਆ ਅਤੇ ਕੰਡੀ ਖੇਤਰ ਦੀ ਜ਼ਮੀਨ ਨੂੰ 100 ਫੁੱਟ ਤੱਕ ਖੋਦ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਜੀਵੰਤ ਉਦਾਹਰਨ ਅੱਡਾ ਝੀਰ ਦਾ ਖੂਹ ਵਾਲੇ ਇਲਾਕੇ ਵਿੱਚ ਸਪੱਸ਼ਟ ਤੌਰ ’ਤੇ ਦੇਖਿਆ ਜਾ ਸਕਦਾ ਹੈ, ਜਿੱਥੇ ਧੜੱਲੇ ਨਾਲ ਖੁਦਾਈ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਤਲਵਾੜਾ-ਹਾਜੀਪੁਰ ਮੇਨ ਰੋਡ ’ਤੇ ਸਥਿਤ ਅੱਡਾ ਝੀਰ ਦਾ ਖੂਹ ਤੋਂ ਹਰ ਰੋਜ਼ ਕਰੀਬ 200 ਟਰੱਕ ਅਤੇ ਟਿੱਪਰ ਓਵਰਲੋਡ ਹੋ ਕੇ ਗੁਜ਼ਰ ਰਹੇ ਹਨ। ਪਰ ਇਸ ਦੇ ਬਾਵਜੂਦ ਤਲਵਾੜਾ ਅਤੇ ਹਾਜੀਪੁਰ ਪੁਲਿਸ ਦੇ ਐਸ.ਐਚ.ਓ. ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਵਿੱਚ ਅਸਮਰੱਥ ਨਜ਼ਰ ਆ ਰਹੇ ਹਨ।ਧਰਮਿੰਦਰ ਸਿੰਘ ਨੇ ਦੋਸ਼ ਲਗਾਇਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਤਲਵਾੜਾ ਤੋਂ ਹਾਜੀਪੁਰ ਤੱਕ ਇਨ੍ਹਾਂ ਕਰੈਸ਼ਰ ਮਾਫੀਆ ਦੇ ਟਿੱਪਰਾਂ ਕਾਰਨ ਕਈ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਓਵਰਲੋਡ ਵਾਹਨਾਂ ਦੀ ਲਗਾਤਾਰ ਆਵਾਜਾਈ ਕਾਰਨ ਲੋਕਾਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ, ਪਰ ਪ੍ਰਸ਼ਾਸਨ ਵੱਲੋਂ ਕੋਈ ਸਖ਼ਤ ਕਦਮ ਨਹੀਂ ਚੁੱਕੇ ਜਾ ਰਹੇ।ਉਨ੍ਹਾਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਗੈਰਕਾਨੂੰਨੀ ਮਾਈਨਿੰਗ ’ਤੇ ਤੁਰੰਤ ਰੋਕ ਲਗਾਈ ਜਾਵੇ ਅਤੇ ਕਰੈਸ਼ਰ ਮਾਫੀਆ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਧਰਮਿੰਦਰ ਸਿੰਘ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦ ਇਸ ਮਾਮਲੇ ਵਿੱਚ ਕਾਰਵਾਈ ਨਾ ਹੋਈ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕ ਆਮ ਆਦਮੀ ਪਾਰਟੀ ਨੂੰ ਕਰਾਰਾ ਜਵਾਬ ਦੇਣਗੇ।



# ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਭਾਰਤੀ ਭਾਸ਼ਾ ਸਮਰ ਕੈਂਪ-2026 ਦੀ ਸ਼ੁਰੂਆਤ

ਟਾਂਡਾ ਉੜਮੁੜ, 24 ਮਈ (ਅਰਜੁਨ ਜੈਨ): ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਭਾਰਤੀ ਭਾਸ਼ਾ ਸਮਰ ਕੈਂਪ 2026 ਦੀ ਬੜੀ ਦਿਲਚਸਪ ਸ਼ੁਰੂਆਤ ਕੀਤੀ ਗਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਹੇਠ ਇਹ ਸਮਰ ਕੈਂਪ ਆਯੋਜਿਤ ਕੀਤਾ ਗਿਆ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਦੇ ਨਿਰਦੇਸ਼ਾਂ ਅਨੁਸਾਰ ਭਾਰਤ ਦੇਸ਼ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਕੇ ਬੱਚਿਆਂ ਨੂੰ ਉਸ ਦੇ ਬਾਰੇ ਜਾਣਕਾਰੀ ਦੇਣਾ ਹੀ ਇਸ ਸਮਰ ਕੈਂਪ ਦਾ ਮਕਸਦ ਹੈ।

ਉਹਨਾਂ ਦੱਸਿਆ ਕਿ ਇਹ ਸਮਰ ਕੈਂਪ ਦੇ ਮੌਕੇ ਸਕੂਲ ਦੇ ਰਿਸੋਰਸ ਕੋਡੀਨੇਟਰ ਬਿਕਰਮਜੀਤ ਸਿੰਘ ਭੇਲਾ, ਸੀਸੀਏ ਕੋਆਰਡੀਨੇਟਰ ਸੁਮਿਤ ਕੌਰ ਅਤੇ ਸਕੂਲ ਦੇ ਅਧਿਆਪਕਾ ਪ੍ਰਭਜੀਤ ਕੌਰ ਬੋਪਾਰਾਏ ਨੂੰ ਇਹ ਜਿੰਮੇਦਾਰੀ ਦਿੱਤੀ ਗਈ, ਜਿਸ ਵਿੱਚ ਉਨ੍ਹਾਂ ਨੇ ਬੱਚਿਆਂ ਨੂੰ ਮਰਾਠੀ ਭਾਸ਼ਾ ਦੇ ਸ਼ਬਦਾਂ ਬਾਰੇ ਦੱਸਿਆ ਗਿਆ ਅਤੇ ਬੋਲੇ ਜਾਣ ਵਾਲੇ ਆਮ ਗੱਲਬਾਤ ਵਾਲੇ ਵਾਕਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ’ਤੇ ਅਲੱਗ ਅਲੱਗ ਗਤੀਵਿਧੀਆਂ ਬੱਚਿਆਂ ਵੱਲੋਂ ਕੀਤੀਆਂ ਗਈਆਂ ਜਿਨਾਂ ਦੇ ਵਿੱਚ ਰੋਲ ਪਲੇ, ਸ਼ਬਦਾਂ ਦੀ ਪਛਾਣ ਅਤੇ ਆਪਸੀ ਵਾਰਤਾਲਾਪ ਆਦਿ ਸ਼ਾਮਿਲ ਸਨ।

ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਦੇ ਨਿਰਦੇਸ਼ਾਂ ਦੇ ਅਨੁਸਾਰ ਇਹ ਸਮਰ ਕੈਂਪ ਪੂਰੇ ਸੱਤ ਦਿਨ ਤੱਕ ਚੱਲੇਗਾ, ਜਿਸ ਦੇ ਵਿੱਚ ਭਾਰਤ ਦੇ ਕਿਸੇ ਅਲੱਗ ਖੇਤਰ ਦੀ ਚੁਣੀ ਹੋਈ ਭਾਸ਼ਾ ਦੇ ਮਾਧਿਅਮ ਰਾਹੀਂ ਅਲੱਗ ਅਲੱਗ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਅੱਜ ਪਹਿਲੇ ਦਿਨ ਦੀ ਐਕਟੀਵਿਟੀਆਂ ਦੇ ਅਧੀਨ ਬੱਚਿਆਂ ਨੂੰ ਮਰਾਠੀ ਭਾਸ਼ਾ ਵਿੱਚ ਸ਼ੁਭਕਾਮਨਾਵਾਂ ਦੇ ਪ੍ਰਗਟਾਵੇ, ਵਰਨਮਾਲਾ, ਨੰਬਰਾਂ ਅਤੇ ਦਸਤਖਤ ਸਬੰਧੀ ਜਾਣਕਾਰੀ ਦਿੱਤੀ ਗਈ।

ਇਸ ਮੌਕੇ ’ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਜਗਬੰਧਨ ਸਿੰਘ, ਰਾਜਵੀਰ ਕੌਰ, ਰਾਜਵਿੰਦਰ ਕੌਰ, ਅਮਰਜੀਤ ਕੌਰ ਸੈਣੀ, ਬਲਜੀਤ ਕੌਰ, ਕੰਚਨ, ਪਰਮਜੀਤ, ਸੁਰੇਸ਼, ਵਿਸ਼ਾਲੀ, ਨੇਹਾ, ਗੁਰਪ੍ਰੀਤ, ਆਰਤੀ, ਸ਼ਿਲਪਾ, ਸੁਮਨ, ਵੀਨਾ, ਕੁਲਦੀਪ, ਬਲਦੇਵ ਪੰਕਜ, ਗੁਰਦੇਵ, ਅਜੇ, ਹਰਜੀਤ ਅਤੇ ਬਾਕੀ ਸਟਾਫ ਵੀ ਮੌਜੂਦ ਸੀ।



# ਐਸ.ਡੀ.ਐਮ ਵੱਲੋਂ ਫਿਰੋਜ਼ਪੁਰ ਵਿੱਚ ਚੱਲ ਰਹੇ ਇਮੀਗ੍ਰੇਸ਼ਨ ਅਤੇ ਆਈਲੈਟਸ ਸੈਂਟਰਾਂ ਦੀ ਅਚਨਚੇਤ ਚੈਕਿੰਗ



ਫ਼ਿਰੋਜ਼ਪੁਰ, 24 ਮਈ (ਤਿਵਾੜੀ): ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਸ.ਡੀ.ਐਮ. ਫ਼ਿਰੋਜ਼ਪੁਰ ਸ਼੍ਰੀ ਅਭਿਸ਼ੇਕ ਸ਼ਰਮਾ, ਪੀ.ਸੀ.ਐੱਸ ਵੱਲੋਂ ਸ਼ਹਿਰ ਵਿੱਚ ਚੱਲ ਰਹੇ ਵੱਖ-ਵੱਖ ਇਮੀਗ੍ਰੇਸ਼ਨ, ਟ੍ਰੈਵਲ ਏਜੰਟ, ਏਅਰ ਟਿਕਟਿੰਗ ਅਤੇ ਆਈਲੈਟਸ ਸੈਂਟਰਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਸ਼੍ਰੀ ਅਭਿਸ਼ੇਕ ਸ਼ਰਮਾ, ਪੀ.ਸੀ.ਐੱਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਚੈਕਿੰਗ ਦੌਰਾਨ ਫ਼ਿਰੋਜ਼ਪੁਰ ਦੇ ਵੱਖ ਵੱਖ ਸੈਂਟਰਾਂ (ਜੇਵੀਟੀ ਇਮੀਗ੍ਰੇਸ਼ਨ, ਵੈਬਸਟਰ ਅਕੈਡਮੀ, ਸ਼੍ਰੀ ਕ੍ਰਿਸ਼ਨਾ ਕੰਸਲਟੈਂਸੀ, ਵਿੰਗਸ ਗਲੋਬਲ ਪ੍ਰਾਈਵੇਟ ਲਿਮਿਟਡ, ਦ ਫੋਰਚੂਨ ਇਮੀਗ੍ਰੇਸ਼ਨ, ਹਨੀਆ ਇੰਟਰਨੈਸ਼ਨਲ ਟਰੈਵਲਸ, ਏਰੀਅਲ ਇਮੀਗ੍ਰੇਸ਼ਨ, ਐਕਮੇ ਆਈਲੈਟਸ ਇੰਸਟੀਚਿਊਟ, ਏਟਨ ਸਟਡੀ ਪ੍ਰਾਈਵੇਟ ਲਿਮਟਡ ਅਤੇ ਗਲੋਬਲ ਐਜੂਲਿੰਕ) ਆਦਿ ਦੀ ਅਚਨਚੇਤ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਕਈ ਸੈਂਟਰਾਂ ਦੀ ਫਾਇਰ ਐਨ.ਓ.ਸੀ. ਦੀ ਮਿਆਦ ਲੰਘ ਚੁੱਕੀ ਸੀ ਅਤੇ ਕੁੱਝ ਸੈਂਟਰਾਂ ਕੋਲ ਫਾਇਰ ਐਨ.ਓ.ਸੀ., ਜੀ.ਐੱਸ.ਟੀ. ਨੰਬਰ ਅਤੇ ਹੋਰ ਜ਼ਰੂਰੀ ਦਸਤਾਵੇਜ਼ ਨਹੀਂ ਸਨ। ਇਸ ਤੋਂ ਇਲਾਵਾ ਕੁਝ ਕਨਸਲਟੈਂਸੀ ਸੈਂਟਰ ਆਪਣੇ ਲਾਇਸੈਂਸ ਦੀਆਂ ਸ਼ਰਤਾਂ ਦੇ ਉਲਟ ਕੋਚਿੰਗ ਸੈਂਟਰ ਵੀ ਚਲਾ ਰਹੇ ਸਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਕੁਝ ਸੈਂਟਰ ਬਿਨਾਂ ਲਾਇਸੈਂਸ ਦੇ ਏਅਰ ਟਿਕਟਿੰਗ ਦਾ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਏਜੰਸੀਆਂ ਨੂੰ ਉਹਨਾਂ ਦੇ ਜ਼ਰੂਰੀ ਕਾਗਜ਼ਾਤ ਪੂਰੇ ਕਰਨ ਅਤੇ ਕਾਨੂੰਨ ਅਨੁਸਾਰ ਸ਼ਰਤਾਂ ਮੁਤਾਬਕ ਹੀ ਸੈਂਟਰ ਚਲਾਉਣ ਲਈ ਸਖ਼ਤ ਹਦਾਇਤ ਕੀਤੀ ਗਈ। ਐਸ.ਡੀ.ਐਮ. ਸ਼੍ਰੀ ਅਭਿਸ਼ੇਕ ਸ਼ਰਮਾ, ਪੀ.ਸੀ.ਐੱਸ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸੈਂਟਰਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨਾਲ ਧੋਖਾਧੜੀ ਰੋਕਣ ਅਤੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਅਜਿਹੀਆਂ ਚੈਕਿੰਗ ਮੁਹਿੰਮਾਂ ਅੱਗੇ ਵੀ ਜਾਰੀ ਰਹਿਣਗੀਆਂ। ਇਸ ਮੌਕੇ ਪੁਲਿਸ ਵਿਭਾਗ ਅਤੇ ਨਗਰ ਕੌਂਸਲ ਦੇ ਫਾਇਰ ਸੇਫਟੀ ਵਿਭਾਗ ਦੇ ਕਰਮਚਾਰੀ ਵੀ ਹਾਜ਼ਰ ਸਨ।




ਸ੍ਰੀ ਮੋਹਨ ਸਿੰਘ ਸ਼ਰਮਾ ਆਈ.ਪੀ.ਐਸ. ਫੜੇ ਗਏ ਨਸ਼ਾ ਤਸਕਰਾ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ, ਨਾਲ ਹੋਰ ਸੀਨੀਅਰ ਅਧਿਕਾਰੀ ਵੀ ਦਿਖਾਈ ਦੇ ਰਹੇ ਹਨ।

# ਆਰ.ਬੀ.ਆਈ.ਐਸ. ਦੇ ਵਿਦਿਆਰਥੀਆਂ ਲਈ ਲੀਡ ਲਾਈਕ ਏ ਲੈਜੇਂਡ’ ਵਰਕਸ਼ਾਪ ਲਗਾਈ

**ਮਾਜਰੀ/ਕੁਰਾਲੀ, 24 ਮਈ** (ਰਜਨੀਕਾਂਤ ਗਰੋਵਰ ):- ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਲਈ ਆਰਬੀਯੂ ਦੇ ਆਡੀਟੋਰੀਅਮ ਵਿਖੇ ‘ਲੀਡ ਲਾਈਕ ਏ ਲੈਜੈਂਡ:’ ਲੈਸਨਜ਼ ਫਰਾਮ ਹਿਸਟਰੀਜ਼ ਗ੍ਰੇਟੈਸਟ ਮਾਈਂਡਜ਼ ਸਿਰਲੇਖ ਵਾਲਾ ਇੱਕ ਬਹੁਤ ਹੀ ਪ੍ਰੇਰਨਾਦਾਇਕ ਅਤੇ ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਇਤਿਹਾਸ ਦੀਆਂ ਮਹਾਨ ਸ਼ਖਸੀਅਤਾਂ ਤੋਂ ਲਏ ਗਏ ਲੀਡਰਸ਼ਿਪ ਸਬਕਾਂ ਨਾਲ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਨਿੱਜੀ ਅਤੇ ਪੇਸ਼ੇਵਰ ਵਿਕਾਸ ਲਈ ਵਿਹਾਰਕ ਕਦਰਾਂ-ਕੀਮਤਾਂ ਨਾਲ ਲੈਸ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਵਾਈਸ ਪ੍ਰੈਸੀਡੈਂਟ ਜੈਸਿਕਾ ਦੁੱਗਲ ਬਾਹਰਾ ਅਤੇ ਸਰੋਤ ਵਿਅਕਤੀ, ਸੰਜੀਵ ਕੁਮਾਰ ਸਿੰਘ ਦੇ ਸਵਾਗਤ ਨਾਲ ਹੋਈ। ਡਾਇਰੈਕਟਰ ਪ੍ਰਿੰਸੀਪਲ ਡਾ. ਅਭਿਲਾਸ਼ਾ ਸਿੰਘ ਨੇ ਮਹਿਮਾਨਾਂ ਨੂੰ ਸਤਿਕਾਰ ਅਤੇ ਪ੍ਰਸ਼ੰਸਾ ਦੇ ਪ੍ਰਤੀਕ ਵਜੋਂ ਪੌਦੇ ਲਗਾ ਕੇ ਸਨਮਾਨਿਤ ਕੀਤਾ। ਸੰਜੀਵ ਕੇ ਸਿੰਘ, ਗਰੁੱਪ ਸੀਐਚਆਰਓ ਨੇ ਸੈਸ਼ਨ ਦਾ ਸੰਚਾਲਨ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਸਿੰਘ ਨੇ ਪ੍ਰਸਿੱਧ ਇਤਿਹਾਸਕ ਨੇਤਾਵਾਂ ਦੀਆਂ ਪ੍ਰੇਰਨਾਦਾਇਕ ਉਦਾਹਰਣਾਂ ਸਾਂਝੀਆਂ ਕੀਤੀਆਂ ਅਤੇ ਦੂਰਦਰਸ਼ੀ, ਲਚਕੀਲਾਪਣ, ਇਮਾਨਦਾਰੀ, ਹਮਦਰਦੀ ਅਤੇ ਨੈਤਿਕ ਲੀਡਰਸ਼ਿਪ ਦੀ ਮਹੱਤਤਾ ਨੂੰ ਉਜਾਗਰ ਕੀਤਾ। ਆਪਣੇ ਕਾਰਪੋਰੇਟ ਤਜ਼ਰਬਿਆਂ ਤੋਂ ਸਿੱਖਦੇ ਹੋਏ, ਉਹਨਾਂ ਦੱਸਿਆ ਕਿ ਕਿਵੇਂ ਇਤਿਹਾਸਕ ਬੁੱਧੀ ਆਧੁਨਿਕ ਲੀਡਰਸ਼ਿਪ ਅਤੇ ਕਾਰਜ ਸਥਾਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਨੌਜਵਾਨ ਮਨਾਂ ਨੂੰ ਮਾਰਗਦਰਸ਼ਨ ਕਰ ਸਕਦੀ ਹੈ। ਇਸ ਸੈਸ਼ਨ ਵਿੱਚ ਇੱਕ ਦਿਲਚਸਪ ਸਵਾਲ-ਜਵਾਬ ਦੌਰ ਵੀ ਸੀ ਜਿੱਥੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਲੀਡਰਸ਼ਿਪ ਹੁਨਰ, ਕਰੀਅਰ ਵਿਕਾਸ, ਕਾਰਜ ਸਥਾਨ ਸੱਭਿਆਚਾਰ ਅਤੇ ਅਸਫਲਤਾਵਾਂ ਨੂੰ ਸੰਭਾਲਣ ਬਾਰੇ ਚਰਚਾ ਕੀਤੀ। ਪ੍ਰੋਗਰਾਮ ਡਾ. ਅਭਿਲਾਸ਼ਾ ਸਿੰਘ ਦੇ ਧੰਨਵਾਦ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਸੈਸ਼ਨ ਦੌਰਾਨ ਸਾਂਝੀਆਂ ਕੀਤੀਆਂ ਗਈਆਂ ਕੀਮਤੀ ਸੂਝਾਂ ਦੀ ਸ਼ਲਾਘਾ ਕੀਤੀ।




# ਰਣਜੀਤ ਸਿੰਘ ਕਾਕਾ ਮਾਰਸ਼ਲ ਅਤੇ ਸੰਜੀਵ ਗੋਗਨਾ ਨੇ ਕੀਤੀ ਭਰਵੀਂ ਚੋਣ ਮੀਟਿੰਗ

**ਮਾਜਰੀ/ਕੁਰਾਲੀ, 24 ਮਈ (ਰਜਨੀਕਾਂਤ ਗਰੋਵਰ** ):- ਨਗਰ ਕੌਂਸਲ ਕੁਰਾਲੀ ਵਿੱਚ ਆਪਣੀ ਪਾਰਟੀ ਦਾ ਪ੍ਰਧਾਨ ਬਣਾਉਣ ਲਈ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਆਪਣੇ ਆਪਣੇ ਉਮੀਦਵਾਰਾਂ ਹੱਕ ਵਿੱਚ ਲਗਾਤਰ ਨੁੱਕੜ ਮੀਟਿੰਗਾਂ ਕਰਨ ਦੇ ਨਾਲ ਨਾਲ ਚੋਣ ਦਫਤਰਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ । ਬੀਤੇ ਕੱਲ ਦੇਰ ਸ਼ਾਮ ਸਾਬਕਾ ਕੌਂਸਲਰ ਜਸਵਿੰਦਰ ਸਿੰਘ ਗੋਲਡੀ, ਸਾਬਕਾ ਕੌਂਸਲਰ ਸ਼ਿਵ ਵਰਮਾ, ਦਲਵਿੰਦਰ ਸਿੰਘ ਬੈਨੀਪਾਲ, ਕਮਲਜੀਤ ਚਾਵਲਾ, ਬਲਕਾਰ ਭੰਗੂ, ਰੇਣੂ ਵਰਮਾ ਅਤੇ ਹੋਰ ਵੱਖ ਵੱਖ ਸੀਨੀਅਰ ਕਾਂਗਰਸੀ ਆਗੂਆਂ ਵੱਲੋਂ ਕਾਂਗਰਸੀ ਪਾਰਟੀ ਦੀ ਟਿਕਟ ਤੇ ਵਾਰਡ ਨੰਬਰ 6 ਤੋਂ ਚੋਣ ਲੜ ਰਹੇ ਰਣਜੀਤ ਸਿੰਘ ਕਾਕਾ ਮਾਰਸ਼ਲ ਅਤੇ ਵਾਰਡ ਨੰਬਰ 10 ਤੋਂ ਚੋਣ ਲੜ ਰਹੇ ਸੰਜੀਵ ਗੋਗਨਾ ਦੇ ਹੱਕ ਵਿੱਚ ਭਾਰੀ ਗਿਣਤੀ ਵਿੱਚ ਹਾਜ਼ਰ ਲੋਕਾਂ ਦੀ ਜਨ ਸਭਾਵਾਂ ਨੂੰ ਸੰਬੋਧਿਤ ਕੀਤਾ । ਸਥਾਨਕ ਸ਼ਹਿਰ ਦੇ ਚੰਡੀਗੜ੍ਹ ਮਾਰਗ ’ਤੇ ਸਥਿਤ ਯੇਸ ਬੈਂਕ ਦੇ ਨਜ਼ਦੀਕ ਵਾਰਡ ਨੰਬਰ 6 ਅਤੇ 10 ਦੀ ਇੱਕ ਸਾਂਝੀ ਮੀਟਿੰਗ ਵਿੱਚ ਹੋਏ ਭਾਰੀ ਇਕੱਠ ਨੂੰ ਸੰਬੋਧਿਤ ਕਰਦੇ ਹੋਏ ਪੁਰਾਣੇ ਵਾਰਡ ਨੰਬਰ 11 ਅਤੇ ਨਵੇਂ 6 ਦੇ ਸਾਬਕਾ ਕੌਂਸਲਰ ਨੇ ਆਪਣੇ ਵੱਲੋਂ ਕਰਵਾਏ ਕੰਮਾਂ ਦਾ ਲੇਖਾ ਜੋਖਾ ਪੇਪਰਾਂ ਸਮੇਤ ਰੱਖਿਆ, ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੇ ਵਿਰੋਧੀ ਧਿਰ ਵੱਲੋਂ ਦੋਸ਼ ਲਗਾਏ ਜਾ ਰਹੇ ਹਨ ਕਿ ਪਿਛਲੀ ਰਹੀ ਨਗਰ ਕੌਂਸਲ ਕਮੇਟੀ ਵੱਲੋਂ ਸ਼ਹਿਰ ਵਿੱਚ ਕੋਈ ਵਿਕਾਸ ਕਾਰਜ ਨਹੀਂ ਕਰਵਾਏ ਗਏ ਜੋ ਸਰਾਸਰ ਝੂਠ ਹੈ ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਕਮੇਟੀ ਹਾਊਸ ਵੱਲੋਂ ਜੋ ਜੋ ਮੱਤੇ ਪਾਸ ਕੀਤੇ ਗਏ ਸਨ ਉਹ ਉਨ੍ਹਾਂ ਦੀ ਕਾਪੀ ਨਾਲ ਲੈਕੇ ਆਏ ਸਨ ਜੋ ਤੁਸੀ ਦੇਖ ਸਕਦੇ ਹੋ ਤੇ ਇਨ੍ਹਾਂ ਦੀ ਨਗਰ ਕੌਂਸਲ ਤੋਂ ਆਰਟੀਆਈ ਰਾਹੀਂ ਜਾ ਖੁਦ ਜਾਕੇ ਪੁਸ਼ਟੀ ਕਰ ਸਕਦੇ ਹੋ । ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਵੱਲੋਂ ਜੋ ਵੀ ਮੱਤੇ ਪਾਕੇ ਗਮਾਡਾ ਪਾਸ ਟੈਂਡਰ ਲਈ ਭੇਜੇ ਜਾਂਦੇ ਸੀ ਜ਼ਿਆਦਾਤਰ ਉਨ੍ਹਾਂ ਵੱਲੋਂ ਜਾਂ ਤਾਂ ਠੰਡੇ ਬਸਤੇ ਵਿੱਚ ਸੁੱਟ ਦਿੰਦੇ ਜਾਂਦੇ ਸਨ ਜਾਂ ਫਿਰ ਵਿਰੋਧੀ ਧਿਰ ਦੀਆਂ ਸ਼ਿਕਾਇਤਾਂ ’ਤੇ ਰੋਕ ਦਿੱਤੇ ਜਾਂਦੇ ਸਨ । ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਜੇਕਰ ਵਿਰੋਧੀ ਧਿਰ ਉਨ੍ਹਾਂ ਦਾ ਸਾਥ ਦਿੰਦੀ ਤਾਂ ਅੱਜ ਸ਼ਹਿਰ ਦੀ ਨੁਹਾਰ ਹੀ ਬਦਲ ਜਾਣੀ ਸੀ । ਇਸ ਮੌਕੇ ਕਾਂਗਰਸੀ ਆਗੂਆਂ ਵੱਲੋਂ ਨਗਰ ਕੌਂਸਲ ਵਿੱਚ ਸ਼ਹਿਰ ਦੇ ਵਿਕਾਸ ਲਈ ਮੁੜ ਤੋਂ ਕਾਂਗਰਸ ਦਾ ਪ੍ਰਧਾਨ ਬਣਾਉਣ ਲਈ ਵੱਧ ਤੋਂ ਵੱਧ ਕਾਂਗਰਸ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਆਪਣੇ ਵਾਰਡ ਵਿੱਚ ਉਨ੍ਹਾਂ ਦੇ ਉਮੀਦਵਰ ਦੇ ਹੱਕ ਵਿੱਚ ਵੋਟਾਂ ਭੁਗਤਾਉਣ ਦੀ ਅਪੀਲ ਕੀਤੀ ।



ਪੀਰ ਮੁਛੱਲਾ ਦੇ ਵਾਰਡ 11 ਵਿੱਚ ਅੱਜ ਨਗਰ ਕੌਂਸਲ ਦੀਆਂ ਚੋਣਾਂ ਦੇ ਚੋਣ ਪ੍ਰਚਾਰ ਦੇ ਆਖਰੀ ਦਿਨ ਰੋਡ ਸ਼ੋਅ ਰੈਲੀ ਤੋਂ ਬਾਅਦ ਭਾਜਪਾ ਦੇ ਉਮੀਦਵਾਰ ਹਰਦੀਪ ਸਿੰਘ ਬੈਨੀਪਾਲ ਤੇ ਸਮਰਥਕ ਜੇਤੂ ਨਿਸ਼ਾਨ ਬਣਾਉਂਦੇ ਹੋਏ। ਫੋਟੋ ਤੇ ਵੇਰਵਾ : ਧਿਆਨ ਸਿੰਘ ਜ਼ਖ਼ਮੀ।

# ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਪੁਲਿਸ ਬਲਾਂ ਨੂੰ ਡਿਊਟੀਆਂ ਸਬੰਧੀ ਦਿੱਤੀਆਂ ਹਦਾਇਤਾਂ



ਬਨੂੜ, 24 ਮਈ (ਅਮਰਿੰਦਰ ਸਿੰਘ ਮੋਹੀ) - ਨਗਰ ਕੌਂਸਲ ਚੋਣਾਂ ਨੂੰ ਅਮਨ-ਅਮਾਨ ਅਤੇ ਪਾਰਦਰਸ਼ੀ ਢੰਗ ਨਾਲ ਸੰਪੰਨ ਕਰਵਾਉਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕਰ ਦਿੱਤੇ ਗਏ ਹਨ। ਇਸ ਤਹਿਤ ਡੀਐਸਪੀ ਬਨੂੜ ਸੁਖਦੇਵ ਸਿੰਘ ਅਤੇ ਥਾਣਾ ਮੁਖੀ ਬਨੂੜ ਇੰਸਪੈਕਟਰ ਅਰਸ਼ਦੀਪ ਸ਼ਰਮਾ ਨੇ ਚੋਣ ਡਿਊਟੀਆਂ ’ਤੇ ਤਾਇਨਾਤ ਕੀਤੇ ਜਾਣ ਵਾਲੇ ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਵਿਸ਼ੇਸ਼ ਬ੍ਰੀਫਿੰਗ ਕੀਤੀ।ਇਸ ਮੌਕੇ ਡੀਐਸਪੀ ਸੁਖਦੇਵ ਸਿੰਘ ਨੇ ਪੁਲਿਸ ਫੋਰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਗਰ ਕੌਂਸਲ ਚੋਣਾਂ ਲੋਕਤੰਤਰ ਦਾ ਮਹੱਤਵਪੂਰਨ ਤਿਉਹਾਰ ਹਨ ਅਤੇ ਹਰ ਪੁਲਿਸ ਮੁਲਾਜ਼ਮ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ, ਨਿਰਪੱਖਤਾ ਅਤੇ ਜ਼ਿੰਮੇਵਾਰੀ ਨਾਲ ਨਿਭਾਏ। ਉਨ੍ਹਾਂ ਹਦਾਇਤ ਕੀਤੀ ਕਿ ਪੋਲਿੰਗ ਬੂਥਾਂ, ਸੰਵੇਦਨਸ਼ੀਲ ਖੇਤਰਾਂ ਅਤੇ ਜਨਤਕ ਥਾਵਾਂ ’ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਤੁਰੰਤ ਰੋਕਣ ਲਈ ਚੌਕਸੀ ਵਰਤੀ ਜਾਵੇ।

ਥਾਣਾ ਮੁਖੀ ਇੰਸਪੈਕਟਰ ਅਰਸ਼ਦੀਪ ਸ਼ਰਮਾ ਨੇ ਮੁਲਾਜ਼ਮਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਸ਼ਰਾਰਤੀ ਅਨਸਰਾਂ, ਨਸ਼ਾ ਤਸਕਰਾਂ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਮੁਲਾਜ਼ਮਾਂ ਨੂੰ ਆਪਣੇ-ਆਪਣੇ ਡਿਊਟੀ ਪੁਆਇੰਟਾਂ ’ਤੇ ਸਮੇਂ ਸਿਰ ਪਹੁੰਚਣ, ਵਾਇਰਲੈੱਸ ਸਿਸਟਮ ਰਾਹੀਂ ਲਗਾਤਾਰ ਸੰਪਰਕ ਬਣਾਈ ਰੱਖਣ ਅਤੇ ਹਰ ਗਤੀਵਿਧੀ ’ਤੇ ਪੈਨੀ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ।ਅਧਿਕਾਰੀਆਂ ਨੇ ਕਿਹਾ ਕਿ ਚੋਣਾਂ ਦੌਰਾਨ ਲੋਕਾਂ ਵਿੱਚ ਸੁਰੱਖਿਆ ਅਤੇ ਭਰੋਸੇ ਦਾ ਮਾਹੌਲ ਬਣਾਈ ਰੱਖਣਾ ਪੁਲਿਸ ਦੀ ਪਹਿਲੀ ਤਰਜੀਹ ਹੈ। ਇਸ ਲਈ ਵੱਖ-ਵੱਖ ਟੀਮਾਂ, ਨਾਕਿਆਂ ਅਤੇ ਗਸ਼ਤੀ ਪਾਰਟੀਆਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ ਤਾਂ ਜੋ ਚੋਣ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸ਼ਾਂਤਮਈ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਅਤੇ ਮੁਲਾਜ਼ਮ ਹਾਜ਼ਰ ਸਨ, ਜਿਨ੍ਹਾਂ ਨੇ ਚੋਣ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ।


**ਚੰਡੀਗੜ੍ਹ ਪ੍ਰਸ਼ਾਸਨ**
**ਆਬਕਾਰੀ ਅਤੇ ਕਰ ਵਿਭਾਗ**
**ਈ-ਟੈਂਡਰ ਨੋਟਿਸ**

ਇਸ ਦੁਆਰਾ, ਹੋਲੋਗ੍ਰਾਮ ਨਿਰਮਾਤਾਵਾਂ/ਸੁਰੱਖਿਆ ਪ੍ਰਿੰਟਰਾਂ ਤੋਂ ਪੋਲਿਸਟਰ ਅਧਾਰਤ ਹੋਲੋਗ੍ਰਾਮ (ਆਬਕਾਰੀ ਅਡੇਸਿਵ ਲੇਬਲ = **EAL**) ਦੀ ਸਪਲਾਈ ਲਈ ਆਬਕਾਰੀ ਅਤੇ ਕਰ ਵਿਭਾਗ, ਯੂਟੀ, ਚੰਡੀਗੜ੍ਹ ਨੂੰ ਈ-ਟੈਂਡਰ ਮੰਗੇ ਜਾਂਦੇ ਹਨ:-

| | | |
|---|---|---|
| i. | ਪ੍ਰਕਾਸ਼ਨ ਦੀ ਮਿਤੀ | ਸ਼ੁਰੂਆਤੀ ਮਿਤੀ: 25.05.2026 ਦੁਪਹਿਰ 12:00 ਵਜੇ |
| ii. | ਈ-ਟੈਂਡਰ ਜਮ੍ਹਾ ਕਰਨ ਦੀ ਮਿਤੀ | ਸ਼ੁਰੂਆਤੀ ਮਿਤੀ: 25.05.2026 ਦੁਪਹਿਰ 12:00 ਵਜੇ<br>ਅੰਤਿਮ ਮਿਤੀ: 15.06.2026 ਸ਼ਾਮ 05:00 ਵਜੇ |
| iii. | ਬਿਆਨਾ ਰਕਮ ਦੀ ਔਨਲਾਈਨ ਜਮ੍ਹਾਂ ਕਰਵਾਉਣਾ 60,000/- ਸਬੂਤ ਅਤੇ ਅਸਲ ਗੈਰ-ਕਾਲੀ ਸੂਚੀਬੱਧ ਹਲਫ਼ਨਾਮਾ ਅਨੁਲੱਗ-1 ਅਨੁਸਾਰ ਨਮੂਨਿਆਂ ਸਮੇਤ। | ਸ਼ੁਰੂਆਤੀ ਮਿਤੀ: 25.05.2026 ਦੁਪਹਿਰ 12:00 ਵਜੇ<br>ਅੰਤਿਮ ਮਿਤੀ: 15.06.2026 ਸ਼ਾਮ 05:00 ਵਜੇ |
| iv. | ਤਕਨੀਕੀ ਬੋਲੀ (ਆਨਲਾਈਨ) ਦੀ ਸ਼ੁਰੂਆਤ | 16.06.2026 ਨੂੰ ਸਵੇਰੇ 11:00 ਵਜੇ |
| v. | ਸਿਰਫ਼ ਤਕਨੀਕੀ ਤੌਰ ’ਤੇ ਯੋਗ ਬੋਲੀਕਾਰਾਂ ਦੀ ਕੀਮਤ ਬੋਲੀ ਦੀ ਸ਼ੁਰੂਆਤ। | ਤਕਨੀਕੀ ਬੋਲੀ ਦੇ ਮੁਲਾਂਕਣ ਤੋਂ ਬਾਅਦ ਸੂਚਿਤ ਕੀਤਾ ਜਾਵੇਗਾ |

1. ਬੋਲੀ ਦਸਤਾਵੇਜ਼ ਨੂੰ ਵੈੱਬਸਾਈਟ **http://eterders.chd.nic./nicgep** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
2. ਹੋਰ ਸਾਰੇ ਨਿਯਮ ਅਤੇ ਸ਼ਰਤਾਂ, ਈ-ਟੈਂਡਰਿੰਗ ਪ੍ਰਕਿਰਿਆ ਸੰਬੰਧੀ ਬੋਲੀਕਾਰਾਂ ਨੂੰ ਨਿਰਦੇਸ਼ ਆਦਿ ਚੰਡੀਗੜ੍ਹ ਪ੍ਰਸ਼ਾਸਨ ਦੀ ਉਪਰੋਕਤ ਵੈੱਬਸਾਈਟ ’ਤੇ ਉਪਲਬਧ ਵਿਸਤ੍ਰਿਤ ਨੋਟਿਸ ਇਨਵਾਈਟਿੰਗ ਟੈਂਡਰ (DNIT) ਤੋਂ ਦੇਖੇ ਜਾ ਸਕਦੇ ਹਨ। ਹੇਠਾਂ ਹਸਤਾਖਰ ਕਰਨ ਵਾਲੇ ਕੋਲ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਟੈਂਡਰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ।
3. ਕੋਈ ਘੱਟੋ-ਘੱਟ ਮਾਤਰਾ ਦੀ ਗਰੰਟੀ ਨਹੀਂ ਹੈ।

ਸਹੀ/-
ਆਬਕਾਰੀ ਅਤੇ ਕਰ ਕਮਿਸ਼ਨਰ,
ਯੂ.ਟੀ., ਚੰਡੀਗੜ੍ਹ

# ਸਰਹੱਦ ਪਾਰਲੇ ਆਪਣੇ




**ਅਣਵੰਡੇ** ਪੰਜਾਬ ਵਿੱਚ ਬਹੁਤ ਸਾਰੇ ਲੋਕ ਸੁਨਹਿਰੀ ਭਵਿੱਖ ਦੀ ਭਾਲ ਵਿੱਚ ਪੂਰਬੀ ਪੰਜਾਬ ਤੋਂ ਪੱਛਮੀ ਹਿੱਸਿਆਂ ਵੱਲ ਹਿਜਰਤ ਕਰਦੇ ਸਨ ਕਿਉਂਕਿ ਉੱਥੋਂ ਦੀ ਜ਼ਮੀਨ ਬੇਹੱਦ ਜ਼ਰਖ਼ੇਜ਼ ਸੀ। ਲੋਕ ਲਾਇਲਪੁਰ, ਮੁਲਤਾਨ, ਬੂਰੇਵਾਲਾ ਅਤੇ ਖ਼ਾਨੇਵਾਲ ਵਰਗੇ ਖੇਤਰਾਂ ਵਿੱਚ ਖੇਤੀਬਾੜੀ ਜਾਂ ਕਾਰੋਬਾਰ ਕਰਨ ਜਾਂਦੇ ਸਨ। ਉਸ ਸਮੇਂ ਇਹ ਆਮ ਕਹਾਵਤ ਸੀ ਕਿ 'ਫਲਾਣੇ ਦਾ ਟੱਬਰ ਬਾਰ ਗਿਆ ਹੋਇਆ ਹੈ।' ਉਦੋਂ ਸਿੱਖ, ਮੁਸਲਮਾਨ, ਹਿੰਦੂ ਤੇ ਇਸਾਈ ਸਭ ਸਾਂਝੇ ਵਿਹੜਿਆਂ ਵਿੱਚ ਰਲ਼-ਮਿਲ ਕੇ ਰਹਿੰਦੇ ਸਨ। ਸਭ ਦੇ ਨਿਆਣੇ ਇਕੱਠੇ ਖੇਡਦੇ ਤੇ ਪਲਦੇ ਸਨ। ਕਦੇ ਮ੍ਹੀਦਾਂ ਖਾਲਾ ਦੇ ਚੁੱਲ੍ਹੇ 'ਤੇ ਰੋਟੀਆਂ ਖਾ ਲਈਆਂ, ਕਦੇ ਧੰਨੋ ਦੇ ਘਰੋਂ ਤੇ ਕਦੇ ਖੇਡਦੇ-ਖੇਡਦੇ ਕਮਲਾ ਤਾਈ ਦੇ ਤੰਦੂਰ 'ਤੇ ਜਾ ਬਹਿਣਾ। ਸਾਰੇ ਧਰਮਾਂ ਦੇ ਪਰਿਵਾਰਾਂ ਦੇ ਬੱਚੇ ਇਕੱਠੇ ਬੈਠ ਕੇ ਦੇਸੀ ਘਿਓ ਨਾਲ ਚੋਪੜੀਆਂ ਤੱਤੀਆਂ-ਤੱਤੀਆਂ ਰੋਟੀਆਂ ਉੱਤੇ ਸ਼ੱਕਰ ਰੱਖ ਕੇ ਸਵਾਦ ਨਾਲ ਛਕਦੇ। ਨਾ ਕੋਈ ਵੈਰ-ਵਿਰੋਧ ਸੀ ਅਤੇ ਨਾ ਹੀ ਧਰਮਾਂ ਕਰਕੇ ਆਪਸੀ ਰਿਸ਼ਤਿਆਂ ਵਿੱਚ ਕੋਈ ਵੱਡਾ ਪਾੜਾ ਸੀ।

ਫਿਰ ਧਰਮ ਦੇ ਆਧਾਰ 'ਤੇ ਪਾਕਿਸਤਾਨ ਬਣਨ ਦੀ ਚਰਚਾ ਨੇ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਿੱਚ ਅਜਿਹੀ ਵਿੱਥ ਪਾ ਦਿੱਤੀ ਕਿ ਸੰਨ '47 ਦੇ ਅੱਧ ਤੱਕ ਆਉਂਦਿਆਂ ਹੀ ਮੁਹੱਬਤ ਨਾਲ ਵੱਸਦੇ ਫ਼ਿਰਕਿਆਂ ਦਰਮਿਆਨ ਨਫ਼ਰਤ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ। ਸਿੱਖ ਤੇ ਹਿੰਦੂ ਚੜ੍ਹਦੇ ਪੰਜਾਬ ਵੱਲ ਅਤੇ ਮੁਸਲਮਾਨ ਲਹਿੰਦੇ ਪੰਜਾਬ ਵੱਲ ਹਿਜਰਤ ਕਰਨ ਲਈ ਮਜਬੂਰ ਹੋ ਗਏ। ਇਸ ਦੌਰਾਨ ਬੇਅੰਤ ਕਤਲੋਗ਼ਾਰਤ ਹੋਈ, ਘਰ-ਬਾਰ ਸਾੜ ਦਿੱਤੇ ਗਏ ਅਤੇ ਮਨੁੱਖੀ ਮਨਾਂ ਨੂੰ ਵਲੂੰਧਰਨ ਵਾਲੇ ਜਬਰ-ਜਨਾਹ ਹੋਏ। ਪੰਜਾਬੀਆਂ ਦੇ ਖ਼ੂਨ ਨਾਲ ਖੂਹਾਂ ਤੇ ਟੋਭਿਆਂ ਦਾ ਪਾਣੀ ਲਾਲ ਹੋ ਗਿਆ। ਜਾਇਦਾਦਾਂ ਲੁੱਟ ਲਈਆਂ ਗਈਆਂ। ਹਾਲਾਤ ਇੰਨੇ ਖ਼ੌਫ਼ਨਾਕ ਸਨ ਕਿ ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰਾਹਾਂ ਵਿੱਚ ਹੀ ਛੱਡਣ ਲਈ ਮਜਬੂਰ ਹੋ ਗਈਆਂ; ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ ਕਿ 'ਉਸ ਵੇਲੇ ਮਾਵਾਂ ਤੋਂ ਪੁੱਤ ਨਹੀ ਸਨ ਸੰਭਾਲੇ ਗਏ'। ਸਿਆਸਤ ਨੇ ਅਜਿਹੀ ਲਕੀਰ ਖਿੱਚੀ ਕਿ ਪੁੱਤ ਮਾਪਿਆਂ ਤੋਂ, ਭੈਣਾਂ ਵੀਰਾਂ ਤੋਂ ਅਤੇ ਚਾਚੇ-ਭੂਆ ਆਪਣੇ ਭਤੀਜੇ-ਭਤੀਜੀਆਂ ਤੋਂ ਸਦਾ ਲਈ ਵਿਛੜ ਗਏ। ਵੰਡ ਦੇ ਦੁੱਖ ਹੰਢਾਉਣ ਵਾਲੀ ਉਸ ਪੀੜ੍ਹੀ ਦੇ ਲੋਕ ਤਕਰੀਬਨ ਪੌਣੀ ਸਦੀ ਬੀਤ ਜਾਣ ਮਗਰੋਂ ਹੁਣ ਬਹੁਤ ਘੱਟ ਰਹਿ ਗਏ ਹਨ, ਪਰ ਫਿਰ ਵੀ ਕਿਧਰੇ ਨਾ ਕਿਧਰੇ ਖ਼ੂਨ ਦੇ ਨੇੜਲੇ ਰਿਸ਼ਤੇ ਅਜੇ ਵੀ ਮਿਲ ਜਾਂਦੇ ਹਨ। ਅਜੋਕੀ ਤਕਨਾਲੋਜੀ (ਫੇਸਬੁੱਕ, ਵਟਸਐਪ ਅਤੇ ਐਕਸ/ਟਵਿੱਟਰ ਆਦਿ) ਸਦਕਾ ਹੁਣ ਦੂਜੀ ਜਾਂ ਤੀਜੀ ਪੀੜ੍ਹੀ ਦੇ ਬੱਚੇ ਆਪਣੇ ਉਨ੍ਹਾਂ ਵਿਛੜੇ ਰਿਸ਼ਤਿਆਂ ਨੂੰ ਲੱਭ ਰਹੇ ਹਨ, ਜੋ ਅੱਜ ਵੀ ਖ਼ੂਨ ਦੀ ਸਾਂਝ ਨੂੰ ਪਛਾਣਦੇ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਅਜਿਹੀਆਂ ਕਈ ਸੰਸਥਾਵਾਂ (ਤਨਜ਼ੀਮਾਂ) ਸਰਗਰਮ ਹਨ, ਜੋ ਸਰਹੱਦ ਦੇ ਦੋਵੇਂ ਪਾਸੇ ਵਿਛੜੇ ਰਿਸ਼ਤੇਦਾਰਾਂ ਨੂੰ ਮਿਲਾਉਣ ਦਾ ਉਪਰਾਲਾ ਕਰਦੀਆਂ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨਾਲ ਜਿੱਥੇ ਸੰਗਤ ਗੁਰਧਾਮ ਦੇ ਦਰਸ਼ਨ ਕਰ ਰਹੀ ਹੈ, ਉੱਥੇ ਹੀ ਕਈ ਵਿਛੜੇ ਪਰਿਵਾਰਾਂ ਦਾ ਮਿਲਾਪ ਵੀ ਹੋ ਰਿਹਾ ਹੈ। ਪਰ ਅਫ਼ਸੋਸ ਕਿ ਸਰਹੱਦ ਪਾਰ ਜਾ ਕੇ ਆਪਣਿਆਂ ਨੂੰ ਮਿਲਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ ਕਿਉਂਕਿ ਦੋਵਾਂ ਮੁਲਕਾਂ ਦੇ ਸਿਆਸੀ ਸਬੰਧ ਸੁਖਾਵੇਂ ਨਹੀ ਅਤੇ ਹਕੂਮਤਾਂ ਵੀਜ਼ੇ ਦੇਣ ਵਿੱਚ ਬਹੁਤ ਸਖ਼ਤੀ ਵਰਤਦੀਆਂ ਹਨ।

ਮੈਂ ਸਾਲ 1979 ਵਿੱਚ ਪਹਿਲੀ ਵਾਰ ਜਥੇ ਨਾਲ ਲਾਹੌਰ ਗਿਆ ਸਾਂ ਅਤੇ ਉੱਥੇ ਆਪਣੀ ਸਕੀ ਭੂਆ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਭੂਆ ਵੱਲੋਂ ਤੋਹਫ਼ੇ ਵਜੋਂ ਦਿੱਤਾ ਹੋਇਆ 'ਡੱਬੀਆਂ ਵਾਲਾ ਖੇਸ' ਮੇਰੀ ਲੇਖਣੀ ਦਾ ਇੱਕ ਬਹੁਤ ਹੀ ਮਕਬੂਲ ਕਿੱਸਾ ਬਣ ਗਿਆ। ਇਸ ਤੋਂ ਬਾਅਦ 1991 ਵਿੱਚ ਜਦੋਂ ਮੈਂ ਲਾਹੌਰ ਦੇ 'ਅਲਹਮਰਾ ਆਰਟ ਸੈਂਟਰ' ਵਿੱਚ ਇੱਕ ਕਾਨਫਰੰਸ ਦੌਰਾਨ ਲੈਕਚਰ ਦੇਣ ਗਿਆ ਤਾਂ ਉੱਥੇ ਆਪਣੀ ਮਾਸੀ ਸੱਸ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲ ਕੇ ਆਇਆ। ਸਾਲ 2023 ਵਿੱਚ ਜਦੋਂ ਵਿਸਾਖੀ ਦੇ ਜਥੇ ਲਈ ਸਾਡਾ ਵੀਜ਼ਾ ਲੱਗਾ ਤਾਂ ਮੈਂ ਅਤੇ ਮੇਰੀ ਪਤਨੀ ਇੰਦਰਜੀਤ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸੱਚਾ ਸੌਦਾ (ਚੂਹੜਕਾਣਾ), ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਅਤੇ ਲਾਹੌਰ ਦੇ ਗੁਰਧਾਮਾਂ ਦੇ ਦਰਸ਼ਨ ਕੀਤੇ। ਇਨ੍ਹਾਂ ਦਰਸ਼ਨਾਂ ਦੇ ਨਾਲ-ਨਾਲ ਸਾਨੂੰ ਖ਼ੂਨ ਦੇ

ਡਾ. ਮਨਜੀਤ ਸਿੰਘ ਬੱਲ

ਰਿਸ਼ਤਿਆਂ ਨੂੰ ਰੀਝ ਨਾਲ ਮਿਲਣ ਦਾ ਮੌਕਾ ਵੀ ਮਿਲਿਆ। ਚੰਡੀਗੜ੍ਹ ਤੋਂ ਰਵਾਨਾ ਹੋਣ ਵੇਲੇ ਜਦੋਂ ਵਟਸਐਪ ਕਾਲ 'ਤੇ ਭੂਆ ਦੇ ਪੋਤਰੇ ਅਨਵਰ ਨੇ ਬੜੇ ਮੋਹ ਨਾਲ ਪੁੱਛਿਆ, "ਚਾਚਾ ਕੀ ਹਾਲ ਆ...? ਸਭ ਖ਼ੈਰੀਅਤ? ਚਾਚੀ ਨੂੰ ਵੀ ਨਾਲ ਹੀ ਲੈ ਕੇ ਆਵੀ," ਤਾਂ ਮਨ ਖ਼ੁਸ਼ੀ ਨਾਲ ਭਰ ਗਿਆ। ਮੈਂ ਵੀ ਦੱਸ ਦਿੱਤਾ ਕਿ ਅਸੀ ਦੋਵੇਂ ਹੀ ਆ ਰਹੇ ਹਾਂ। ਉਨ੍ਹਾਂ ਦੇ ਪੂਰੇ ਪਰਿਵਾਰ ਦੀ ਖ਼ੁਸ਼ੀ ਦਾ ਅੰਦਾਜ਼ਾ ਮੈਂ ਫ਼ੋਨ 'ਤੇ ਹੁੰਦੀਆਂ ਗੱਲਾਂ ਤੋਂ ਸਹਿਜੇ ਹੀ ਲਾ ਸਕਦਾ ਸਾਂ।

"ਜਥੇ ਨੇ ਵਾਹਗਾ ਬਾਰਡਰ ਤੋਂ ਏਸੀ ਬੱਸਾਂ ਰਾਹੀ ਸਿੱਧਾ ਨਨਕਾਣਾ ਸਾਹਿਬ ਜਾਣਾ ਹੈ। ਵਾਪਸੀ 'ਤੇ ਲਾਹੌਰ ਵਿੱਚ ਤਿੰਨ ਦਿਨਾਂ ਦਾ ਪ੍ਰੋਗਰਾਮ ਹੈ, ਉਦੋਂ ਹੀ ਤਸੱਲੀ ਨਾਲ ਮਿਲਾਂਗੇ..."। ਚੰਡੀਗੜ੍ਹ ਤੋਂ ਅੰਮ੍ਰਿਤਸਰ ਪੁੱਜ ਕੇ ਮੈਂ ਫ਼ੋਨ 'ਤੇ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿਉਂਕਿ ਸਰਹੱਦ ਪਾਰ ਕਰਨ ਤੋਂ ਬਾਅਦ ਮੋਬਾਈਲ ਨੈੱਟਵਰਕ ਜਾਂ ਵਟਸਐਪ ਕੰਮ ਨਹੀ ਕਰਦੇ। ਅਸੀ ਰਾਤ ਕੁਵੇਲੇ ਨਨਕਾਣਾ ਸਾਹਿਬ ਪੁੱਜੇ ਅਤੇ ਸਾਡੇ ਰਹਿਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਸੀ। ਅਗਲੇ ਦਿਨ ਜਥੇ ਦੇ ਨਾਲ ਬੱਸਾਂ ਰਾਹੀ ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ (ਫ਼ਾਰੂਕਾਬਾਦ) ਦੇ ਦਰਸ਼ਨ ਕੀਤੇ। ਸ਼ਾਮ ਪੰਜ ਵਜੇ ਦੇ ਕਰੀਬ ਜਦੋਂ ਅਸੀ ਵਾਪਸ ਨਨਕਾਣਾ ਸਾਹਿਬ ਪਹੁੰਚੇ ਤਾਂ ਪਤਾ ਲੱਗਾ ਕਿ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਗੇਟ ਦੇ ਬਾਹਰ ਅਨਵਰ ਆਪਣੇ ਪਰਿਵਾਰ ਸਮੇਤ ਸਾਡੀ ਉਡੀਕ ਕਰ ਰਿਹਾ ਸੀ। ਅਨਵਰ ਨੂੰ ਮੈਂ ਤਕਰੀਬਨ 40 ਸਾਲ ਪਹਿਲਾਂ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਦੇ ਬਾਹਰ ਮਿਲਿਆ ਸਾਂ। ਉਦੋਂ ਉਹ ਅਜੇ ਲੂੰਆਂ ਜਿਹਾ (ਬਾਲ ਉਮਰ) ਸੀ, ਜਿਸ ਦਾ ਜ਼ਿਕਰ ਮੇਰੇ ਲੇਖ "ਡੱਬੀਆਂ ਵਾਲਾ ਖੇਸ" ਵਿੱਚ ਵੀ ਮਿਲਦਾ ਹੈ। ਅੱਜ ਉਸ ਨੇ ਵਟਸਐਪ ਅਤੇ ਫੇਸਬੁੱਕ ਦੀਆਂ ਤਸਵੀਰਾਂ ਸਦਕਾ ਸਾਨੂੰ ਦੋਵਾਂ ਨੂੰ ਪਛਾਣ ਲਿਆ। ਇੱਕ-ਦੂਜੇ ਨੂੰ ਦੇਖਦਿਆਂ ਹੀ ਦਿਲ ਦੀਆਂ ਧੜਕਣਾਂ ਤੇਜ਼ ਹੋ ਗਈਆਂ ਅਤੇ ਅੱਖਾਂ ਵਿੱਚ ਗਲੇਡੂ (ਖ਼ੁਸ਼ੀ ਦੇ ਹੰਝੂ) ਭਰ ਆਏ। ਚਾਚੇ-ਭਤੀਜੇ ਨੇ ਇੱਕ-ਦੂਜੇ ਨੂੰ ਘੁੱਟ ਕੇ ਜੱਫੀਆਂ ਪਾਈਆਂ। ਅਨਵਰ ਦੀ ਬੇਗ਼ਮ ਰਜ਼ੀਆ ਅਤੇ ਮੇਰੀ ਪਤਨੀ ਇੰਦਰਜੀਤ ਵੀ ਬੜੀ ਗਰਮਜੋਸ਼ੀ ਨਾਲ ਗਲ਼ਵਕੜੀ ਪਾ ਕੇ ਮਿਲੀਆਂ। ਗੁਰਦੁਆਰਾ ਸਾਹਿਬ ਦੀ ਕੰਧ ਕੋਲ ਸਾਨੂੰ ਖ਼ੁਸ਼ਆਮਦੀਦ ਕਹਿਣ ਲਈ ਅਨਵਰ ਨੇ ਮੇਰੇ ਅਤੇ ਰਜ਼ੀਆ ਨੇ ਇੰਦਰਜੀਤ ਦੇ ਗਲ਼ ਵਿੱਚ ਫੁੱਲ-ਮਾਲਾਵਾਂ ਪਾਈਆਂ। "ਅਨਵਰ..., ਤੁਸੀ ਐਨੀ ਖੇਚਲ ਕਿਉਂ ਕੀਤੀ? ਲਾਹੌਰ ਤੋਂ ਚੱਲ ਕੇ ਇੱਥੇ ਆ ਗਏ, ਅਸੀ ਚਾਰ-ਪੰਜ ਦਿਨਾਂ ਬਾਅਦ ਉੱਥੇ ਆ ਹੀ ਜਾਣਾ ਸੀ...?" ਮੈਂ ਭਰਿਆ ਗਲਾ ਸਾਫ਼ ਕਰਦਿਆਂ ਕਿਹਾ। ਅਨਵਰ ਦਾ ਜਵਾਬ ਬਹੁਤ ਭਾਵੁਕ ਸੀ, "ਚਾਚਾ, ਸਾਡੇ ਕੋਲੋਂ ਚਾਰ-ਪੰਜ ਦਿਨਾਂ ਦਾ ਇੰਤਜ਼ਾਰ ਨਹੀ ਹੋਇਆ, ਮਨ ਨੇ ਸਬਰ ਹੀ ਨਹੀ ਕੀਤਾ। ਅਸੀ ਦੁਪਹਿਰ ਦੋ ਵਜੇ ਤੋਂ ਇੱਥੇ ਰਾਹਾਂ 'ਤੇ ਨਜ਼ਰਾਂ ਵਿਛਾਈ ਬੈਠੇ ਸਾਂ। ਮੇਰਾ ਖ਼ੁਦਾ ਬੜਾ ਮਿਹਰਬਾਨ ਹੈ ਕਿ ਤੁਸੀ ਮਿਲ ਗਏ, ਨਹੀ ਤਾਂ ਸਾਨੂੰ ਮਾਯੂਸ ਹੋ ਕੇ ਵਾਪਸ ਮੁੜਨਾ ਪੈਣਾ ਸੀ ਅਤੇ ਲਾਹੌਰ ਵਿੱਚ ਹੋਰ ਪੰਜ ਦਿਨ ਉਡੀਕਣਾ ਪੈਣਾ ਸੀ।"

ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਜਥੇ ਸਮੇਤ ਅਸੀ ਸ੍ਰੀ ਪੰਜਾ ਸਾਹਿਬ ਗਏ ਅਤੇ ਫਿਰ ਲਾਹੌਰ ਪਹੁੰਚੇ। ਗੁਰਦੁਆਰਾ ਡੇਰਾ ਸਾਹਿਬ ਵਿਖੇ ਠਹਿਰਾਅ ਦੌਰਾਨ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ, ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਸਮਾਧਾਂ ਅਤੇ ਸ਼ਾਹੀ ਕਿਲ੍ਹਾ ਵੇਖਿਆ। ਇਹ ਉਹੀ ਇਤਿਹਾਸਕ ਕਿਲ੍ਹਾ ਹੈ, ਜਿਸ ਦੀ ਕੰਧ ਉੱਤੋਂ ਬਾਬਾ ਬਿਧੀ ਚੰਦ ਜੀ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਪਾ ਕੇ ਰਾਵੀ ਵਿੱਚ ਛਾਲ ਮਾਰੀ ਸੀ। ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰਨ ਦੇ ਨਾਲ-ਨਾਲ ਅਸੀ ਚਾਰ-ਪੰਜ ਘੰਟੇ ਅਨਵਰ ਦੇ ਪਰਿਵਾਰ ਨਾਲ ਬਿਤਾਏ। ਭੂਆ ਦੇ ਪਿੰਡ 'ਰੋਸੇ-ਭੈਲ' (ਜ਼ਿਲ੍ਹਾ ਕਸੂਰ) ਤੋਂ ਬਾਕੀ ਭਰਾ ਵੀ ਆਪਣੇ ਪਰਿਵਾਰਾਂ ਸਮੇਤ ਲਾਹੌਰ ਆਏ ਹੋਏ ਸਨ। ਉੱਥੇ ਮਾਹੌਲ ਕਿਸੇ ਵਿਆਹ ਵਰਗਾ ਬਣ ਗਿਆ ਸੀ। ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋਇਆ, ਖ਼ੁਸ਼ੀਆਂ ਸਾਂਝੀਆਂ ਕੀਤੀਆਂ, ਸੈਲਫ਼ੀਆਂ ਲਈਆਂ ਅਤੇ ਵੀਡੀਓਗ੍ਰਾਫੀ ਤੋਂ ਬਾਅਦ ਸਭ ਨੇ ਮਿਲ ਕੇ ਦੁਪਹਿਰ ਦਾ ਖਾਣਾ ਖਾਧਾ। ਅਖ਼ੀਰ ਹੰਝੂ ਭਰੀਆਂ ਅੱਖਾਂ ਨਾਲ ਇੱਕ-ਦੂਜੇ ਤੋਂ ਵਿਦਾਇਗੀ ਲਈ। ਇਸੇ ਤਰ੍ਹਾਂ ਅਗਲੇ ਦਿਨ ਪਤਨੀ ਇੰਦਰਜੀਤ ਦੀ ਸਕੀ ਮਾਸੀ ਆਸੋ (ਧਰਮ ਪਰਿਵਰਤਨ ਤੋਂ ਬਾਅਦ ਅਫ਼ਸ਼ਾਂ) ਦੇ ਤਿੰਨਾਂ ਪੁੱਤਰਾਂ ਨੂੰ ਲਾਹੌਰ ਵਿੱਚ ਮਿਲਣ ਦਾ ਸਬੱਬ ਬਣਿਆ। ਮਾਸੀ ਦੇ ਇਹ ਤਿੰਨੇ ਪੁੱਤਰ ਸਾਲ 2019 ਵਿੱਚ ਸਾਨੂੰ ਕਰਤਾਰਪੁਰ ਸਾਹਿਬ ਵੀ ਮਿਲਣ ਆਏ ਸਨ। ਇਸ ਵਾਰ ਅਸੀ ਵੱਡੇ ਦੋ ਪੁੱਤਰਾਂ ਨੂੰ ਉਨ੍ਹਾਂ ਦੇ ਪਿੰਡ ਸ਼ਰਕਪੁਰ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਖੇ ਹੀ ਮਿਲ ਲਿਆ ਸੀ। ਉੱਥੇ ਵੀ ਫੁੱਲਾਂ ਦੀ ਬਰਸਾਤ ਨਾਲ ਸਾਡਾ ਸਵਾਗਤ ਹੋਇਆ। ਉਹ ਪਲ ਬਹੁਤ ਹੀ ਭਾਵੁਕ ਸਨ।

ਵਾਹਗੇ ਵਾਲੀ ਲਕੀਰ ਖਿੱਚਣ ਵਾਲੇ ਰੈੱਡਕਲਿਫ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਬਾਸ਼ਿੰਦਿਆਂ ਦੇ ਇਸ ਗੁੰਝਲਦਾਰ ਤਾਣੇ-ਪੇਟੇ ਵਾਲੇ ਰਿਸ਼ਤਿਆਂ ਬਾਰੇ ਕੋਈ ਇਲਮ ਨਹੀ ਸੀ। ਕਹਿੰਦੇ ਨੇ ਕਿ ਕੁਝ ਸਾਲਾਂ ਬਾਅਦ ਜਦੋਂ ਉਸ ਨੂੰ ਇਸ ਵੰਡ ਦੇ ਭਿਆਨਕ ਨਤੀਜਿਆਂ ਅਤੇ ਲੋਕਾਂ ਦੇ ਉੱਜੜਨ ਦਾ ਪਤਾ ਲੱਗਾ ਤਾਂ ਉਹ ਆਪਣੇ ਮੱਥੇ 'ਤੇ ਹੱਥ ਮਾਰ ਕੇ ਕਹਿੰਦਾ ਸੀ, "ਮੈਥੋਂ ਬਹੁਤ ਵੱਡੀ ਭੁੱਲ ਹੋ ਗਈ।" ਅੱਲਾ ਦੀਆਂ ਰੁਸ਼ਨਾਈਆਂ ਸਭ ਲਈ ਸਾਂਝੀਆਂ ਹਨ। ਜੇ ਇਹ ਸਾਰੀ ਧਰਤੀ ਰੱਬ ਦੀ ਹੈ ਤਾਂ ਫਿਰ ਮਨੁੱਖਾਂ ਵਿਚਾਲੇ ਇਹ ਨਫ਼ਰਤ ਦੀਆਂ ਲਕੀਰਾਂ ਕਿਸ ਨੇ ਵਾਹੀਆਂ ਨੇ?

## ਹਿਮਾਲਿਆ ਦੀਆਂ ਉਚਾਈਆਂ ਅਤੇ ਪੰਜਾਬੀ ਅਣਖ ਦਾ ਸੁਮੇਲ

# ਸੁਖੀ ਬੱਲ ਦੀ ਇਤਿਹਾਸਕ ਉਡਾਣ ਅਤੇ ਅਣਖੀਲਾ ਜਜ਼ਬਾ



ਵਿੰਕਲਜੀਤ ਸਿੰਘ ਸਰਾ
9501477889

**ਕਈ** ਵਾਰ ਇਤਿਹਾਸ ਸਿਰਫ਼ ਕਾਗਜ਼ਾਂ ਦੀਆਂ ਹਿੱਕਾਂ 'ਤੇ ਨਹੀ ਉੱਕਰਿਆ ਜਾਂਦਾ, ਸਗੋਂ ਉਹ ਮਨੁੱਖੀ ਹੌਸਲੇ, ਅਟੁੱਟ ਜਜ਼ਬੇ ਅਤੇ ਆਪਣੀ ਜੰਮਣ-ਭੋਇੰ ਨਾਲ ਗੂੜ੍ਹੇ ਪਿਆਰ ਰਾਹੀ ਜਿਉਂਦਾ ਹੋ ਜਾਂਦਾ ਹੈ। ਪੰਜਾਬ ਦੀ ਧੀ ਸੁਖੀ ਬੱਲ ਨੇ ਨੇਪਾਲ ਦੀ ਬੇਹੱਦ ਖ਼ਤਰਨਾਕ ਅਤੇ ਤਕਨੀਕੀ ਰੂਪ ਵਿੱਚ ਦੁਨੀਆ ਦੀ ਸਭ ਤੋਂ ਦੁਸ਼ਵਾਰ ਮੰਨੀ ਜਾਣ ਵਾਲੀ ਚੋਟੀ 'ਮਾਊਂਟ ਅਮਾ ਦਬਲਾਮ' ਨੂੰ ਫ਼ਤਿਹ ਕਰਕੇ ਅਜਿਹੇ ਹੀ ਇੱਕ ਨਵੇਂ ਇਤਿਹਾਸ ਦਾ ਆਗਾਜ਼ ਕੀਤਾ ਹੈ। ਇਹ ਸਿਰਫ਼ ਇੱਕ ਭੂਗੋਲਿਕ ਪਹਾੜੀ ਚੋਟੀ ਦੀ ਜਿੱਤ ਨਹੀ ਹੈ, ਸਗੋਂ ਇਹ ਪੰਜਾਬੀਅਤ ਦੀ ਅਣਖ, ਨਾਰੀ ਸ਼ਕਤੀ ਦੇ ਬੁਲੰਦ ਇਰਾਦਿਆਂ ਅਤੇ ਰੂਹਾਨੀ ਦ੍ਰਿੜਤਾ ਦੀ ਉਹ ਦਾਸਤਾਨ ਹੈ ਜੋ ਆਉਣ ਵਾਲੀਆਂ ਸਦੀਆਂ ਤੱਕ ਪੰਜਾਬੀ ਮੁਟਿਆਰਾਂ ਦੇ ਰਾਹ ਰੁਸ਼ਨਾਉਂਦੀ ਰਹੇਗੀ। ਇੱਕ ਲੇਖਕ ਅਤੇ ਚਿੰਤਕ ਵਜੋਂ ਜਦੋਂ ਮੈਂ ਸੁਖੀ ਦੇ ਇਸ ਸਫ਼ਰ ਦੀਆਂ ਪਰਤਾਂ ਫਰੋਲਦਾ ਹਾਂ, ਤਾਂ ਮੈਨੂੰ ਹਰ ਕਦਮ 'ਤੇ ਇੱਕ ਅਜਿਹਾ ਕਿਰਦਾਰ ਨਜ਼ਰ ਆਉਂਦਾ ਹੈ ਜਿਸ ਨੇ ਪੱਛਮੀ ਚਮਕ-ਧਮਕ ਵਿੱਚ ਰਹਿ ਕੇ ਵੀ ਆਪਣੀਆਂ ਜੜ੍ਹਾਂ ਦੀ ਮਹਿਕ ਨੂੰ ਹਿਮਾਲਿਆ ਦੀਆਂ ਬਰਫ਼ੀਲੀਆਂ ਚੋਟੀਆਂ ਤੱਕ ਪਹੁੰਚਾਇਆ ਹੈ। ਪਟਿਆਲਾ ਜ਼ਿਲ੍ਹੇ ਦੇ ਪਿੰਡ ਚਹਿਲ ਦੀ ਮਿੱਟੀ ਵਿੱਚ ਜਨਮੀ ਸੁਖਵੀਰ ਕੌਰ ਉਰਫ਼ ਸੁਖੀ ਬੱਲ ਦਾ ਇਹ ਸਫ਼ਰ ਅੱਜ ਵਿਸ਼ਵ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਕਿਉਂਕਿ 43 ਸਾਲ ਦੀ ਉਮਰ ਵਿੱਚ ਅਜਿਹਾ ਕਾਰਨਾਮਾ ਕਰਨਾ ਕੋਈ ਮਾਮੂਲੀ ਗੱਲ ਨਹੀ ਹੈ।

**ਅਮਾ ਦਬਲਾਮ ਦੀ ਤਕਨੀਕੀ ਦਹਿਸ਼ਤ ਅਤੇ ਹੌਸਲੇ ਦੀ ਅਗਨੀ-ਪਰੀਖਿਆ:** ਹਿਮਾਲਿਆ ਦੀ ਖੁੰਬੂ ਸ਼੍ਰੇਣੀ ਵਿੱਚ ਸਥਿਤ ਅਮਾ ਦਬਲਾਮ, ਜਿਸ ਨੂੰ 'ਮੈਟਰਹਾਰਨ ਆਫ਼ ਦਿ ਹਿਮਾਲਿਆ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਪਰਬਤਾਰੋਹੀਆਂ ਲਈ ਇੱਕ ਅਜਿਹਾ ਸੁਪਨਾ ਹੈ ਜੋ ਅਕਸਰ ਡਰ ਅਤੇ ਦਹਿਸ਼ਤ ਨਾਲ ਭਰਿਆ ਹੁੰਦਾ ਹੈ। 6,812 ਮੀਟਰ ਦੀ ਉਚਾਈ ਭਾਵੇਂ ਮਾਊਂਟ ਐਵਰੈਸਟ ਨਾਲੋਂ ਘੱਟ ਲੱਗਦੀ ਹੋਵੇ, ਪਰ ਤਕਨੀਕੀ ਮਾਹਿਰਾਂ ਦੀ ਨਜ਼ਰ ਵਿੱਚ ਇਹ ਐਵਰੈਸਟ ਨਾਲੋਂ ਕਈ ਗੁਣਾ ਵੱਧ ਖ਼ਤਰਨਾਕ ਹੈ। ਇੱਥੇ ਚੜ੍ਹਾਈ ਦਾ ਮਤਲਬ ਹੈ ਲਗਭਗ 90 ਡਿਗਰੀ ਦੇ ਕੋਣ ਵਾਲੀਆਂ ਬਰਫ਼ੀਲੀਆਂ ਚੱਟਾਨਾਂ 'ਤੇ ਆਪਣੀ ਹੋਂਦ ਦੀ ਲੜਾਈ ਲੜਨਾ। ਸੁਖੀ ਬੱਲ ਨੇ ਜਦੋਂ ਇਸ ਮੁਹਿੰਮ ਦਾ ਆਗਾਜ਼ ਕੀਤਾ, ਤਾਂ ਉਨ੍ਹਾਂ ਦੇ ਸਾਹਮਣੇ ਸਿਰਫ਼ ਬਰਫ਼ੀਲੇ ਪਹਾੜ ਨਹੀ ਸਨ, ਸਗੋਂ ਤੇਜ਼ ਰਫ਼ਤਾਰ ਬਰਫ਼ੀਲੇ ਤੂਫ਼ਾਨ, ਆਕਸੀਜਨ ਦੀ ਭਿਆਨਕ ਘਾਟ ਅਤੇ ਹੱਡ-ਚੀਰਵੀਂ ਠੰਢ ਸੀ। ਮੁਹਿੰਮ ਦੌਰਾਨ ਇੱਕ ਅਜਿਹਾ ਮੌਕਾ ਵੀ ਆਇਆ ਜਦੋਂ ਕੁਦਰਤ ਨੇ ਉਨ੍ਹਾਂ ਦੇ ਸਬਰ ਦਾ ਸਭ ਤੋਂ ਵੱਡਾ ਇਮਤਿਹਾਨ ਲਿਆ। ਕੈਂਪ-3 ਦੇ ਨੇੜੇ ਇੱਕ ਭਿਆਨਕ ਬਰਫ਼ੀਲੇ ਤੂਫ਼ਾਨ ਨੇ ਰਸਤਾ ਰੋਕ ਲਿਆ। ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਚੁੱਕਾ ਸੀ। ਸੁਖੀ ਅਤੇ ਉਨ੍ਹਾਂ ਦਾ ਸ਼ੇਰਪਾ ਲਗਭਗ 35 ਘੰਟੇ ਸਿਰਫ਼ ਦੋ ਬਿਸਕੁਟਾਂ ਦੇ ਸਹਾਰੇ ਉਸ ਮੌਤ ਦੇ ਤਾਂਡਵ ਦੇ ਵਿਚਕਾਰ ਖੜ੍ਹੇ ਰਹੇ। ਪਰ ਜਿਸ ਧੀ ਦੀਆਂ ਰਗਾਂ ਵਿੱਚ ਪੰਜਾਬ ਦੀ ਅਣਖ ਦਾ ਲਹੂ ਹੋਵੇ, ਉਸ ਨੂੰ ਦੁਨੀਆ ਦਾ ਕੋਈ ਤੂਫ਼ਾਨ ਪਿੱਛੇ ਨਹੀ ਮੋੜ ਸਕਦਾ। ਉਨ੍ਹਾਂ ਦਾ ਸੰਘਰਸ਼ ਸਿਰਫ਼ ਸਰੀਰਕ ਨਹੀ ਸੀ, ਸਗੋਂ ਇਹ ਉਸ ਮਾਨਸਿਕ ਮਜ਼ਬੂਤੀ ਦਾ ਪ੍ਰਤੀਕ ਸੀ ਜੋ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਹੜਿਆਂ ਵਿੱਚ ਯੁਵਕ ਭਲਾਈ ਗਤੀਵਿਧੀਆਂ ਦੌਰਾਨ ਗ੍ਰਹਿਣ ਕੀਤੀ ਸੀ।

**ਚਿੱਟੀ ਚੁੰਨੀ ਦੀ ਛਾਂ ਹੇਠ ਪੰਜਾਬੀਅਤ ਦਾ ਸੰਦੇਸ਼ :** ਸੁਖੀ ਬੱਲ ਦੀ ਇਸ ਜਿੱਤ ਦਾ ਸਭ ਤੋਂ ਭਾਵੁਕ ਅਤੇ ਰੂਹਾਨੀ ਪਹਿਲੂ ਉਦੋਂ ਸਾਹਮਣੇ ਆਇਆ ਜਦੋਂ ਉਨ੍ਹਾਂ ਨੇ ਚੋਟੀ 'ਤੇ ਪਹੁੰਚ ਕੇ ਸਿਰਫ਼ ਤਿਰੰਗਾ ਹੀ ਨਹੀ ਲਹਿਰਾਇਆ, ਸਗੋਂ ਆਪਣੀ ਚਿੱਟੀ ਚੁੰਨੀ ਨੂੰ ਹਵਾ ਵਿੱਚ ਫ਼ਹਿਰਾ ਕੇ ਦੁਨੀਆ ਨੂੰ ਇੱਕ ਗੂੜ੍ਹਾ ਸੰਦੇਸ਼ ਦਿੱਤਾ। ਉਨ੍ਹਾਂ ਦੇ ਇਹ ਸ਼ਬਦ ਕਿ "ਮੈਂ ਪੂਰੀ ਪੰਜਾਬਣ ਹਾਂ ਅਤੇ ਚੁੰਨੀ ਸਾਡੀ ਸ਼ਾਨ ਹੈ," ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਇੱਕ ਵੱਡੀ ਕ੍ਰਾਂਤੀ ਵਾਂਗ ਹਨ। ਅੱਜ ਜਦੋਂ ਸਾਡੀ ਨਵੀ ਪੀੜ੍ਹੀ ਆਪਣੀ ਸੱਭਿਆਚਾਰਕ ਪਛਾਣ ਨੂੰ ਭੁੱਲ ਕੇ ਪੱਛਮੀ ਲਿਬਾਸਾਂ ਅਤੇ ਜੀਵਨ-ਸ਼ੈਲੀ ਵਿੱਚ ਗੁਆਚ ਰਹੀ ਹੈ, ਉੱਥੇ ਇੱਕ ਧੀ ਨੇ ਦੁਨੀਆ ਦੀ ਸਭ ਤੋਂ ਉੱਚੀ ਮੰਨੀ ਜਾਣ ਵਾਲੀ ਸਟੇਜ 'ਤੇ ਖੜ੍ਹ ਕੇ ਪੰਜਾਬੀਅਤ ਦਾ ਹੋਕਾ ਦਿੱਤਾ। ਉਨ੍ਹਾਂ ਲਈ ਉਹ ਚੁੰਨੀ ਮਹਿਜ਼ ਕੱਪੜੇ ਦਾ ਟੁਕੜਾ ਨਹੀ ਸੀ, ਸਗੋਂ ਉਹ ਪੰਜਾਬ ਦੇ ਪਿੰਡਾਂ ਦੀਆਂ ਮਾਵਾਂ-ਧੀਆਂ ਦੀ ਮਰਿਆਦਾ, ਸਤਿਕਾਰ ਅਤੇ ਆਤਮ-ਗੌਰਵ ਦਾ ਉਹ ਪਾਕ-ਪਵਿੱਤਰ ਝੰਡਾ ਸੀ ਜਿਸ ਨੂੰ ਉਨ੍ਹਾਂ ਨੇ ਹਿਮਾਲਿਆ ਦੇ ਸੀਨੇ 'ਤੇ ਗੱਡ ਦਿੱਤਾ। ਇਹ ਦ੍ਰਿਸ਼ ਸਾਬਤ ਕਰਦਾ ਹੈ ਕਿ ਇਨਸਾਨ ਚਾਹੇ ਕਿੰਨੀਆਂ ਵੀ ਉਚਾਈਆਂ ਛੂਹ ਲਵੇ, ਉਸ ਦੀ ਅਸਲ ਸੁੰਦਰਤਾ ਅਤੇ ਤਾਕਤ ਉਸ ਦੀਆਂ ਜੜ੍ਹਾਂ ਵਿੱਚ ਹੀ ਹੁੰਦੀ ਹੈ। ਸੁਖੀ ਨੇ ਦੱਸਿਆ ਕਿ ਜਦੋਂ ਉਹ ਬਰਫ਼ੀਲੀ ਚੋਟੀ 'ਤੇ ਸੀ, ਤਾਂ ਉਸ ਨੂੰ ਆਪਣੇ ਪਿੰਡ ਦੀਆਂ ਗਲੀਆਂ ਅਤੇ ਆਪਣੀ ਮਾਂ ਦੀ ਬੋਲੀ ਯਾਦ ਆ ਰਹੀ ਸੀ, ਜਿਸ ਨੇ ਉਸ ਦੇ ਅੰਦਰਲੇ ਡਰ ਨੂੰ ਖ਼ਤਮ ਕਰ ਦਿੱਤਾ।

**ਸਿਡਨੀ ਦੀ ਪ੍ਰਿਜ਼ਨ ਅਫ਼ਸਰ ਦਾ ਅਨੁਸ਼ਾਸਨ ਅਤੇ ਕਲਾਤਮਕ ਰੂਹ :** ਸੁਖੀ ਬੱਲ ਦੀ ਸ਼ਖ਼ਸੀਅਤ ਇੱਕ ਬਹੁ-ਪੱਖੀ ਸ਼ੀਸ਼ੇ ਵਾਂਗ ਹੈ। ਉਹ ਜਿੰਨੀ ਕੋਮਲ ਕਲਾਕਾਰ ਹਨ, ਉਨੀ ਹੀ ਸਖ਼ਤ ਜਾਨ ਪ੍ਰਿਜ਼ਨ ਅਫ਼ਸਰ ਵੀ। ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿੱਚ ਇੱਕ ਪ੍ਰਿਜ਼ਨ ਅਫ਼ਸਰ ਵਜੋਂ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਹਮੇਸ਼ਾ ਅਨੁਸ਼ਾਸਨ ਅਤੇ ਸਰੀਰਕ ਸਮਰੱਥਾ ਨੂੰ ਸਰਵਉੱਚ ਰੱਖਿਆ। ਇਹ ਅਨੁਸ਼ਾਸਨ ਹੀ ਸੀ ਜਿਸ ਨੇ ਉਨ੍ਹਾਂ ਨੂੰ ਮੌਤ ਦੇ ਸਾਹਮਣੇ ਖੜ੍ਹੇ ਹੋ ਕੇ ਵੀ ਮੁਸਕਰਾਉਣ ਦੀ ਹਿੰਮਤ ਦਿੱਤੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਸੁਖੀ ਬੱਲ ਪੰਜਾਬੀ ਮਨੋਰੰਜਨ ਜਗਤ ਨਾਲ ਵੀ ਡੂੰਘੀ ਜੁੜੀ ਹੋਈ ਹੈ। ਉਹ ਕਈ ਫ਼ਿਲਮਾਂ ਅਤੇ ਕਲਾਤਮਕ ਪ੍ਰੋਜੈਕਟਾਂ ਦਾ ਹਿੱਸਾ ਰਹੀ ਹੈ। ਉਸ ਦਾ ਇਹ ਕਲਾਤਮਕ ਪੱਖ ਹੀ ਉਸ ਨੂੰ ਸੰਵੇਦਨਸ਼ੀਲ ਬਣਾਉਂਦਾ ਹੈ, ਜਿਸ ਕਾਰਨ ਉਹ ਪਹਾੜਾਂ ਦੀ ਖ਼ਾਮੋਸ਼ੀ ਵਿੱਚ ਵੀ ਰੱਬੀ ਸੰਗੀਤ ਸੁਣ ਲੈਂਦੀ ਹੈ। ਉਨ੍ਹਾਂ ਨੇ ਸਾਬਤ ਕੀਤਾ ਕਿ ਇੱਕ ਔਰਤ ਇੱਕੋ ਵੇਲੇ ਮਮਤਾ ਨਾਲ ਭਰੀ ਧੀ, ਜ਼ਿੰਮੇਵਾਰ ਪਤਨੀ, ਸਖ਼ਤ ਅਫ਼ਸਰ ਅਤੇ ਇੱਕ ਨਿਡਰ ਪਹਾੜੀ ਯੋਧਾ ਹੋ ਸਕਦੀ ਹੈ। ਉਨ੍ਹਾਂ ਦੀ ਜ਼ਿੰਦਗੀ ਇਹ ਸੁਨੇਹਾ ਦਿੰਦੀ ਹੈ ਕਿ ਸੁਪਨੇ ਪੂਰੇ ਕਰਨ ਲਈ ਕੋਈ ਉਮਰ ਜਾਂ ਕੋਈ ਸਥਾਨ ਰੁਕਾਵਟ ਨਹੀ ਬਣ ਸਕਦਾ, ਬਸ਼ਰਤੇ ਤੁਹਾਡੇ ਅੰਦਰ ਕੁਝ ਕਰ ਗੁਜ਼ਰਨ ਦੀ ਤੜਫ਼ ਹੋਵੇ।

**ਪਰਿਵਾਰਕ ਸਾਂਝ ਅਤੇ ਸਵਰਨ ਬਰਨਾਲਾ ਦਾ ਅਟੁੱਟ ਸਾਥ :** ਸੁਖੀ ਬੱਲ ਦੀ ਹਰ ਸਫ਼ਲਤਾ ਦੀ ਇੱਕ ਅਦ੍ਰਿਸ਼ ਤਾਕਤ ਉਨ੍ਹਾਂ ਦਾ ਪਰਿਵਾਰ ਰਿਹਾ ਹੈ। ਪਟਿਆਲਾ ਦੇ ਚਹਿਲ ਪਿੰਡ ਤੋਂ ਸ਼ੁਰੂ ਹੋਇਆ ਇਹ ਸਫ਼ਰ ਬਰਨਾਲਾ ਦੇ ਸਹੁਰੇ ਪਰਿਵਾਰ ਅਤੇ ਫਿਰ ਆਸਟ੍ਰੇਲੀਆ ਤੱਕ ਫੈਲਿਆ। ਉਨ੍ਹਾਂ ਦੇ ਪਤੀ ਸਵਰਨ ਬਰਨਾਲਾ ਨੇ ਇੱਕ ਮਜ਼ਬੂਤ ਥੰਮ੍ਹ ਵਾਂਗ ਹਮੇਸ਼ਾ ਉਨ੍ਹਾਂ ਦਾ ਸਾਥ ਦਿੱਤਾ। ਸੁਖੀ ਅਕਸਰ ਕਹਿੰਦੇ ਹਨ ਕਿ ਸਾਡੇ ਸਮਾਜ ਵਿੱਚ ਵਿਆਹ ਨੂੰ ਅਕਸਰ ਔਰਤਾਂ ਦੇ ਸੁਪਨਿਆਂ ਦੀ ਮੰਜ਼ਿਲ ਜਾਂ ਅੰਤ ਮੰਨ ਲਿਆ ਜਾਂਦਾ ਹੈ, ਪਰ ਸਵਰਨ ਵਰਗੇ ਸਾਥੀ ਜੇਕਰ ਮਿਲ ਜਾਣ ਤਾਂ ਵਿਆਹ ਨਵੀ ਉਡਾਣ ਦਾ ਅਧਾਰ ਬਣ ਜਾਂਦਾ ਹੈ। ਚੜ੍ਹਾਈ ਦੌਰਾਨ ਜਦੋਂ ਵੀ ਉਨ੍ਹਾਂ ਦਾ ਮਨ ਡੋਲਦਾ ਜਾਂ ਸਰੀਰ ਸਾਥ ਛੱਡਦਾ, ਤਾਂ ਉਹ ਆਪਣੇ ਮਾਤਾ-ਪਿਤਾ ਦੀ ਉਹ ਤਸਵੀਰ ਦੇਖਦੇ ਜੋ ਉਹ ਹਮੇਸ਼ਾ ਆਪਣੇ ਸੀਨੇ ਨਾਲ ਲਗਾ ਕੇ ਰੱਖਦੇ ਸਨ। ਉਹ ਤਸਵੀਰ ਉਨ੍ਹਾਂ ਲਈ ਸਿਰਫ਼ ਕਾਗਜ਼ ਨਹੀ ਸੀ, ਸਗੋਂ ਕਰੋੜਾਂ ਪੰਜਾਬੀਆਂ ਦੀਆਂ ਅਸੀਸਾਂ ਦਾ ਉਹ ਪੁੰਜ ਸੀ ਜਿਸ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿੱਚੋਂ ਵਾਪਸ ਲਿਆ ਕੇ ਜਿੱਤ ਦੀ ਦਹਿਲੀਜ਼ 'ਤੇ ਖੜ੍ਹਾ ਕਰ ਦਿੱਤਾ। ਸੁਖੀ ਬੱਲ ਅੱਜ ਹਰ ਉਸ ਕੁੜੀ ਲਈ ਉਮੀਦ ਦੀ ਕਿਰਨ ਹੈ ਜਿਸ ਨੂੰ ਲੱਗਦਾ ਹੈ ਕਿ ਜ਼ਿੰਮੇਵਾਰੀਆਂ ਦੇ ਬੋਝ ਹੇਠ ਸੁਪਨੇ ਦੱਬ ਜਾਂਦੇ ਹਨ।

**ਪੰਜਾਬੀ ਫ਼ਿਲਮ ਇੰਡਸਟਰੀ ਅਤੇ ਸਮਾਜ ਵੱਲੋਂ ਮਿਲਿਆ ਮਾਣ-ਸਨਮਾਨ :** ਸੁਖੀ ਬੱਲ ਦੀ ਇਸ ਇਤਿਹਾਸਕ ਪ੍ਰਾਪਤੀ ਤੋਂ ਬਾਅਦ ਜਦੋਂ ਉਹ ਪੰਜਾਬ ਪਰਤੀ, ਤਾਂ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ (ਪਫ਼ਟਾ) ਅਤੇ ਹੋਰ ਕਈ ਸੰਸਥਾਵਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਮੋਹਾਲੀ ਦੇ ਹੋਟਲ ਮਿਰਾਜ ਵਿਖੇ ਹੋਏ ਸ਼ਾਨਦਾਰ ਸਮਾਗਮ ਵਿੱਚ ਬੀਨੂੰ ਢਿੱਲੋਂ, ਕਰਮਜੀਤ ਅਨਮੋਲ, ਮਲਕੀਤ ਰੌਣੀ, ਸ਼ਵਿੰਦਰ ਮਾਹਲ, ਮੋਹਿਨੀ ਤੂਰ ਅਤੇ ਸ਼ਮਸ਼ੇਰ ਸੰਧੂ ਵਰਗੀਆਂ ਹਸਤੀਆਂ ਨੇ ਸੁਖੀ ਦੇ ਜਜ਼ਬੇ ਨੂੰ ਸਲਾਮ ਕੀਤਾ। ਖੇਡ ਲੇਖਕ ਨਵਦੀਪ ਗਿੱਲ ਅਤੇ ਦੀਪਕ ਚਨਾਰਥਲ ਨੇ ਸੁਖੀ ਦੇ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ ਕਿ ਇਹ ਫ਼ਤਿਹ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਦਸਤਾਵੇਜ਼ ਸਾਬਤ ਹੋਵੇਗੀ। ਹਰ ਇੱਕ ਦੇ ਮਨ ਵਿੱਚ ਸੁਖੀ ਲਈ ਸਤਿਕਾਰ ਸੀ, ਕਿਉਂਕਿ ਉਸ ਨੇ ਸਿਰਫ਼ ਪਹਾੜ ਨਹੀ ਫ਼ਤਿਹ ਕੀਤਾ ਸੀ, ਸਗੋਂ ਉਨ੍ਹਾਂ ਸਮਾਜਿਕ ਰੂੜੀਆਂ ਨੂੰ ਵੀ ਫ਼ਤਿਹ ਕੀਤਾ ਸੀ ਜੋ ਕੁੜੀਆਂ ਦੇ ਪੈਰਾਂ ਵਿੱਚ ਜ਼ੰਜੀਰਾਂ ਬਣਦੀਆਂ ਹਨ। ਇਸ ਸਨਮਾਨ ਨੇ ਇਹ ਸਾਬਤ ਕੀਤਾ ਕਿ ਜਦੋਂ ਤੁਸੀ ਸੱਚੇ ਦਿਲੋਂ ਮਿਹਨਤ ਕਰਦੇ ਹੋ, ਤਾਂ ਪੂਰਾ ਸਮਾਜ ਤੁਹਾਡਾ ਸਾਥ ਦੇਣ ਲਈ ਖੜ੍ਹਾ ਹੋ ਜਾਂਦਾ ਹੈ।

**ਨਵੀਂ ਉਡਾਣ ਦੀ ਤਿਆਰੀ ਅਤੇ ਐਵਰੈਸਟ ਦਾ ਸੁਪਨਾ :** ਇੱਕ ਸਮਾਜਿਕ ਚਿੰਤਕ ਦੇ ਨਾਤੇ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸੁਖੀ ਬੱਲ ਵਰਗੇ ਕਿਰਦਾਰ ਅੱਜ ਦੇ ਸਮਾਜ ਦੀ ਸਭ ਤੋਂ ਵੱਡੀ ਲੋੜ ਹਨ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਦੀਆਂ ਧੀਆਂ ਲਈ ਹਿਮਾਲਿਆ ਵੀ ਰਸਤਾ ਦੇ ਦਿੰਦਾ ਹੈ ਜੇਕਰ ਤੁਹਾਡੀਆਂ ਅੱਖਾਂ ਵਿੱਚ ਸੱਚੇ ਸੁਪਨੇ ਹੋਣ। ਹੁਣ ਸੁਖੀ ਬੱਲ ਦਾ ਅਗਲਾ ਨਿਸ਼ਾਨਾ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਮਾਊਂਟ ਐਵਰੈਸਟ' ਹੈ। ਉਨ੍ਹਾਂ ਦੀ ਇਹ ਭੁੱਖ ਦਰਸਾਉਂਦੀ ਹੈ ਕਿ ਅਸਲ ਜੇਤੂ ਕਦੇ ਥੱਕ ਕੇ ਨਹੀ ਬੈਠਦੇ। ਉਨ੍ਹਾਂ ਲਈ ਇੱਕ ਜਿੱਤ ਸਿਰਫ਼ ਅਗਲੀ ਵੱਡੀ ਜਿੱਤ ਦੀ ਤਿਆਰੀ ਹੁੰਦੀ ਹੈ। ਸੁਖੀ ਬੱਲ ਦੀ ਇਹ ਦਾਸਤਾਨ ਸਾਨੂੰ ਸਿਖਾਉਂਦੀ ਹੈ ਕਿ ਹੌਸਲਾ, ਅਨੁਸ਼ਾਸਨ ਅਤੇ ਆਪਣੀਆਂ ਜੜ੍ਹਾਂ ਨਾਲ ਪਿਆਰ ਹੀ ਉਹ ਤਿੰਨ ਸ਼ਕਤੀਆਂ ਹਨ ਜੋ ਇਨਸਾਨ ਨੂੰ ਅਮਰ ਬਣਾ ਦਿੰਦੀਆਂ ਹਨ। ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਅੱਜ ਸੁਖੀ ਬੱਲ ਦਾ ਨਾਮ ਮਾਣ ਨਾਲ ਲਿਆ ਜਾ ਰਿਹਾ ਹੈ, ਅਤੇ ਇਹ ਲੇਖ ਉਸੇ ਅਣਖੀਲੀ ਪੰਜਾਬਣ ਨੂੰ ਇੱਕ ਸ਼ਰਧਾਂਜਲੀ ਅਤੇ ਸਲਾਮ ਹੈ। ਸੁਖੀ ਬੱਲ ਦੀ ਜਿੱਤ ਪੰਜਾਬੀਅਤ ਦੀ ਜਿੱਤ ਹੈ, ਅਤੇ ਇਹ ਚਿੱਟੀ ਚੁੰਨੀ ਹਮੇਸ਼ਾ ਹਿਮਾਲਿਆ ਦੀਆਂ ਬਰਫ਼ੀਲੀਆਂ ਵਾਦੀਆਂ ਵਿੱਚ ਸਾਨੂੰ ਸਾਡੀ ਹਿੰਮਤ ਯਾਦ ਦਿਵਾਉਂਦੀ ਰਹੇਗੀ।





# ਪੈਟ੍ਰੋਲ - ਡੀਜ਼ਲ ਦੀਆਂ ਵੱਧਦੀਆਂ ਕੀਮਤਾਂ ਦਾ ਤੁਹਾਡੀ ਜੇਬ 'ਤੇ ਕਿੰਨਾ ਪਵੇਗਾ ਅਸਰ

ਦਿਲਨਵਾਜ਼ ਪਾਸ਼ਾ

**ਭਾਰਤ** ਵਿੱਚ ਸ਼ਨੀਵਾਰ ਯਾਨੀ 23 ਮਈ ਨੂੰ ਪੈਟ੍ਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਵਾਧੇ ਦੇ ਨਾਲ ਪੈਟ੍ਰੋਲ 87 ਪੈਸੇ ਅਤੇ ਡੀਜ਼ਲ 91 ਪੈਸੇ ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ। ਖ਼ਬਰ ਏਜੰਸੀ ਪੀਟੀਆਈ ਦੇ ਮੁਤਾਬਕ, ਰਾਜਧਾਨੀ ਦਿੱਲੀ ਵਿੱਚ ਪੈਟ੍ਰੋਲ ਦੀ ਕੀਮਤ 87 ਪੈਸੇ ਵਧ ਕੇ 99.51 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਡੀਜ਼ਲ ਦੀ ਕੀਮਤ 91 ਪੈਸੇ ਵੱਧ ਕੇ 92.49 ਰੁਪਏ ਪ੍ਰਤੀ ਲੀਟਰ ਹੋ ਗਈ ਹੈ। 15 ਮਈ ਤੋਂ ਹੁਣ ਤੱਕ ਇਹ ਤੀਜੀ ਵਾਰ ਕੀਮਤਾਂ ਵਧੀਆਂ ਹਨ। ਗੌਰਤਲਬ ਹੈ ਕਿ ਇਸ ਮਹੀਨੇ ਸਭ ਤੋਂ ਪਹਿਲਾਂ 15 ਮਈ ਨੂੰ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਤਿੰਨ ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਸੀ। ਇਸ ਤੋਂ ਬਾਅਦ 19 ਮਈ ਨੂੰ ਕਰੀਬ 90 ਪੈਸੇ ਦਾ ਦੂਜਾ ਵਾਧਾ ਹੋਇਆ ਸੀ ਅਤੇ ਇਹ ਹੁਣ ਤੀਜੀ ਵਾਰ ਵਾਧਾ ਕੀਤਾ ਗਿਆ ਹੈ। ਪੰਜਾਬ ਵਿੱਚ ਇਸ ਵੇਲੇ ਪੈਟ੍ਰੋਲ 102.97 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 92.82 ਰੁਪਏ ਪ੍ਰਤੀ ਲੀਟਰ ਹੋ ਚੁੱਕਿਆ ਹੈ। ਗੁਆਂਢੀ ਸੂਬੇ ਹਰਿਆਣਾ ਵਿੱਚ ਪੈਟ੍ਰੋਲ-ਡੀਜ਼ਲ ਦੀਆਂ ਕੀਮਤਾਂ ਕ੍ਰਮਵਾਰ 100.67 ਰੁਪਏ ਪ੍ਰਤੀ ਲੀਟਰ ਅਤੇ 93.23 ਰੁਪਏ ਪ੍ਰਤੀ ਲੀਟਰ ਹਨ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਫ਼ਰਵਰੀ ਦੇ ਅੰਤ ਵਿੱਚ ਈਰਾਨ 'ਤੇ ਹਮਲੇ ਤੋਂ ਬਾਅਦ ਮੱਧ ਪੂਰਬ ਵਿੱਚ ਚੱਲ ਰਹੇ ਸੰਕਟ ਕਾਰਨ ਹਾਰਮੁਜ਼ ਸਟ੍ਰੇਟ ਰਾਹੀ ਤੇਲ ਦੀ ਆਵਾਜਾਈ ਨਹੀ ਹੋ ਪਾ ਰਹੀ ਹੈ। ਵਿਸ਼ਲੇਸ਼ਕ ਮੰਨ ਰਹੇ ਹਨ ਕਿ ਜੇ ਹਾਲਾਤ ਇੰਝ ਹੀ ਰਹੇ ਤਾਂ ਤੇਲ ਦੀਆਂ ਕੀਮਤਾਂ ਅੱਗੇ ਹੋਰ ਵੀ ਵੱਧ ਸਕਦੀਆਂ ਹਨ। ਵਿਸ਼ਲੇਸ਼ਕਾਂ ਦੇ ਮੁਤਾਬਕ ਤੇਲ ਦੀਆਂ ਵੱਧਦੀਆਂ ਕੀਮਤਾਂ ਦਾ ਅਸਰ ਭਾਰਤੀ ਅਰਥਵਿਵਸਥਾ 'ਤੇ ਪੈ ਸਕਦਾ ਹੈ ਅਤੇ ਪਿਛਲੇ ਛੇ ਮਹੀਨਿਆਂ ਵਿੱਚ ਇਹ ਦਿਖਿਆ ਵੀ ਹੈ। ਪਿਛਲੇ ਸਾਲ ਨਵੰਬਰ ਵਿੱਚ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਜਦੋਂ 60-65 ਡਾਲਰ ਪ੍ਰਤੀ ਬੈਰਲ ਸਨ, ਉਦੋਂ ਰਿਜ਼ਰਵ ਬੈਂਕ ਨੇ ਵਿੱਤੀ ਸਾਲ 2025-26 ਲਈ ਆਰਥਿਕ ਵਿਕਾਸ ਦਰ 7.6 ਫ਼ੀਸਦੀ ਰਹਿਣ ਦਾ ਅੰਦਾਜ਼ਾ ਜਤਾਇਆ ਸੀ। ਪਰ ਇਸ ਤੋਂ ਬਾਅਦ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਬਣੇ ਹਾਲਾਤ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ ਅਤੇ ਮਈ 2026 ਵਿੱਚ ਆਰਬੀਆਈ ਦਾ ਕਹਿਣਾ ਹੈ ਕਿ ਮੌਜੂਦਾ ਵਿੱਤੀ ਸਾਲ ਵਿੱਚ ਵਿਕਾਸ ਦਰ 6.9 ਫ਼ੀਸਦੀ ਦੇ ਆਸ-ਪਾਸ ਰਹਿ ਸਕਦੀ ਹੈ। ਇਹੀ ਨਹੀ, ਖੁਦਰਾ ਮਹਿੰਗਾਈ ਦਰ ਜੋ ਨਵੰਬਰ 2025 ਵਿੱਚ 0.7 ਫ਼ੀਸਦੀ ਸੀ, ਉਹ ਹੁਣ ਵੱਧ ਕੇ 3.48 ਫ਼ੀਸਦੀ ਹੋ ਗਈ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਭਾਰਤ ਵਿੱਚ ਖਾਣਾ, ਕਿਰਾਇਆ, ਟਰਾਂਸਪੋਰਟ ਅਤੇ ਰੋਜ਼ਾਨਾ ਦੇ ਹੋਰ ਖਰਚ ਹੋਰ ਮਹਿੰਗੇ ਹੋ ਗਏ ਹਨ। 3.48 ਫ਼ੀਸਦੀ ਦੀ ਮਹਿੰਗਾਈ ਦਰ ਅਜੇ ਸੰਕਟ ਦੇ ਪੱਧਰ 'ਤੇ ਨਹੀ ਹੈ, ਪਰ ਇਹ ਸਾਫ਼ ਹੈ ਕਿ ਮਹਿੰਗਾਈ ਤੇਜ਼ੀ ਨਾਲ ਵੱਧ ਰਹੀ ਹੈ। ਉੱਥੇ ਹੀ ਥੋਕ ਮਹਿੰਗਾਈ ਦਰ, ਜੋ ਨਵੰਬਰ ਵਿੱਚ ਬਹੁਤ ਘੱਟ ਸੀ, ਹੁਣ 8.3 ਫ਼ੀਸਦੀ ਹੈ। ਭਾਵ ਕੰਪਨੀਆਂ ਅਤੇ ਉਦਯੋਗਾਂ ਦੀ ਲਾਗਤ ਵੱਧ ਗਈ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਉਦਯੋਗਾਂ ਦਾ ਉਤਪਾਦਨ ਖਰਚ ਵੱਧ ਰਿਹਾ ਹੈ, ਜਿਸ ਵਿੱਚ ਕੱਚਾ ਮਾਲ, ਇੰਧਨ, ਧਾਤਾਂ, ਟਰਾਂਸਪੋਰਟ ਆਦਿ ਦੀਆਂ ਵੱਧਦੀਆਂ ਕੀਮਤਾਂ ਸ਼ਾਮਲ ਹਨ। ਥੋਕ ਮਹਿੰਗਾਈ ਦਰ ਦਾ ਵੱਧਣਾ ਨਜ਼ਦੀਕੀ ਭਵਿੱਖ ਵਿੱਚ ਉਤਪਾਦਾਂ ਦੀਆਂ ਕੀਮਤਾਂ ਵੱਧਣ ਦਾ ਸੰਕੇਤ ਹੁੰਦਾ ਹੈ। ਹਾਲ ਹੀ ਵਿੱਚ ਭਾਰਤ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਵੀ ਦੋ ਰੁਪਏ ਪ੍ਰਤੀ ਲੀਟਰ ਤੱਕ ਵਾਧਾ ਹੋਇਆ ਹੈ।

## ਮੱਧ ਪੂਰਬ ਸੰਕਟ ਤੋਂ ਬਾਅਦ ਬਦਲਦੇ ਹਾਲਾਤ

ਵਿਸ਼ਲੇਸ਼ਕ ਮੰਨਦੇ ਹਨ ਕਿ ਮਹਿੰਗਾਈ ਅਤੇ ਵਿਕਾਸ ਦਰ ਦੇ ਸੰਕੇਤ ਦੇਣ ਵਾਲੇ ਇਨ੍ਹਾਂ ਸੂਚਕਾਂ ਵਿੱਚ ਵਾਧੇ ਦੀ ਸਿੱਧੀ ਵਜ੍ਹਾ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਦਾ ਵੱਧਣਾ ਹੈ। ਨਵੰਬਰ ਵਿੱਚ ਬ੍ਰੈਂਟ ਕ੍ਰੂਡ ਤੇਲ ਦੀਆਂ ਕੀਮਤਾਂ 60-65 ਡਾਲਰ ਪ੍ਰਤੀ ਬੈਰਲ ਦੇ ਵਿਚਕਾਰ ਸਨ, ਜੋ ਹੁਣ 100-110 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ। ਭਾਵ ਕੱਚੇ ਤੇਲ ਦੀਆਂ ਕੀਮਤਾਂ ਲਗਭਗ ਦੁਗਣੀਆਂ ਹੋ ਗਈਆਂ ਹਨ। ਭਾਰਤ ਸਰਕਾਰ ਨੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਦੇ ਬਾਵਜੂਦ ਮਾਰਚ ਤੋਂ ਮੱਧ ਮਈ ਦੇ ਵਿਚਕਾਰ ਤੇਲ ਦੀਆਂ ਕੀਮਤਾਂ ਨਹੀ ਵਧਾਈਆਂ ਸਨ। ਵਿਸ਼ਲੇਸ਼ਕ ਮੰਨ ਰਹੇ ਹਨ ਕਿ ਕਈ ਸੂਬਿਆਂ ਵਿੱਚ ਚੋਣਾਂ ਕਾਰਨ ਸਰਕਾਰ ਇਹ ਕਦਮ ਚੁੱਕਣ ਤੋਂ ਬਚ ਰਹੀ ਸੀ। ਪੱਛਮੀ ਬੰਗਾਲ, ਅਸਾਮ, ਕੇਰਲ, ਤਮਿਲਨਾਡੂ ਅਤੇ ਪੁਡੂਚੇਰੀ ਵਿੱਚ ਵਿਧਾਨ ਸਭਾ ਚੋਣਾਂ ਹੋਣ ਤੋਂ ਦੋ ਹਫ਼ਤਿਆਂ ਦੇ ਅੰਦਰ ਹੀ ਤੇਲ ਕੰਪਨੀਆਂ ਨੇ ਕੀਮਤਾਂ ਵਧਾ ਦਿੱਤੀਆਂ ਹਨ। ਅਰਥਸ਼ਾਸਤਰੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ, "ਚੋਣਾਂ ਕਾਰਨ ਸਰਕਾਰ ਤੇਲ ਦੀਆਂ ਕੀਮਤਾਂ ਵਧਾਉਣ ਵਿੱਚ ਹਿਚਕਚਾ ਰਹੀ ਸੀ। ਜਿਸ ਤਰ੍ਹਾਂ ਕੱਚੇ ਤੇਲ ਦੀਆਂ ਕੀਮਤਾਂ ਵੱਧ ਰਹੀਆਂ ਹਨ, ਭਾਰਤ ਵਿੱਚ ਤੇਲ ਦੀਆਂ ਕੀਮਤਾਂ ਅੱਗੇ ਵੀ ਵਧਣਗੀਆਂ।" ਭਾਰਤ ਸਰਕਾਰ ਨੇ ਕੱਚੇ ਤੇਲ ਦੀਆਂ ਵੱਧਦੀਆਂ ਕੀਮਤਾਂ ਦਾ ਅਸਰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ ਮਾਰਚ ਵਿੱਚ ਐਕਸਾਈਜ਼ ਡਿਊਟੀ ਦਸ ਰੁਪਏ ਤੱਕ ਘਟਾਈ ਸੀ। ਊਰਜਾ ਮਾਹਰ ਨਰਿੰਦਰ ਤਨੇਜਾ ਕਹਿੰਦੇ ਹਨ, "ਤੇਲ ਬਾਰੇ ਕਿਹਾ ਜਾਂਦਾ ਹੈ ਕਿ ਇਹ 90% ਰਾਜਨੀਤੀ ਹੈ। ਸਰਕਾਰ ਇਸਨੂੰ ਸਿਰਫ਼ ਅਰਥਸ਼ਾਸਤਰ ਦੀ ਨਜ਼ਰ ਨਾਲ ਨਹੀ ਦੇਖ ਸਕਦੀ ਅਤੇ ਉਸਨੂੰ ਆਮ ਉਪਭੋਗਤਾ ਨੂੰ ਬਚਾਉਣ ਲਈ ਦਖ਼ਲ ਦੇਣਾ ਹੀ ਪਵੇਗਾ।"

ਤਨੇਜਾ ਸਾਫ਼ ਕਹਿੰਦੇ ਹਨ, "ਜੇ ਹਾਰਮੁਜ਼ ਸਟ੍ਰੇਟ ਨਹੀ ਖੁੱਲ੍ਹਿਆ ਅਤੇ ਤੇਲ ਉੱਥੇ ਹੀ ਫਸਿਆ ਰਿਹਾ ਤਾਂ ਭਾਰਤ ਵਿੱਚ ਅੱਗੇ ਵੀ ਤੇਲ ਦੀਆਂ ਕੀਮਤਾਂ ਵਧਣੀਆਂ ਤੈਅ ਹਨ। ਭਾਰਤ ਸਰਕਾਰ ਕੋਲ ਇਸ ਮਾਮਲੇ ਵਿੱਚ ਬਹੁਤ ਸੀਮਤ ਬਦਲ ਹਨ।" ਵੱਧਦੀਆਂ ਤੇਲ ਦੀਆਂ ਕੀਮਤਾਂ ਅਤੇ ਘਟਦੀ ਦਰਆਮਦਗੀ ਦਾ ਅਸਰ ਭਾਰਤ ਦੇ ਰਣਨੀਤਕ ਤੇਲ ਭੰਡਾਰਾਂ 'ਤੇ ਵੀ ਪੈ ਰਿਹਾ ਹੈ। ਨਰਿੰਦਰ ਤਨੇਜਾ ਕਹਿੰਦੇ ਹਨ, "ਭਾਰਤ ਕੋਲ ਸਿਰਫ਼ ਪੰਜਾਹ ਦਿਨਾਂ ਦੇ ਹੀ ਰਣਨੀਤਕ ਭੰਡਾਰ ਹਨ। ਅਸੀ ਹਰ ਰੋਜ਼ 57 ਲੱਖ ਬੈਰਲ ਤੇਲ ਦੀ ਖਪਤ ਕਰਦੇ ਹਾਂ। ਜੇ ਇਹੀ ਹਾਲਾਤ ਰਹੇ ਤਾਂ ਇਸ ਨਾਲ ਰਣਨੀਤਕ ਭੰਡਾਰਾਂ 'ਤੇ ਦਬਾਅ ਵੱਧ ਸਕਦਾ ਹੈ।" ਉੱਥੇ ਹੀ ਪ੍ਰੋਫੈਸਰ ਅਰੁਣ ਕੁਮਾਰ ਨੂੰ ਲੱਗਦਾ ਹੈ ਕਿ ਭਾਰਤ ਸਰਕਾਰ ਊਰਜਾ ਸੰਕਟ ਦਾ ਅੰਦਾਜ਼ਾ ਲਗਾਉਣ ਵਿੱਚ ਪਿੱਛੇ ਰਹਿ ਗਈ ਅਤੇ ਕਦਮ ਚੁੱਕਣ ਵਿੱਚ ਦੇਰੀ ਕਰ ਦਿੱਤੀ।

ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਸਰਕਾਰ ਨੇ ਕਦਮ ਚੁੱਕਣ ਵਿੱਚ ਲਗਭਗ 75 ਦਿਨ ਦੀ ਦੇਰੀ ਕਰ ਦਿੱਤੀ। ਜੇ ਸਰਕਾਰ ਊਰਜਾ ਸੰਕਟ ਦਾ ਸਹੀ ਅੰਦਾਜ਼ਾ ਲਗਾ ਕੇ ਰਿਫ਼ਾਈਨ ਕੀਤੇ ਉਤਪਾਦਾਂ ਦੇ ਨਿਰਯਾਤ 'ਤੇ ਰੋਕ ਲਾ ਦਿੰਦੀ ਤਾਂ ਅਸੀ ਕੱਚਾ ਤੇਲ ਬਚਾ ਸਕਦੇ ਸੀ।" "ਅਪ੍ਰੈਲ ਮਹੀਨੇ ਵਿੱਚ ਅਸੀ ਕੱਚੇ ਤੇਲ ਤੋਂ ਤਿਆਰ ਕੀਤੇ ਰਿਫ਼ਾਈਨ ਉਤਪਾਦਾਂ ਵਿੱਚੋਂ ਲਗਭਗ 35 ਫ਼ੀਸਦੀ ਨਿਰਯਾਤ ਕਰ ਦਿੱਤਾ। ਇਹ ਉਤਪਾਦ ਘਰੇਲੂ ਲੋੜਾਂ ਪੂਰੀਆਂ ਕਰਨ ਵਿੱਚ ਕੰਮ ਆ ਸਕਦੇ ਸਨ।" ਵਿਸ਼ਲੇਸ਼ਕ ਕੱਚੇ ਤੇਲ ਦੀਆਂ ਕੀਮਤਾਂ ਹੋਰ ਵੱਧਣ ਦੀ ਸੰਭਾਵਨਾ ਜ਼ਾਹਿਰ ਕਰ ਰਹੇ ਹਨ। ਨਰਿੰਦਰ ਤਨੇਜਾ ਕਹਿੰਦੇ ਹਨ, "ਜੇ ਮੱਧ ਪੂਰਬ ਦਾ ਸੰਕਟ ਹੋਰ ਛੇ ਮਹੀਨੇ ਤੱਕ ਖਿੱਚ ਗਿਆ ਤਾਂ ਕੱਚੇ ਤੇਲ ਦਾ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣਾ ਹੈਰਾਨੀ ਵਾਲੀ ਗੱਲ ਨਹੀ ਹੋਵੇਗੀ। ਇਹ ਹਾਲਾਤ ਭਾਰਤ ਲਈ ਹੋਰ ਵੀ ਜਟਿਲ ਹੋ ਸਕਦੇ ਹਨ।" ਪ੍ਰੋਫੈਸਰ ਅਰੁਣ ਕੁਮਾਰ ਵੀ ਇਸੇ ਤਰ੍ਹਾਂ ਦੀ ਰਾਏ ਦਿੰਦੇ ਹੋਏ ਕਹਿੰਦੇ ਹਨ, "ਜਦੋਂ ਤੱਕ ਹਾਰਮੁਜ਼ ਸਟ੍ਰੇਟ ਨਹੀ ਖੁੱਲ੍ਹੇਗਾ, ਊਰਜਾ ਬਾਜ਼ਾਰ ਵਿੱਚ ਸੰਕਟ ਬਣਿਆ ਰਹੇਗਾ ਅਤੇ ਜੇ ਇਹ ਲੰਮਾ ਚੱਲਿਆ ਤਾਂ ਇਹ ਭਾਰਤ ਦੀ ਅਰਥਵਿਵਸਥਾ ਨੂੰ ਸੁਸਤੀ ਵਿੱਚ ਬਦਲ ਸਕਦਾ ਹੈ।"

## ਸਰਕਾਰ ਨੂੰ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ

## ਅਰਥਵਿਵਸਥਾ ਨੂੰ ਝਟਕਾ

ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਭਾਰਤੀ ਅਰਥਵਿਵਸਥਾ ਲਈ ਝਟਕੇ ਵਾਂਗ ਹੈ ਅਤੇ ਇਸ ਦੀ ਮਾਰ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਵੀ ਪੈ ਰਹੀ ਹੈ, ਕਿਉਂਕਿ ਪਿਛਲੇ ਛੇ ਮਹੀਨਿਆਂ ਵਿੱਚ ਭਾਰਤੀ ਰੁਪਇਆ ਵੀ ਡਾਲਰ ਦੇ ਮੁਕਾਬਲੇ ਦਸ ਫ਼ੀਸਦੀ ਤੋਂ ਵੱਧ ਟੁੱਟ ਗਿਆ ਹੈ। ਪਿਛਲੇ ਸਾਲ ਨਵੰਬਰ ਵਿੱਚ ਡਾਲਰ ਦੇ ਮੁਕਾਬਲੇ ਰੁਪਇਆ 83-84 ਰੁਪਏ ਦੇ ਵਿਚਕਾਰ ਸੀ, ਜੋ ਹੁਣ 96 ਦੇ ਪੱਧਰ ਤੋਂ ਹੇਠਾਂ ਪਹੁੰਚ ਗਿਆ ਹੈ। ਆਪਣੀਆਂ 90 ਫ਼ੀਸਦੀ ਲੋੜਾਂ ਲਈ ਆਯਾਤ ਕੀਤੇ ਤੇਲ 'ਤੇ ਨਿਰਭਰ ਭਾਰਤ ਨੂੰ ਜ਼ਿਆਦਾਤਰ ਕੱਚਾ ਤੇਲ ਡਾਲਰ ਵਿੱਚ ਹੀ ਖਰੀਦਣਾ ਪੈਂਦਾ ਹੈ। ਟੁੱਟਦੇ ਰੁਪਏ ਕਾਰਨ ਭਾਰਤ ਲਈ ਤੇਲ ਖਰੀਦਣਾ ਹੋਰ ਵੀ ਮਹਿੰਗਾ ਹੋ ਗਿਆ ਹੈ।

ਇਸ ਦਾ ਸਿੱਧਾ ਅਸਰ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਵੀ ਪੈ ਰਿਹਾ ਹੈ। ਨਵੰਬਰ ਵਿੱਚ ਜਿੱਥੇ ਭਾਰਤ ਕੋਲ ਮਜ਼ਬੂਤ ਵਿਦੇਸ਼ੀ ਮੁਦਰਾ ਭੰਡਾਰ ਸੀ, ਉਹ ਹੁਣ ਘਟ ਕੇ ਕਰੀਬ 700 ਅਰਬ ਡਾਲਰ ਹੀ ਰਹਿ ਗਿਆ ਹੈ। 700 ਅਰਬ ਡਾਲਰ ਵੀ ਵੱਡਾ ਵਿਦੇਸ਼ੀ ਮੁਦਰਾ ਭੰਡਾਰ ਹੈ, ਪਰ ਜੇ ਲੰਬੇ ਸਮੇਂ ਤੱਕ ਕੱਚਾ ਤੇਲ ਮਹਿੰਗਾ ਰਿਹਾ ਤਾਂ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਦਬਾਅ ਹੋਰ ਵੀ ਵੱਧ ਸਕਦਾ ਹੈ। ਨਰਿੰਦਰ ਤਨੇਜਾ ਕਹਿੰਦੇ ਹਨ, "ਅੰਤਰਰਾਸ਼ਟਰੀ ਬਾਜ਼ਾਰ ਵਿੱਚੋਂ ਲਗਭਗ 15% ਤੇਲ ਇਸ ਵੇਲੇ ਗਾਇਬ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਤੇਲ, ਪੈਟ੍ਰੋਲ, ਡੀਜ਼ਲ, ਐੱਲਪੀਜੀ ਅਤੇ ਸੀਐੱਨਜੀ ਦੀਆਂ ਕੀਮਤਾਂ ਵੱਧਣੀਆਂ ਤੈਅ ਹਨ। ਭਾਰਤ ਨੂੰ ਮਹਿੰਗਾ ਕੱਚਾ ਤੇਲ ਡਾਲਰ ਵਿੱਚ ਖਰੀਦਣਾ ਪਵੇਗਾ, ਇਸ ਦਾ ਸਿੱਧਾ ਅਸਰ ਵਿਦੇਸ਼ੀ ਮੁਦਰਾ ਭੰਡਾਰ 'ਤੇ ਪਵੇਗਾ।" ਪਿਛਲੇ ਹਫ਼ਤੇ ਹੀ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸੰਜੇ ਮਲਹੋਤਰਾ ਨੇ ਇੱਕ ਬਿਆਨ ਵਿੱਚ ਕਿਹਾ ਸੀ, "ਜੇ ਪੱਛਮੀ ਏਸ਼ੀਆ ਦਾ ਸੰਕਟ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ, ਤਾਂ ਭਾਰਤ ਵਿੱਚ ਪੈਟ੍ਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਹੋਰ ਵੱਧ ਸਕਦੀਆਂ ਹਨ।" ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਮਜ਼ਬੂਤ ਹੈ, ਬੈਂਕਿੰਗ ਪ੍ਰਣਾਲੀ ਸਥਿਰ ਹੈ ਅਤੇ ਵਿੱਤੀ ਸਥਿਤੀ ਕਾਬੂ ਵਿੱਚ ਹੈ। ਹਾਲਾਂਕਿ, ਆਰਥਿਕ ਵਿਸ਼ਲੇਸ਼ਕ ਮੰਨ ਰਹੇ ਹਨ ਕਿ ਕੱਚੇ ਤੇਲ ਦੀਆਂ ਵੱਧਦੀਆਂ ਕੀਮਤਾਂ ਭਾਰਤੀ ਅਰਥਵਿਵਸਥਾ ਲਈ ਇੱਕ ਵੱਡਾ ਝਟਕਾ ਹਨ। ਪ੍ਰੋਫੈਸਰ ਅਰੁਣ ਕੁਮਾਰ ਇਸਨੂੰ ਸਪਲਾਈ ਸ਼ੌਕ ਵਾਂਗ ਦੇਖਦੇ ਹਨ ਅਤੇ ਭਾਰਤੀ ਅਰਥਵਿਵਸਥਾ ਲਈ ਵੱਡਾ ਝਟਕਾ ਮੰਨਦੇ ਹਨ। ਪ੍ਰੋਫੈਸਰ ਕੁਮਾਰ ਕਹਿੰਦੇ ਹਨ ਕਿ ਅਰਥਵਿਵਸਥਾ ਨੂੰ ਲੱਗੇ ਇਸ ਬਾਹਰੀ ਝਟਕੇ ਦਾ ਸਿੱਧਾ ਅਸਰ ਆਮ ਲੋਕਾਂ ਦੀ ਜੇਬ੍ਹ 'ਤੇ ਪਵੇਗਾ ਅਤੇ ਇਸ ਨਾਲ ਆਮ ਲੋਕਾਂ, ਖ਼ਾਸਕਰ ਸਭ ਤੋਂ ਕਮਜ਼ੋਰ ਆਰਥਿਕ ਵਰਗ ਦਾ ਬਜਟ ਵਿਗੜ ਜਾਵੇਗਾ। ਪ੍ਰੋਫੈਸਰ ਕੁਮਾਰ ਕਹਿੰਦੇ ਹਨ, "ਊਰਜਾ ਦੀ ਘਾਟ ਦਾ ਮਤਲਬ ਹੈ ਕਿ ਉਤਪਾਦਨ ਖੇਤਰ ਪ੍ਰਭਾਵਿਤ ਹੋਵੇਗਾ, ਕਿਉਂਕਿ ਕੋਈ ਵੀ ਉਤਪਾਦਨ ਊਰਜਾ ਤੋਂ ਬਿਨਾਂ ਨਹੀ ਹੋ ਸਕਦਾ। ਇਹ ਇੱਕ ਸਪਲਾਈ ਸ਼ਾਕ ਹੈ, ਜਿਸ ਨਾਲ ਉਤਪਾਦਨ ਘਟੇਗਾ ਅਤੇ ਕੀਮਤਾਂ ਵੱਧਣਗੀਆਂ। ਇਨ੍ਹਾਂ ਵੱਧਦੀਆਂ ਕੀਮਤਾਂ ਦਾ ਸਿੱਧਾ ਅਸਰ ਆਮ ਆਦਮੀ ਦੀ ਜੇਬ੍ਹ 'ਤੇ ਪਵੇਗਾ।" ਪ੍ਰੋਫੈਸਰ ਕੁਮਾਰ ਕਹਿੰਦੇ ਹਨ ਕਿ ਆਰਥਿਕ ਸੂਚਕਾਂ ਵਿੱਚ ਜੋ ਮਹਿੰਗਾਈ ਦਿਖ ਰਹੀ ਹੈ, ਜ਼ਮੀਨੀ ਪੱਧਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਅਸਲ ਮਹਿੰਗਾਈ ਉਸ ਤੋਂ ਕਿਤੇ ਵੱਧ ਹੈ, ਕਿਉਂਕਿ ਲੋੜੀਦੀਆਂ ਚੀਜ਼ਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਆਮ ਤੌਰ 'ਤੇ ਦਸ ਰੁਪਏ ਵਿੱਚ ਮਿਲਣ ਵਾਲਾ ਇੱਕ ਕੱਪ ਚਾਹ ਹੁਣ ਲਗਭਗ ਪੰਦਰਾਂ ਰੁਪਏ ਦਾ ਹੋ ਗਿਆ ਹੈ, ਦੁੱਧ ਮਹਿੰਗਾ ਹੋ ਗਿਆ ਹੈ ਅਤੇ ਵੱਡੀ ਆਬਾਦੀ ਨੂੰ ਘਰੇਲੂ ਖਰਚ ਲਈ ਗੈਸ ਮਹਿੰਗੇ ਭਾਅ 'ਤੇ ਖਰੀਦਣੀ ਪੈ ਰਹੀ ਹੈ। ਪ੍ਰੋਫੈਸਰ ਕੁਮਾਰ ਕਹਿੰਦੇ ਹਨ, "ਆਮ ਆਦਮੀ ਅਤੇ ਗਰੀਬ ਲਈ ਮਹਿੰਗਾਈ ਦੀ ਦਰ 3.5% ਨਹੀ, ਸਗੋਂ 20-30-40% ਹੋ ਗਈ ਹੈ, ਕਿਉਂਕਿ ਗੈਸ ਅਤੇ ਲੋੜੀਦੀਆਂ ਚੀਜ਼ਾਂ (ਦੁੱਧ, ਰੋਟੀ) ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ।"

## ਸਰਕਾਰ ਕੀ ਕਹਿ ਰਹੀ ਹੈ

ਵਿਸ਼ਲੇਸ਼ਕਾਂ ਦੇ ਮੁਤਾਬਕ ਇੱਕ ਪਾਸੇ ਉਤਪਾਦਨ ਵਿੱਚ ਠਹਿਰਾਅ ਹੈ, ਤਾਂ ਦੂਜੇ ਪਾਸੇ ਉਤਪਾਦਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ। ਪ੍ਰੋਫੈਸਰ ਅਰੁਣ ਕੁਮਾਰ ਕਹਿੰਦੇ ਹਨ, "ਅਸੀ ਸਟੈਗਫਲੇਸ਼ਨ ਦੀ ਸਥਿਤੀ ਵਿੱਚ ਆ ਗਏ ਹਾਂ, ਜਿੱਥੇ ਇੱਕ ਪਾਸੇ ਉਤਪਾਦਨ ਵਿੱਚ ਠਹਿਰਾਅ ਹੈ ਅਤੇ ਦੂਜੇ ਪਾਸੇ ਮਹਿੰਗਾਈ ਵੱਧ ਰਹੀ ਹੈ। ਜੇ ਇਹੀ ਚੱਲਦਾ ਰਿਹਾ, ਤਾਂ ਮੰਦੀ ਆ ਜਾਵੇਗੀ।" ਵਿਸ਼ਲੇਸ਼ਕ ਭਾਰਤ ਦੇ ਅਸੰਗਠਿਤ ਖੇਤਰ ਲਈ ਚਿੰਤਾ ਜ਼ਾਹਿਰ ਕਰ ਰਹੇ ਹਨ। ਉਤਪਾਦਨ ਘਟਣ ਨਾਲ ਰੋਜ਼ਗਾਰ ਘਟਣ ਦਾ ਖਦਸ਼ਾ ਹੈ, ਜਿਸ ਦਾ ਸਭ ਤੋਂ ਵੱਧ ਅਸਰ ਅਸੰਗਠਿਤ ਖੇਤਰ ਦੇ ਮਜ਼ਦੂਰਾਂ 'ਤੇ ਪੈ ਸਕਦਾ ਹੈ। ਪ੍ਰੋਫੈਸਰ ਕੁਮਾਰ ਕਹਿੰਦੇ ਹਨ, "ਹਾਲੀਆ ਦਿਨਾਂ ਵਿੱਚ ਮਹਿੰਗਾਈ ਅਤੇ ਘੱਟ ਤਨਖ਼ਾਹ ਤੋਂ ਪਰੇਸ਼ਾਨ ਮਜ਼ਦੂਰਾਂ ਨੇ ਨੋਇਡਾ ਅਤੇ ਦੇਸ਼ ਦੇ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ। ਅਸੰਗਠਿਤ ਖੇਤਰ ਪਹਿਲਾਂ ਹੀ ਦਬਾਅ ਵਿੱਚ ਹੈ। ਜੇ ਮੌਜੂਦਾ ਸਥਿਤੀ ਹੋਰ ਗੰਭੀਰ ਹੋਈ ਤਾਂ ਭਾਰਤ ਦੀ ਵੱਡੀ ਆਬਾਦੀ ਲਈ ਹਾਲਾਤ ਮੁਸ਼ਕਲ ਹੋ ਸਕਦੇ ਹਨ।"

ਭਾਰਤ ਸਰਕਾਰ ਅਤੇ ਉਸਦੇ ਆਰਥਿਕ ਅਧਿਕਾਰੀਆਂ ਨੇ ਹਾਲੀਆ ਦਿਨਾਂ ਵਿੱਚ ਕਈ ਅਧਿਕਾਰਕ ਬਿਆਨ ਦਿੱਤੇ ਹਨ, ਜਿਨ੍ਹਾਂ ਵਿੱਚ ਸਰਕਾਰ ਨੇ ਕਿਹਾ ਹੈ ਕਿ ਉਹ ਕੱਚੇ ਤੇਲ ਦੀਆਂ ਵੱਧਦੀਆਂ ਕੀਮਤਾਂ ਨਾਲ ਪੈਦਾ ਹੋ ਰਹੇ ਸੰਕਟ ਨਾਲ ਨਜਿੱਠਣ ਲਈ ਕਦਮ ਚੁੱਕ ਰਹੀ ਹੈ। ਸਰਕਾਰ ਨੇ ਕਿਹਾ ਹੈ ਕਿ ਉਸਨੇ ਗਲੋਬਲ ਆਇਲ ਸ਼ੌਕ ਤੋਂ ਲੋਕਾਂ ਨੂੰ ਬਚਾਉਣ ਲਈ ਐਕਸਾਈਜ਼ ਡਿਊਟੀ ਦਸ ਰੁਪਏ ਪ੍ਰਤੀ ਲੀਟਰ ਘਟਾਈ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਸਰਕਾਰ ਡੀਜ਼ਲ ਨਿਰਯਾਤ 'ਤੇ ਲੇਵੀ ਲਾ ਰਹੀ ਹੈ ਤਾਂ ਜੋ ਘਰੇਲੂ ਉਪਲਬਧਤਾ ਯਕੀਨੀ ਬਣਾਈ ਜਾ ਸਕੇ। ਸਰਕਾਰ ਨੇ ਵਾਰ-ਵਾਰ ਕਿਹਾ ਹੈ ਕਿ ਭਾਰਤ ਵਿੱਚ ਇੰਧਨ ਦੀ ਕੋਈ ਤੁਰੰਤ ਕਮੀ ਨਹੀ ਹੈ। ਉੱਥੇ ਹੀ ਆਰਬੀਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਹੈ ਕਿ ਆਰਬੀਆਈ ਮਹਿੰਗਾਈ ਦੇ ਦਬਾਅ 'ਤੇ ਨਜ਼ਰ ਰੱਖ ਰਹੀ ਹੈ। ਉੱਥੇ ਹੀ ਪ੍ਰੋਫੈਸਰ ਅਰੁਣ ਕੁਮਾਰ ਦਾ ਮੰਨਣਾ ਹੈ ਕਿ ਸਰਕਾਰ ਨੂੰ ਹੋਰ ਕਦਮ ਚੁੱਕਣੇ ਚਾਹੀਦੇ ਹਨ। ਪ੍ਰੋਫੈਸਰ ਕੁਮਾਰ ਕਹਿੰਦੇ ਹਨ, "ਇਸ ਵੱਡੇ ਸੰਕਟ ਨਾਲ ਨਜਿੱਠਣ ਲਈ ਸਰਕਾਰ ਨੂੰ ਵਿਰੋਧੀ ਧਿਰ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਹੈ ਅਤੇ ਫ਼ਿਜ਼ੂਲਖ਼ਰਚੀ 'ਤੇ ਰੋਕ ਲਗਾਉਣ ਲਈ ਰਾਸ਼ਟਰੀ ਸਹਿਮਤੀ ਬਣਾਉਣੀ ਚਾਹੀਦੀ ਹੈ।" ਨਰਿੰਦਰ ਤਨੇਜਾ ਕਹਿੰਦੇ ਹਨ, "ਰੋਜ਼ਾਨਾ ਦੀਆਂ ਲੋੜਾਂ ਵਿੱਚ ਕਟੌਤੀ ਅਤੇ ਫ਼ਿਜ਼ੂਲਖ਼ਰਚੀ ਘਟਾਉਣਾ ਇਸ ਸੰਕਟ ਨੂੰ ਘਟਾਉਣ ਦਾ ਇੱਕ ਤਰੀਕਾ ਹੋ ਸਕਦਾ ਹੈ। ਪਰ ਫਿਲਹਾਲ ਬਹੁਤ ਕੁਝ ਅੰਤਰਰਾਸ਼ਟਰੀ ਹਾਲਾਤ 'ਤੇ ਨਿਰਭਰ ਕਰੇਗਾ।"



# ਨਸ਼ੇ ਦੇ ਡੰਗੇ ਪਰਿਵਾਰ ਦਾ ਇੱਕ ਹੋਰ ਚਿਰਾਗ ਬੁਝਿਆ, ਦੋ ਭਰਾ ਜੇਲ੍ਹ 'ਚ, ਤੀਜੇ ਦੀ ਨਸ਼ੇ ਨਾਲ ਮੌਤ

ਬਠਿੰਡਾ, 24 ਮਈ (ਦੀਪਕ ਸ਼ਰਮਾ) :ਇੱਥੋਂ ਦੇ ਵੀਆਈਪੀ ਇਲਾਕੇ ਮਾਡਲ ਟਾਊਨ ਦੇ ਚੌਕ ਕੋਲ ਇੱਕ ਘਰ ਦੇ ਬਾਹਰ ਸੜਕ ਕਿਨਾਰੇ ਨੌਜਵਾਨ ਬੇਸੁਧ ਹਾਲਤ ਵਿੱਚ ਮਿਲਿਆ, ਜਿਸ ਦੀ ਮੌਤ ਹੋ ਚੁੱਕੀ ਸੀ। ਰਾਹਗੀਰਾਂ ਵੱਲੋਂ ਮਾਮਲੇ ਦੀ ਜਾਣਕਾਰੀ ਮਿਲਣ 'ਤੇ ਥਾਣਾ ਸਿਵਲ ਲਾਈਨ ਪੁਲਿਸ ਅਤੇ ਸਹਾਰਾ ਜਨ ਸੇਵਾ ਦੀ ਟੀਮ ਮੌਕੇ 'ਤੇ ਪੁੱਜੀ। ਸਮਾਜ ਸੇਵੀ ਵਿੱਕੀ ਕੁਮਾਰ ਨੇ ਲਾਸ਼ ਨੂੰ ਸੰਭਾਲਿਆ। ਪੜਤਾਲ ਦੌਰਾਨ ਪਤਾ ਲੱਗਿਆ ਕਿ ਉਕਤ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਸੀ ਅਤੇ ਹਾਲ ਹੀ ਵਿੱਚ ਉਸ ਨੂੰ ਇਲਾਜ ਲਈ ਨਸ਼ਾ ਮੁਕਤੀ ਕੇਂਦਰ ਭੇਜਿਆ ਗਿਆ ਸੀ, ਜਿੱਥੋਂ ਉਹ ਦੋ ਦਿਨ ਪਹਿਲਾਂ ਚਕਮਾ ਦੇ ਕੇ ਫ਼ਰਾਰ ਹੋ ਗਿਆ ਸੀ। ਡਾਕਟਰਾਂ ਮੁਤਾਬਕ ਭਿਆਨਕ ਗਰਮੀ ਅਤੇ ਲੂ ਲੱਗਣਾ ਵੀ ਮੌਤ ਦਾ ਕਾਰਨ ਹੋ ਸਕਦਾ ਹੈ। ਮ੍ਰਿਤਕ ਦਾ ਪਰਿਵਾਰਕ ਪਿਛੋਕੜ ਬਹੁਤ ਦੁਖਦਾਈ ਹੈ; ਉਸ ਦੇ ਦੋਵੇਂ ਭਰਾ ਨਸ਼ਾ ਤਸਕਰੀ ਜਾਂ ਵਰਤੋਂ ਦੇ ਕੇਸਾਂ ਵਿੱਚ ਇਸ ਵੇਲੇ ਬਠਿੰਡਾ ਕੇਂਦਰੀ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ ਅਤੇ ਘਰ ਬਿਲਕੁਲ ਖਾਲੀ ਸੀ। ਸਹਾਰਾ ਸੰਸਥਾ ਦੇ ਮੁਖੀ ਗੌਤਮ ਗੋਇਲ ਨੇ ਆਖਿਆ ਕਿ ਉਹ ਮ੍ਰਿਤਕ ਦੇ ਰਿਸ਼ਤੇਦਾਰਾਂ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੇਕਰ ਕੋਈ ਸਾਹਮਣੇ ਨਾ ਆਇਆ ਤਾਂ ਸੰਸਥਾ ਆਪਣੇ ਪੱਧਰ 'ਤੇ ਮਰਿਆਦਾ ਮੁਤਾਬਕ ਸਸਕਾਰ ਕਰੇਗੀ। ਪੁਲਿਸ ਨੇ ਲਾਸ਼ ਹਸਪਤਾਲ ਦੇ ਲਾਸ਼ ਘਰ ਰਖਵਾ ਕੇ ਅਗਲੀ ਕਾਰਵਾਈ ਵਿੱਢ ਦਿੱਤੀ ਹੈ।

# ਖੁਸ਼ਕ ਦਿਨ ਅਧੀਨ ਗਤੀਵਿਧੀਆਂ ਕੀਤੀਆਂ

ਭਗਤਾ ਭਾਈ ਕਾ, 24 ਮਈ (ਸਵਰਨ ਸਿੰਘ ਭਗਤਾ) :ਸਿਵਲ ਸਰਜਨ ਡਾਕਟਰ ਤਪਿੰਦਰ ਜੋਤ ਦੀਆਂ ਹਦਾਇਤਾਂ ਅਨੁਸਾਰ ਸਿਹਤ ਬਲਾਕ ਭਗਤਾ ਭਾਈਕਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਅਗਵਾਈ ਹੇਠ ਖੁਸ਼ਕ ਦਿਨ ਸ਼ੁੱਕਰਵਾਰ ਸਬੰਧੀ ਗਤੀਵਿਧੀਆਂ ਕੀਤੀਆਂ ਗਈਆ। ਬਲਾਕ ਦੇ ਸੈਕਟਰਾਂ ਵਿੱਚ ਐਸ ਆਈ ਹਰਜਿੰਦਰ ਸਿੰਘ ਗੁਰਮੀਤ ਸਿੰਘ ਜਸਬੀਰ ਸਿੰਘ ਅਤੇ ਰਾਮ ਗੋਪਾਲ ਜੇਠੀ ਦੀ ਨਿਗਰਾਨੀ ਹੇਠ ਸਿਹਤ ਵਿਭਾਗ ਟੀਮ ਦੀਆਂ ਟੀਮਾਂ ਨੇ ਸਰਕਾਰੀ ਇਮਾਰਤਾਂ ਅਤੇ ਸਕੂਲਾਂ ਵਿੱਚ ਪਹੁੰਚ ਕੇ ਲਾਰਵੇ ਦੀ ਜਾਂਚ ਕੀਤੀ। ਇਸ ਦੌਰਾਨ ਲਾਰਵਾ ਪੈਦਾ ਹੋਣ ਵਾਲੀਆਂ ਥਾਵਾਂ ਤੋਂ ਪਾਣੀ ਦੀ ਨਿਕਾਸੀ ਕਰਵਾਈ ਗਈ। ਇਹਨਾਂ ਗਤੀਵਿਧੀਆਂ ਦੌਰਾਨ ਕੋਠਾ ਗੁਰੂ ਕਾ , ਦਿਆਲਪੁਰਾ ਭਾਈਕਾ ਸੇਲਵਰ੍ਹਾ ਫੂਲ, ਘੰਡਾਬੰਨਾ, ਭੋਡੀਪੁਰਾ ,ਭਾਈਰੂਪਾ ਗੰਮਟੀ ਕਲਾ, ਕਾਂਗੜ ,ਮਲੂਕਾ ਆਦਿ ਪਿੰਡਾਂ ਵਿੱਚ ਵੀ ਸਿਹਤ ਵਿਭਾਗ ਦੀਆ ਟੀਮਾਂ ਵੱਲੋਂ ਚੈਕਿੰਗ ਕੀਤੀ ਗਈ। ਇਹਨਾਂ ਟੀਮਾਂ ਵਿੱਚ ਐਮ ਪੀ ਐਚ ਡਬਲਯੂ ਮੇਲ ਏ ਐਨ ਐਮ ਆਸ਼ਾ ਵਰਕਰਾਂ ਵੱਲੋਂ ਭਾਗ ਲਿਆ ਗਿਆ।

# ਪੰਥਕ ਧਿਰਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਮੁੱਖ ਲੋੜ : ਜਥੇਦਾਰ ਬਹਿਣੀਵਾਲ



ਲਹਿਰਾਗਾਗਾ, 24 ਮਈ (ਗੁਰਦੀਪ ਸਿੰਘ) : ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਵੱਲੋਂ ਕੀਤੀ ਹੋਈ ਭਰਤੀ ਰਾਹੀਂ ਹੋਂਦ ਵਿੱਚ ਆਇਆ ਹੈ, ਜਿਸ ਦੀ 16 ਲੱਖ ਤੋਂ ਵੱਧ ਹੋਈ ਭਰਤੀ ਰਾਹੀਂ ਚੁਣੇ ਗਏ ਡੈਲੀਗੇਟਾਂ ਰਾਹੀਂ ਚੋਣ ਕੀਤੀ ਗਈ ਹੈ, ਜਿਸ ਦਾ ਮੁੱਖ ਮਕਸਦ ਸਿੱਖੀ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਸਿੱਖ ਸੰਸਥਾਵਾਂ ਦੀ ਰਾਖੀ ਕਰਨਾ, ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ ਉੱਚਤਾ ਨੂੰ ਕਾਇਮ ਰੱਖਣਾ, ਸਿੱਖ ਪਰੰਪਰਾਵਾਂ ਨੂੰ ਕਾਇਮ ਰੱਖਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣਾ ਹੈ, ਇਸ ਪ੍ਰਾਪਤੀ ਲਈ ਸਾਨੂੰ ਭਾਵੇਂ ਸੰਘਰਸ਼ ਕਰਨਾ ਪਵੇ ਤਾਂ ਵੀ ਪਾਰਟੀ ਇਸ ਲਈ ਤਿਆਰ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਅੱਜ ਲਹਿਰਾਗਾਗਾ ਵਿਖੇ ਇੱਕ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ, ਉਹਨਾਂ ਕਿਹਾ ਕਿ ਸਮੂਹ ਪੰਥਕ ਧਿਰਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਮੁੱਖ ਲੋੜ ਹੈ, ਤਾਂ ਹੀ ਜੋ ਅੱਜ ਸਿੱਖ ਕੌਮ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨਾਂ ਚੁਣੌਤੀਆਂ ਨਾਲ ਇੱਕ ਮੁੱਠ ਹੋ ਕੇ ਨਜਿੱਠਿਆ ਜਾ ਸਕਦਾ ਹੈ, ਅੱਜ ਨਿੱਜੀ ਹਿੱਤਾਂ ਨੂੰ ਛੱਡ ਕੇ ਪੰਥ ਦੇ ਵਡੇਰੇ ਹਿੱਤਾਂ ਲਈ ਹਰ ਇੱਕ ਨੂੰ ਸਮਰਪਿਤ ਭਾਵਨਾ ਦਾ ਧਾਰਨੀ ਹੋ ਕੇ ਕੌਮ ਦੀ ਚੜ੍ਹਦੀ ਕਲਾ ਦੀ ਕੰਮ ਕਰਨ ਦੀ ਲੋੜ ਹੈ, ਉਹਨਾਂ ਕਿਹਾ ਕਿ ਅੱਜ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜਾਵਾਂ, ਪਾਣੀਆਂ ਦਾ ਮਸਲਾ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ, ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੀ ਨਾ ਮੁਰਾਦ ਬਿਮਾਰੀ ਨੂੰ ਜੋ ਸਾਡੀ ਨੌਜਵਾਨ ਪੀੜੀ ਨੂੰ ਘੁਣ ਵਾਂਗ ਖਾ ਰਹੀ ਹੈ, ਨੂੰ ਨੱਥ ਪਾਉਣ ਦੀ ਮੁੱਖ ਲੋੜ ਹੈ। ਇਸ ਮੌਕੇ ਜਥੇਦਾਰ ਬੈਣੀਵਾਲ ਦੇ ਨਾਲ ਹਰਦੇਵ ਸਿੰਘ ਰੋਗਲਾ ਮੈਂਬਰ ਸ਼੍ਰੋਮਣੀ ਕਮੇਟੀ, ਮਲਕੀਤ ਸਿੰਘ ਚੰਗਾਲ ਮੈਂਬਰ ਸ਼੍ਰੋਮਣੀ ਕਮੇਟੀ, ਸੁਖਵਿੰਦਰ ਸਿੰਘ ਬਿੱਲੂ ਖੰਡੇਬਾਦ, ਸੀਤਾ ਸਿੰਘ ਲਹਿਲ ਖੁਰਦ,ਛੱਜੂ ਸਿੰਘ ਧਾਲੀਵਾਲ, ਗੁਰਸੰਤ ਸਿੰਘ ਭਟਾਲ, ਚਮਕੌਰ ਸਿੰਘ ਬਾਦਲਗੜ੍ਹ, ਜਗਤਾਰ ਸਿੰਘ ਖਾਈ, ਦਵਿੰਦਰ ਕੁਮਾਰ ਨੀਟੂ, ਗੁਲਜਾਰ ਸਿੰਘ ਜਵੰਦਾ ਤੋਂ ਇਲਾਵਾ ਹੋਰ ਵੀ ਪਾਰਟੀ ਵਰਕਰ ਮੌਜੂਦ ਸਨ।

# 'ਆਪ' ਉਮੀਦਵਾਰ ਜਗਸੀਰ ਪੰਨੂ ਨੇ ਘਰ -ਘਰ ਜਾ ਕੇ ਵੋਟਾਂ ਮੰਗੀਆਂ



ਭਗਤਾ ਭਾਈ ਕਾ, 24 ਮਈ (ਸਵਰਨ ਸਿੰਘ ਭਗਤਾ) : ਪੰਜਾਬ ਰਾਜ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਹੇਠ 26 ਮਈ ਨੂੰ ਹੋਣ ਵਾਲੀਆਂ ਨਗਰ ਕੌਂਸਲ ਅਤੇ ਨਗਰ ਪੰਚਾਇਤ ਦੀਆਂ ਚੋਣਾਂ ਨੂੰ ਲੈਕੇ ਵੱਖ ਵੱਖ ਪਾਰਟੀਆਂ ਵੱਲੋਂ ਕਮਰਕੱਸ ਲਈ ਗਈ ਹੈ ਇਸੇ ਕੜੀ ਦੇ ਤਹਿਤ ਹਲਕਾ ਰਾਮਪੁਰਾ ਫੂਲ ਦੇ ਨਗਰ ਭਗਤਾ ਭਾਈ ਦੀ ਨਗਰ ਪੰਚਾਇਤ ਦੀ ਚੋਣ ਲਈ ਵਾਰਡ ਨੰਬਰ 12 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਸੀਰ ਸਿੰਘ ਸੀਰਾ ਪੰਨੂ ਵੱਲੋਂ ਕੜਕਦੀ ਧੁੱਪ ਵਿੱਚ ਚੋਣ ਮੁਹਿੰਮ ਨੂੰ ਤੇਜ ਕਰਦਿਆਂ ਵਾਰਡ ਵਿੱਚ ਘਰ ਘਰ ਜਾ ਕੇ ਵੋਟਾਂ ਮੰਗੀਆਂ ਗਈਆਂ। ਇਸ ਮੌਕੇ ਜਗਸੀਰ ਸਿੰਘ ਪੰਨੂ ਨੇ ਵਾਰਡ ਵਾਸੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ ਤਾਂ ਕਿ ਵਾਰਡ ਦਾ ਵਧੇਰੇ ਵਿਕਾਸ ਕਰਵਾਇਆ ਜਾ ਸਕੇ। ਇਸ ਮੌਕੇ ਹੋਰ ਵਾਰਡ ਵਾਸੀ ਹਾਜ਼ਰ ਸਨ।

# ਸਰਕਾਰੀ ਥਾਵਾਂ 'ਤੇ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਸਮਾਜ ਸੇਵੀ ਲਾਮਬੰਦ

ਬਠਿੰਡਾ, 24 ਮਈ (ਦੀਪਕ ਸ਼ਰਮਾ) ਬਠਿੰਡਾ ਸ਼ਹਿਰ ਵਿੱਚ ਸਰਕਾਰੀ ਜ਼ਮੀਨਾਂ ਉੱਪਰ ਹੋ ਰਹੇ ਨਾਜਾਇਜ਼ ਕਬਜ਼ਿਆਂ ਅਤੇ ਰੇਹੜੀ-ਫੜ੍ਹੀ ਸੰਚਾਲਕਾਂ ਦੀ ਪੁਲਿਸ ਪੜਤਾਲ ਕਰਵਾਉਣ ਦੀ ਮੰਗ ਨੂੰ ਲੈ ਕੇ ਦਿੱਤੀ ਗਈ ਸ਼ਿਕਾਇਤ ਉੱਪਰ ਇੱਕ ਮਹੀਨੇ ਬਾਅਦ ਵੀ ਕਾਰਵਾਈ 'ਜ਼ੀਰੋ' ਰਹਿਣ ਕਾਰਨ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨੀਅਤ 'ਤੇ ਉਂਗਲਾਂ ਉੱਠ ਰਹੀਆਂ ਹਨ। ਸਥਾਨਕ ਸਮਾਜ ਸੇਵੀਆਂ ਵੱਲੋਂ 27 ਅਪ੍ਰੈਲ 2026 ਨੂੰ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਅਤੇ ਨਿਗਮ ਕਮਿਸ਼ਨਰ ਲਵਜੀਤ ਕਲਸੀ ਨੂੰ ਲਿਖਤੀ ਮੰਗ ਪੱਤਰ ਦਿੱਤਾ ਗਿਆ ਸੀ, ਜਿਸ ਵਿੱਚ 15 ਦਿਨਾਂ ਦਾ ਅਲਟੀਮੇਟਮ ਸੀ, ਪਰ ਕੋਈ ਅਸਰ ਨਹੀਂ ਹੋਇਆ।ਇਸ ਦੌਰਾਨ ਇਹ ਮਾਮਲਾ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਅਤੇ ਡੀਜੀਪੀ ਪੰਜਾਬ ਦੇ ਦਫ਼ਤਰ ਤੱਕ ਵੀ ਪਹੁੰਚਾਇਆ ਗਿਆ। ਡੀਜੀਪੀ ਦਫ਼ਤਰ ਦੇ ਏਆਈਜੀ ਵਿਕਾਸ ਸਭਰਵਾਲ ਨੇ 27 ਅਪ੍ਰੈਲ ਨੂੰ ਇਹ ਸ਼ਿਕਾਇਤ ਐੱਸਪੀ ਹੈੱਡਕੁਆਰਟਰ ਜਗਦੀਸ਼ ਕੁਮਾਰ ਨੂੰ ਭੇਜੀ, ਜਿੱਥੋਂ 28 ਅਪ੍ਰੈਲ ਨੂੰ ਪੁਲਿਸ ਲਾਈਨ ਦੀ ਇੰਸਪੈਕਟਰ ਸ਼ਮਨਦੀਪ ਕੌਰ ਨੂੰ ਜਾਂਚ ਸੌਂਪੀ ਗਈ। ਪਰ ਹੈਰਾਨੀ ਦੀ ਗੱਲ ਇਹ ਰਹੀ ਕਿ ਪੁਲਿਸ ਨੇ ਬਿਨਾਂ ਸ਼ਿਕਾਇਤਕਰਤਾ ਨਾਲ ਫ਼ੋਨ 'ਤੇ ਸੰਪਰਕ ਕੀਤੇ, 17 ਦਿਨਾਂ ਬਾਅਦ 'ਪਤਾ ਤਸਦੀਕ ਨਹੀਂ ਹੋਇਆ' ਲਿਖ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ। ਸਮਾਜ ਸੇਵੀਆਂ ਦਾ ਕਹਿਣਾ ਹੈ ਕਿ ਇਹ ਸਿੱਧੇ ਤੌਰ 'ਤੇ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਤੌਹੀਨ ਹੈ। ਹੁਣ 24 ਮਈ 2026 ਨੂੰ ਇਸ ਸਬੰਧੀ ਮੁੜ ਅਪੀਲ ਦਾਇਰ ਕੀਤੀ ਗਈ ਹੈ, ਜਿਸ ਦੀ ਜਾਂਚ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਭਿਨਵ ਗੋਇਲ ਕਰ ਰਹੇ ਹਨ। ਲੋਕਾਂ ਦਾ ਆਰੋਪ ਹੈ ਕਿ ਪ੍ਰਸ਼ਾਸਨ ਵੱਡੇ ਰਸੂਖ਼ਦਾਰ ਵਪਾਰੀਆਂ ਦੇ ਨਾਜਾਇਜ਼ ਕਬਜ਼ਿਆਂ ਨੂੰ ਹੱਥ ਪਾਉਣ ਤੋਂ ਡਰ ਰਿਹਾ ਹੈ।

# ਉੱਚ ਅਧਿਕਾਰੀਆਂ ਨਾਲ ਪੁਲਿਸ ਆਬਜ਼ਰਵਰ ਦੀ ਉਚ ਪੱਧਰੀ ਮੀਟਿੰਗ, ਚੋਣ ਪ੍ਰਬੰਧਾਂ 'ਤੇ ਹੋਈ ਚਰਚਾ

### ਚੋਣਾਂ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਰੱਖਣ ਬਾਰੇ ਰਣਨੀਤੀ ਤਿਆਰ ਕੀਤੀ



ਬਠਿੰਡਾ, 24 ਮਈ (ਦੀਪਕ ਸ਼ਰਮਾ) : ਜ਼ਿਲ੍ਹੇ ਵਿੱਚ ਹੋਣ ਜਾ ਰਹੀਆਂ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਨੂੰ ਪਾਰਦਰਸ਼ੀ ਅਤੇ ਅਮਨ-ਅਮਾਨ ਨਾਲ ਨੇਪਰੇ ਚਾੜ੍ਹਨ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਦਿਖਾਈ ਦੇ ਰਿਹਾ ਹੈ। ਇਨ੍ਹਾਂ ਚੋਣਾਂ ਨੂੰ ਲੈ ਕੇ ਬਠਿੰਡਾ ਰੇਂਜ ਅਤੇ ਮਾਨਸਾ ਜ਼ਿਲ੍ਹੇ ਦੀ ਸੁਰੱਖਿਆ ਵਿਵਸਥਾ ਨੂੰ ਪੁਖ਼ਤਾ ਬਣਾਉਣ ਲਈ ਉੱਚ ਪੱਧਰੀ ਬੈਠਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਇਸੇ ਤਹਿਤ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਬਠਿੰਡਾ ਰੇਂਜ ਲਈ ਲਗਾਏ ਗਏ ਪੁਲਿਸ ਆਬਜ਼ਰਵਰ ਅਤੇ ਸੀਨੀਅਰ ਆਈਪੀਐੱਸ ਅਧਿਕਾਰੀ ਸੁਖਵੰਤ ਸਿੰਘ ਗਿੱਲ ਨੇ ਐਤਵਾਰ ਨੂੰ ਡੀਆਈਜੀ ਹਰਜੀਤ ਸਿੰਘ, ਕਾਊਂਟਰ ਇੰਟੈਲੀਜੈਂਸ ਦੀ ਏਆਈਜੀ ਅਵਨੀਤ ਕੌਰ ਸਿੱਧੂ ਅਤੇ ਬਠਿੰਡਾ ਜ਼ਿਲ੍ਹੇ ਦੇ ਸਮੂਹ ਉੱਚ ਪੁਲਿਸ ਅਧਿਕਾਰੀਆਂ ਨਾਲ ਇੱਕ ਅਹਿਮ ਬੈਠਕ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਮੁਲਾਂਕਣ ਕੀਤਾ। ਮੀਟਿੰਗ ਦੌਰਾਨ ਚੋਣਾਂ ਨੂੰ ਪੂਰੀ ਤਰ੍ਹਾਂ ਸ਼ਾਂਤੀਪੂਰਵਕ ਢੰਗ ਨਾਲ ਕਰਵਾਉਣ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਰੱਖਣ ਬਾਰੇ ਰਣਨੀਤੀ ਤਿਆਰ ਕੀਤੀ ਗਈ। ਆਬਜ਼ਰਵਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੋਣਾਂ ਦੌਰਾਨ ਹਰ ਸ਼ੱਕੀ ਗਤੀਵਿਧੀ 'ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾਵੇ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਜਾਣ।ਇੱਥੇ ਜ਼ਿਕਰਯੋਗ ਹੈ ਕਿ 26 ਮਈ ਨੂੰ ਹੋਣ ਵਾਲੀਆਂ ਚੋਣਾਂ ਦੇ ਅਮਲ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਸੀਨੀਅਰ ਪੁਲਿਸ ਅਧਿਕਾਰੀ ਸੁਖਵੰਤ ਸਿੰਘ ਗਿੱਲ ਨੂੰ ਬਤੌਰ ਪੁਲਿਸ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਪ੍ਰਵਕਤਾ ਨੇ ਦੱਸਿਆ ਕਿ ਜੇਕਰ ਚੋਣ ਪ੍ਰਕਿਰਿਆ ਦੌਰਾਨ ਕਿਸੇ ਵੀ ਨਾਗਰਿਕ ਨੂੰ ਕੋਈ ਸਮੱਸਿਆ ਆਉਂਦੀ ਹੈ, ਤਾਂ ਉਹ ਆਪਣੀ ਸ਼ਿਕਾਇਤ, ਜਾਣਕਾਰੀ ਜਾਂ ਕੋਈ ਸੁਝਾਅ ਸਿੱਧੇ ਪੁਲਿਸ ਆਬਜ਼ਰਵਰ ਨਾਲ ਸਾਂਝਾ ਕਰ ਸਕਦਾ ਹੈ। ਇਸ ਕਾਰਜ ਲਈ ਮੋਬਾਈਲ ਨੰਬਰ 8837545532 ਅਤੇ ਈਮੇਲ ਆਈਡੀ ਜਾਰੀ ਕੀਤੀ ਗਈ ਹੈ, ਜਿਸ ਰਾਹੀਂ ਆਮ ਲੋਕ ਸੰਪਰਕ ਸਾਧ ਸਕਦੇ ਹਨ। ਪੁਲਿਸ ਅਧਿਕਾਰੀਆਂ ਮੁਤਾਬਕ ਵੋਟਰਾਂ ਨੂੰ ਭੈਅ-ਮੁਕਤ ਅਤੇ ਸਾਫ਼-ਸੁਥਰਾ ਮਾਹੌਲ ਦੇਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਹਨ। ਵੋਟਿੰਗ ਵਾਲੇ ਦਿਨ ਕਿਸੇ ਵੀ ਤਰ੍ਹਾਂ ਦੀ ਗੜਬੜੀ ਜਾਂ ਖ਼ਰਾਬ ਮਾਹੌਲ ਨੂੰ ਰੋਕਣ ਲਈ ਸੰਵੇਦਨਸ਼ੀਲ ਪੋਲਿੰਗ ਬੂਥਾਂ ਉੱਪਰ ਵਾਧੂ ਸੁਰੱਖਿਆ ਬਲਾਂ ਦੀ ਤਾਇਨਾਤੀ ਯਕੀਨੀ ਬਣਾਈ ਜਾ ਰਹੀ ਹੈ।

# ਦਿੱਲੀ ਯੂਨੀਵਰਸਿਟੀ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਰੱਖਿਆ ਜਾਵੇ: ਹਰਚੰਦਪੁਰੀ



ਧੂਰੀ, 24 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦਿਆਲ ਸਿੰਘ ਇਵਨਿੰਗ ਕਾਲਜ ਦਾ ਨਾਮ ਬਦਲਣ ਦੇ ਫ਼ੈਸਲੇ ਦਾ ਸਖ਼ਤ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਲਜ ਪ੍ਰਬੰਧਕਾਂ ਵੱਲੋਂ ਹਜ਼ਾਰਾਂ ਵਿਦਿਆਰਥੀਆਂ ਦੇ ਇਸ ਉੱਚ ਵਿੱਦਿਅਕ ਅਦਾਰੇ ਦਾ ਨਾਮ ਬਦਲ ਕੇ ਬਾਬਾ ਬੰਦਾ ਸਿੰਘ ਬਹਾਦਰ ਇਵਨਿੰਗ ਕਾਲਜ ਰੱਖਣ ਦੀ ਜ਼ਿੱਦ ਕੀਤੀ ਜਾ ਰਹੀ ਹੈ, ਜਿਸ ਦਾ ਕਾਲਜ ਦੇ ਸਮੁੱਚੇ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਤਿੱਖਾ ਵਿਰੋਧ ਹੋ ਰਿਹਾ ਹੈ। ਇਸ ਸੰਘਰਸ਼ ਵਿੱਚ ਕੇਂਦਰੀ ਸਭਾ ਦੀ ਦਿੱਲੀ ਇਕਾਈ ਦੇ ਪ੍ਰਧਾਨ ਅਤੇ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪ੍ਰਿਥਵੀ ਰਾਜ ਥਾਪਰ ਅਗਲੇਰੀ ਕਤਾਰ ਵਿੱਚ ਸ਼ਾਮਲ ਹਨ, ਜਿਸ ਕਾਰਨ ਇਹ ਮਾਮਲਾ ਲੰਬੇ ਸਮੇਂ ਤੋਂ ਖਟਾਈ ਵਿੱਚ ਪਿਆ ਹੋਇਆ ਸੀ।ਸਰਦਾਰ ਦਿਆਲ ਸਿੰਘ ਮਜੀਠੀਆ ਦੀ ਦੇਣ ਨੂੰ ਯਾਦ ਕਰਦਿਆਂ ਲੇਖਕ ਸਭਾ ਨੇ ਆਖਿਆ ਕਿ ਉਹ ਇੱਕ ਮਹਾਨ ਲੋਕ-ਸੇਵਕ ਅਤੇ ਪਰਉਪਕਾਰੀ ਵਿੱਦਿਆ ਦਾਨੀ ਸਨ, ਜਿਨ੍ਹਾਂ ਨੇ ਗਿਆਨ ਦੇ ਪਸਾਰ ਲਈ ਆਪਣੀ ਅਰਬਾਂ ਰੁਪਏ ਦੀ ਜਾਇਦਾਦ ਅਤੇ ਜ਼ਮੀਨ ਕਾਲਜ ਬਣਾਉਣ ਅਤੇ ਦਿ ਟ੍ਰਿਬਿਊਨ ਟਰੱਸਟ ਵਰਗੀਆਂ ਇਤਿਹਾਸਕ ਸੰਸਥਾਵਾਂ ਖੜ੍ਹੀਆਂ ਕਰਨ ਲਈ ਦਾਨ ਕਰ ਦਿੱਤੀ ਸੀ। ਇਸ ਸੰਸਥਾ ਦੀ ਸਥਾਪਨਾ ਵੇਲੇ ਇਹ ਲਿਖਤੀ ਇਕਰਾਰਨਾਮਾ ਹੋਇਆ ਸੀ ਕਿ ਕਾਲਜ ਦਾ ਨਾਮ ਹਮੇਸ਼ਾ ਉਨ੍ਹਾਂ ਦੇ ਨਾਮ ਤੇ ਹੀ ਰਹੇਗਾ। ਪਰ ਵਰਤਮਾਨ ਪ੍ਰਬੰਧਕ ਅਣਪਛਾਤੇ ਕਾਰਨਾਂ ਅਤੇ ਮਜਬੂਰੀਆਂ ਦੇ ਚਲਦਿਆਂ ਇਸ ਇਤਿਹਾਸਕ ਵਾਅਦੇ ਨੂੰ ਤੋੜ ਕੇ ਵਿੱਦਿਆ ਦਾਨੀ ਦੇ ਨਾਮ ਨੂੰ ਖ਼ਾਰਜ ਕਰਨਾ ਚਾਹੁੰਦੇ ਹਨ, ਜੋ ਕਿ ਬਹੁਤ ਨਿੰਦਣਯੋਗ ਹੈ।ਬਿਆਨ ਵਿੱਚ ਅੱਗੇ ਸਪੱਸ਼ਟ ਕੀਤਾ ਗਿਆ ਕਿ ਅਮਰ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਅਜ਼ੀਮ ਸ਼ਖ਼ਸੀਅਤ ਅਤੇ ਲਾਸਾਨੀ ਸ਼ਹਾਦਤ ਦਾ ਮਜੀਠੀਆ ਜੀ ਦੀ ਸਮਾਜਿਕ ਦੇਣ ਨਾਲ ਕੋਈ ਮੁਕਾਬਲਾ ਨਹੀਂ ਹੈ। ਪਰ ਲੋਕਾਈ ਦੀ ਸੇਵਾ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਵਾਲੇ ਦਾਨੀ ਦਾ ਨਾਮ ਮਿਟਾ ਕੇ ਉੱਥੇ ਬਾਬਾ ਜੀ ਦਾ ਨਾਮ ਰੱਖਣਾ ਖ਼ੁਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਨਿਆਂਪੂਰਨ ਸੋਚ ਅਤੇ ਸਿਧਾਂਤਾਂ ਦੇ ਉਲਟ ਹੈ, ਜਿਸ ਨਾਲ ਉਨ੍ਹਾਂ ਦੀ ਪਵਿੱਤਰ ਆਤਮਾ ਨੂੰ ਵੀ ਠੇਸ ਪਹੁੰਚੇਗੀ।ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੇ ਦਿੱਲੀ ਅਤੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਦਿਆਲ ਸਿੰਘ ਇਵਨਿੰਗ ਕਾਲਜ ਦਾ ਇਤਿਹਾਸਕ ਨਾਮ ਬਿਲਕੁਲ ਨਾ ਬਦਲਿਆ ਜਾਵੇ।

# ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਵੱਲੋਂ ਵਿੱਤ ਮੰਤਰੀ ਦਫ਼ਤਰ ਦਾ ਘਿਰਾਓ



ਦਿੜ੍ਹਬਾ ਮੰਡੀ, 24 ਮਈ ( ਹੈਪੀ ) : ਰਾਜ ਦੇ ਸਰਕਾਰੀ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਕੱਚੇ ਅਧਿਆਪਕਾਂ (ਵਲੰਟੀਅਰਾਂ) ਵੱਲੋਂ ਆਪਣੀ ਬਹਾਲੀ ਨੂੰ ਲੈ ਕੇ ਲੰਬੇ ਸਮੇ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ, ਪ੍ਰੰਤ ਪੰਜਾਬ ਸਰਕਾਰ ਵੱਲੋ ਕਥਿਤ ਤੌਰ 'ਤੇ ਵਾਰ-ਵਾਰ ਮੀਟਿੰਗਾਂ ਦੇਣ ਦੇ ਬਹਾਨੇ ਕੱਚੇ ਅਧਿਆਪਕਾਂ ਨੂੰ ਸੰਘਰਸ਼ ਤੋ ਲਾਂਭੇ ਕੀਤਾ ਜਾ ਰਿਹਾ ਹੈ ਅਤੇ ਬਹਾਲੀ ਨੂੰ ਲੈ ਕੇ ਕਥਿਤ ਤੌਰ 'ਤੇ ਟਾਲ-ਮਟੋਲ ਦੀ ਸੋਚ ਨਾਲ ਸਮਾਂ ਲੰਘਾਇਆ ਜਾ ਰਿਹਾ ਹੈ। ਅੱਜ ਦਿੜ੍ਹਬਾ ਸ਼ਹਿਰ ਵਿਖੇ ਆਪਣੀਆਂ ਮੰਗਾਂ ਨੂੰ ਲੈਕੇ ਪ੍ਰਦਰਸ਼ਨ ਕਰਦੇ ਹੋਏ ਵਿਤ ਮੰਤਰੀ ਦੇ ਦਫ਼ਤਰ ਘਿਰਾਓ ਕੀਤਾ ਗਿਆ ਅਤੇ ਕੁਝ ਸਮੇਂ ਬਾਅਦ ਡੀ ਐਸ ਪੀ ਦਿੜ੍ਹਬਾ ਡਾਕਟਰ ਰੁਪਿੰਦਰ ਕੌਰ ਬਾਜਵਾ ਵੱਲੋਂ ਮੀਟਿੰਗ ਦੇ ਭਰੋਸੇ ਮਗਰੋਂ ਧਰਨਾ ਚੁੱਕਿਆ ਗਿਆ । ਇਸ ਮੌਕੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਪ੍ਰੈਸ ਮੀਡੀਆ ਨਾਲ ਗੱਲਬਾਤ ਦੌਰਾਨ ਦਾਅਵਾ ਕਰਦਿਆਂ ਦੱਸਿਆ ਕਿ ਸਿੱਖਿਆ ਮੰਤਰੀ ਵੱਲੋ ਕਥਿਤ ਤੌਰ 'ਤੇ ਨੌਂ ਵਾਰ ਮੀਟਿੰਗ ਦੇ ਕੇ ਰੱਦ ਕਰਨਾ ਸਰਕਾਰ ਦੀ ਬਹੁਤ ਹੀ ਘਟੀਆ ਸੋਚ ਦੀ ਪ ਪ੍ਰਤੀਕ ਹੈ। ਉਹਨਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੱਲ 25 ਨੂੰ ਹੋਣ ਵਾਲੀ ਮੀਟਿੰਗ ਵਿਚ ਸਾਡੀ ਬਹਾਲੀ ਦਾ ਕੋਈ ਪੁਖਤਾ ਹੱਲ ਨਹੀਂ ਕੀਤਾ ਜਾਂਦਾ , ਤਾਂ ਹਲਕੇ 'ਚ ਗੁਪਤ ਐਕਸ਼ਨ ਕੀਤੇ ਜਾਣਗੇ। ਜਰਨੈਲ ਸਿੰਘ ਕਾਹਨਗੜ੍ਹ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ । ਪਰ ਇਸ ਨੂੰ 2027 ਚ ਵਿਧਾਨ ਸਭਾ ਵੋਟਾਂ ਵਿਚ ਭਜਾਵਾਂਗੇ। ਇਸ ਮੌਕੇ ਲਖਵਿੰਦਰ ਕੌਰ ਕਪੂਰਥਲਾ , ਅਮਨਦੀਪ ਧਾਲੀਵਾਲ ਹਨੂੰਮਾਨਗੜ੍ਹ ,ਵਰੁਣ ਖੇੜਾ ਫਾਜ਼ਿਲਕਾ ,ਜਸਵਿੰਦਰ ਕੌਰ ਜਲੰਧਰ ,ਰੁਪਿੰਦਰ ਕੌਰ ਪਟਿਆਲਾ ,ਗੁਰਪ੍ਰੀਤ ਸਿੰਘ ਬਠਿੰਡਾ ,ਸੁਖਦੀਪ ਸਿੰਘ ਹੋਸ਼ਿਆਰਪੁਰ ਪ੍ਰੀਤਮ ਸਿੰਘ, ਪਰਮਜੀਤ ਕੌਰ, ਬਲਵਿੰਦਰ ਕੌਰ ਮਾਨਸਾ , ਵਜ਼ੀਰ ਸਿੰਘ ਬੁਢਲਾਡਾ , ਮਨਜੀਤ ਕੌਰ ਪਟਿਆਲਾ,ਵੀਰਪਾਲ ਕੌਰ ਅਤੇ ਸਮੂਹ ਸਾਥੀ ਹਾਜ਼ਰ ਸਨ ।

# ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸਮੂਹ ਧਿਰਾਂ ਵਿੱਚ ਏਕਤਾ ਸਮੇਂ ਦੀ ਲੋੜ : ਸਿਮਰਨਜੀਤ ਸਿੰਘ ਮਾਨ



ਸੰਗਰੂਰ, 24 ਮਈ ( ਹਰਕੰਵਲ ਸਿੰਘ ਹੈਪੀ) : ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਇੱਕ ਅਹਿਮ ਪੰਥਕ ਮੀਟਿੰਗ ਕਰਵਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਅਕਾਲੀ ਆਗੂਆਂ, ਵਰਕਰਾਂ ਅਤੇ ਪੰਥ ਦਰਦੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਜ਼ਮੀਨੀ ਪੱਧਰ 'ਤੇ ਸਰਗਰਮੀਆਂ ਵਧਾਉਣ ਉੱਤੇ ਜ਼ੋਰ ਦਿੱਤਾ ਗਿਆ।ਸਮਾਗਮ ਦੌਰਾਨ ਸਟੇਜ ਤੋਂ ਪੰਥਕ ਏਕਤਾ ਦਾ ਸੁਨੇਹਾ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਮੌਜੂਦਾ ਹਾਲਾਤਾਂ ਵਿੱਚ ਸਮੂਹ ਅਕਾਲੀ ਅਤੇ ਪੰਥਕ ਧਿਰਾਂ ਨੂੰ ਨਿੱਜੀ ਮਤਭੇਦ ਭੁਲਾ ਕੇ ਕੌਮ ਦੇ ਵੱਡੇ ਹਿੱਤਾਂ ਲਈ ਇਕੱਠੇ ਹੋਣ ਦੀ ਲੋੜ ਹੈ।ਇਸ ਮੌਕੇ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਨੇ ਆਪਣੇ ਸੰਬੋਧਨ ਵਿੱਚ ਸਾਰੇ ਪੰਥ ਦਰਦੀ ਅਕਾਲੀ ਆਗੂਆਂ ਅਤੇ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਏਕਤਾ ਸਮੇਂ ਦੀ ਮੁੱਖ ਲੋੜ ਹੈ ਅਤੇ ਸਾਰੀਆਂ ਅਕਾਲੀ ਧਿਰਾਂ ਨੂੰ ਆਪਸੀ ਸਾਂਝ ਅਤੇ ਸਹਿਯੋਗ ਨਾਲ ਅੱਗੇ ਵਧਣਾ ਚਾਹੀਦਾ ਹੈ।ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਵੀ ਪੰਥਕ ਏਕਤਾ ਦੇ ਵਿਚਾਰ ਦਾ ਸਮਰਥਨ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ, ਪੰਜਾਬੀਅਤ ਅਤੇ ਸਿੱਖ ਕੌਮ ਦੇ ਮਸਲਿਆਂ ਦੇ ਹੱਲ ਲਈ ਸਾਂਝੇ ਯਤਨ ਕੀਤੇ ਜਾਣਗੇ। ਇਸ ਮੌਕੇ ਪ੍ਰੋਫੈਸਰ ਮਹਿੰਦਰਪਾਲ ਸਿੰਘ, ਜਥੇਦਾਰ ਕਰਨੈਲ ਸਿੰਘ ਨਾਰੀਕੇ , ਜਥੇਦਾਰ ਗੁਰਜੰਟ ਸਿੰਘ ਕੱਟੂ , ਜਥੇਦਾਰ ਬਹਾਦਰ ਸਿੰਘ ਭਸੌੜ, ਜਥੇਦਾਰ ਵਾਸਵੀਰ ਸਿੰਘ ਭੁੱਲਰ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ ਜ਼ਿਲ੍ਹਾ ਪ੍ਰਧਾਨ ਸੰਗਰੂਰ , ਜਥੇਦਾਰ ਹਰਜੀਤ ਸਿੰਘ ਸੰਜੂਮਾ , ਸਤਿਨਾਮ ਸਿੰਘ ਰਤੋਕੇ ਜ਼ਿਲ੍ਹਾ ਯੂਥ ਪ੍ਰਧਾਨ , ਬੀਬੀ ਬਲਜੀਤ ਕੌਰ ਜਖੇਪਲ ਜ਼ਿਲ੍ਹਾ ਪ੍ਰਧਾਨ ਸੰਗਰੂਰ ਇਸਤਰੀ ਵਿੰਗ , ਬੀਬੀ ਗਿਆਨ ਕੌਰ ਕਾਕੜਾ,ਬੀਬੀ ਹਰਪਾਲ ਕੌਰ ਸੰਗਰੂਰ ਸਮੇਤ ਪਾਰਟੀ ਦੇ ਵਰਕਰਾਂ ਨੇ ਹਾਜ਼ਰੀ ਭਰੀ।

# ਨਿਗਮ ਚੋਣਾਂ ਲਈ ਪ੍ਰਚਾਰ ਬੰਦ 26 ਮਈ ਨੂੰ ਵੋਟਿੰਗ, 29 ਨੂੰ ਆਉਣਗੇ ਨਤੀਜੇ

ਬਠਿੰਡਾ, 24 ਮਈ (ਦੀਪਕ ਸ਼ਰਮਾ) : ਜ਼ਿਲ੍ਹੇ ਅੰਦਰ ਹੋ ਰਹੀਆਂ ਨਗਰ ਨਿਗਮ ਚੋਣਾਂ ਦਾ ਭਖਿਆ ਹੋਇਆ ਪ੍ਰਚਾਰ ਐਤਵਾਰ ਨੂੰ ਸ਼ਾਮੀਂ 5 ਵਜੇ ਪੂਰੀ ਤਰ੍ਹਾਂ ਬੰਦ ਹੋ ਗਿਆ ਹੈ, ਜਿਸ ਨਾਲ ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ ਸਿਆਸੀ ਰੈਲੀਆਂ, ਲਾਊਡਸਪੀਕਰਾਂ ਦੇ ਖੜਕੇ ਅਤੇ ਸੜਕਾਂ 'ਤੇ ਸ਼ਕਤੀ ਪ੍ਰਦਰਸ਼ਨ ਦੇ ਦੌਰ ਤੇ ਵਿਰਾਮ ਲੱਗ ਗਿਆ ਹੈ। ਹੁਣ ਚੋਣ ਮੈਦਾਨ ਵਿਚ ਕਿਸਮਤ ਅਜ਼ਮਾ ਰਹੇ ਉਮੀਦਵਾਰਾਂ ਦਾ ਭਵਿੱਖ 26 ਮਈ ਨੂੰ ਵੋਟਰਾਂ ਦੇ ਹੱਥ ਵਿਚ ਹੋਵੇਗਾ। ਐਤਵਾਰ ਨੂੰ ਪ੍ਰਚਾਰ ਦੇ ਆਖਰੀ ਦਿਨ ਸਾਰੀਆਂ ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਰੀਝਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ। ਆਮ ਆਦਮੀ ਪਾਰਟੀ, ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਸ਼ਿਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਆਪਣੇ ਵਾਰਡਾਂ ਵਿਚ ਵੱਡੇ ਰੋਡ ਸ਼ੋਅ ਕੱਢੇ ਅਤੇ ਸਮਰਥਕਾਂ ਦੇ ਭਾਰੀ ਇਕੱਠ ਨਾਲ ਸ਼ਕਤੀ ਪ੍ਰਦਰਸ਼ਨ ਕੀਤਾ। ਵਰਕਰਾਂ ਵੱਲੋਂ ਘਰ-ਘਰ ਜਾ ਕੇ ਹੱਥ ਜੋੜ ਕੇ ਵੋਟਾਂ ਮੰਗੀਆਂ ਗਈਆਂ। ਪ੍ਰਚਾਰ ਥਮਣ ਤੋਂ ਬਾਅਦ ਉਮੀਦਵਾਰਾਂ ਦੇ ਸਾਹ ਉੱਪਰ-ਥੱਲੇ ਹੋਣੇ ਸ਼ੁਰੂ ਹੋ ਗਏ ਹਨ। ਹੁਣ ਅਗਲੇ ਦੋ ਦਿਨ ਤੱਕ ਸਾਰੇ ਦਲ ਪਰਦੇ ਦੇ ਪਿੱਛੇ ਰਹਿ ਕੇ ਬੂਥਾਂ ਦੀ ਮੈਨੇਜਮੈਂਟ ਅਤੇ ਵੋਟਰਾਂ ਨੂੰ ਘਰਾਂ ਵਿਚੋਂ ਕੱਢ ਕੇ ਪੋਲਿੰਗ ਬੂਥਾਂ ਤੱਕ ਲਿਆਉਣ ਦੀਆਂ ਗੁਪਤ ਰਣਨੀਤੀਆਂ ਉੱਪਰ ਕੰਮ ਕਰਨਗੇ। ਸ਼ਹਿਰ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਗਰਮਾਉਣ ਵਾਲੀਆਂ ਇਨ੍ਹਾਂ ਚੋਣਾਂ ਦੇ ਨਤੀਜੇ 29 ਮਈ ਨੂੰ ਐਲਾਨੇ ਜਾਣਗੇ, ਜੋ ਕਈ ਵੱਡੇ ਆਗੂਆਂ ਦੀ ਸਿਆਸੀ ਜ਼ਮੀਨ ਤੈਅ ਕਰਨਗੇ।ਇਸ ਵਾਰ ਦੀਆਂ ਨਿਗਮ ਚੋਣਾਂ ਨੂੰ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਵੱਡਾ ਸਿਆਸੀ ਸੈਮੀਫਾਈਨਲ ਮੰਨਿਆ ਜਾ ਰਿਹਾ ਹੈ, ਜਿਸ ਕਰਕੇ ਹਰ ਪਾਰਟੀ ਨੇ ਇਸ ਨੂੰ ਵਕਾਰ ਦਾ ਸਵਾਲ ਬਣਾਇਆ ਹੋਇਆ ਹੈ। ਸੱਤਾਧਾਰੀ ਧਿਰ ਆਪ ਨੇ ਆਪਣੇ ਵਿਕਾਸ ਕਾਰਜਾਂ ਅਤੇ ਸਾਫ਼-ਸੁਥਰੇ ਪ੍ਰਸ਼ਾਸਨ ਦੇ ਦਾਅਵਿਆਂ 'ਤੇ ਵੋਟਾਂ ਮੰਗੀਆਂ, ਜਦਕਿ ਕਾਂਗਰਸ ਨੇ ਸ਼ਹਿਰ ਦੇ ਸਥਾਨਕ ਮੁੱਦਿਆਂ, ਸਫ਼ਾਈ ਦੇ ਮਾੜੇ ਹਾਲਾਤ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਨੂੰ ਲੈ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ। ਦੂਜੇ ਪਾਸੇ ਭਾਜਪਾ ਨੇ ਸ਼ਹਿਰਾਂ ਦੇ ਵਿਕਾਸ ਲਈ ਕੇਂਦਰੀ ਸਕੀਮਾਂ ਦਾ ਹਵਾਲਾ ਦਿੱਤਾ ਅਤੇ ਅਕਾਲੀ ਦਲ ਨੇ ਆਪਣੇ ਪੁਰਾਣੇ ਤੇ ਰਵਾਇਤੀ ਵੋਟ ਬੈਂਕ ਨੂੰ ਬਚਾਉਣ ਲਈ ਪੂਰੀ ਤਾਕਤ ਲਗਾਈ। ਐਤਵਾਰ ਨੂੰ ਆਖਰੀ ਦਿਨ ਬਾਜ਼ਾਰਾਂ ਅਤੇ ਮੁਹੱਲਿਆਂ ਵਿਚ ਸਿਆਸੀ ਰੌਣਕਾਂ ਸਿਖਰਾਂ ਤੇ ਸਨ, ਢੋਲ-ਧਮੱਕਿਆਂ ਦੇ ਨਾਲ ਕੱਢੇ ਰੋਡ ਸ਼ੋਅ ਅਤੇ ਪਾਰਟੀਆਂ ਦੇ ਝੰਡਿਆਂ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਰੰਗੀਨ ਬਣਾ ਦਿੱਤਾ। ਨੇਤਾਵਾਂ ਨੇ ਸੋਸ਼ਲ ਮੀਡੀਆ, ਫੇਸਬੁੱਕ ਲਾਈਵ ਅਤੇ ਵਟਸਐਪ ਵੀਡੀਓਜ਼ ਰਾਹੀਂ ਵੀ ਆਖਰੀ ਮਿੰਟ ਤੱਕ ਆਪਣਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਅਤੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਣ ਲਈ ਖ਼ਾਸ ਜ਼ੋਰ ਲਗਾਇਆ। ਕੁਝ ਵਾਰਡਾਂ ਵਿਚ ਆਜ਼ਾਦ ਉਮੀਦਵਾਰਾਂ ਨੇ ਵੀ ਸਿਆਸੀ ਪਾਰਟੀਆਂ ਦੀ ਨੀਂਦ ਉਡਾਈ ਹੋਈ ਹੈ। ਇਸੇ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਚੋਣਾਂ ਨੂੰ ਪੂਰੀ ਤਰ੍ਹਾਂ ਸ਼ਾਂਤਮਈ ਅਤੇ ਪਾਰਦਰਸ਼ੀ ਤਰੀਕੇ ਨਾਲ ਕਰਵਾਉਣ ਲਈ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ ਹਨ। ਚੋਣ ਡਿਊਟੀ ਤੇ ਤਾਇਨਾਤ ਸਟਾਫ਼ ਅਤੇ ਅਧਿਕਾਰੀਆਂ ਨੂੰ 25 ਮਈ ਯਾਨੀ ਅੱਜ ਸੋਮਵਾਰ ਨੂੰ ਆਪਣੇ ਸਬੰਧਤ ਚੋਣ ਕੇਂਦਰਾਂ ਲਈ ਰਵਾਨਾ ਕਰ ਦਿੱਤਾ ਜਾਵੇਗਾ।

# ਮੈਨੂੰ ਤੁਸੀਂ ਪਹਿਲਾਂ ਵੀ ਅਜਮਾਇਆ, ਇਸ ਵਾਰ ਵੀ ਮੌਕਾ ਦਿਓ : ਸਵੀਟੀ



ਬੁਢਲਾਡਾ , 24 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ)-ਨਗਰ ਕੌਂਸਲ ਦੀਆਂ ਚੋਣਾਂ ਵਿੱਚ ਵਾਰਡ ਨੰਬਰ 12 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਹਰਵਿੰਦਰਦੀਪ ਸਿੰਘ ਸਵੀਟੀ ਅਤੇ ਵਾਰਡ ਨੰਬਰ 13 ਤੋਂ ਮੇਰੀ ਮਾਤਾ ਸੁਰਜੀਤ ਕੌਰ ਜੀ ਖੜ੍ਹੇ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਵਿੰਦਰਦੀਪ ਸਿੰਘ ਸਵੀਟੀ ਨੇ ਕਿਹਾ ਕਿ ਵਾਰਡ ਨੰਬਰ 16 ਤੋਂ ਮੈਂ ਪਹਿਲਾਂ ਵੀ ਐਮ.ਸੀ ਰਹਿ ਚੁੱਕਿਆ ਹਾਂ।ਇਸ ਵਾਰ ਉਸ ਵਾਰਡ ਨੂੰ ਮਹਿਲਾ ਜਨਰਲ ਕਰ ਦਿੱਤਾ ਗਿਆ ਤੇ ਉਸਦੀ ਨੰਬਰਿੰਗ ਵੀ ਬਦਲ ਕੇ 13 ਕਰ ਦਿੱਤੀ ਗਈ,ਜੋ ਕਿ ਹੁਣ ਵਾਰਡ ਨੰਬਰ 13 ਹੋ ਗਿਆ ਹੈ। ਉਨ੍ਹਾਂ ਵਾਰਡ ਵਾਸੀਆਂ ਤੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਤੁਸੀਂ ਪਹਿਲਾਂ ਭਾਰੀ ਬਹੁਮਤ ਨਾਲ ਜਿਤਾ ਕੇ ਮੈਨੂੰ ਨਗਰ ਕੌਂਸਲ ਦਾ ਮੈਂਬਰ ਬਣਾ ਕੇ ਭੇਜਿਆ ਸੀ ਤੇ ਮੈਂ ਤੁਹਾਡੀਆਂ ਉਮੀਦਾਂ ਤੇ ਖਰਾ ਉਤਰਿਆ ਸੀ।ਇਸੇ ਹੀ ਤਰ੍ਹਾਂ ਮੈਂ ਚਾਹੁੰਦਾ ਹਾਂ ਕਿ ਇਸ ਵਾਰ ਵਾਰਡ ਵਾਸੀ ਮੇਰੀ ਮਾਤਾ ਸੁਰਜੀਤ ਕੌਰ ਜੀ ਨੂੰ ਜੋ ਕਿ ਵਾਰਡ ਨੰਬਰ 13 ਵਿੱਚੋਂ ਚੋਣ ਲੜ ਰਹੇ ਹਨ,ਉਹਨਾਂ ਨੂੰ ਵੀ ਮੇਰੇ ਵਾਂਗ ਵਾਰਡ ਨੰਬਰ 13 ਦੇ ਵਿੱਚੋਂ ਭਾਰੀ ਬਹੁਮਤ ਨਾਲ ਜਿਤਾ ਕੇ ਨਗਰ ਕੌਂਸਲ ਦਾ ਮੈਂਬਰ ਬਣਾਉਣ,ਤਾਂ ਜੋ ਤੁਹਾਡੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਤੁਹਾਡਾ ਇਹ ਭਰਾ ਪੂਰੇ ਕਰ ਸਕੇ। ਉਨ੍ਹਾਂ ਕਿਹਾ ਕਿ ਉਹ ਖੁਦ ਵਾਰਡ ਨੰਬਰ 12 ਚੋਂ ਚੋਣ ਲੜ ਰਹੇ ਹਨ।

# ਪੱਤਰਕਾਰ ਕੁਲਵੰਤ ਸਿੰਘ ਦੇ ਪਿਤਾ ਨਮਿਤ ਸ਼ਰਧਾਂਜਲੀ ਸਮਾਰੋਹ



ਖਨੌਰੀ, 24 ਮਈ ( ਓਮਪ੍ਰਕਾਸ਼ ਮੁਆਲ) : ਖਨੌਰੀ ਮੰਡੀ ਤੋਂ ਪੱਤਰਕਾਰ ਕੁਲਵੰਤ ਸਿੰਘ ਗੁਲਾੜੀ ਦੇ ਪਿਤਾ ਨਮਿਤ ਸ਼ਰਧਾਂਜਲੀ ਸਮਾਰੋਹ ਸ੍ਰੀ ਗੁਰੂ ਰਵਿਦਾਸ ਮੰਦਿਰ ਬੇਗਮਪੁਰਾ ਧਾਮ ਗੁਲਾੜੀ ਵਿੱਚ ਹੋਇਆ , ਜਿਸ ਵਿੱਚ ਇਲਾਕਾ ਨਿਵਾਸੀਆਂ ਨਾਲ ਪੰਚ, ਸਰਪੰਚ ਅਤੇ ਮੋਹਤਬਰ ਵਿਅਕਤੀਆਂ ਨਾਲ ਪ੍ਰੇਮੀ ਸਹੀ ਰਾਮ ਜੀ ਨਮਿਤ ਹੋਈ ਅੰਤਿਮ ਅਰਦਾਸ ਦੀ ਨਾਮ ਚਰਚਾ ਮੌਕੇ ਵੱਡੀ ਗਿਣਤੀ 'ਚ ਸਾਧ ਸੰਗਤ ਨੇ ਹਿੱਸਾ ਲਿਆ।ਇਸ ਮੌਕੇ ਸੱਚ ਕਹੂੰ ਸਟਾਫ ਜ਼ਿਲ੍ਹਾ ਇੰਚਾਰਜ ਗੁਰਪ੍ਰੀਤ ਸਿੰਘ, ਨਰੇਸ਼ ਕੁਮਾਰ, ਪੱਤਰਕਾਰ ਮੋਹਨ ਸਿੰਘ ਮੂਣਕ, ਪੱਤਰਕਾਰ ਬਲਕਾਰ ਸਿੰਘ, ਵਿਸ਼ੇਸ਼ ਤੌਰ 'ਤੇ ਪਹੁੰਚੇ। ਮੁੱਖ ਸੰਪਾਦਕ ਸ਼੍ਰੀ ਤਿਲਕ ਰਾਜ ਵੱਲੋਂ ਸੋਗ ਸੰਦੇਸ਼ ਭੇਜਿਆ ਗਿਆ। ਬਲਾਕ ਪ੍ਰੇਮੀ ਸੇਵਕ ਦਰਸ਼ਨ ਇੰਸਾਂ ਨੇ ਪ੍ਰੇਮੀ ਸਹੀ ਰਾਮ ਇੰਸਾਂ ਦੀ ਜੀਵਨੀ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਸ੍ਰੀ ਸਹੀ ਰਾਮ ਜੀ ਧਾਰਮਿਕ ਵਿਚਾਰਾਂ ਦੇ ਧੰਨੀ ਸਨ ਜਿਨ੍ਹਾਂ ਨੇ ਆਪਣੇ ਪਰਿਵਾਰ ਦੀ ਪਾਲਣਾ ਪੋਸ਼ਣਾ ਕਰਦਿਆਂ ਪਰਿਵਾਰ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਿਆ।

# ਅਮਨ ਅਰੋੜਾ ਨੇ ਸਲੋਨੀ ਵਿੱਕੀ ਗਰਗ ਲਈ ਕੀਤਾ ਚੋਣ ਪ੍ਰਚਾਰ



ਸੁਨਾਮ, 24 ਮਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਆਮ ਆਦਮੀ ਪਾਰਟੀ ਦੀ ਉਮੀਦਵਾਰ ਮੈਡਮ ਸਲੋਨੀ ਵਿੱਕੀ ਗਰਗ, ਜੋ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ ਜਿਨ੍ਹਾਂ ਦਾ ਚੋਣ ਨਿਸ਼ਾਨ ਝਾੜੂ ਹੈ, ਸਮੂਹ ਵਾਰਡ ਨਿਵਾਸੀਆਂ ਵੱਲੋਂ ਵਾਰਡ ਨੰਬਰ 21 ਦੇ ਸ਼੍ਰੀ ਭੱਦਰਕਾਲੀ ਮੰਦਰ ਮੁਹੱਲਾ ਕੈਲਾਸ਼ ਪਰਬਤ ਨੇੜੇ ਇੱਕ ਵਿਸ਼ਾਲ ਚੋਣ ਰੈਲੀ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਉਮੀਦਵਾਰ ਮੈਡਮ ਸਲੋਨੀ ਵਿੱਕੀ ਗਰਗ ਲਈ ਰੈਲੀ ਵਿੱਚ ਇੱਕ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਵਾਰਡ ਨਿਵਾਸੀਆ ਨੂੰ ਅਪੀਲ ਕੀਤੀ ਕਿ ਉਹ ਸਾਬਕਾ ਕੌਂਸਲਰ ਵਿੱਕੀ ਗਰਗ ਦੀ ਪਤਨੀ ਸ੍ਰੀਮਤੀ ਸਲੋਨੀ ਗਰਗ ਨੂੰ ਵੋਟਾਂ ਪਾਕੇ ਉਨ੍ਹਾਂ ਦੀ ਜਿੱਤ ਨੂੰ ਵੱਡੇ ਪੱਧਰ ਤੇ ਯਕੀਨੀ ਬਣਾਉਣ ਤਾਂ ਜੋ ਉਹ ਨਗਰ ਕੌਂਸਲ ਤੱਕ ਪਹੁੰਚ ਸਕਣ ਅਤੇ ਤੁਹਾਡੇ ਵਾਰਡ ਵਿੱਚ ਸਾਰੇ ਕੰਮ ਪਹਿਲ ਦੇ ਆਧਾਰ ਤੇ ਕਰਵਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਜੇਕਰ ਤੁਸੀਂ ਪਾਰਟੀ ਦੇ ਹੱਥ ਮਜ਼ਬੂਤ ਕਰੋਗੇ ਤਾਂ ਸਾਰੇ ਕੰਮ ਸਮੇਂ ਸਿਰ ਹੋਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀਆਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਭਰੋਸਾ ਦਿਵਾਇਆ ਅਤੇ ਸਲੋਨੀ ਵਿੱਕੀ ਗਰਗ ਦੇ ਹੱਕ ਵਿੱਚ ਵੋਟ ਪਾਉਣ ਦਾ ਭਰੋਸਾ ਦਿੱਤਾ।

# ਠੰਢੇ ਪਾਣੀ ਦੀ ਛਬੀਲ ਲਗਾਈ



ਖਨੌਰੀ, 24 ਮਈ (ਓਮਪ੍ਰਕਾਸ਼ ਮੁਆਲ) : ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਵੱਲੋਂ ਅੱਜ ਸੰਤ ਸ਼੍ਰੀ ਰਾਮਾਨੰਦ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖਨੌਰੀ ਸ਼ਹਿਰ ਦੇ ਮੰਡਵੀ ਰੋਡ 'ਤੇ ਥਾਣਾ ਖਨੌਰੀ ਨੇੜੇ ਠੰਡੇ ਮਿੱਠੇ ਜਲ ਦੀ ਛਬੀਲ ਲਗਾ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਗੁਰੂ ਰਵਿਦਾਸ ਮੰਦਿਰ ਬੇਗਮਪੁਰਾ ਧਰਮ ਅਸਥਾਨ ਡੇਰਾ ਬੋਪੁਰ ਦੇ ਮੁੱਖ ਸੰਚਾਲਕ ਸ੍ਰੀ ਮਾਨ ਸੰਤ ਜਗਦੀਸ਼ ਦਾਸ ਜੀ ਵੱਲੋਂ ਅਰਦਾਸ ਬੇਨਤੀ ਕਰਕੇ ਛਬੀਲ ਦੀ ਸੇਵਾ ਦੀ ਸ਼ੁਰੂਆਤ ਕਰਵਾਈ ਗਈ। ਤਪਦੀ ਗਰਮੀ ਅਤੇ ਲੂ ਦੇ ਮੌਸਮ ਦੌਰਾਨ ਲਗਾਈ ਗਈ। ਇਸ ਛਬੀਲ ਰਾਹੀਂ ਰਾਹਗੀਰਾਂ ਨੂੰ ਠੰਡੇ ਮਿੱਠੇ ਜਲ ਦੀ ਸੇਵਾ ਦਿੱਤੀ ਗਈ ਅਤੇ ਮਾਨਵਤਾ ਭਲਾਈ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਲੋਕ ਸਭਾ ਸੰਗਰੂਰ ਦੇ ਇੰਚਾਰਜ ਇੰਜੀ. ਅਮਨ ਬੋਧ ਅਤੇ ਹਲਕਾ ਪ੍ਰਧਾਨ ਡਾ. ਰਾਜਕੁਮਾਰ ਜੱਸਲ ਨੇ ਕਿਹਾ ਕਿ ਸੰਤ ਸ਼੍ਰੀ ਰਾਮਾਨੰਦ ਜੀ ਨੇ ਸਮਾਜਿਕ ਬਰਾਬਰੀ, ਭਾਈਚਾਰੇ ਅਤੇ ਇਨਸਾਫ ਲਈ ਆਪਣੀ ਪੂਰੀ ਜ਼ਿੰਦਗੀ ਸਮਰਪਿਤ ਕੀਤੀ। ਉਨ੍ਹਾਂ ਕਿਹਾ ਕਿ 2027 ਵਿੱਚ ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣਾ ਕੇ ਸੰਤ ਰਾਮਾਨੰਦ ਜੀ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾਵੇਗਾ।ਇਸ ਮੌਕੇ ਸੀਨੀਅਰ ਨੇਤਾ ਸੁਰਿੰਦਰ ਸੰਗਰੋਲੀ, ਸੰਭੂ ਰੰਗਾ, ਵਿਕਰਮ ਗੁਲਾੜੀ, ਗੁਲਾਬ ਛਾਡੀਆ, ਰਾਜਵੀਰ, ਜਸਵੰਤ ਚੌਹਾਨ, ਡਾ. ਕ੍ਰਿਸ਼ਨ ਜੱਸਲ, ਆਖੇ ਰਾਮ, ਵਿੱਕੀ ਭੁੱਕਲ, ਰਵੀ, ਸ਼ੇਖਰ, ਸਿਮੀ, ਵਿਜੇ, ਬਲਵੀਰ ਬਾਬਰੀ, ਮਨੀਸ਼ , ਸੁੱਖਮਨ ਸਮੇਤ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਹਾਜ਼ਰ ਸਨ, ਜਿਨ੍ਹਾਂ ਨੇ ਬਣਦੀ ਸੇਵਾ ਨਿਭਾਈ।

# ਲਹਿਰਾ ਹਲਕੇ ਵਿਚ ਮੰਤਰੀ ਬਰਿੰਦਰ ਗੋਇਲ ਦੇ ਕੰਮ ਬੋਲਣ ਲੱਗੇ



ਲਹਿਰਾਗਾਗਾ, 24 ਮਈ (ਰਾਮੇਸ਼ਵਰ ਸ਼ਰਮਾ /ਖੁਸ਼ਵਿੰਦਰ ਸ਼ਰਮਾ ) : ਬੇਸ਼ੱਕ ਵਿਧਾਨ ਸਭਾ ਚੋਣਾਂ ਵਿੱਚ ਕਰੀਬ 9 ਮਹੀਨੇ ਦਾ ਸਮਾਂ ਬਾਕੀ ਹੈ। ਬਾਵਜੂਦ ਇਸਦੇ ਹਲਕਾ ਲਹਿਰਾਗਾਗਾ ਅੰਦਰ ਜਿੱਥੇ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਸਿਆਸੀ ਜ਼ਮੀਨ ਤਲਾਸ਼ੀ ਜਾ ਰਹੀ ਹੈ, ਉੱਥੇ ਹੀ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਹਲਕੇ ਦੇ ਸਰਵਪੱਖੀ ਵਿਕਾਸ ਅਤੇ ਖੁਸ਼ਹਾਲੀ ਲਈ ਕੀਤੇ ਗਏ ਅਤੇ ਕੀਤੇ ਜਾ ਰਹੇ ਕੰਮਾਂ ਲੋਕਾਂ ਦੇ ਸਿਰ ਚੜ ਕੇ ਬੋਲ ਰਹੇ ਹਨ, ਜਿਸ ਦੇ ਚਲਦੇ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਲੋਕ ਵੱਖ-ਵੱਖ ਪਾਰਟੀਆਂ ਛੱਡ ਕੇ ਆਪ ਵਿੱਚ ਸ਼ਾਮਿਲ ਹੋ ਰਹੇ ਹਨ। ਬੀਤੇ ਦਿਨੀ ਇੱਕ ਨਾਮਵਰ ਆੜਤੀ ਦਾ ਆਪ ਵਿੱਚ ਸ਼ਾਮਿਲ ਹੋਣਾ ਵਿਰੋਧੀਆਂ ਨੂੰ ਸਕਤੇ ਵਿੱਚ ਪਾ ਗਿਆ ,ਉੱਥੇ ਹੀ ਅੱਜ ਪਿੰਡ ਖੰਡੇਬਾਦ ਵਿਖੇ ਸੈਂਕੜੇ ਟਕਸਾਲੀ ਕਾਂਗਰਸੀ ਪਰਿਵਾਰਾਂ ਨੇ ਮੰਤਰੀ ਗੋਇਲ ਦੇ ਕੰਮਾਂ ਤੋਂ ਪ੍ਰਭਾਵਿਤ ਹੁੰਦਿਆਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਮਹਿਲਾਵਾਂ ਵੀ ਸ਼ਾਮਿਲ ਸਨ।ਪਿੰਡ ਖੰਡੇਬਾਦ ਵਿਖੇ ਰੱਖੇ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਮੰਤਰੀ ਗੋਇਲ ਨੇ ਆਪਣੀ ਧਰਮ ਪਤਨੀ ਸ਼੍ਰੀਮਤੀ ਸੀਮਾ ਗੋਇਲ ਅਤੇ ਬੇਟੇ ਗੌਰਵ ਗੋਇਲ ਨਾਲ ਸ਼ਿਰਕਤ ਕਰਦਿਆਂ ਆਪ ਵਿੱਚ ਸ਼ਾਮਲ ਹੋਣ ਵਾਲੇ ਪਰਿਵਾਰਾਂ ਦਾ ਸਨਮਾਨ ਕੀਤਾ, ਪਿੰਡ ਨਿਵਾਸੀਆਂ ਵੱਲੋਂ ਗੋਇਲ ਪਰਿਵਾਰ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਮੰਤਰੀ ਗੋਇਲ ਨੇ ਕਿਹਾ ਕਿ ਲੋਕਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣਾ ਸਾਬਤ ਕਰਦਾ ਹੈ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਹੋ ਰਹੇ ਵਿਕਾਸ ਕੰਮਾਂ ਤੋਂ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹਨ। ਉਹਨਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਪੂਰਾ ਮਾਨ ਸਨਮਾਨ ਕੀਤਾ ਜਾਵੇਗਾਇਸ ਮੌਕੇ ਵੱਡੀ ਗਿਣਤੀ ਵਿੱਚ ਸਰਪੰਚ,ਪੰਚ ਤੇ ਹੋਰ ਸੈਂਕੜੇ ਆਗੂ ਅਤੇ ਵਲੰਟੀਅਰ ਹਾਜ਼ਰ ਸਨ।

# ਸ਼ੁਸ਼ੀਲ ਰਾਣੀ ਨੇ ਵਿਰੋਧੀਆਂ ਦੀ ਨੀਂਦ ਉਡਾਈ



ਲੌਂਗੋਵਾਲ, (ਭਗਵੰਤ ਸ਼ਰਮਾਂ) ਲੌਂਗੋਵਾਲ ਦੀਆਂ ਨਗਰ ਕੌਂਸਲ ਚੋਣਾਂ ਵਿੱਚ 11 ਨੰਬਰ ਤੋਂ ਕਾਂਗਰਸ ਸਮੇਤ ਹੋਰਨਾਂ ਪਾਰਟੀਆਂ ਦੀ ਸਾਂਝੀ ਉਮੀਦਵਾਰ ਸ਼ੁਸ਼ੀਲ ਰਾਣੀ ਪਤਨੀ ਸੰਜੇ ਪਾਲ ਸੈਣ (ਸਮਾਜ ਸੇਵੀ) ਦੇ ਭਰਵੇ ਇੱਕਠ ਅਤੇ ਵਾਰਡ ਵਾਸੀਆਂ ਵਲੋਂ ਮਿਲ ਰਹੇ ਸਹਿਯੋਗ ਨੇ ਵਿਰੋਧੀ ਉਮੀਦਵਾਰ ਦੀ ਨੀਂਦ ਉਡਾ ਕੇ ਰੱਖ ਦਿੱਤੀ ਹੈ ਇਸ ਮੌਕੇ ਕਾਂਗਰਸੀ ਆਗੂ ਰਾਜਿੰਦਰ ਦੀਪਾ, ਭਾਜਪਾ ਦੀ ਸੰਗਰੂਰ-2ਜਿਲਾ ਪ੍ਰਧਾਨ ਦਾਮਨ ਬਾਜਵਾ,ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ,ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗੁਰਮੀਤ ਸਿੰਘ ਲੱਲੀ, ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ ਨੇ ਸਮਰਥਨ ਦਿੰਦਿਆਂ ਵਾਰਡ ਵਾਸੀਆ ਨੂੰ ਸ਼ੁਸ਼ੀਲ ਰਾਣੀ ਦਾ ਬਿਨ੍ਹਾ ਕਿਸੇ ਡਰ ਭੈਅ ਤੋਂ ਡਟ ਕੇ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸ਼ੁਸ਼ੀਲ ਰਾਣੀ,ਉਨ੍ਹਾਂ ਦੇ ਪਤੀ ਸੰਜੇ ਸੈਣ ਅਤੇ ਪੁੱਤਰ ਹਨੀ ਕਿੰਗ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਦੇ ਨਾਲ ਲੋਕਾਂ ਦੀ ਸੇਵਾ ਕਰਨਗੇ।ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ ਨਗਰ ਕੌਂਸਲ ਦੀਆਂ ਤਿਆਰੀਆਂ ਵਿੱਚ ਵਾਰਡ ਨੰਬਰ 11 ਤੋਂ ਉੱਗੇ ਸਮਾਜ ਸੇਵੀ ਸੰਜੇ ਸੈਣ ਜੀ ਦੀ ਧਰਮ ਪਤਨੀ ਸ਼ੁਸ਼ੀਲ ਰਾਣੀ ਸਮੂਹ ਪਾਰਟੀਆਂ ਵੱਲੋਂ ਵਾਰਡ ਨੰਬਰ 11 ਦੀ ਉਮੀਦਵਾਰ ਖੜ੍ਹਾ ਕੀਤਾ ਹੈ ਜਿਸ ਨੂੰ ਬਹੁਤ ਹੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਸਾਰੀਆਂ ਹੀ ਪਾਰਟੀਆਂ ਦੇ ਵਰਕਰ ਅਤੇ ਲੀਡਰ ਸਾਹਿਬਾਨ ਰੋਜ਼ਾਨਾ ਵਾਰਡ ਵਿੱਚ ਘਰ ਘਰ ਜਾ ਕੇ ਵੋਟਾਂ ਲਈ ਬੇਨਤੀ ਕਰਦੇ ਨਜ਼ਰ ਆ ਰਹੇ ਹਨ ਜਿਸ ਨਾਲ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਭਾਜੜਾਂ ਪਾਈਆਂ ਹੋਈਆਂ ਹਨ ਹਰ ਦਿਨ ਸ਼ੁਸ਼ੀਲ ਰਾਣੀ ਦੀ ਚੋਣ ਨੂੰ ਭਰਮਾ ਹੁੰਗਾਰਾ ਮਿਲ ਰਿਹਾ ਹੈ ਪਹਿਲਾਂ ਤਾਂ ਇਹ ਲੱਗਦਾ ਸੀ ਕਿ ਅਸੀਂ ਚੋਣ ਮੁਹਿੰਮ ਲੇਟ ਸ਼ੁਰੂ ਕੀਤੀ ਪ੍ਰੰਤੂ ਮਿਹਨਤ ਕਰਕੇ ਵਿਰੋਧੀ ਨੂੰ ਪਿੱਛੇ ਕਰ ਦਿੱਤਾ ਇਸ ਮੌਕੇ ਸਾਬਕਾ ਪ੍ਰਧਾਨ ਗੀਤੂ ਗੋਇਲ,ਅਤੇ ਪਰਮਿੰਦਰ ਕੌਰ ਬਰਾੜ,ਪਤਵੰਤੇ ਸੱਜਣ ਅਤੇ ਵਾਰਡ ਨਿਵਾਸੀ ਹਾਜਰ ਸਨ।

# ਰੋਜ਼ਾਨਾ ਚੜ੍ਹਦੀਕਲਾ ਦੀ 49ਵੀਂ ਵਰ੍ਹੇਗੰਢ 'ਤੇ ਬੁਢਲਾਡਾ ਤੋਂ ਵਿਸ਼ੇਸ਼ ਸਪਲੀਮੈਂਟ

## ਸਹਿਯੋਗੀ ਸੱਜਣ



ਸ. ਸਿਕੰਦਰ ਸਿੰਘ ਚੀਮਾ, ਡੀ.ਐਸ.ਪੀ. ਬੁਢਲਾਡਾ | ਸ. ਮਨਜੀਤ ਸਿੰਘ ਔਲਖ, ਡੀ.ਐਸ.ਪੀ. ਚਮਕੌਰ ਸਾਹਿਬ | ਸ. ਕੰਵਲਜੀਤ ਸਿੰਘ, ਐਸ.ਐਚ.ਓ. ਬੁਢਲਾਡਾ



ਸ੍ਰੀ ਗਣੇਸ਼ਵਰ ਕੁਮਾਰ, ਐਸ.ਐਚ.ਓ. ਸਦਰ ਬੁਢਲਾਡਾ | ਸ. ਬਲਕੌਰ ਸਿੰਘ, ਸੀ.ਆਈ.ਏ. ਸਟਾਫ਼ ਮਾਨਸਾ | ਸ੍ਰੀ ਰਕੇਸ਼ ਜੈਨ, ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ



ਸ. ਹੈਪੀ ਸਿੰਘ, ਬੁਢਲਾਡਾ | ਬੰਟੀ ਸਿੱਧੂ, ਬੁਢਲਾਡਾ | ਸ੍ਰੀ ਲਕਸ਼ਮੀ ਨਰਾਇਣ ਬਾਂਸਲ, ਬੁਢਲਾਡਾ



ਸ. ਸੋਹਣਾ ਸਿੰਘ ਕਲੀਪੁਰ
ਚੇਅਰਮੈਨ ਕੋਆਪਰੇਟਿਵ ਬੈਂਕ, ਬੁਢਲਾਡਾ



## ਧੰਨਵਾਦ



ਦਵਿੰਦਰ ਸਿੰਘ ਕੋਹਲੀ
ਸੀਨੀ. ਪੱਤਰਕਾਰ ਬੁਢਲਾਡਾ
98158-22564

ਅਸੀਂ ਉਨ੍ਹਾਂ ਸੱਜਣਾਂ ਮਿੱਤਰਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਸ ਮੌਕੇ ਸਪਲੀਮੈਂਟ ਕੱਢਣ ਵਿੱਚ ਸਹਿਯੋਗ ਦਿੱਤਾ। ਆਸ ਕਰਦੇ ਹਾਂ ਕਿ ਇਹ ਸਹਿਯੋਗ ਅੱਗੇ ਤੋਂ ਵੀ ਇਸੇ ਤਰ੍ਹਾਂ ਦਿੰਦੇ ਰਹੋਗੇ।



ਜੀਵਨ ਕੁਮਾਰ
ਪੱਤਰਕਾਰ ਬੁਢਲਾਡਾ
77174-27744



ਸਵ. ਸ. ਗੁਰਚਰਨ ਸਿੰਘ ਕੋਹਲੀ
01.01.1940 ਤੋਂ 27.07.2007









































Since 1992
KRISHANA GROUP
Regd. No. UDYAM-PB-13-0011743

**Dr. Krishan Lal**
B.Sc.,B.Ed.,M.Com., M.A., M.Phil.,Ph.D.
Retd. Lecturer Political Sc.
Near Himanshu Educational Hub, Ward No.9 , Chauri Gali, Budhlada - 151502 Distt. Mansa (Pb.)

www.Krishanahelp.com
drkrishan365@gmail.com
info@krishnahelp.com
98157-13297 / 70090-22962/63
84272-03297, 84272-03298
Office:90410-13814 - 19 (6 Lines)
9815713297, 99150-31482
Office Time: 10:00 AM TO 1: 00 PM
4:00 PM TO 7:00 PM



A CONSULTANCY REGISTERED FIRM TO PROVIDE HELP FOR THE PROBLEMS OF GOVT. EMPLOYEES & RETIRED PENSIONERS

ਸਤਿਕਾਰਯੋਗ ਵੀਰ/ਭੈਣ ਜੀ,
ਹੇਠ ਲਿਖੇ ਕੋਰਟ ਕੇਸਾ ਵਿੱਚ ਸ਼ਾਮਲ ਹੋਣ ਲਈ ਡਾ. ਕ੍ਰਿਸ਼ਨ ਲਾਲ ਨਾਲ ਸੰਪਰਕ ਕਰੋ ।

1. 10 ਸਾਲਾ ਤੋਂ ਆਊਟਸੋਰਸ 'ਤੇ ਕੰਮ ਕਰ ਰਹੇ ਕਰਮਚਾਰੀ ਰੈਗੂਲਰ ਹੋਣ ਲਈ।
2. ਪਾਰਟ ਟਾਈਮ ਸਵੀਪਰ ਜਾਂ ਹੋਰ ਕਰਮਚਾਰੀ ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਬਾਅਦ ਰਿਟਾਰਮੈਂਟ ਤੋਂ ਕੁਝ ਸਮਾਂ ਪਹਿਲਾ ਰੈਗੂਲਰ ਕੀਤਾ ਗਿਆ ਹੈ ਉਨ੍ਹਾਂ ਦੀ ਪੁਰਾਣੀ ਸੇਵਾ ਪੈਨਸ਼ਨ ਲਾਭ ਲਈ ਗਿਣਨ ਸੰਬੰਧੀ।
3. ਕੰਪਿਊਟਰ ਟੀਚਰ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਮਿਲਣ ਵਾਲੀਆ ਸਹੂਲਤਾ ਲੈਣ ਲਈ ਸੰਪਰਕ ਕਰਨ ।
4. 60% ਡੀ.ਏ. ਕੇਂਦਰ ਸਰਕਾਰ ਦੇ ਮੁਲਾਜਮਾਂ ਵਾਂਗ 3 ਮਹੀਨੇ 'ਚ ਲੈਣ ਸੰਬੰਧੀ।
5. ਪੰਜਾਬ ਵਿੱਤ ਵਿਭਾਗ ਦੇ ਨੋਟੀਫਿਕੇਸ਼ਨ 18-11-2022 ਦੇ ਅਨੁਸਾਰ ਸਰਕਾਰ ਦੇ ਕਰਮਚਾਰੀ National Pension System (NPS) ਦੀ ਥਾਂ ਤੇ Old Pension Scheme ਲੈਣ ਲਈ ਸੰਪਰਕ ਕਰਨ ।
6. ਪੰਜਾਬ ਦੇ ਛੇਵੇਂ ਪੇਅ ਕਮੀਸ਼ਨ ਦੇ ਬਕਾਏ 01-01-2016 ਤੋਂ 30-06-2021 ਤੱਕ ਦੇਣ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਕੇ ਸੁਪਰੀਮ ਕੋਰਟ ਦੇ ਫੈਸਲੇ 30-07-2008 ਅਨੁਸਾਰ ਬਕਾਏ 2 ਮਹੀਨਿਆ ਅੰਦਰ 324 ਮਹੀਨਿਆ ਦੀਆ ਡੀ.ਏ. ਦੀਆ ਕਿਸ਼ਤਾ ਸਮੇਤ ਲੈਣ ਲਈ ਸੰਪਰਕ ਕਰੋ ।
7. ਸੁਪਰੀਮ ਕੋਰਟ ਦੇ ਹੁਕਮਾ ਅਨੁਸਾਰ ਪੰਜਾਬ ਸਰਕਾਰ ਦੇ ਨਵੇਂ ਭਰਤੀ ਮੁਲਾਜਮ (17 ਜੁਲਾਈ 2020) ਤੋਂ ਕੇਂਦਰੀ ਪੇਅ ਸਕੇਲ ਰੱਦ ਕਰਵਾਕੇ ਛੇਵਾਂ ਪੇਅ ਕਮਿਸ਼ਨ ਲਾਗੂ ਕਰਵਾਉਣ ਲਈ ਅਤੇ ਬਣਦੇ ਲਾਭ ਲੈਣ ਲਈ ਸੰਪਰਕ ਕਰਨ ।
8. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਕਾਰਨ ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪੱਤਰ ਵਿਹਾਰ ਰਾਹੀ ਡਿਗਰੀਆਂ ਵਾਲੇ ਅਧਿਆਪਕ ਤਰੱਕੀ ਲੈਣ ਲਈ ਸੰਪਰਕ ਕਰਨ ।
9. ਸੀਨੀਅਰ ਅਧਿਕਾਰੀ / ਕਰਮਚਾਰੀ ਆਪਣੀ ਤਨਖਾਹ ਜੂਨੀਅਰ ਦੇ ਬਰਾਬਰ ਫਿਕਸ ਕਰਵਾ ਸਕਦਾ ਹੈ ।
10. Left out ਕਰਮਚਾਰੀ Headmaster / Lecturer / Principal ਅਤੇ ਹੋਰ ਬਣਦੀਆ ਪ੍ਰਮੋਸ਼ਨ ਲੈਣ ਸੰਬੰਧੀ।
11. S.S.A., 3442, 7654, 5178 and C.S.S. ਅਤੇ ਆਦਰਸ਼ ਸਕੂਲਾਂ ਅਧੀਨ Contract ਉਪਰ ਅਧਿਆਪਕ Fully Pay Scale, Annual Increments, Seniority ਅਤੇ ਹੋਰ ਬਣਦੇ ਲਾਭ ਲੈਣ ਲਈ।
12. Private Aided ਸਕੂਲਾਂ ਦੀ Pay Protect ਕਰਵਾਉਣ ਲਈ।
13. Probation Period ਤੋਂ ਹੀ ਪੂਰਾ ਤਨਖਾਹ ਸਕੇਲ ਅਤੇ ਸਲਾਨਾ ਤਰੱਕੀਆ ਲੈਣ ਲਈ ।
14. ਸਰਕਾਰੀ ਕਰਮਚਾਰੀ Improvement Trust, Corporation or any other Public Sector Undertaking ਦੀ Qualifying Service ਗਿਣਕੇ retirement ਲਾਭ ਲੈ ਸਕਦੇ ਹਨ ।
15. ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾ ਅਤੇ ਕਾਰਪੋਰੇਸ਼ਨਾ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਰਿਟਾਇਰਮੈਂਟ ਤੇ 3 ਮਹੀਨੇ ਬਾਅਦ ਮਿਲਣ ਵਾਲੇ Retirement Benefit ਦੇ ਬਕਾਏ ਜਿਵੇਂ Commutation, Leave Encashment, Gratuity, G.P.F. ਉਪਰ 9% ਸਲਾਨਾ ਵਿਆਜ ਲੈਣ ਲਈ ਸੰਪਰਕ ਕਰਨ।
16. ਸਥਾਨਕ ਸਰਕਾਰ ਦੇ 01-01-2016 ਤੋਂ 28-03-2018 ਤੱਕ ਰਿਟਾਰਡ ਕਰਮਚਾਰੀ 20 ਲੱਖ ਗਰੈਚੂਟੀ ਅਨੁਸਾਰ ਗਰੈਚੂਟੀ ਲੈਣ ਲਈ ਸੰਪਰਕ ਕਰਨ ।
17. ਸਥਾਨਕ ਸਰਕਾਰ ਦੇ ਕਰਮਚਾਰੀ ਜੋ 29-03-2018 ਤੋਂ ਬਾਅਦ ਰਿਟਾਰਡ ਹੋਏ ਹਨ ਉਹ 20 ਲੱਖ ਗਰੈਚੂਟੀ ਅਨੁਸਾਰ ਗਰੈਚੂਟੀ ਲੈਣ ਲਈ ਸੰਪਰਕ ਕਰਨ।

Registered Concern :
KRISHANA help | KRISHANA SOLUTIONS | Krishana CONSULTANCY | KRISHANA Services | KRISHANA GARDEN | Krishana ENTERPRISE




ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ





# ਗਰਮੀਆਂ ਦੇ ਮੌਸਮ 'ਚ ਠੰਢਕ ਤੇ ਤਣਾਅ ਤੋਂ ਰਾਹਤ ਦਿੰਦੀ ਹੈ ਫੁੱਲਾਂ ਵਾਲੀ ਚਾਹ

ਗਰਮੀਆਂ ਦੌਰਾਨ ਗਰਮ ਚਾਹ ਪੀਣ ਨਾਲ ਆਮ ਤੌਰ 'ਤੇ ਪਸੀਨਾ ਵਧਦਾ ਹੈ ਤੇ ਸਰੀਰ ਦਾ ਅੰਦਰੂਨੀ ਤਾਪਮਾਨ ਵਧਦਾ ਹੈ। ਇਸਦੇ ਉਲਟ, ਆਯੁਰਵੇਦ ਫੁੱਲਾਂ ਨੂੰ ਔਸ਼ਧੀ ਗੁਣਾਂ ਦਾ ਖਜ਼ਾਨਾ ਮੰਨਦਾ ਹੈ।ਫੁੱਲਾਂ ਵਾਲੀ ਚਾਹ ਦੀ ਸ਼੍ਰੇਣੀ ਵਿੱਚ ਕਮਲ, ਮੌਲਸਰੀ, ਵਿਸ਼ਨੂੰਪ੍ਰਿਆ, ਹਿਬਿਸਕਸ, ਗੁਲਾਬ, ਪਾਰਿਜਾਤ, ਕ੍ਰਿਸ਼ਨ ਕਮਲ , ਲਵੈਂਡਰ, ਬੇ ਪੱਤਾ ਅਤੇ ਤੁਲਸੀ ਤੋਂ ਬਣੀਆਂ ਕਿਸਮਾਂ ਸ਼ਾਮਲ ਹਨ। ਇਨ੍ਹਾਂ ਚਾਹਾਂ ਦਾ ਨਿਯਮਤ ਸੇਵਨ ਗਰਮੀਆਂ ਨਾਲ ਸਬੰਧਤ ਬਿਮਾਰੀਆਂ ਜਿਵੇਂ ਕਿ ਬੁਖਾਰ, ਥਕਾਵਟ, ਤਣਾਅ ਅਤੇ ਕਮਜ਼ੋਰ ਇਮਿਊਨਿਟੀ ਤੋਂ ਬਚਾਅ ਵਿੱਚ ਮਦਦ ਕਰਦਾ ਹੈ।

**ਲਵੈਂਡਰ ਚਾਹ:** ਆਰਾਮ ਲਈ ਬਹੁਤ ਵਧੀਆ ਮੰਨੀ ਜਾਂਦੀ ਹੈ। ਇਹ ਥਕਾਵਟ ਤੋਂ ਰਾਹਤ ਦਿੰਦੀ ਹੈ ਅਤੇ ਚਮੜੀ ਦੀ ਰੰਗਤ ਨੂੰ ਵਧਾਉਂਦੀ ਹੈ।

**ਪਾਰਿਜਾਤ ਚਾਹ** : ਜੋੜਾਂ ਦੇ ਦਰਦ, ਸੋਜ ਅਤੇ ਆਮ ਜ਼ੁਕਾਮ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ।

**ਕ੍ਰਿਸ਼ਨ ਕਮਲ ਚਾਹ** : ਚਿੰਤਾ, ਇਨਸੌਮਨੀਆ ਅਤੇ ਤਣਾਅ ਤੋਂ ਰਾਹਤ ਦਿੰਦੀ ਹੈ, ਜਿਸ ਨਾਲ ਆਰਾਮਦਾਇਕ ਨੀਂਦ ਆਉਂਦੀ ਹੈ।

**ਗੁਲਾਬ ਦੀ ਚਾਹ** : ਮੂਡ ਨੂੰ ਉੱਚਾ ਚੁੱਕਦੀ ਹੈ, ਤਣਾਅ ਘਟਾਉਂਦੀ ਹੈ, ਪਾਚਨ ਕਿਰਿਆ ਨੂੰ ਸੁਧਾਰਦੀ ਹੈ, ਅਤੇ ਥਕਾਵਟ ਨੂੰ ਦੂਰ ਕਰਦੀ ਹੈ।

**ਹਿਬਿਸਕਸ ਚਾਹ** : ਵਿਟਾਮਿਨ ਸੀ ਨਾਲ ਭਰਪੂਰ, ਇਹ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦੀ ਹੈ, ਪ੍ਰਤੀਰੋਧਕ ਸ਼ਕਤੀ ਵਧਾਉਂਦੀ ਹੈ, ਅਤੇ ਚਮੜੀ ਨੂੰ ਕੁਦਰਤੀ ਚਮਕ ਪ੍ਰਦਾਨ ਕਰਦੀ ਹੈ।

**ਮੌਲਸਰੀ ਚਾਹ** : ਬੁਖਾਰ, ਪੁਰਾਣੀ ਖੰਘ ਅਤੇ ਚਮੜੀ ਦੀਆਂ ਬਿਮਾਰੀਆਂ ਲਈ ਇੱਕ ਰਾਮਬਾਣ ਦਵਾਈ ; ਇਹ ਤਣਾਅ ਤੋਂ ਰਾਹਤ ਪਾਉਣ ਵਿੱਚ ਵੀ ਪ੍ਰਭਾਵਸ਼ਾਲੀ ਹੈ।

# ਗੁ. ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਵਿਸ਼ੇਸ ਸ਼ੁਕਰਾਨਾ ਸਮਾਗਮ ਕਰਵਾਇਆ
## ਜਥੇਦਾਰ ਦਾਦੂਵਾਲ 'ਸੰਤ ਸਿਪਾਹੀ' ਐਵਾਰਡ ਨਾਲ ਸਨਮਾਨਤ

ਸਿਰਸਾ/ਪਟਿਆਲਾ, 24 ਮਈ (ਗੁਰਮੁਖ ਸਿੰਘ ਰੁਪਾਣਾ): ਮੀਰੀ ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਐਂਡ ਰਿਸਰਚ ਸ਼ਾਹਬਾਦ ਮਾਰਕੰਡਾ ਦੀ ਹੋਈ ਇਤਿਹਾਸਿਕ ਜਿੱਤ ਤੇ ਅਕਾਲ ਪੁਰਖ ਵਾਹਿਗੁਰੂ ਜੀ ਦਾ ਵਿਸ਼ੇਸ਼ ਸ਼ੁਕਰਾਨਾ ਸਮਾਗਮ ਹਰਿਆਣਾ ਸਿੱਖ ਗੁਰਦੁਆਰਾ ਮੈਨਜਮੈਂਟ ਕਮੇਟੀ ਦੇ ਚੇਅਰਮੈਨ ਧਰਮ ਪ੍ਰਚਾਰ ਤੇ ਅੰਬੈਸਡਰ ਆਫ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਦੇਖ ਰੇਖ ਹੇਠ ਅੱਜ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਪ੍ਰਚਾਰਕ, ਸਿੰਘ ਸਾਹਿਬਾਨ, ਜਥੇਦਾਰ, ਪੰਥਕ ਸ਼ਖਸੀਅਤਾਂ ਅਤੇ ਵੱਖ ਵੱਖ ਗੁਰਧਾਮਾਂ ਨਾਲ ਸੰਬੰਧਤ ਆਗੂ ਅਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨਾਂ ਸਮੇਤ ਸਮੁੱਚੀ ਸੰਗਤ ਨੇ ਹਾਜਰੀ ਭਰੀ। ਮੁੱਖ ਤੌਰ ਤੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਵਿਸ਼ੇਸ ਤੌਰ ਤੇ ਪੁੱਜੇ। ਇਸ ਮੌਕੇ ਵੱਖ ਵੱਖ ਆਗੂਆਂ ਨੇ ਇਸ ਵਿਸ਼ੇਸ਼ ਸ਼ੁਕਰਾਨਾ ਸਮਾਗਮ ਬਾਰੇ ਖੁਸ਼ੀ ਜਾਹਿਰ ਕੀਤੀ। ਇਸ ਦੌਰਾਨ ਜਥੇ. ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ 12 ਅਪ੍ਰੈਲ ਨੂੰ ਇੱਕ ਵੱਡਾ ਸਮਾਗਮ ਕਰਕੇ ਮੀਰੀ ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਕਬਜ਼ਾ ਹਰਿਆਣਾ ਕਮੇਟੀ ਨੂੰ ਦੇਣ ਲਈ ਕਿਹਾ ਗਿਆ ਸੀ ਪਰ ਉਸ ਤੋਂ ਬਾਅਦ 12 ਮਈ ਨੂੰ ਇੱਕ ਮਹੀਨੇ ਬਾਅਦ ਇਸ ਕੇਸ ਦਾ ਫੈਸਲਾ ਹਰਿਆਣਾ ਕਮੇਟੀ ਦੇ ਹੱਕ 'ਚ ਆ ਗਿਆ, ਅਜਿਹਾ ਹੋਣਾ ਹਰਿਆਣਾ ਦੇ ਸਿੱਖਾਂ ਦੀ ਵੱਡੀ ਜਿੱਤ ਹੈ। ਉਹਨਾਂ ਕਿਹਾ ਕਿ ਇਸ ਕਾਲਜ ਦੇ ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧੱਕੇ ਨਾਲ ਕਬਜ਼ਾ ਕੀਤਾ ਹੋਇਆ ਸੀ, ਜਿਸ ਨੂੰ ਮਾਨਯੋਗ ਹਾਈਕੋਰਟ ਦੇ ਹੁਕਮਾਂ ਤੇ ਛੁਡਵਾ ਕੇ ਹਰਿਆਣਾ ਦੇ ਸਿੱਖਾਂ ਨੂੰ ਦੇਣ ਲਈ ਕਿਹਾ ਗਿਆ ਹੈ। ਇਸ ਵੱਡੀ ਜਿੱਤ ਦੀ ਖੁਸ਼ੀ ਵਿਚ ਸਮਾਗਮ ਆਯੋਜਿਤ ਕੀਤਾ ਗਿਆ ਹੈ। ਜਥੇ. ਦਾਦੂਵਾਲ ਨੇ ਕਿਹਾ ਕਿ ਇਸ ਵਿਸ਼ੇਸ਼ ਸ਼ੁਕਰਾਨਾ ਸਮਾਗਮ ਦੇ ਸੰਬੰਧ ਵਿੱਚ 22 ਮਈ ਨੂੰ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨਾਂ ਦੇ ਭੋਗ ਅੱਜ 24 ਮਈ ਨੂੰ ਸਵੇਰੇ 9 ਵਜੇ ਪੈਣ ਉਪਰੰਤ ਖੁੱਲੇ ਪੰਡਾਲ 'ਚ ਸ਼ੁਕਰਾਨਾ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਸਿੱਧਾ ਪ੍ਰਸਾਰਨ ਚੜ੍ਹਦੀ ਕਲਾ ਟਾਈਮ ਟੀਵੀ ਚੈਨਲ ਦੇ ਕੀਤਾ ਗਿਆ ਜਿਸ ਦਾ ਲੱਖਾਂ ਸੰਗਤਾਂ ਨੇ ਆਨੰਦ ਮਾਣਿਆ ਤੇ ਇਸ ਸ਼ੁਕਰਾਨਾ ਸਮਾਗਮ ਬਾਰੇ ਜਾਣਕਾਰੀ ਹਾਸਲ ਆਪਣੇ ਘਰ ਬੈਠ ਕੇ ਹੀ ਕੀਤੀ ਇਸ ਲਾਈਵ ਟੈਲੀਕਾਸਟ ਰਾਹੀਂ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਨੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਹਰਿਆਣਾ ਵਿੱਚ ਸਿੱਖੀ ਦੇ ਪ੍ਰਚਾਰ ਤੇ ਹਰਿਆਣਾ ਕਮੇਟੀ ਨੂੰ ਹੋਰ ਬੁਲੰਦੀਆਂ ਤੱਕ ਲਿਜਾਣ ਦੇ ਲਈ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਦਿਲੋਂ ਸਾਥ ਦਿੱਤਾ ਜਾਵੇ ਉਹਨਾਂ ਕਿਹਾ ਕਿ ਜਥੇਦਾਰ ਦਾਦੂਵਾਲ ਨੇ ਹਰਿਆਣਾ ਦੀ ਕਮੇਟੀ ਬਣਾਉਣ ਅਤੇ ਉਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਮੇਤ ਹਰਿਆਣਾ ਵਿੱਚ ਧਰਮ ਪ੍ਰਚਾਰ ਦੀ ਲਹਿਰ ਚਲਾਉਣ ਦੇ ਲਈ ਅਹਿਮ ਸੇਵਾ ਨਿਭਾਈ ਹੈ। ਇਸ ਦੌਰਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵਲੋਂ ਹਰਿਆਣਾ ਵਿੱਚ ਵੱਖ ਵੱਖ ਧਾਰਮਿਕ ਅਸਥਾਨਾਂ ਤੇ ਧਰਮ ਪ੍ਰਚਾਰ ਲਹਿਰ ਨੂੰ ਸਿਖਰਾਂ ਤੇ ਪਹੁੰਚਾਉਣ ਬਦਲੇ "ਸੰਤ ਸਿਪਾਹੀ" ਐਵਾਰਡ ਦੇ ਕੇ ਸਨਮਾਨ ਕੀਤਾ ਗਿਆ।




ਇਸ ਮੌਕੇ ਗਿਆਨੀ ਪਰਮਜੀਤ ਸਿੰਘ ਅਨੰਦਪੁਰ ਸਾਹਿਬ ਵਾਲੇ, ਪਰਮਜੀਤ ਸਿੰਘ ਮਾਖਾਸਰ, ਸਵਰਨ ਸਿੰਘ, ਐਡ. ਸ਼ਿੰਦਰਪਾਲ ਸਿੰਘ ਬਰਾੜ, ਗੁਰਬੀਰ ਸਿੰਘ ਜੂਨੀਅਰ ਮੀਤ ਪ੍ਰਧਾਨ, ਬਲਵੰਤ ਸਿੰਘ ਜਲੰਜੰਮੂ ਸਿੱਖ ਕੋਆਰਡੀਨੇਸ਼ਨ ਕਮੇਟੀ, ਭੁਪਿੰਦਰ ਸਿੰਘ ਅਸੰਧ। ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਬੀਬੀ ਕਰਤਾਰ ਕੌਰ ਅਤੇ ਦੀਦਾਰ ਸਿੰਘ ਨਲਵੀ ਸਮੇਤ ਹੋਰ ਸ਼ਖ਼ਸੀਅਤਾਂ ਸ਼ਾਮਲ ਸਨ।

# ਵ੍ਹਾਈਟ ਹਾਊਸ ਦੇ ਨੇੜੇ ਗੋਲ਼ੀਬਾਰੀ, ਕਰੀਬ 30 ਗੋਲ਼ੀਆਂ ਚਲਾਈਆਂ
## ਗੋਲ਼ੀਬਾਰੀ ਸਮੇਂ ਵ੍ਹਾਈਟ ਹਾਊਸ ਦੇ ਅੰਦਰ ਹੀ ਸਨ ਡੋਨਾਲਡ ਟਰੰਪ



ਵਾਸ਼ਿੰਗਟਨ, 24 ਮਈ (ਚ.ਨ.ਸ.): ਵਾਸ਼ਿੰਗਟਨ, ਡੀ.ਸੀ. ਵਿੱਚ ਵ੍ਹਾਈਟ ਹਾਊਸ ਦੇ ਨੇੜੇ ਇੱਕ ਸ਼ੱਕੀ ਵਿਅਕਤੀ ਨੇ ਲਗਭਗ 30 ਰਾਊਂਡ ਫਾਇਰ ਕੀਤੇ। ਫਾਇਰਿੰਗ ਸਮੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵ੍ਹਾਈਟ ਹਾਊਸ ਦੇ ਅੰਦਰ ਸਨ। ਰਿਪੋਰਟਾਂ ਦੇ ਅਨੁਸਾਰ, ਸ਼ੱਕੀ ਵ੍ਹਾਈਟ ਹਾਊਸ ਹਮਲਾਵਰ ਨੇ ਅਮਰੀਕੀ ਗੁਪਤ ਸੇਵਾ ਦੇ ਅਧਿਕਾਰੀਆਂ ਦੁਆਰਾ ਪ੍ਰਬੰਧਿਤ ਇੱਕ ਸੁਰੱਖਿਆ ਚੌਕੀ 'ਤੇ ਗੋਲੀਬਾਰੀ ਕੀਤੀ। ਜਵਾਬੀ ਗੋਲੀਬਾਰੀ ਵਿਚ ਹਮਲਾਵਰ ਢੇਰ ਹੋ ਗਿਆ।ਗੋਲੀਬਾਰੀ ਵਿੱਚ ਇੱਕ ਆਮ ਨਾਗਰਿਕ ਵੀ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਉਸ ਨੂੰ ਹਮਲਾਵਰ ਦੀ ਗੋਲੀ ਲੱਗੀ ਹੈ ਜਾਂ ਜਵਾਬੀ ਗੋਲੀਬਾਰੀ ਵਿਚ ਜ਼ਖ਼ਮੀ ਹੋਇਆ। ਜ਼ਖਮੀ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਸ ਘਟਨਾ ਤੋਂ ਕੁਝ ਦਿਨ ਪਹਿਲਾਂ, ਰਾਸ਼ਟਰਪਤੀ ਟਰੰਪ ਦੀ ਧੀ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ। ਇਸ ਮਾਮਲੇ ਦੇ ਸਬੰਧ ਵਿੱਚ ਇੱਕ ਇਰਾਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਇਰਾਨੀ ਫੌਜ ਨਾਲ ਜੁੜਿਆ ਹੋਇਆ ਸੀ। ਸ਼ੱਕੀ ਵਿਅਕਤੀ ਤੋਂ ਇਵਾਂਕਾ ਅਤੇ ਉਸ ਦੇ ਪਤੀ ਜੇਰੇਡ ਕੁਸ਼ਨਰ ਦੇ ਫਲੋਰੀਡਾ ਘਰ ਦੇ ਬਲੂਪ੍ਰਿੰਟ ਵੀ ਮਿਲੇ ਸਨ।ਗੋਲੀਬਾਰੀ ਤੋਂ ਬਾਅਦ ਵ੍ਹਾਈਟ ਹਾਊਸ ਕੰਪਲੈਕਸ ਵਿੱਚ ਹਫੜਾ-ਦਫੜੀ ਮੱਚ ਗਈ। ਪੱਤਰਕਾਰਾਂ ਅਤੇ ਸਟਾਫ ਨੂੰ ਤੁਰੰਤ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਹਥਿਆਰਾਂ ਨਾਲ ਲੈਸ ਗੁਪਤ ਸੇਵਾ ਏਜੰਟ ਪੂਰੇ ਖੇਤਰ ਵਿੱਚ ਤਾਇਨਾਤ ਹਨ, ਅਤੇ ਲਗਭਗ 40 ਮਿੰਟਾਂ ਲਈ ਤਾਲਾਬੰਦੀ ਵਰਗੀ ਸਥਿਤੀ ਬਣੀ ਰਹੀ।

# ਆਸਟ੍ਰੇਲੀਆ 'ਚ ਗੁਜ਼ਾਰਾ ਕਰਨਾ ਹੋਇਆ ਔਖਾ; ਮਹਿੰਗਾਈ ਦਰ 4.6 ਫੀਸਦੀ ਤੱਕ ਪੁੱਜੀ

ਸਿਡਨੀ, 24 ਮਈ (ਚ.ਨ.ਸ.): ਆਸਟ੍ਰੇਲੀਆ 'ਚ ਵਧਦੀ ਮਹਿੰਗਾਈ ਨੇ ਲੋਕਾਂ ਦੇ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਮਾਰਚ 2026 ਤੱਕ ਦੇ 12 ਮਹੀਨਿਆਂ 'ਚ ਆਸਟ੍ਰੇਲੀਆ ਦੀ ਮਹਿੰਗਾਈ ਦਰ 4.6 ਫੀਸਦੀ ਤੱਕ ਪਹੁੰਚ ਗਈ, ਜੋ ਰਿਜ਼ਰਵ ਬੈਂਕ ਦੇ ਟੀਚੇ ਤੋਂ ਕਾਫ਼ੀ ਉੱਪਰ ਹੈ। ਇਸ ਕਾਰਨ ਖਾਣ-ਪੀਣ, ਬਿਜਲੀ, ਕਿਰਾਏ ਤੇ ਹੋਰ ਜ਼ਰੂਰੀ ਖਰਚਿਆਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਵਿੱਤੀ ਦਬਾਅ ਕਾਰਨ ਹੁਣ ਲੋਕ ਆਪਣੀਆਂ ਕਾਰਾਂ ਦੀ ਸਰਵਿਸ ਤੇ ਜ਼ਰੂਰੀ ਮੁਰੰਮਤ ਵੀ ਟਾਲ ਰਹੇ ਹਨ। ਸੁਪਰਚੀਪ ਆਟੋ ਵੱਲੋਂ ਕੀਤੀ ਗਈ ਖੋਜ ਮੁਤਾਬਕ ਕਰੀਬ 43 ਲੱਖ ਆਸਟ੍ਰੇਲੀਆਈ ਬਾਲਗਾਂ ਨੇ ਪਿਛਲੇ ਇੱਕ ਸਾਲ ਦੌਰਾਨ ਕਾਰ ਦੀ ਰੁਟੀਨ ਸਰਵਿਸ ਜਾਂ ਮੁਰੰਮਤ ਦੇਰੀ ਨਾਲ ਕਰਵਾਈ ਜਾਂ ਛੱਡ ਦਿੱਤੀ।

ਹੈਰਾਨੀ ਦੀ ਗੱਲ ਇਹ ਹੈ ਕਿ ਲਗਭਗ 11 ਲੱਖ ਲੋਕਾਂ ਨੇ ਤਾਂ ਜ਼ਿਆਦਾਤਰ ਜਾਂ ਪੂਰੀ ਸਰਵਿਸਿੰਗ ਹੀ ਹੀ ਨਹੀਂ ਕਰਵਾਈ। ਸਰਵੇਅ ਵਿੱਚ ਸਾਹਮਣੇ ਆਇਆ ਕਿ ਹਰ 3 ਵਿੱਚੋਂ ਲਗਭਗ 2 ਆਸਟਰੇਲੀਆਈ, ਯਾਨੀ 64 ਫੀਸਦੀ ਲੋਕ, ਕਾਰ ਦੀ ਦੇਖਭਾਲ ਟਾਲ ਰਹੇ ਹਨ। ਇਨ੍ਹਾਂ ਵਿੱਚੋਂ 43 ਫੀਸਦੀ ਲੋਕਾਂ ਨੇ ਇਸ ਦਾ ਸਿੱਧਾ ਕਾਰਨ ਮਹਿੰਗਾਈ ਤੇ ਵਧਦੇ ਘਰੇਲੂ ਖਰਚਿਆਂ ਨੂੰ ਦੱਸਿਆ। ਕਾਰਾਂ ਦੀ ਮੁਰੰਮਤ ਤੋਂ ਇਲਾਵਾ ਲੋਕ ਕਿਰਾਏ, ਹੋਮ ਲੋਨ ਦੀਆਂ ਕਿਸ਼ਤਾਂ, ਬਿਜਲੀ ਬਿੱਲਾਂ, ਪੈਟਰੋਲ, ਖਾਣ-ਪੀਣ ਅਤੇ ਬੱਚਿਆਂ ਦੀ ਸਿੱਖਿਆ ਦੇ ਵਧਦੇ ਖਰਚਿਆਂ ਨਾਲ ਵੀ ਜੂਝ ਰਹੇ ਹਨ।ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਬ੍ਰੇਕ, ਟਾਇਰ ਤੇ ਇੰਜਣ ਦੀ ਸਮੇਂ ਸਿਰ ਜਾਂਚ ਨਾ ਕਰਵਾਉਣ ਨਾਲ ਸੜਕ ਹਾਦਸਿਆਂ ਦਾ ਖਤਰਾ ਵਧ ਸਕਦਾ ਹੈ। ਛੋਟੀ ਬਚਤ ਲਈ ਕੀਤੀ ਲਾਪਰਵਾਹੀ ਭਵਿੱਖ ਵਿੱਚ ਵੱਡੇ ਖਰਚੇ ਅਤੇ ਜਾਨੀ ਨੁਕਸਾਨ ਦਾ ਕਾਰਨ ਵੀ ਬਣ ਸਕਦੀ ਹੈ।

# ਗੁਰਿੰਦਰਵੀਰ ਸਿੰਘ ਨੇ ਸੌ ਮੀਟਰ ਦਾ ਕੌਮੀ ਰਿਕਾਰਡ ਤੋੜਿਆ
## ਵਿਸ਼ਾਲ ਟੀ ਕੇ 45 ਸਕਿੰਟ ਤੋਂ ਘੱਟ ਸਮੇਂ 'ਚ 400 ਮੀਟਰ ਪੂਰਾ ਕਰਨ ਵਾਲਾ ਪਹਿਲਾ ਭਾਰਤੀ ਬਣਿਆ

ਰਾਂਚੀ, 24 ਮਈ (ਚ.ਨ.ਸ.): ਚੱਲ ਰਹੇ ਕੌਮੀ ਸੀਨੀਅਰ ਫੈਡਰੇਸ਼ਨ ਮੁਕਾਬਲੇ ਦੇ ਇਤਿਹਾਸਕ ਦੂਜੇ ਦਿਨ ਅੱਜ ਗੁਰਿੰਦਰਵੀਰ ਸਿੰਘ ਨੇ ਸ਼ਾਨਦਾਰ ਦੌੜ ਲਗਾਉਂਦੇ ਹੋਏ ਪੁਰਸ਼ਾਂ ਦੀ 100 ਮੀਟਰ ਦੌੜ ਦਾ ਕੌਮੀ ਰਿਕਾਰਡ ਘਟਾ ਕੇ 10.09 ਸਕਿੰਟ ਕਰ ਦਿੱਤਾ। ਦੂਜੇ ਪਾਸੇ, ਵਿਸ਼ਾਲ ਟੀਕੇ 400 ਮੀਟਰ ਦੌੜ 45 ਸਕਿੰਟ ਤੋਂ ਘੱਟ ਸਮੇਂ ਵਿੱਚ ਪੂਰੀ ਕਰਨ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ।ਗੁਰਿੰਦਰਵੀਰ ਨੇ ਇਸ ਸੀਜ਼ਨ ਵਿੱਚ ਏਸ਼ੀਆ ਦਾ ਦੂਜਾ ਸਭ ਤੋਂ ਤੇਜ਼ ਸਮਾਂ ਕੱਢਿਆ, ਜਦੋਂ ਕਿ ਵਿਸ਼ਾਲ ਨੇ ਇਸ ਤੋਂ ਵੀ ਬਿਹਤਰ ਪ੍ਰਦਰਸ਼ਨ ਕੀਤਾ। ਉਸ ਵੱਲੋਂ ਲਿਆ ਗਿਆ 44.98 ਸਕਿੰਟ ਦਾ ਸਮਾਂ ਇਸ ਸਾਲ ਹੁਣ ਤੱਕ ਪੂਰੇ ਏਸ਼ੀਆ ਮਹਾਦੀਪ ਵਿੱਚ ਸਰਵੋਤਮ ਹੈ। ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿੱਚ, ਸਭ ਤੋਂ ਤੇਜ਼ ਭਾਰਤੀ ਐਥਲੀਟ ਬਣਨ ਲਈ ਗੁਰਿੰਦਰਵੀਰ ਅਤੇ ਇਸ ਮੁਕਾਬਲੇ ਵਿੱਚ ਪਿਛਲੇ ਕੌਮੀ ਰਿਕਾਰਡ ਧਾਰਕ ਅਨੀਮੇਸ਼ ਕੁਜੂਰ ਵਿਚਕਾਰ ਹੋਈ 100 ਮੀਟਰ ਦੀ ਟੱਕਰ ਨੂੰ ਭਵਿੱਖ 'ਚ ਯਾਦ ਰੱਖਿਆ ਜਾਵੇਗਾ। ਇਹੀ ਗੱਲ ਵਿਸ਼ਾਲ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਵੀ ਲਾਗੂ ਹੁੰਦੀ ਹੈ, ਜਿਸ ਦਾ 44.98 ਸਕਿੰਟ ਦਾ ਸਮਾਂ ਇਸ ਸੀਜ਼ਨ ਵਿੱਚ ਹੁਣ ਤੱਕ ਏਸ਼ੀਆ 'ਚ ਸਭ ਤੋਂ ਵਧੀਆ ਹੈ। ਇਸ ਇਤਿਹਾਸਕ ਦਿਨ 'ਤੇ ਮਹਿਜ਼ 30 ਮਿੰਟਾਂ ਦੇ ਅੰਦਰ-ਅੰਦਰ ਦੋ ਕੌਮੀ ਰਿਕਾਰਡ ਟੁੱਟਦੇ ਦੇਖੇ ਗਏ।ਤਾਮਿਲ ਨਾਡੂ ਦੀ ਨੁਮਾਇੰਦਗੀ ਕਰ ਰਹੇ 22 ਸਾਲਾ ਵਿਸ਼ਾਲ ਨੇ ਅੱਜ 44.98 ਸਕਿੰਟ ਦੀ ਸ਼ਾਨਦਾਰ ਦੌੜ ਲਾ ਕੇ ਆਪਣੇ ਰੁਤਬੇ ਨੂੰ ਹੋਰ ਮਜ਼ਬੂਤ ਕੀਤਾ ਤੇ 45 ਸਕਿੰਟ ਤੋਂ ਘੱਟ ਦਾ ਸਮਾਂ ਕੱਢਣ ਵਾਲਾ ਪਹਿਲਾ ਭਾਰਤੀ ਬਣ ਗਿਆ। ਤਾਮਿਲ ਨਾਡੂ ਦੇ ਇੱਕ ਹੋਰ ਐਥਲੀਟ ਰਾਜੇਸ਼ ਰਮੇਸ਼ ਨੇ 45.31 ਸਕਿੰਟ ਦਾ ਸਮਾਂ ਕੱਢ ਕੇ ਦੂਜਾ ਸਥਾਨ ਹਾਸਲ ਕੀਤਾ, ਜਦੋਂ ਕਿ ਉੱਤਰ ਪ੍ਰਦੇਸ਼ ਦਾ ਜੈ ਕੁਮਾਰ 45.47 ਸਕਿੰਟ ਨਾਲ ਤੀਜੇ ਸਥਾਨ 'ਤੇ ਰਿਹਾ।



# ਬਲੋਚਿਸਤਾਨ 'ਚ ਸ਼ਟਲ ਟ੍ਰੇਨ 'ਚ ਧਮਾਕੇ ਦੌਰਾਨ 30 ਦੀ ਮੌਤ, 70 ਜ਼ਖ਼ਮੀ

ਕਰਾਚੀ, 24 ਮਈ (ਚ.ਨ.ਸ.): ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਐਤਵਾਰ ਸਵੇਰੇ ਇੱਕ ਸ਼ਟਲ ਟ੍ਰੇਨ ਵਿੱਚ ਹੋਏ ਜ਼ਬਰਦਸਤ ਧਮਾਕੇ ਵਿੱਚ ਘੱਟੋ-ਘੱਟ 30 ਲੋਕ ਮਾਰੇ ਗਏ ਅਤੇ ਲਗਪਗ 70 ਜ਼ਖਮੀ ਹੋ ਗਏ, ਅਧਿਕਾਰੀਆਂ ਨੇ ਦੱਸਿਆ। ਇਹ ਧਮਾਕਾ ਕੋਇਟਾ ਵਿੱਚ ਚਮਨ ਫਾਟਕ ਰੇਲਵੇ ਸਟੇਸ਼ਨ ਦੇ ਨੇੜੇ ਹੋਇਆ।ਪਾਕਿਸਤਾਨ ਦੇ ਰੇਲਵੇ ਮੰਤਰੀ ਹਨੀਫ ਅੱਬਾਸੀ ਨੇ ਧਮਾਕੇ ਦੀ ਪੁਸ਼ਟੀ ਕੀਤੀ ਤੇ ਕਿਹਾ ਕਿ ਸ਼ਟਲ ਟ੍ਰੇਨ 'ਚ ਯਾਤਰੀ ਸਵਾਰ ਸਨ ਤੇ ਧਮਾਕਾ ਇੰਜਣ ਅਤੇ ਤਿੰਨ ਬੋਗੀਆਂ ਨਾਲ ਹੋਇਆ।ਪਾਬੰਦੀਸ਼ੁਦਾ ਬਲੋਚ ਲਿਬਰੇਸ਼ਨ ਆਰਮੀ (BLA) ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਬੀਐਲਏ ਦੇ ਇੱਕ ਬੁਲਾਰੇ ਵੱਲੋਂ ਕੀਤੇ ਗਏ ਦਾਅਵੇ ਦੇ ਅਨੁਸਾਰ, ਇਹ ਹਮਲਾ ਉਦੋਂ ਕੀਤਾ ਗਿਆ ਸੀ ਜਦੋਂ ਟ੍ਰੇਨ ਕੋਇਟਾ ਕੈਂਟ ਤੋਂ ਫੌਜੀ ਕਰਮਚਾਰੀਆਂ ਨੂੰ ਲੈ ਕੇ ਜਾ ਰਹੀ ਸੀ। ਕੋਇਟਾ ਤੋਂ ਨਾਮ ਨਾ ਛਾਪਣ ਦੀ ਸ਼ਰਤ 'ਤੇ ਗੱਲ ਕਰਦਿਆਂ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਜਨਤਕ ਬਿਆਨ ਨਾ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਸਰਕਾਰੀ ਬੁਲਾਰੇ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਦੀ ਪੁਸ਼ਟੀ ਕਰਦੇ ਹੋਏ ਇਸ ਘਟਨਾ 'ਤੇ ਅਧਿਕਾਰਤ ਬਿਆਨ ਦੇਣਗੇ।ਉਨ੍ਹਾਂ ਕਿਹਾ, "ਜਿੱਥੋਂ ਤੱਕ ਸਾਨੂੰ ਪਤਾ ਹੈ, ਧਮਾਕੇ ਵਿੱਚ ਲਗਪਗ 18-20 ਲੋਕਾਂ ਦੀ ਮੌਤ ਹੋਈ ਹੈ ਅਤੇ ਦਰਜਨਾਂ ਜ਼ਖਮੀ ਹੋਏ ਹਨ।



# ਚੋਣ ਪ੍ਰਚਾਰ ਦੇ ਆਖ਼ਰੀ ਦਿਨ ਝਾੜੂ ਦੇ ਰੰਗ ਵਿੱਚ ਰੰਗਿਆ ਗਿਆ ਬਠਿੰਡਾ

## ਮਹਿਤਾ ਪਿਤਾ-ਪੁੱਤਰ ਦੀ ਜੋੜੀ ਨੇ ਸਾਰੇ 50 ਵਾਰਡਾਂ ਵਿੱਚ ਦਿਖਾਈ ਤਾਕਤ, ਰੈਲੀਆਂ ਵਿੱਚ ਉਮੜਿਆ ਜਨ ਸੈਲਾਬ

ਬਠਿੰਡਾ, 24 ਮਈ (ਜਗਸੀਰ ਭੁੱਲਰ) : ਨਗਰ ਨਿਗਮ ਚੋਣ ਪ੍ਰਚਾਰ ਦੇ ਆਖਰੀ ਦਿਨ ਐਤਵਾਰ ਨੂੰ ਸਾਰਾ ਬਠਿੰਡਾ ਆਮ ਆਦਮੀ ਪਾਰਟੀ ਦੇ ਚੋਣ ਚਿੰਨ੍ਹ ਝਾੜੂ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ। ਸ਼ਹਿਰ ਭਰ ਵਿੱਚ ਕੀਤੀਆਂ ਗਈਆਂ ਵਿਸ਼ਾਲ ਰੈਲੀਆਂ ਵਿੱਚ ਉਮੜੇ ਜਨ ਸੈਲਾਬ ਨੇ ਮਾਹੌਲ ਨੂੰ ਹੋਰ ਗਰਮਾ ਦਿੱਤਾ।



ਸਾਬਕਾ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਨੇ ਸਾਰੇ 50 ਵਾਰਡਾਂ ਦੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਸਮਰਥਨ ਵਿੱਚ ਵਿਸ਼ਾਲ ਰੈਲੀਆਂ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਇਸ ਵਾਰ ਆਮ ਆਦਮੀ ਪਾਰਟੀ ਬਠਿੰਡਾ ਨਗਰ ਨਿਗਮ ਵਿੱਚ 46 ਤੋਂ ਵੱਧ ਸੀਟਾਂ ਜਿੱਤ ਕੇ ਆਪਣਾ ਹਾਊਸ ਬਣਾਉਣ ਦਾ ਰਹੀ ਹੈ। ਇਸ ਦੌਰਾਨ ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ, ਚੇਅਰਮੈਨ ਸ੍ਰੀ ਨੀਲ ਗਰਗ, ਨਵਦੀਪ ਸਿੰਘ ਜੀਦਾ, ਸ੍ਰੀ ਰਾਜਨ ਅਮਰਦੀਪ ਸਿੰਘ, ਰਾਕੇਸ਼ ਪੁਰੀ, ਬਲਜੀਤ ਸਿੰਘ ਬੱਲੀ ਤੇ ਪਾਰਟੀ ਦੇ ਹੋਰ ਅਹੁਦੇਦਾਰ ਮੌਜੂਦ ਸਨ।

ਰੈਲੀਆਂ ਦੌਰਾਨ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਜਿਵੇਂ ਹੀ ਪਦਮਜੀਤ ਸਿੰਘ ਮਹਿਤਾ ਵੱਖ-ਵੱਖ ਰੈਲੀ ਸਥਾਨਾਂ 'ਤੇ ਪਹੁੰਚੇ, ਸਮੱਰਥਕਾਂ ਨੇ ਪਾਰਟੀ ਦੇ ਝੰਡੇ ਲਹਿਰਾ ਕੇ ਅਤੇ 'ਐਮਐਲਏ ਪਦਮਜੀਤ ਸਿੰਘ ਮਹਿਤਾ ਜ਼ਿੰਦਾਬਾਦ,' 'ਆਮ ਆਦਮੀ ਪਾਰਟੀ ਜ਼ਿੰਦਾਬਾਦ,' 'ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜ਼ਿੰਦਾਬਾਦ,' ਅਤੇ 'ਅਮਰਜੀਤ ਸਿੰਘ ਮਹਿਤਾ ਜ਼ਿੰਦਾਬਾਦ' ਦੇ ਗੂੰਜਦੇ ਨਾਅਰਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਵਿਸ਼ਾਲ ਰੈਲੀਆਂ ਨੂੰ ਸੰਬੋਧਨ ਕਰਦਿਆਂ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਲਈ ਜਨਤਕ ਸਮੱਰਥਨ ਦੇ ਸ਼ੋਰ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਬਠਿੰਡਾ ਦੇ ਲੋਕ ਇਸ ਵਾਰ ਵਿਕਾਸ ਅਤੇ ਵਿਸ਼ਵਾਸ ਲਈ ਵੋਟ ਪਾ ਰਹੇ ਹਨ। ਉਨ੍ਹਾਂ ਆਪਣੇ ਸਮੱਰਥਕਾਂ, ਪਾਰਟੀ ਅਹੁਦੇਦਾਰਾਂ, ਵਰਕਰਾਂ ਅਤੇ ਬਠਿੰਡਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਚੋਣ ਮੁਹਿੰਮ ਦੌਰਾਨ ਉਨ੍ਹਾਂ ਨਾਲ ਚੁੱਕੇ ਗਏ ਹਰ ਕਦਮ ਦਾ ਮੁੱਲ ਮੋੜਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜਿੱਥੇ ਪਹਿਲਾਂ ਨਗਰ ਨਿਗਮ ਦਾ ਬਜਟ ਸਿਰਫ਼ 40 ਕਰੋੜ ਰੁਪਏ ਸੀ, ਉੱਥੇ ਹੀ ਉਨ੍ਹਾਂ ਦੀ ਅਗਵਾਈ ਹੇਠ 5 ਫਰਵਰੀ, 2025 ਤੋਂ ਹੁਣ ਤੱਕ ਬਠਿੰਡਾ ਵਿੱਚ 250 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟ ਚੱਲ ਰਹੇ ਹਨ, ਜੋ ਆਪਣੇ ਆਪ ਵਿੱਚ ਇੱਕ ਇਤਿਹਾਸਕ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਜਨਤਾ ਤੋਂ ਮਿਲਿਆ ਪਿਆਰ, ਸਤਿਕਾਰ ਅਤੇ ਵਿਸ਼ਵਾਸ ਇਸ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਹੋਵੇਗੀ।

# ਪੰਜਾਬ ਮੁਲਾਜ਼ਮ, ਪੈਨਸ਼ਨਰ ਐਸੋਸ਼ੀਏਸ਼ਨ ਵੱਲੋਂ 'ਆਪ' ਉਮੀਦਵਾਰਾਂ ਨੂੰ ਹਰਾਉਣ ਦਾ ਸੱਦਾ

ਭਗਤਾ ਭਾਈ ਕਾ, 24 ਮਈ (ਸਵਰਨ ਸਿੰਘ ਭਗਤਾ) : ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵੱਲੋਂ ਪਿਛਲੇ ਦਿਨੀਂ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਵਿਖੇ ਹੋਈ ਭਰਵੀਂ ਕਨਵੈਨਸ਼ਨ ਵਿੱਚ ਹੋਏ ਫੈਸਲੇ ਅਨੁਸਾਰ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ 'ਆਪ ਸਰਕਾਰ' ਨੂੰ ਹਰ ਤਰ੍ਹਾਂ ਦਾ ਸਹਿਯੋਗ ਬੰਦ ਕੀਤਾ ਜਾਵੇ ਅਤੇ ਨਗਰ ਪੰਚਾਇਤ, ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪਾਲਿਕਾ ਚੋਣਾਂ ਵਿੱਚ ਇਸ ਆਮ ਆਦਮੀ (ਆਪ ਪਾਰਟੀ) ਨੂੰ ਹਰਾਉਣ ਲਈ ਸੰਭਵ ਯਤਨ ਕੀਤਾ ਜਾਵੇ। ਇਸ ਸਬੰਧੀ ਵੱਖ - ਵੱਖ ਜ਼ਿਲ੍ਹਿਆਂ/ ਸ਼ਹਿਰਾਂ ਵਿਚ ਜਿੱਥੇ ਮੁਲਾਜ਼ਮ ਜਥੇਬੰਦੀਆਂ ਅਤੇ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਪੈਦਲ ਮਾਰਚ ਕਰਕੇ ਆਪ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਪੈਨਸ਼ਨਰਜ਼ ਐਸੋਸੀਏਸ਼ਨ ਬਲਾਕ ਭਗਤਾ ਭਾਈ ਕਾ ਦੇ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ, ਗੁਰਜੀਤ ਸਿੰਘ ਜਨਰਲ ਸਕੱਤਰ ਅਤੇ ਕੰਵਰ ਕੌਰ ਸਿੰਘ ਜ਼ਿਲ੍ਹਾ ਪ੍ਰੈਸ ਸਕੱਤਰ ਨੇ ਦੱਸਿਆ ਕਿ ਉਚੇਚੇ ਤੌਰ 'ਤੇ ਬਲਾਕ ਪੈਨਸ਼ਨਰਾਂ ਨਾਲ ਬੈਠਕ ਕਰਕੇ ਸਾਰੇ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਆਮ ਆਦਮੀ ਪਾਰਟੀ (ਆਪ ਪਾਰਟੀ) ਦੇ ਉਮੀਦਵਾਰਾਂ ਨੂੰ ਹਰਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ ਅਤੇ ਪੈਨਸ਼ਨਰ ਐਸੋਸ਼ੀਏਸ਼ਨ ਨੂੰ ਸਹਿਯੋਗ ਦਿੱਤਾ ਜਾਵੇ ਤਾਂ ਕਿ ਮੁਲਾਜ਼ਮ/ ਪੈਨਸ਼ਨਰ/ਕਿਸਾਨ/ਮਜ਼ਦੂਰ ਅਤੇ ਲੋਕ ਵਿਰੋਧੀ ਇਸ ਪਾਰਟੀ ਨੂੰ ਸਬਕ ਸਿਖਾਇਆ ਜਾ ਸਕੇ।ਇਸ ਮੌਕੇ ਹੋਰ ਪੈਨਸ਼ਨਰ ਹਾਜ਼ਰ ਸਨ।

# ਨਗਰ ਨਿਗਮ ਚੋਣਾਂ-2026 : ਪੁਲਿਸ ਆਬਜ਼ਰਵਰ ਵਿਵੇਕਸ਼ੀਲ ਸੋਨੀ ਨੇ ਬਰਨਾਲਾ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ



ਬਰਨਾਲਾ, 24 ਮਈ (ਬਘੇਲ ਸਿੰਘ ਧਾਲੀਵਾਲ) : ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਐਲਾਨੀਆਂ ਨਗਰ ਨਿਗਮ ਕੌਂਸਲ ਚੋਣਾਂ 2026 ਨੂੰ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਦੇ ਮੰਤਵ ਨਾਲ ਨਿਯੁਕਤ ਪੁਲਿਸ ਆਬਜ਼ਰਵਰ ਵਿਵੇਕਸ਼ੀਲ ਸੋਨੀ, ਆਈ.ਪੀ.ਐਸ. ਵੱਲੋਂ ਅੱਜ ਜ਼ਿਲ੍ਹਾ ਬਰਨਾਲਾ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਜ਼ਿਲ੍ਹੇ ਵਿੱਚ ਕੀਤੇ ਗਏ ਸੁਰੱਖਿਆ ਪ੍ਰਬੰਧਾਂ, ਕਾਨੂੰਨ ਵਿਵਸਥਾ ਦੀ ਸਥਿਤੀ ਅਤੇ ਚੋਣਾਂ ਸਬੰਧੀ ਪੁਲਿਸ ਪ੍ਰਬੰਧਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਗਿਆ। ਇਸ ਮੌਕੇ ਸੀਨੀਅਰ ਕਪਤਾਨ ਪੁਲਿਸ ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਵੱਲੋਂ ਪੁਲਿਸ ਆਬਜ਼ਰਵਰ ਨੂੰ ਜ਼ਿਲ੍ਹੇ ਦੇ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਇਲਾਕਿਆਂ, ਪੋਲਿੰਗ ਸਟੇਸ਼ਨਾਂ ਦੀ ਸੁਰੱਖਿਆ, ਨਾਕਾਬੰਦੀ ਪ੍ਰਬੰਧਾਂ, ਫਲੈਗ ਮਾਰਚ, ਰਾਤਰੀ ਪੈਟਰੋਲਿੰਗ, ਇੰਟਰ ਸਟੇਟ ਅਤੇ ਇੰਟਰ ਡਿਸਟ੍ਰਿਕਟ ਚੈਕਿੰਗ, ਸ਼ਰਾਰਤੀ ਅਨਸਰਾਂ ਦੀ ਨਿਗਰਾਨੀ, ਗੈਂਗਸਟਰ ਅਤੇ ਅਪਰਾਧਿਕ ਤੱਤਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਅਤੇ ਚੋਣਾਂ ਦੌਰਾਨ ਅਮਨ ਕਾਨੂੰਨ ਬਣਾਈ ਰੱਖਣ ਲਈ ਤਿਆਰ ਕੀਤੀ ਗਈ ਸਮੁੱਚੀ ਕਾਰਜ ਯੋਜਨਾ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਇਆ ਗਿਆ। ਓਹਨਾਂ ਆਮ ਜਨਤਾ ਨੂੰ ਦੱਸਿਆ ਕਿ ਪੁਲਿਸ ਆਬਜ਼ਰਵਰ ਵਿਵੇਕਸ਼ੀਲ ਸੋਨੀ, ਆਈ.ਪੀ.ਐਸ. ਦਾ ਮੋਬਾਇਲ ਨੰਬਰ 91155-52864 ਹੈ ਅਤੇ ਓਹਨਾਂ ਦੇ ਦਫਤਰ ਕਮਰਾ ਨੰਬਰ 101, ਗਰਾਊਂਡ ਫਲੌਰ, ਡੀ.ਪੀ.ਓ ਬਰਨਾਲਾ ਵਿਖੇ ਸਥਾਪਿਤ ਕੀਤਾ ਗਿਆ ਹੈ।

# ਵਾਰਡ ਨੰ: 14 ਤੋਂ ਆਜ਼ਾਦ ਉਮੀਦਵਾਰ ਪ੍ਰੇਮ ਕੁਮਾਰ ਗਰਗ ਵੱਲੋਂ ਵੋਟਾਂ ਪਾਉਣ ਦੀ ਅਪੀਲ




ਬੁਢਲਾਡਾ, 24 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) : ਨਗਰ ਕੌਂਸਲ ਦੀਆਂ ਚੋਣਾਂ ਲਈ ਵਾਰਡ ਨੰਬਰ 14 ਤੋਂ ਪ੍ਰੇਮ ਕੁਮਾਰ ਗਰਗ ਅਜ਼ਾਦ ਉਮੀਦਵਾਰ ਖੜ੍ਹੇ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਵਾਰਡ ਨੰਬਰ 14 ਦੇ ਵਿੱਚੋਂ ਦੋ ਵਾਰ ਚੋਣਾਂ ਲੜ ਚੁੱਕੇ ਹਨ, ਜੋ ਕਿ ਦੋਨੋਂ ਜਿੱਤੀਆਂ ਹਨ।ਹੁਣ ਉਹ ਤੀਜੀ ਵਾਰ ਚੋਣ ਲੜਨ ਜਾ ਰਹੇ ਹਨ।ਜਿਹਦੇ ਵਿੱਚੋਂ ਕੁਝ ਕੁਝ ਹਿੱਸਾ ਪੁਰਾਣਾ ਹੈ ਤੇ ਕੁਝ ਨਵਾਂ ਹੈ। ਉਨ੍ਹਾਂ ਵੱਲੋਂ ਸਮੂਹ ਵਾਰਡ ਵਾਸੀਆਂ ਨੂੰ ਬੇਨਤੀ ਕੀਤੀ ਕਿ ਮੈਨੂੰ ਪਹਿਲਾਂ ਵੀ ਤੁਹਾਡੇ ਵੱਲੋਂ ਦੋ ਵਾਰੀ ਜਿਤਾਇਆ ਜਾ ਚੁੱਕਿਆ ਹੈ ਅਤੇ ਐਤਕੀਂ ਤੀਜੀ ਵਾਰੀ ਜਿਤਾ ਕੇ ਮੈਨੂੰ ਨਗਰ ਕੌਂਸਲ ਭੇਜਿਆ ਜਾਵੇ ਤਾਂ ਜੋ ਮੈਂ ਤੁਹਾਡੇ ਕੰਮ ਕਰਵਾ ਸਕਾਂ ਅਤੇ ਇਲਾਕੇ ਦਾ ਵਿਕਾਸ ਕਰਵਾ ਸਕਾਂ। ਉਨ੍ਹਾਂ ਕਿਹਾ ਕਿ ਮੈਂ ਇਸ ਤੋਂ ਪਹਿਲਾਂ ਵੀ ਜਿਹੜੇ ਪੁਰਾਣੇ ਵਾਰਡ ਸਨ ਉਹਦੇ ਵਿੱਚ ਬਹੁਤ ਕੰਮ ਕਰਾਏ ਸਨ, ਹੁਣ ਵੀ ਮੈਂ ਵਾਅਦਾ ਕਰਦਾ ਹਾਂ ਕਿ ਚੋਣਾਂ ਜਿੱਤਣ ਉੱਤੇ ਬਹੁਤ ਸਾਰੇ ਕੰਮ ਕਰਵਾਵਾਂਗਾ ਅਤੇ ਵਾਰਡ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਾਂਗਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵਿਚ ਅਧੂਰੇ ਪਏ ਕੰਮ ਚੌੜੀ ਗਲੀ ਦੇ ਵਿੱਚ ਪਾਣੀ ਨਿਕਾਸੀ ਦਾ ਕੰਮ, ਧੋਬੀਆਂ ਵਾਲੀ ਗਲੀ ਜੋ ਵੀ ਕੰਮ ਅਧੂਰੇ ਹਨ, ਉਨ੍ਹਾਂ ਦੇ ਵਿੱਚ ਕੰਮ ਕਰਵਾਉਣਗੇ। ਇਨ੍ਹਾਂ ਕਹਿੰਦੇ ਹੋਏ ਉਨ੍ਹਾਂ ਸਮੂਹ ਭੈਣ ਭਰਾਵਾਂ, ਮਾਤਾਵਾਂ ਅਤੇ ਬਜ਼ੁਰਗਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਉਣ ਵਾਲੀ 26 ਤਾਰੀਖ ਨੂੰ ਚੋਣ ਨਿਸ਼ਾਨ ਕਾਰ ਨੂੰ ਆਪਣੀ ਕੀਮਤੀ ਵੋਟ ਪਾ ਕੇ ਜਿੱਤ ਦਰਜ ਕਰਵਾਉਣ ਤਾਂ ਜੋ ਉਹ ਲੋਕ ਭਲਾਈ ਦੇ ਕੰਮਾਂ ਨੂੰ ਪੂਰਾ ਕਰਵਾ ਸਕਣ ਅਤੇ ਇਲਾਕੇ ਵਿੱਚ ਰੌਣਕ ਲਿਆ ਸਕਣ।

# ਸੰਤ ਕਬੀਰ ਕਾਨਵੈਂਟ ਸੀ: ਸੈ: ਸਕੂਲ ਦੇ ਨਤੀਜਿਆਂ ਵਿੱਚੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ




ਭੁੱਚੋ ਮੰਡੀ ਨਥਾਣਾ, 24 ਮਈ (ਹਰਬੰਸ ਸਿੰਘ ਭੋਲਾ) : ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਸੀ.ਬੀ.ਐਸ.ਈ. ਦੁਆਰਾ ਘੋਸ਼ਿਤ ਕਰ ਕੀਤੇ ਨਤੀਜਿਆਂ ਵਿੱਚੋਂ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਇਨਾਮ ਵੰਡ ਸਮਾਰੋਹ ਦਾ ਆਯੋਜਨ ਬੜੀ ਧੂਮ ਧਾਮ ਨਾਲ ਕੀਤਾ ਗਿਆ। ਇਸ ਮੌਕੇ ਉੱਤੇ ਕਰਨਲ ਅਵਿਨਾਸ਼ ਡੀ .ਪਿਤਰੇ ( ਐਨ ਸੀ ਸੀ ਕਮਾਂਡੈਂਟ) ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ । ਇਸ ਤੋਂ ਇਲਾਵਾ ਅਸ਼ੋਕ ਅਰੋੜਾ , ਅਸ਼ੋਕ ਕੁਮਾਰ ( ਦਿੱਲੀ ਜਨਰਲ ਸਟੋਰ) ਰਾਧਾ ਅਰੋੜਾ, ਡਾਕਟਰ ਪੂਜਾ ਅਰੋੜਾ ਅਤੇ ਹੋਰ ਪਤਵੰਤੇ ਸੱਜਣ ਪਹੁੰਚੇ ।ਸਕੂਲ ਦੇ ਐਮ.ਡੀ. ਪ੍ਰੋ. ਐਮ.ਐਲ ਅਰੋੜਾ ਦੁਆਰਾ ਆਏ ਹੋਏ ਸਭ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਸਵਾਗਤ ਕੀਤਾ ਗਿਆ । ਇਸ ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਜਵਲਨ ਕਰਕੇ ਕੀਤੀ ਗਈ । ਇਸ ਸਮਾਰੋਹ ਵਿਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਸਿਮਰਦੀਪ ਕੌਰ ਕਾਮਰਸ ਗਰੁਪ 97%, ਦਿਲਜੋਤ ਕੌਰ ਮਾਹਲ ਆਰਟਸ ਗਰੁੱਪ 95.2%, ਐਂਜਲੀਨਾ ਸਿੰਘ ਮੈਡੀਕਲ ਗਰੁੱਪ 95.4%, ਤਵਲੀਨ ਕੌਰ ਨਾੱਨ ਮੈਡੀਕਲ 93% ਅਤੇ ਦਸਵੀਂ ਜਮਾਤ ਦੇ ਵਿਦਿਆਰਥੀ ਬੀਰਕਮਲ ਕੌਰ ਨੇ 96.6%, ਗਰੀਮਾ 96%, ਹਰਨੂਰ ਸਿੰਘ 95.8% ਅੰਕ ਪ੍ਰਾਪਤ ਕਰਨ ਵਾਲੇ ਅਤੇ 80 % ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਦੌਰਾਨ ਸਕੂਲ ਵਿਚ ਪਹੁੰਚੇ ਹੋਏ ਸਭ ਮਹਿਮਾਨਾਂ ਨੇ ਵਿਦਿਆਰਥੀਆਂ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ ਅਤੇ ਮੁੱਖ ਮਹਿਮਾਨ ਨੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਮਿੱਥੇ ਹੋਏ ਉਦੇਸ਼ ਵੱਲ ਵਧਣ ਦੀ ਪ੍ਰੇਰਨਾ ਦਿੱਤੀ।ਸਕੂਲ ਦੇ ਡਾਇਰੈਕਟਰ ਡਾਕਟਰ ਨੰਦਿਤਾ ਗਰੋਵਰ ਨੇ ਆਪਣੇ ਸੰਦੇਸ਼ ਵਿੱਚ ਵਿਦਿਆਰਥੀਆਂ ਨੂੰ ਉੱਚੇ ਸੁਪਨੇ ਦੇਖਣ ਦੀ ਪ੍ਰੇਰਨਾ ਦਿੱਤੀ ।

# ਪੰਜਾਬ ਵਿੱਚ ਐਸ.ਆਈ.ਆਰ. ਪ੍ਰਕਿਰਿਆ ਲਈ ਤਿਆਰੀਆਂ ਸ਼ੁਰੂ, 25 ਜੂਨ ਤੋਂ ਬੀ.ਐਲ.ਓਜ਼. ਕਰਨਗੇ ਘਰ-ਘਰ ਸਰਵੇ



ਬਰਨਾਲਾ, 24 ਮਈ (ਬਘੇਲ ਸਿੰਘ ਧਾਲੀਵਾਲ) : ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ) ਦੇ ਪ੍ਰੋਗਰਾਮ ਦੇ ਐਲਾਨ ਨਾਲ ਜ਼ਿਲ੍ਹਾ ਚੋਣ ਅਫ਼ਸਰ ਦੇ ਦਫ਼ਤਰ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹਾ ਚੋਣ ਅਫ਼ਸਰ ਸਹਿਤ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਆਈ ਏ ਐਸ ਨੇ ਦੱਸਿਆ ਕਿ ਬੂਥ ਲੈਵਲ ਅਫਸਰਾਂ (ਬੀ.ਐਲ.ਓਜ਼) ਵੱਲੋਂ 25 ਜੂਨ 2026 ਤੋਂ 24 ਜੁਲਾਈ 2026 ਤੱਕ ਘਰ-ਘਰ ਜਾ ਕੇ ਇਨੁਮੀਰੇਸ਼ਨ ਫਾਰਮ ਭਰੇ ਜਾਣੇ ਹਨ ਅਤੇ ਲੋੜੀਂਦੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਓਹਨਾਂ ਦੱਸਿਆ ਕਿ ਜਿਹੜੇ ਵੋਟਰਾਂ ਦੀ ਮੈਪਿੰਗ ਸਾਲ 2003 ਦੀ ਵੋਟਰ ਸੂਚੀ ਨਾਲ ਨਹੀ ਹੋ ਪਾਈ ਹੈ, ਉਨ੍ਹਾਂ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਅਧਿਕਾਰਤ 11 ਦਸਤਾਵੇਜ਼ਾਂ ਵਿੱਚੋਂ ਕੋਈ ਇੱਕ ਦਸਤਾਵੇਜ਼ ਜਮ੍ਹਾਂ ਕਰਵਾਉਣਾ ਹੋਵੇਗਾ। ਇਸ ਮੌਕੇ ਚੋਣ ਤਹਿਸੀਲਦਾਰ ਰਾਮ ਜੀ ਲਾਲ ਨੇ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਵਿੱਚ ਕਿਸੇ ਵੀ ਕੇਂਦਰੀ/ਰਾਜ ਸਰਕਾਰ/ਪੀਐਸਯੂ ਦੇ ਨਿਯਮਤ ਕਰਮਚਾਰੀ/ਪੈਨਸ਼ਨਰ ਨੂੰ ਜਾਰੀ ਕੀਤਾ ਗਿਆ ਕੋਈ ਵੀ ਪਛਾਣ ਪੱਤਰ/ਪੈਨਸ਼ਨ ਭੁਗਤਾਨ ਆਦੇਸ਼, 01.07.1987 ਤੋਂ ਪਹਿਲਾਂ ਭਾਰਤ ਵਿੱਚ ਸਰਕਾਰੀ/ਸਥਾਨਕ ਅਧਿਕਾਰੀਆਂ/ ਬੈਂਕਾਂ/ਡਾਕਘਰ/ ਐਲਆਈਸੀ, ਪੀਐਸਯੂ ਦੁਆਰਾ ਜਾਰੀ ਕੀਤਾ ਗਿਆ ਕੋਈ ਵੀ ਪਛਾਣ ਪੱਤਰ/ਪ੍ਰਮਾਣ ਪੱਤਰ/ ਦਸਤਾਵੇਜ਼, ਯੋਗ ਅਧਿਕਾਰੀ ਦੁਆਰਾ ਜਾਰੀ ਕੀਤੇ ਗਏ ਜਨਮ ਸਰਟੀਫਿਕੇਟ, ਪਾਸਪੋਰਟ, ਮਾਨਤਾ ਪ੍ਰਾਪਤ ਬੋਰਡਾਂ/ ਯੂਨੀਵਰਸਿਟੀਆਂ ਦੁਆਰਾ ਜਾਰੀ ਕੀਤੇ ਗਏ ਮੈਟ੍ਰਿਕੂਲੇਸ਼ਨ/ਸਿੱਖਿਆ ਸਰਟੀਫਿਕੇਟ, ਯੋਗ ਰਾਜ ਅਧਿਕਾਰੀ ਦੁਆਰਾ ਜਾਰੀ ਕੀਤੇ ਗਏ ਸਥਾਈ ਨਿਵਾਸ ਸਰਟੀਫਿਕੇਟ, ਜੰਗਲ ਅਧਿਕਾਰ ਸਰਟੀਫਿਕੇਟ, ਓਬੀਸੀ, ਐਸ.ਸੀ, ਐਸ.ਟੀ ਜਾਂ ਯੋਗ ਰਾਜ ਅਧਿਕਾਰੀ ਦੁਆਰਾ ਜਾਰੀ ਕੀਤਾ ਗਿਆ ਕੋਈ ਵੀ ਜਾਤੀ ਸਰਟੀਫਿਕੇਟ, ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ (ਜਿੱਥੇ ਵੀ ਇਹ ਮੌਜੂਦ ਹੈ), ਪਰਿਵਾਰ ਰਜਿਸਟਰ, ਰਾਜ/ਸਥਾਨਕ ਅਧਿਕਾਰੀਆਂ ਦੁਆਰਾ ਤਿਆਰ ਕੀਤਾ ਗਿਆ ਅਤੇ ਸਰਕਾਰ ਦੁਆਰਾ ਕੋਈ ਵੀ ਜ਼ਮੀਨ/ਮਕਾਨ ਅਲਾਟਮੈਂਟ ਸਰਟੀਫਿਕੇਟ ਸ਼ਾਮਲ ਹਨ। ਓਹਨਾਂ ਜ਼ਿਲ੍ਹੇ ਦੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ ਬੀ.ਐਲ.ਓਜ਼ ਨਾਲ ਸਹਿਯੋਗ ਕਰਦੇ ਹੋਏ ਐਸਆਈਆਰ ਪ੍ਰਕਿਰਿਆ ਨੂੰ ਸਮੇਂ ਸਿਰ ਪੂਰਾ ਕਰਵਾਉਣ ਵਿੱਚ ਪ੍ਰਸ਼ਾਸਨ ਨੂੰ ਸਹਿਯੋਗ ਦੇਣ।

# ਪੰਜਾਬ ਵਿੱਚ ਜਨਗਣਨਾ-2027 ਦੇ ਪਹਿਲੇ ਪੜਾਅ ਵਿੱਚ ਬਰਨਾਲਾ ਨਗਰ ਨਿਗਮ ਸੂਬੇ ਭਰ ਵਿੱਚੋਂ ਮੋਹਰੀ



ਬਰਨਾਲਾ, 24 ਮਈ ( ਬਘੇਲ ਸਿੰਘ ਧਾਲੀਵਾਲ) : ਪੰਜਾਬ ਵਿੱਚ ਜਨਗਣਨਾ 2027 ਦੇ ਪਹਿਲੇ ਪੜਾਅ ਤਹਿਤ ਹਾਊਸਿੰਗ ਅਤੇ ਹਾਊਸਲਿਸਟਿੰਗ ਆਪ੍ਰੇਸ਼ਨਜ਼ 100 ਫੀਸਦੀ ਬਲਾਕਾਂ ਵਿਚ ਸ਼ੁਰੂ ਕਰਨ ਵਿਚ ਨਗਰ ਨਿਗਮ ਬਰਨਾਲਾ ਸੂਬੇ ਭਰ ਵਿੱਚੋਂ ਮੋਹਰੀ ਹੈ। ਡਿਪਟੀ ਕਮਿਸ਼ਨਰ ਬਰਨਾਲਾ ਸਹਿਤ ਪ੍ਰਮੁੱਖ ਜਨਗਣਨਾ ਅਫ਼ਸਰ ਹਰਪ੍ਰੀਤ ਸਿੰਘ ਆਈ ਏ ਐਸ ਨੇ ਸਮੂਹ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਸ਼ਾਨਦਾਰ ਕਾਰਗੁਜ਼ਾਰੀ ਲਈ ਮੁਬਾਰਕਬਾਦ ਦਿੱਤੀ। ਓਹਨਾਂ ਦੱਸਿਆ ਕਿ ਪਹਿਲੇ ਪੜਾਅ ਤਹਿਤ ਹਾਊਸਿੰਗ ਅਤੇ ਹਾਊਸਲਿਸਟਿੰਗ ਆਪ੍ਰੇਸ਼ਨਜ਼ ਵਿੱਚ ਨਗਰ ਨਿਗਮ ਬਰਨਾਲਾ ਨੇ ਸਾਰੇ 172 ਹਾਊਸਲਿਸਟਿੰਗ ਬਲਾਕਾਂ (HLB) ਵਿੱਚ ਗਤੀਵਿਧੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਇਸ ਤਰ੍ਹਾਂ 100 ਫੀਸਦੀ ਹਾਊਸਲਿਸਟਿੰਗ ਬਲਾਕਾਂ 'ਚ ਗਤੀਵਿਧੀਆਂ ਸ਼ੁਰੂ ਕਰਨ 'ਚ ਬਰਨਾਲਾ ਨਗਰ ਨਿਗਮ ਸੂਬੇ ਵਿੱਚੋਂ ਮੋਹਰੀ ਹੈ, ਜਦਕਿ ਜੇਕਰ ਪੂਰੇ ਜ਼ਿਲ੍ਹਾ ਬਰਨਾਲਾ ਦੀ ਗੱਲ ਕੀਤੀ ਜਾਵੇ ਤਾਂ 800 ਹਾਊਸਲਿਸਟਿੰਗ ਬਲਾਕਾਂ ਵਿਚੋਂ ਸਿਰਫ 1 ਬਲਾਕ ਵਿੱਚ ਅਜੇ ਸਰਵੇਖਣ ਸ਼ੁਰੂ ਨਹੀਂ ਹੋਇਆ। ਇਨ੍ਹਾਂ ਵਿਚੋਂ 19 ਮੁਕੰਮਲ ਹੋ ਚੁੱਕੇ ਹਨ ਤੇ 780 ਵਿੱਚ ਜਨਗਣਨਾ ਕਾਰਜ ਜਾਰੀ ਹੈ। ਓਹਨਾਂ ਕਿਹਾ ਕਿ ਜਨਗਣਨਾ ਦੇ ਪਹਿਲੇ ਪੜਾਅ ਦੀ ਸ਼ੁਰੂਆਤ 15 ਮਈ 2026 ਤੋਂ ਕੀਤੀ ਗਈ ਸੀ, ਜੋ ਕਿ 13 ਜੂਨ 2026 ਤੱਕ ਜਾਰੀ ਰਹੇਗੀ ਤੇ ਪੂਰੀ ਉਮੀਦ ਹੈ ਕਿ ਇਸ ਮਹੱਤਵਪੂਰਨ ਰਾਸ਼ਟਰੀ ਕਾਰਜ ਦਾ ਪਹਿਲਾ ਪੜਾਅ ਜ਼ਿਲ੍ਹਾ ਬਰਨਾਲਾ ਮੋਹਰੀ ਰਹਿ ਕੇ ਮੁਕੰਮਲ ਕਰੇਗਾ। ਓਹਨਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਨਗਣਨਾ ਦੇ ਸਮੂਹ ਫੀਲਡ ਸਟਾਫ ਨੂੰ ਵਧਾਈ ਦਿੱਤੀ ਗਈ ਹੈ ਅਤੇ ਭਵਿੱਖ ਵਿੱਚ ਵੀ ਇਸੇ ਜਜ਼ਬੇ ਨਾਲ ਕੰਮ ਕਰਨ ਦਾ ਸੱਦਾ ਦਿੱਤਾ।

# ਵਿਨੋਦ ਗੋਇਲ ਦੇ ਹੱਕ ਵਿੱਚ ਰਾਜਿੰਦਰ ਦੀਪਾ ਵੱਲੋਂ ਚੋਣ ਪ੍ਰਚਾਰ



ਸੁਨਾਮ ਊਧਮ ਸਿੰਘ ਵਾਲਾ, 24 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਵਿੱਚ ਕੁੱਝ ਹੀ ਦਿਨ ਰਹਿ ਗਏ ਹਨ, ਉਸ ਨੂੰ ਲੈ ਕੇ ਵਾਰਡ ਨੰਬਰ 8 ਤੋਂ ਪੜ੍ਹੇ ਲਿਖੇ ਸੂਝਵਾਨ ਸਭ ਦੇ ਸਾਂਝੇ ਉਮੀਦਵਾਰ ਵਿਨੋਦ ਗੋਇਲ ਰਾਧਾ ਸੁਆਮੀ ਡੇਰੀ ਵਾਲੇ ਜਿਹਨਾਂ ਦਾ ਚੋਣ ਨਿਸ਼ਾਨ ਜੀਪ ਹੈ, ਉਹਨਾਂ ਦੇ ਹੱਕ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਜਿੰਦਰ ਦੀਪਾ ਨੇ ਪਹੁੰਚ ਕੇ ਵਾਰਡ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਵਾਰਡ ਦੇ ਸਭ ਦੇ ਸਾਂਝੇ ਅਤੇ ਆਜ਼ਾਦ ਉਮੀਦਵਾਰ ਵਿਨੋਦ ਗੋਇਲ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤੁਹਾਡੇ ਵਾਰਡ ਦੀ ਤਰੱਕੀ ਵਾਸਤੇ ਤੁਸੀਂ ਆਪਣਾ ਵੋਟ ਸਭ ਦੇ ਮਿਲਣ ਸਾਰ ਅਤੇ ਹਰ ਸਮੇਂ ਆਪਣੇ ਵਾਰਡ ਦੀ ਸੇਵਾ ਕਰਨ ਵਾਲੇ ਵਿਨੋਦ ਗੋਇਲ ਨੂੰ ਜਿਤਾ ਕੇ ਨਗਰ ਕੌਂਸਲ ਦਫ਼ਤਰ ਵਿਖੇ ਭੇਜੋ, ਤਾਂ ਜੋ ਤੁਹਾਡੇ ਵਾਰਡ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਸਕਣ। ਇਸ ਮੌਕੇ 'ਤੇ ਵਿਨੋਦ ਗੋਇਲ ਨੇ ਵਾਰਡ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈ ਹਰ ਸਮੇਂ ਮੇਰੇ ਵਾਰਡ ਦੇ ਭਾਈ ਭੈਣਾਂ ਨਾਲ ਮਿਲ ਕੇ। ਚੱਲਾਂਗਾ ਅਤੇ ਹਰ ਗ਼ਰੀਬ ਪਰਿਵਾਰ ਦੀ ਲੜਕੀ ਦੇ ਵਿਆਹ ਸਮੇਂ 5100 ਦਾ ਸਹਿਯੋਗ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ 'ਤੇ ਵਾਰਡ ਨਿਵਾਸੀਆ ਨੇ ਵਿਨੋਦ ਗੋਇਲ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ। ਇਸ ਮੌਕੇ 'ਤੇ ਵਾਰਡ ਨਿਵਾਸੀਆ ਵੱਲੋਂ ਰਾਜਿੰਦਰ ਦੀਪਾ ਅਤੇ ਵਿਨੋਦ ਗੋਇਲ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਉਨ੍ਹਾਂ ਨੂੰ ਵੱਡੀ ਲੀਡ 'ਤੇ ਜਿਤਾ ਕੇ ਭੇਜਣ ਦਾ ਫੈਸਲਾ ਲਿਆ। ਇਸ ਮੌਕੇ 'ਤੇ ਪੁਨੀਤ ਗੋਇਲ ਰਾਜੂ ਕਤਿਆਲ ਅਸ਼ੋਕ ਸ਼ਰਮਾ ਪੀ ਕੇ ਮੰਗੂ ਰਾਮ ਅਤੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਹਾਜ਼ਰ ਸਨ।

# ਧੱਕੇ ਦਾ ਜਵਾਬ 2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਬਹਾਦਰ ਅਤੇ ਸੂਝਵਾਨ ਲੋਕ ਦੇਣਗੇ



ਬਰਨਾਲਾ, 24 ਮਈ (ਹਮੀਰ ਸਿੰਘ) : ਸਮੁੱਚੇ ਪੰਜਾਬ ਵਿੱਚ ਜਿੱਥੇ ਵੀ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਚੋਣਾਂ ਹੋ ਰਹੀਆਂ ਹਨ, ਉੱਥੇ ਹੀ ਆਮ ਆਦਮੀ ਪਾਰਟੀ ਵੱਲੋਂ ਸਿੱਧੇ ਅਸਿੱਧੇ ਤਰੀਕੇ ਨਾਲ ਸੀਟਾਂ ਜਿੱਤਣ ਲਈ ਧੱਕਾ ਕੀਤਾ ਜਾ ਰਿਹਾ ਹੈ, ਜਿਵੇਂ ਕੇ ਬਰਨਾਲਾ ਵਿੱਚ 31 ਨੰਬਰ ਵਾਰਡ ਦੇ ਭਾਜਪਾ ਦੇ ਉਮੀਦਵਾਰ ਦੇ ਜਬਰਦਸਤੀ ਕਾਗਜ ਰੱਦ ਕਰਵਾ ਕੇ ਆਮ ਆਦਮੀ ਦਾ ਉਮੀਦਵਾਰ ਪ੍ਰਸ਼ਾਸਨ ਤੋਂ ਜੇਤੂ ਕਰਾਰ ਕਰਵਾ ਲਿਆ।ਇਹ ਵਿਚਾਰ ਜ਼ਿਲ੍ਹਾ ਬਰਨਾਲਾ ਦੇ ਇੰਚਾਰਜ ਅਤੇ ਸਾਬਕਾ ਮੰਤਰੀ ਸੀਨੀਅਰ ਭਾਜਪਾ ਆਗੂ ਵਿਜੇ ਸਾਂਪਲਾ ਨੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਕੇ ਪ੍ਰਗਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਬੁਨਿਆਦ ਝੂਠ 'ਤੇ ਟਿਕੀ ਹੋਈ ਹੈ। ਜਿਸਦਾ ਅੰਤ ਨਿਸਚਿਤ ਹੈ ਅਤੇ ਇਸ ਪਾਰਟੀ ਵੱਲੋਂ ਕੀਤੇ ਜਾ ਰਹੇ ਧੱਕੇ ਦਾ ਜੁਵਾਬ ਪੰਜਾਬ ਦੇ ਸੂਝਵਾਨ ਵੋਟਰ 2027 ਵਿੱਚ ਇਹਨਾਂ ਦਾ ਤਖ਼ਤਾ ਪਲਟਾ ਕੇ ਦੇਣਗੇ। ਉਹਨਾਂ ਕਿਹਾ ਕਿ ਪ੍ਰਸਿੱਧ ਕ੍ਰਿਕਟਰ ਹਰਭਜਨ ਸਿੰਘ ਨੇ ਰਾਜ ਸਭਾ ਦੀਆਂ ਸੀਟਾਂ ਵੇਚਣ ਵੱਲ ਸੰਕੇਤ ਕਰਕੇ ਬਹੁਤ ਵੱਡਾ ਇਲਜਾਮ ਕੇਜਰੀਵਾਲ ਦੇ ਖਿਲਾਫ ਲਾ ਦਿੱਤਾ ਹੈ, ਜਿਸ ਸਬੰਧੀ ਆਉਣ ਵਾਲੇ ਸਮੇਂ ਵਿੱਚ ਵੱਡੇ ਖੁਲਾਸੇ ਹੋ ਸਕਦੇ ਹਨ।ਇਸ ਮੌਕੇ ਉਹਨਾਂ ਨਾਲ ਸਿੱਧੂ ਦੇ ਗ੍ਰਹਿ ਵਿਖੇ ਸੋਹਣ ਮਿੱਤਲ, ਲਲਿਤ ਮਹਾਜਨ, ਪ੍ਰੇਮ ਪ੍ਰੀਤਮ ਜਿੰਦਲ, ਦਰਸ਼ਨ ਸਿੰਘ ਨੈਣੇਵਾਲ, ਸੂਬਾ ਪ੍ਰਧਾਨ ਭਾਜਪਾ ਕਿਸਾਨ ਮੋਰਚਾ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ, ਡਾਕਟਰ ਵਾਸੁਦੇਵ ਸ਼ਰਮਾ, ਹੌਲਦਾਰ ਬਸੰਤ ਸਿੰਘ ਉੱਗੋਕੇ, ਭੂਸ਼ਣ ਕੁਮਾਰ, ਗੁਰਦੇਵ ਸਿੰਘ ਮੱਕੜ ਹਾਜ਼ਰ ਸਨ।

# ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦੇ ਮਾਨਸਿਕ ਤਣਾਅ ਤੋਂ ਮੁਕਤ ਹੋਣ ਲਈ ਕਾਊਂਸਲਿੰਗ ਜ਼ਰੂਰੀ



ਬਰਨਾਲਾ, 24 ਮਈ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰੀਖਿਆ ਫੋਬੀਆ ਜਾਂ ਵਿਦਿਆਰਥੀਆਂ ਦਾ ਮਾਨਸਿਕ ਤਣਾਅ ਦਾ ਸ਼ਿਕਾਰ ਹੋਣਾ ਇੱਕ ਇਹੋ ਜਿਹੀ ਮਾਨਸਿਕ ਦਸ਼ਾ ਹੈ, ਜਿਸ 'ਚ ਪ੍ਰੀਖਿਆ ਦੇ ਡਰ ਅਤੇ ਘਬਰਾਹਟ ਨਾਲ ਵਿਦਿਆਰਥੀ ਦਾ ਮਨੋਬਲ ਡਿੱਗਣ ਲੱਗ ਜਾਂਦਾ ਹੈ। ਯਾਦਦਾਸ਼ਤ ਵੀ ਕਮਜ਼ੋਰ ਹੋਣ ਲੱਗਦੀ ਹੈ। ਵਿਦਿਆਰਥੀਆਂ ਨੂੰ ਆਸਾਨ ਵਿਸ਼ੇ ਵੀ ਔਖੇ ਲੱਗਣ ਲੱਗਦੇ ਹਨ। ਵਿਦਿਆਰਥੀਆਂ ਦੇ ਨਿਰਾਸ਼ ਹੋਣ ਕਰਕੇ ਕਈ ਵਾਰ ਉਹ ਬਿਮਾਰ ਹੋ ਜਾਂਦੇ ਹਨ, ਜਿਵੇਂ ਕਿ ਉਹ ਉਲਟੀਆਂ, ਦਸਤ ਅਤੇ ਘਬਰਾਹਟ ਆਦਿ ਦਾ ਸ਼ਿਕਾਰ ਹੋ ਜਾਂਦੇ ਹਨ। ਬਹੁਤੇ ਹਤਾਸ਼ ਹੋਏ ਵਿਦਿਆਰਥੀ ਕਈ ਵਾਰੀ ਖ਼ਤਰਨਾਕ ਕਦਮ ਵੀ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ। ਇਸ ਮੌਕੇ ਆਪਣੇ ਰਾਇ ਪ੍ਰਗਟ ਕਰਦਿਆਂ ਸਟੇਟ ਐਵਾਰਡੀ ਭੋਲਾ ਸਿੰਘ ਵਿਰਕ ਪ੍ਰਧਾਨ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਿਰਾਸ਼ ਹੋਣ ਤੋਂ ਬਚਾਉਣ ਲਈ ਮਾਪਿਆਂ ਅਤੇ ਅਧਿਆਪਕਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਬਣਦੀ ਹੈ। ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਦੇ ਐਮ ਡੀ ਸ਼ਿਵ ਕੁਮਾਰ ਸਿੰਗਲਾ ਨੇ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਨਕਾਰਾਤਮਕ ਸੋਚ ਵਾਲੇ ਵਿਅਕਤੀਆਂ ਤੋਂ ਆਪਣੇ ਬੱਚਿਆਂ ਨੂੰ ਦੂਰ ਰੱਖਣ। ਇਸ ਮੌਕੇ ਬੋਲਦਿਆਂ ਪ੍ਰੋਫ਼ੈਸਰ (ਡਾ) ਮਨਦੀਪ ਸਿੰਘ ਘਈ ਨੇ ਕਿਹਾ ਕਿ ਬੱਚੇ ਨੂੰ ਹੌਸਲਾ ਦੇਣਾ ਬਹੁਤ ਜ਼ਰੂਰੀ ਹੈ। ਪੌਸ਼ਟਿਕ ਆਹਾਰ ਵੀ ਬੱਚੇ ਨੂੰ ਜ਼ਰੂਰ ਦਿਓ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਚੈਪਟਰਾਂ ਨੂੰ ਸ਼ੁਰੂ ਨਾ ਕਰਨ ਬਲਕਿ ਪਹਿਲਾਂ ਪੜ੍ਹੇ ਹੋਏ ਸਿਲੇਬਸ ਦੀ ਦੁਹਰਾਈ ਕਰਨ। ਵਿਦਿਆਰਥੀਆਂ ਨੂੰ ਇਹ ਸੰਦੇਸ਼ ਦੇਣਾ ਜ਼ਰੂਰੀ ਹੈ ਕਿ ਇਮਤਿਹਾਨ ਸੰਸਾਰ ਦਾ ਅੰਤ ਨਹੀਂ ਅਤੇ ਇਸ ਤੋਂ ਡਰਨ ਦੀ ਲੋੜ ਨਹੀਂ ਹੈ। ਇਸ ਮੌਕੇ ਬੋਲਦਿਆਂ ਸੀਨੀਅਰ ਐਡਵੋਕੇਟ ਰਾਜੀਵ ਮਿੱਤਲ, ਸਮਾਜ ਸੇਵੀ ਬਸੰਤ ਕੁਮਾਰ ਗੋਇਲ, ਡਾਕਟਰ ਰਾਜੀਵ ਸ਼ਰਮਾ ਨੇ ਕਿਹਾ ਕਿ ਅਧਿਆਪਕ ਵਰਗ ਨੂੰ ਵੀ ਸਮੇਂ ਸਮੇਂ ਤੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਤਣਾਅ ਤੋਂ ਮੁਕਤ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਇਮਤਿਹਾਨ ਦਾ ਡਰ ਹੈ ਤਾਂ ਉਸ ਵਿਦਿਆਰਥੀ ਨੂੰ ਆਪਣੇ ਡਰ ਜਾਂ ਤਣਾਅ ਨੂੰ ਦੂਰ ਕਰਨਾ ਚਾਹੀਦਾ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਪ੍ਰੀਖਿਆ ਫੋਬੀਆ ਜਾਂ ਮਾਨਸਿਕ ਤਣਾਅ ਦੇ ਖਾਤਮੇ ਲਈ ਸਹਾਇਤਾ ਦੀ ਲੋੜ ਹੈ ਤਾਂ ਉਹ ਕਿਸੇ ਨਾ ਕਿਸੇ ਮਨੋਵਿਗਿਆਨੀ ਦੀ ਸਲਾਹ ਜ਼ਰੂਰ ਲੈਣ।

# ਸਹੌਰ ਵਿੱਚ ਭਿਆਨਕ ਅੱਗ ਨਾਲ ਕਰਿਆਨਾ ਸਟੋਰ ਸੜ ਕੇ ਸੁਆਹ, ਲੱਖਾਂ ਦਾ ਨੁਕਸਾਨ



ਮਹਿਲ ਕਲਾਂ/ ਬਰਨਾਲਾ, 24 ਮਈ (ਬਘੇਲ ਸਿੰਘ ਧਾਲੀਵਾਲ) : ਪਿੰਡ ਸਹੌਰ ਵਿਖੇ ਕਰਿਆਨੇ ਦੀ ਦੁਕਾਨ ਨੂੰ ਭਿਆਨਕ ਅੱਗ ਲੱਗੀ, ਲੱਖਾਂ ਦਾ ਸਮਾਨ ਸੜ ਕੇ ਸਵਾਹ ਹੋਇਆ, ਮੇਹਰ ਚੰਦ ਪੁੱਤਰ ਗਿਆਨ ਚੰਦ ਦੇ ਕਰਿਆਨਾ ਸਟੋਰ ਉੱਤੇ ਅਚਾਨਕ ਰਾਤ ਸਮੇਂ ਲੱਗੀ ਭਿਆਨਕ ਅੱਗ ਕਾਰਨ ਦੁਕਾਨਦਾਰ ਦੀ ਦੁਕਾਨ ਦਾ ਸਮਾਨ ਬੁਰੀ ਤਰ੍ਹਾਂ ਸੜ ਕੇ ਹੋਇਆ ਸੁਆਹ। ਦੁਕਾਨਦਾਰ ਮੇਹਰ ਚੰਦ ਦੇ ਪੁੱਤਰ ਸਾਹਿਲ ਦੇ ਦੱਸਣ ਮੁਤਾਬਕ, ਉਨ੍ਹਾਂ ਨੂੰ ਸਵੇਰੇ ਤਕਰੀਬਨ ਤਿੰਨ ਵਜੇ ਦੁਕਾਨ ਦੇ ਆਸ ਪਾਸ ਦੇ ਗਵਾਂਢੀ ਦਾ ਫੋਨ ਆਇਆ, ਜਿਸ ਨੇ ਉਹਨਾਂ ਨੂੰ ਅੱਗ ਲੱਗਣ ਬਾਰੇ ਦੱਸਿਆ, ਤੇ ਜਦੋਂ ਉਹ ਦੁਕਾਨ 'ਤੇ ਪਹੁੰਚੇ ਤਾਂ ਅੱਗ ਇੰਨੀ ਜ਼ਿਆਦਾ ਫੈਲ ਚੁੱਕੀ ਸੀ ਕਿ ਉਸ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਸੀ, ਤਾਂ ਉਹਨਾਂ ਦੇ ਦੱਸਣ ਮੁਤਾਬਕ ਤਕਰੀਬਨ 3.20 ਤੇ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਕਾਲ ਕੀਤੀ, ਜੋ ਕਿ ਇੱਕ ਘੰਟੇ ਬਾਅਦ 4.30 ਵਜੇ ਫਾਇਰ ਬ੍ਰਿਗੇਡ ਉਹਨਾਂ ਤੱਕ ਪਹੁੰਚੀ, ਪਰ ਉਦੋਂ ਅੱਗ 'ਤੇ ਕਾਬੂ ਤਾਂ ਪਾ ਲਿਆ ਗਿਆ, ਪਰ ਉਦੋਂ ਤੱਕ ਸਾਰਾ ਕੁਝ ਸੜ ਕੇ ਸਵਾਹ ਹੋ ਚੁੱਕਾ ਸੀ, ਅੱਗ ਇੰਨੀ ਭਿਅੰਕਰ ਸੀ ਕਿ ਬੜੀ ਮੁਸ਼ਕਿਲ ਦੇ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਦੁਕਾਨਦਾਰ ਨੇ ਦੱਸਿਆ ਕਿ ਦੁਕਾਨ ਅੰਦਰ 60 ਤੋਂ 65 ਲੀਟਰ ਕਰੀਬ ਸਰੋਂ ਦਾ ਤੇਲ, 20 ਤੋਂ 25 ਲੀਟਰ ਦੇਸੀ ਘਿਓ ਦੇ ਡੱਬੇ ਫੱਟ ਜਾਣ ਕਾਰਨ ਵੀ, ਅੱਗ ਜ਼ਿਆਦਾ ਫੈਲਣ ਦਾ ਵੱਡਾ ਕਾਰਨ ਬਣਿਆ ਹੋ ਸਕਦਾ ਹੈ। ਦੁਕਾਨਦਾਰ ਦੇ ਕਰਿਆਨੇ ਦੇ ਨਾਲ ਨਾਲ ਇਲੈਕਟਰੋਨਿਕ ਦਾ ਸਮਾਨ ਵੀ ਦੁਕਾਨ 'ਤੇ ਵੇਚਣ ਲਈ ਰੱਖਿਆ ਹੋਇਆ ਸੀ, ਜਿਸ ਵਿੱਚੋਂ ਕੁਝ ਵੀ ਨਹੀਂ ਬਚਿਆ, ਦੁਕਾਨਦਾਰ ਦੇ ਦੱਸਣ ਅਨੁਸਾਰ ਤਕਰੀਬਨ ਛੇ ਤੋਂ ਸੱਤ ਲੱਖ ਦਾ ਵੱਡਾ ਨੁਕਸਾਨ ਜੋ ਕਿ ਸੜਕੇ ਸੁਆਹ ਹੋ ਗਿਆ ਹੈ, ਮਿਹਰ ਚੰਦ ਦੇ ਪਰਿਵਾਰ ਦੇ ਵਿੱਚ ਉਸ ਦੀ ਪਤਨੀ ਬੇਟੀ ਅਤੇ ਬੇਟਾ ਜੋ ਕਿ ਪੂਰਾ ਪਰਿਵਾਰ ਜੋ ਕਿ ਦੁਕਾਨ ਦੀ ਕਮਾਈ 'ਤੇ ਹੀ ਨਿਰਭਰ ਸੀ, ਅਤੇ ਦੁਬਾਰਾ ਤੋਂ ਦੁਕਾਨਾਂ ਦੀ ਮੁਰੰਮਤ ਕਰਵਾ ਕੇ ਸਮਾਨ ਭਰਨਾ ਬਹੁਤ ਜ਼ਿਆਦਾ ਮੁਸ਼ਕਿਲ ਹੈ, ਦੁਕਾਨ ਨੂੰ ਅੱਗ ਲੱਗਣ ਕਾਰਨ ਪਰਿਵਾਰ ਦੇ ਉੱਪਰ ਦੁੱਖਾਂ ਦਾ ਪਹਾੜ ਹੀ ਡਿੱਗ ਪਿਆ। ਪਰਿਵਾਰ ਨੇ ਸਰਕਾਰ ਅਤੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਉਹਨਾਂ ਦੀ ਵਿੱਤੀ ਸਹਾਇਤਾ ਕੀਤੀ ਜਾਵੇ, ਤਾਂ ਜੋ ਨਵੇਂ ਸਿਰਿਓਂ ਕੰਮ ਸ਼ੁਰੂ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ।

# ਜੀ. ਐੱਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਵਿਖੇ ਮਨਾਇਆ 'ਲੈਮਨ ਡੇਅ'



ਬਰਨਾਲਾ, 24 ਮਈ (ਹਮੀਰ ਸਿੰਘ) : ਇਲਾਕੇ ਦੀ ਨਾਮਵਰ ਸੰਸਥਾ ਜੀ ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਵਿੱਚ ਲੈਮਨ ਡੇਅ ਮਨਾਇਆ ਗਿਆ।ਇਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਿੰਬੂ ਦੇ ਫਾਇਦਿਆਂ ਅਤੇ ਉਸਦੀ ਵਰਤੋਂ ਦੀ ਜਾਣਕਾਰੀ ਦੇਣਾ ਸੀ।ਇਸ ਗਤੀਵਿਧੀ ਵਿੱਚ ਬੱਚਿਆਂ ਵੱਲੋਂ ਲੈਮਨ ਜੂਸ ਬਣਾਇਆ ਗਿਆ ਅਤੇ ਉਨ੍ਹਾਂ ਵੱਲੋਂ ਇਹ ਸਾਰਾ ਸਮਾਨ ਸਕੂਲ ਵਿੱਚ ਹੀ ਤਿਆਰ ਕਰਕੇ ਪ੍ਰਸਤੁਤ ਕੀਤਾ ਗਿਆ। ਸਕੂਲ ਚੇਅਰਮੈਨ ਰਿਸ਼ਵ ਜੈਨ ਜੀ ਅਤੇ ਮੈਨੇਜਿੰਗ ਡਾਇਰੈਕਟਰ ਸੁਰੇਸ਼ ਬਾਂਸਲ ਨੇ ਬੱਚਿਆਂ ਦੁਆਰਾ ਬਣਾਏ ਗਏ ਇਨ੍ਹਾਂ ਡਰਿੰਕਸ ਦਾ ਜਾਇਜ਼ਾ ਲਿਆ ਅਤੇ ਉਨ੍ਹਾਂ ਦੇ ਇਸ ਹੁਨਰ ਦੀ ਤਾਰੀਫ਼ ਵੀ ਕੀਤੀ। ਉਨ੍ਹਾਂ ਨੇ ਇਸ ਸਮੇਂ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਿਹਤਮੰਦ ਡਰਿੰਕਸ ਪੀਣੇ ਚਾਹੀਦੇ ਹਨ। ਇਸ ਸਮੇਂ ਉਨ੍ਹਾਂ ਬੱਚਿਆਂ ਨੂੰ ਇਹ ਵੀ ਕਿਹਾ ਕਿ ਸਾਨੂੰ ਇਸ ਅੱਤ ਦੀ ਗਰਮੀ ਤੋਂ ਰਾਹਤ ਪਾਉਣ ਲਈ ਦਿਨ ਵਿੱਚ ਘੱਟ ਤੋਂ ਘੱਟ ਦੋ ਤਿੰਨ ਵਾਰ ਨਿੰਬੂ ਪਾਣੀ ਪੀਣਾ ਚਾਹੀਦਾ ਹੈ ਜੋ ਕਿ ਸਾਡੇ ਸਰੀਰ ਦੇ ਪਾਚਨਤੰਤਰ ਨੂੰ ਸਹੀ ਰੱਖਦਾ ਹੈ । ਉਨ੍ਹਾਂ ਬੱਚਿਆਂ ਨੂੰ ਜੰਕ ਫੂਡ ਨਾ ਖਾਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਇਸ ਸਮੇਂ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਦੀ ਪੜ੍ਹਾਈ ਵਿੱਚ ਰੌਚਿਕਤਾ ਨੂੰ ਵਧਾਵਾ ਦਿੰਦੀਆਂ ਹਨ। ਸਾਰੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਆਪਣੇ ਆਪਣੇ ਡਰਿੰਕ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਸਜਾ ਕੇ ਪੇਸ਼ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਮੋਨਿਕਾ ਸਤੀਜਾ ਅਤੇ ਅਕਾਦਮਿਕ ਡਾਇਰੈਕਟਰ ਸ਼੍ਰੀ ਸੁਨੀਲ ਸਤੀਜਾ ਨੇ ਵੀ ਬੱਚਿਆਂ ਦੁਆਰਾ ਬਣਾਏ ਡਰਿੰਕਸ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ ਅਤੇ ਉਨ੍ਹਾਂ ਨੂੰ ਬਾਜਾਰ ਵਿੱਚੋਂ ਮਿਲਦੇ ਕੋਲ ਡਰਿੰਕਸ ਇਸ ਦੀ ਜਗ੍ਹਾ ਨਿੰਬੂ ਜੂਸ ਦੀ ਵਰਤੋਂ ਕਰਨ ਲਈ ਕਿਹਾ, ਜਿਸ ਦੀ ਵਰਤੋਂ ਕਰਕੇ ਉਹ ਗਰਮੀ ਵਿੱਚ ਬਿਮਾਰ ਹੋਣ ਤੋਂ ਬਚ ਸਕਦੇ ਹਨ।ਬੱਚੇ ਆਪਣੇ ਹੱਥੀਂ ਡਰਿੰਕਸ ਬਣਾ ਕੇ ਬਹੁਤ ਖੁਸ਼ ਸਨ।

# ਹਰ ਵੋਟਰ ਨੂੰ ਆਪਣੇ ਵੋਟ ਦਾ ਇਸਤੇਮਾਲ ਕਰਨ ਲਈ ਕੀਤਾ ਜਾਗਰੂਕ



ਬਰਨਾਲਾ, 24 ਮਈ (ਸੁਖਵਿੰਦਰ ਸਿੰਘ ਭੰਡਾਰੀ) : ਲੋਕਾਂ ਨੂੰ ਵੋਟ ਦੀ ਮਹੱਤਤਾ ਤੋਂ ਜਾਣੂੰ ਕਰਵਾਉਣ ਲਈ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਹਰ ਵੋਟਰ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਸ ਮੌਕੇ ਬੋਲਦਿਆਂ ਸਮਾਜ ਸੇਵੀ ਨੀਰਜ ਬਾਲਾ ਦਾਨੀਆ ਨੇ ਕਿਹਾ ਕਿ ਹਰ ਵੋਟਰ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਵਿੱਚ ਕਿਹਾ ਕਿ ਸੰਸਾਰ ਦੇ ਲੋਕਤੰਤਰੀ ਦੇਸ਼ਾਂ ਵੋਟ 'ਚ ਵੋਟਰ ਪੂਰੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਪਰੰਤੂ ਭਾਰਤ ਅੰਦਰ ਵੋਟਰ, ਵੋਟ ਪਾਉਣ ਸਮੇਂ ਐਨੀ ਪ੍ਰਤੀਬਧਤਾ ਨਹੀਂ ਦਿਖਾਉਂਦੇ ਜਿੰਨੀ ਪ੍ਰਤੀਬੱਧਤਾ ਲੋਕਤੰਤਰ 'ਚ ਜ਼ਰੂਰੀ ਹੈ। ਸਮਾਜ ਸੇਵੀ ਸੋਮਾ ਭੰਡਾਰੀ ਨੇ ਕਿਹਾ ਕਿ ਪਿਛਲੀਆਂ ਲੋਕ ਸਭਾ ਕਿ ਦੀਆਂ ਹੋਈਆਂ ਚੋਣਾਂ ਚ ਔਸਤਨ ਲੱਗਭੱਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ। ਹਰ ਵੋਟਰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੇ ਵੋਟ ਦਾ ਇਸਤੇਮਾਲ ਜ਼ਰੂਰ ਕਰੇ। ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਬਬੀਤਾ ਜਿੰਦਲ ਨੇ ਕਿਹਾ ਕਿ ਜੇਕਰ ਰਾਸ਼ਟਰ ਮਜ਼ਬੂਤ ਹੈ ਤਾਂ ਸਮਾਜ ਵੀ ਮਜ਼ਬੂਤ ਹੈ । ਉਨ੍ਹਾਂ ਕਿਹਾ ਕਿ 2024 ਦੀਆਂ ਹੋਈਆਂ ਚੋਣਾਂ ਚ 90 ਕਰੋੜ ਤੋਂ ਵੱਧ ਵੋਟਰਾਂ 'ਚੋਂ ਲੱਗਭੱਗ 40 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਨਹੀਂ ਕੀਤਾ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਹਰ ਵੋਟਰ ਨੂੰ ਰਾਸ਼ਟਰ ਦੀ ਮਜ਼ਬੂਤੀ ਲਈ ਵੋਟ ਦਾ ਸਹੀ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਸਪਨਾ ਗਰਗ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਕਿਸੇ ਵੀ ਲਾਲਚ ਜਾਂ ਡਰ ਚ ਆ ਕੇ ਆਪਣੀ ਵੋਟ ਨਾ ਪਾਉਣ ਸਗੋਂ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਭਵਿੱਖ ਤੇ ਰਾਸ਼ਟਰ ਦੀ ਮਜ਼ਬੂਤੀ ਲਈ ਵੋਟ ਪਾ ਕੇ ਆਪਣੇ ਮਨ ਪਸੰਦ ਦਾ ਉਮੀਦਵਾਰ ਚੁਣਨਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਜੋਤੀ ਸ਼ਰਮਾ ਬਰਨਾਲਾ ਨੇ ਆਪਣੀ ਰਾਇ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਨੇ ਹਰ ਇੱਕ ਨਾਗਰਿਕ ਨੂੰ ਇੱਕ ਸਮਾਨ ਵੋਟ ਪਾਉਣ ਦਾ ਅਧਿਕਾਰ ਦਿੱਤਾ ਹੈ। । ਇਸ ਲਈ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਵੋਟ ਪਾਉਣੀ ਚਾਹੀਦੀ ਹੈ ।



# ਪਟਿਆਲਾ-ਆਸ/ਪਾਸ



### ਪਟਿਆਲਾ 'ਚ ਸੜਕ ਸੁਰੱਖਿਆ ਲਈ ਡੀ.ਸੀ. ਦੇ ਸਖਤ ਹੁਕਮ

## ਗ਼ਲਤ ਪਾਰਕਿੰਗ ਕਰਨ ਵਾਲਿਆਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਡਾ. ਹਿਮਾਂਸ਼ੂ ਅਗਰਵਾਲ

ਪਟਿਆਲਾ, 24 ਮਈ (ਰੁਪਾਣਾ) : ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਟ੍ਰੈਫਿਕ ਪੁਲਿਸ ਅਤੇ ਹੋਰ ਵਿਭਾਗਾਂ ਤੋਂ ਸ਼ਹਿਰ ਦੇ ਮੁੱਖ ਟ੍ਰੈਫਿਕ ਪੁਆਇੰਟਾਂ ਜਿਵੇਂ ਖੰਡਾ ਚੌਕ, ਨਿਊ ਬੱਸ ਸਟੈਂਡ, ਪੁਰਾਣਾ ਬੱਸ ਸਟੈਂਡ, ਕੋਹਲੀ ਸਵੀਟ, ਗੁੜ ਮੰਡੀ, ਗਗਨ ਚੌਕ, ਖਾਲਸਾ ਕਾਲਜ, ਰਾਜਪੁਰਾ ਅਤੇ ਨਾਭਾ ਖੇਤਰਾਂ ਦੀ ਸਥਿਤੀ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ। ਡਿਪਟੀ ਕਮਿਸ਼ਨਰ ਨੇ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਸਕੂਲਾਂ, ਕਾਲਜਾਂ, ਬੈਂਕਾਂ ਅਤੇ ਹੋਰ ਸੰਸਥਾਵਾਂ ਨੂੰ ਆਪਣੀ ਪਾਰਕਿੰਗ ਦੀ ਵਿਵਸਥਾ ਆਪਣੇ ਪੱਧਰ 'ਤੇ ਕਰਨੀ ਹੋਵੇਗੀ। ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਉਨ੍ਹਾਂ ਚੇਤਾਵਨੀ ਦਿੱਤੀ ਕਿ ਜਿਹੜੀਆਂ ਸੰਸਥਾਵਾਂ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰਨਗੀਆਂ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਲੋੜ ਪੈਣ 'ਤੇ ਪ੍ਰਾਪਰਟੀ ਜਬਤ ਕੀਤੀ ਜਾ ਸਕਦੀ ਹੈ। ਡੀ.ਸੀ. ਨੇ ਕਿਹਾ ਕਿ ਜੇਕਰ ਕਿਸੇ ਸੰਸਥਾ ਕੋਲ ਪਾਰਕਿੰਗ ਲਈ ਯੋਗ ਜਗ੍ਹਾ ਨਹੀਂ ਹੈ, ਤਾਂ ਉਹ ਕਰਮਚਾਰੀ ਹਾਇਰ ਕਰਨ ਜੋ ਲੋਕਾਂ ਦੀਆਂ ਗੱਡੀਆਂ ਨੂੰ ਸੁਚੱਜੇ ਢੰਗ ਨਾਲ ਪਾਰਕ ਕਰਵਾਉਣ ਵਿੱਚ ਮਦਦ ਕਰਨ। ਉਨ੍ਹਾਂ ਕਿਹਾ ਕਿ ਗਲਤ ਢੰਗ ਨਾਲ ਖੜ੍ਹੇ ਵਾਹਨ ਟ੍ਰੈਫਿਕ ਜਾਮ ਅਤੇ ਹਾਦਸਿਆਂ ਦਾ ਵੱਡਾ ਕਾਰਨ ਬਣ ਰਹੇ ਹਨ, ਜਿਸ ਨੂੰ ਰੋਕਣਾ ਸਮੇਂ ਦੀ ਲੋੜ ਹੈ। ਇਸ ਤੋਂ ਇਲਾਵਾ ਬੱਚਿਆਂ ਵੱਲੋਂ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣ ਅਤੇ ਬਿਨਾਂ ਲਾਇਸੈਂਸ ਵਾਹਨ ਸੜਕਾਂ 'ਤੇ ਲਿਆਂਦੇ ਜਾਣ ਦੇ ਮਾਮਲੇ ਵੀ ਮੀਟਿੰਗ ਵਿੱਚ ਗੰਭੀਰਤਾ ਨਾਲ ਚਰਚਾ ਵਿੱਚ ਆਏ। ਇਸ 'ਤੇ ਡੀ.ਸੀ. ਨੇ ਟ੍ਰੈਫਿਕ ਪੁਲਿਸ ਨੂੰ ਸੋਸ਼ਲ ਮੀਡੀਆ ਰਾਹੀਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੇ ਆਦੇਸ਼ ਦਿੱਤੇ।ਉਨ੍ਹਾਂ ਟ੍ਰੈਫਿਕ ਪੁਲਿਸ ਨੂੰ ਨਗਰ ਨਿਗਮ ਨਾਲ ਤਾਲਮੇਲ ਕਰਕੇ ਭਾਰੀ ਵਾਹਨਾਂ ਦੀ ਐਂਟਰੀ 'ਤੇ ਪਾਬੰਦੀ ਸਬੰਧੀ ਸਾਈਨ ਬੋਰਡ ਲਗਾਉਣ ਦੀ ਹਦਾਇਤ ਵੀ ਕੀਤੀ। ਡਾ ਹਿਮਾਂਸ਼ੂ ਅਗਰਵਾਲ ਨੇ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹੁਕਮ ਦਿੱਤੇ ਕਿ ਜ਼ਿਲ੍ਹੇ ਦੇ ਹਰ ਸਕੂਲ ਵਿੱਚ ਪਾਲਿਸੀ ਦੀ ਪਾਲਣਾ ਕੀਤੀ ਜਾਵੇ । ਸਕੂਲ ਦੇ ਮੁੱਖ ਗੇਟ ਤੇ ਸੀ ਸੀ ਟੀ ਵੀ ਕੈਮਰੇ ਲੱਗੇ ਹੋਣ ਅਤੇ ਰੋਡ ਸੇਫ਼ਟੀ ਲਈ ਨੋਡਲ ਅਫ਼ਸਰ ਵੀ ਨਿਯੁਕਤ ਕੀਤੇ ਜਾਣ। ਡੀ.ਸੀ. ਨੇ ਜ਼ਿਲ੍ਹਾ ਬਾਲ ਸੁਰਖਿਆ ਅਫ਼ਸਰ ਸ਼ਾਇਨਾ ਕਪੂਰ ਨੂੰ ਕਿਹਾ ਕਿ ਸਕੂਲ ਬੱਸ ਚਾਲਕਾਂ ਦੇ ਡਰਾਈਵਿੰਗ ਲਾਇਸੈਂਸ ਸਮੇਂ-ਸਮੇਂ 'ਤੇ ਚੈੱਕ ਕੀਤੇ ਜਾਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾਣ। ਓਹਨਾਂ, ਜਿਹੜੇ ਬੱਚੇ ਸਕੂਲ ਬੱਸਾਂ ਦੀ ਬਜਾਏ ਨਿੱਜੀ ਵਾਹਨਾਂ ਰਾਹੀਂ ਸਕੂਲ ਜਾਂਦੇ ਹਨ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਾਪਿਆਂ ਅਤੇ ਸਕੂਲ ਪ੍ਰਸ਼ਾਸ਼ਨ ਨੂੰ ਧਿਆਨ ਦੇਣ ਲਈ ਕਿਹਾ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਸੜਕ ਸੁਰੱਖਿਆ ਸਬੰਧੀ ਸੁਝਾਅ ਵੀ ਪੇਸ਼ ਕੀਤੇ ਗਏ। ਡੀ.ਸੀ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸੜਕ ਹਾਦਸਿਆਂ ਕਾਰਨ ਹਰ ਸਾਲ ਕਈ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ, ਪਰ ਛੋਟੇ-ਛੋਟੇ ਸੁਧਾਰ, ਸੜਕਾਂ ਦੀ ਮੁਰੰਮਤ ਅਤੇ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਕੇ ਇਨ੍ਹਾਂ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਲਈ ਵਿਸ਼ੇਸ਼ ਟ੍ਰੈਫਿਕ ਪਲਾਨ ਤਿਆਰ ਕੀਤਾ ਜਾਵੇ ਤਾਂ ਜੋ ਸੜਕ ਹਾਦਸਿਆਂ ਦੀ ਦਰ ਨੂੰ ਜ਼ੀਰੋ ਤੱਕ ਲਿਆਂਦਾ ਜਾ ਸਕੇ। ਡੀ.ਸੀ. ਨੇ ਆਈ.ਆਰ.ਏ.ਡੀ. ਪ੍ਰਣਾਲੀ ਦੀ ਪ੍ਰਭਾਵਸ਼ਾਲੀ ਵਰਤੋਂ ਯਕੀਨੀ ਬਣਾਉਣ ਲਈ ਟਰਾਂਸਪੋਰਟ, ਪੁਲਿਸ, ਸਿਹਤ ਅਤੇ ਹਾਈਵੇਅ ਅਥਾਰਟੀ ਸਮੇਤ ਵੱਖ-ਵੱਖ ਵਿਭਾਗਾਂ ਵਿਚਕਾਰ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਐਸ.ਐਸ.ਪੀ. ਟ੍ਰੈਫਿਕ ਅਤੇ ਸੁਰੱਖਿਆ ਵੱਲੋਂ ਸ਼ਹਿਰ ਦੇ ਸੜਕ ਹਾਦਸਿਆਂ ਵਾਲੇ ਬਲੈਕ ਸਪਾਟਾਂ ਸਬੰਧੀ ਰਿਪੋਰਟ ਪੇਸ਼ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੰਵੇਦਨਸ਼ੀਲ ਥਾਵਾਂ 'ਤੇ ਹਾਦਸਿਆਂ ਦੀ ਗਿਣਤੀ ਘਟਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਅੰਤ ਵਿਚ ਡਿਪਟੀ ਕਮਿਸ਼ਨਰ ਨੇ ਅਗਲੇ ਛੇ ਮਹੀਨਿਆਂ 'ਚ ਜ਼ਿਲ੍ਹੇ ਦੇ ਬਲੈਕ ਸਪੌਟ ਘਟਾਉਣ ਲਈ ਸਾਰੇ ਵਿਭਾਗਾਂ ਨੂੰ ਜ਼ੋਰ ਲਾਉਣ ਦੇ ਨਿਰਦੇਸ਼ ਦਿੱਤੇ ਅਤੇ ਜੇਕਰ ਕੋਈ ਐਕਸੀਡੈਂਟ ਹੁੰਦਾ ਹੈ, ਤਾਂ ਸਬੰਧਤ ਵਿਭਾਗ ਦੀ ਜਿੰਮੇਵਾਰੀ ਫਿਕਸ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਮੌਕੇ ਏ ਡੀ ਸੀ ਨਵਰੀਤ ਕੌਰ ਸੇਖੋਂ, ਜੁਆਇੰਟ ਕਮਿਸ਼ਨਰ ਨਗਰ ਨਿਗਮ ਮਨਰੀਤ ਰਾਣਾ, ਆਰ ਟੀ ਓ ਡਾ ਪੂਨਮਪ੍ਰੀਤ ਕੌਰ , ਏ ਟੀ ਓ ਮਨਜੋਤ ਸਿੰਘ, ਐਸ ਪੀ ਟ੍ਰੈਫਿਕ ਐਚ ਐਸ ਮਾਨ,ਡੀ ਐਸ ਪੀ ਟ੍ਰੈਫਿਕ ਪੁਨੀਤ ਸਿੰਘ ਚਾਹਲ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



## ਪੀ.ਆਰ.ਟੀ.ਸੀ. ਦੇ ਬੱਸ ਅੱਡਿਆਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਕਾਰਵਾਈ ਤੇਜ਼

**➢ਸੋਲਰ ਰੂਫਟਾਪ ਪਲਾਂਟ ਲੱਗਣ ਨਾਲ ਸਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਵੇਗੀ : ਮਨੀਸ਼ਾ ਰਾਣਾ**



ਪਟਿਆਲਾ, 24 ਮਈ (ਰੁਪਾਣਾ/ਅਮਰਜੀਤ) : ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਤੁਰੰਤ ਪੀ.ਆਰ.ਟੀ.ਸੀ. ਦੀ ਕਾਰਗੁਜ਼ਾਰੀ ਵਿੱਚ ਤੇਜ਼ੀ ਲਿਆਉਣ ਲਈ ਬੈਠਕਾਂ ਦਾ ਦੌਰ ਸ਼ੁਰੂ ਕੀਤਾ ਹੈ। ਇਸ ਦੌਰਾਨ ਪੀ.ਆਰ.ਟੀ.ਸੀ. ਦੇ ਬੱਸ ਸਟੈਂਡਾਂ, ਵਰਕਸ਼ਾਪਾਂ ਤੇ ਮੁੱਖ ਦਫ਼ਤਰ ਵਿਖੇ ਸੋਲਰ ਰੂਫਟਾਪ ਪਲਾਂਟ ਲਗਾਉਣ ਲਈ ਤਜਵੀਜ਼ 'ਤੇ ਵਿਚਾਰ ਕਰਨ ਲਈ ਐਮ ਡੀ ਮਨੀਸ਼ਾ ਰਾਣਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਜ਼ਿਲ੍ਹਾ ਮੈਨੇਜਰ ਪਟਿਆਲਾ ਮਾਨਵ ਜੌਂਦਲ ਅਤੇ ਪੀ.ਆਰ.ਟੀ.ਸੀ. ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਦੀ ਤਜਵੀਜ਼ ਅਨੁਸਾਰ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ 785 ਕਿਲੋਵਾਟ ਦੇ ਸੋਲਰ ਰੂਫਟਾਪ ਪਲਾਂਟ ਸਥਾਪਿਤ ਕੀਤੇ ਜਾਣੇ ਹਨ। ਐਮ ਡੀ ਨੇ ਦੱਸਿਆ ਕਿ ਇਸ ਨਾਲ ਪੀ.ਆਰ.ਟੀ.ਸੀ ਨੂੰ ਅੰਦਾਜ਼ਨ ਸਾਲਾਨਾ 97 ਲੱਖ ਬਿਜਲੀ ਦੇ ਖਰਚੇ ਦੀ ਬਚਤ ਹੋਣ ਦੀ ਸੰਭਾਵਨਾ ਹੈ। ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਨੇ ਕੰਮ ਦੀ ਸਮੀਖਿਆ ਕਰਨ ਉਪਰੰਤ ਮੀਟਿੰਗ ਵਿੱਚ ਇਹ ਫੈਸਲਾ ਲਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ ਵੱਲੋਂ ਪੀ.ਆਰ.ਟੀ.ਸੀ. ਦੇ ਵੱਖ-ਵੱਖ ਅਦਾਰਿਆਂ ਵਿੱਚ ਸੋਲਰ ਰੂਫਟਾਪ ਪਲਾਂਟ ਸਥਾਪਿਤ ਕਰਨ ਸਬੰਧੀ ਕਾਰਵਾਈ ਜਲਦ ਸ਼ੁਰੂ ਕੀਤੀ ਜਾਵੇ ਤਾਂ ਜੋ ਬਿਜਲੀ ਦੇ ਖਰਚੇ ਦੀ ਬਚਤ ਕੀਤੀ ਜਾ ਸਕੇ। ਮੀਟਿੰਗ ਵਿੱਚ ਹੋਏ ਵਿਚਾਰ-ਵਟਾਂਦਰੇ ਅਨੁਸਾਰ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ ਪੀ.ਆਰ.ਟੀ.ਸੀ. ਵੱਲੋਂ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਬਣਦੀ ਰਕਮ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ, ਤਾਂ ਇਸ ਪ੍ਰੋਜੈਕਟ ਨੂੰ ਤਿੰਨ ਮਹੀਨਿਆ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ। ਐਮ.ਡੀ. ਮਨੀਸ਼ਾ ਰਾਣਾ ਨੇ ਜ਼ਿਲ੍ਹਾ ਮੈਨੇਜਰ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਕਿਹਾ ਕਿ ਇਸ ਪ੍ਰੋਜੈਕਟ ਦੀ ਬਣਦੀ ਰਕਮ ਦੀ ਪਹਿਲੀ ਕਿਸ਼ਤ ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਜਲਦ ਜਾਰੀ ਕਰ ਦਿੱਤੀ ਜਾਵੇਗੀ। ਇਸ ਸਬੰਧੀ ਬਣਦੀ ਕਾਰਵਾਈ ਤੁਰੰਤ ਅਰੰਭ ਲਈ ਜਾਵੇ।ਇਸ ਮੌਕੇ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸੱਤ ਮਾਸੂਮ ਬੱਚਿਆਂ ਦੀ ਯਾਦ 'ਚ ਲਗਾਇਆ ਖ਼ੂਨਦਾਨ ਕੈਂਪ



ਸਮਾਣਾ, 24 ਮਈ (ਵਿਜੇ ਕੁਮਾਰ) : ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਉਦਯੋਗਪਤੀ ਰਮੇਸ਼ ਗਰਗ ਦੀ ਅਗਵਾਈ ਹੇਠ ਪਿਛਲੇ ਸਾਲ ਵਿਛੜੇ ਸੱਤ ਮਾਸੂਮ ਬੱਚਿਆਂ ਦੀ ਯਾਦ ਵਿੱਚ ਦੂਜਾ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਮਾਤਾ ਨੈਣਾ ਆਰਿਆ ਧਰਮਸ਼ਾਲਾ ਵਿੱਚ ਲਗਾਏ ਗਏ ਇਸ ਕੈਂਪ ਦੌਰਾਨ ਥੈਲੇਸੀਮੀਆ ਪੀੜਤ ਬੱਚਿਆਂ ਲਈ 65 ਖ਼ੂਨਦਾਨੀਆ ਨੇ ਖ਼ੂਨਦਾਨ ਕੀਤਾ। ਕੈਂਪ ਵਿੱਚ ਪਹੁੰਚੇ ਸਾਰੇ ਖ਼ੂਨਦਾਨੀਆਂ ਨੂੰ ਸੰਸਥਾ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਰਮੇਸ਼ ਗਰਗ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿੱਚ ਖ਼ੂਨ ਦੀ ਕਮੀ ਨਹੀਂ ਹੁੰਦੀ, ਸਗੋਂ ਇਸ ਨਾਲ ਕਈ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ ਅਤੇ ਇੱਕ ਯੂਨਿਟ ਖ਼ੂਨ ਕਈ ਜ਼ਿੰਦਗੀਆਂ ਬਚਾਉਣ ਵਿੱਚ ਸਹਾਇਕ ਬਣਦਾ ਹੈ। ਸੰਸਥਾ ਦੇ ਪ੍ਰਧਾਨ ਰਮਨ ਮਹਿੰਦਰਾ ਨੇ ਦੱਸਿਆ ਕਿ ਇਹ ਸੰਸਥਾ ਦਾ ਸੱਤਵਾਂ ਖ਼ੂਨਦਾਨ ਕੈਂਪ ਹੈ, ਜਦਕਿ ਸ਼ਹੀਦ ਹੋਏ ਬੱਚਿਆਂ ਦੀ ਯਾਦ ਵਿੱਚ ਇਹ ਦੂਜਾ ਕੈਂਪ ਲਗਾਇਆ ਗਿਆ ਹੈ। ਇਸ ਮੌਕੇ ਹਰਚੰਦ ਸਿੰਘ ਬਰਸਟ, ਗੁਰਦੇਵ ਟਿਵਾਣਾ, ਸੰਦੀਪ ਸਿੰਗਲਾ, ਰਿੰਪੀ ਮੇਨਕਾ ਕਾਕਾ, ਰਾਜਿੰਦਰ ਸਿੰਘ, ਮੈਡਮ ਗੁਰਸ਼ਰਨ ਕੌਰ, ਜਸਵਿੰਦਰ ਰੰਧਾਵਾ, ਨਵੀਨ ਸਿੰਗਲਾ, ਦੇਵਿੰਦਰ ਕੁਮਾਰ, ਰਾਜੂ ਛਾਬੜਾ, ਸੁਰਜੀਤ ਸਿੰਘ ਰੱਖੜਾ, ਕਪੂਰ ਚੰਦ ਬਾਂਸਲ, ਸ਼ੰਕੀ ਤਗੇਜਾ, ਰਾਮ ਲਾਲ, ਪ੍ਰਦੀਪ ਮਿੰਕਾ, ਕਮਲ ਸ਼ਰਮਾ, ਪ੍ਰਮੋਦ ਸਿੰਗਲਾ, ਜਤਿੰਦਰ ਢੀਂਗਰਾ, ਕਰਨ ਸਚਦੇਵਾ, ਵਿਕੀ ਗਰਗ, ਤਰੁਣ ਸਚਦੇਵ, ਸਨੀ ਪੋਪਲੀ, ਰੋਕੀ ਗਰਗ, ਮਨੋਜ ਕੁਮਾਰ ਅਤੇ ਪਵਨ ਕੁਮਾਰ ਮੌਜੂਦ ਰਹੇ।

## 12 ਬੋਤਲਾਂ ਸ਼ਰਾਬ ਬ੍ਰਾਮਦ

ਨਾਭਾ, 24 ਮਈ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਸੁਖਵਿੰਦਰ ਸਿੰਘ ਪੁੱਤਰ ਹਰਮੇਸ਼ ਕੁਮਾਰ ਵਾਸੀ ਪਿੰਡ ਹਿਆਣਾ ਕਲਾਂ ਵਿਰੁੱਧ ਧਾਰਾ 61,1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਰਤਨਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਟੀ-ਪੁਆਇੰਟ ਚੋਧਰੀਮਾਜਰਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 12 ਬੋਤਲਾਂ ਸ਼ਰਾਬ ਠੇਕਾ ਅੰਗਰੇਜੀ ਮੈਕਡਾਵਲ ਦੀਆ ਬ੍ਰਾਮਦ ਹੋਈਆਂ।

## ਡੋਪ ਟੈਸਟ ਕਰਾਉਣ 'ਤੇ ਪਾਜ਼ੀਟਿਵ ਆਇਆ

ਦੇਵੀਗੜ੍ਹ, 24 ਮਈ (ਗੁਰਜੀਤ ਢੋਟ) : ਥਾਣਾ ਜੁਲਕਾ ਪੁਲਿਸ ਨੇ ਕਥਿਤ ਦੋਸ਼ੀ ਮਲਕੀਤ ਮਸੀਹ ਪੁੱਤਰ ਜੀਤ ਮਸੀਹ ਵਾਸੀ ਪਿੰਡ ਹਾਜੀਪੁਰ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇੰਸਪੈਕਟਰ ਬਲਵਿੰਦਰ ਸਿੰਘ ਸਮੇਤ ਪੁਲਿਸ ਟੀ-ਪੁਆਇੰਟ ਪਿੰਡ ਹਾਜੀਪੁਰ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ 'ਤੇ ਪਾਜ਼ੀਟਿਵ ਆਇਆ।

## 5ਵੇਂ ਕ੍ਰਿਕਟ ਟੂਰਨਾਮੈਂਟ ਦਾ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਸ਼ੁੱਭਆਰੰਭ



ਸਮਾਣਾ, 24 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਪਿੰਡ ਪ੍ਰੇਮ ਸਿੰਘ ਵਾਲਾ ਵਿਖੇ ਦੋ ਦਿਨੀਂ ਖੇਡਾਂ ਪ੍ਰੇਮ ਸਿੰਘ ਵਾਲੇ ਦੀਆਂ 5ਵੇਂ ਕ੍ਰਿਕਟ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਗਈ, ਜਿਨ੍ਹਾਂ ਨੇ ਰਿਬਨ ਕੱਟ ਕੇ ਟੂਰਨਾਮੈਂਟ ਦਾ ਸ਼ੁਭਆਰੰਭ ਕੀਤਾ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ, ਪਿੰਡ ਵਾਸੀ ਅਤੇ ਨੌਜਵਾਨ ਖਿਡਾਰੀ ਮੌਜੂਦ ਰਹੇ। ਟੂਰਨਾਮੈਂਟ ਦੀ ਸ਼ੁਰੂਆਤ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਹਨ। ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਤਾਂ ਜੋ ਉਹ ਸਰੀਰਿਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ ਅਤੇ ਜੀਵਨ ਵਿੱਚ ਅਨੁਸ਼ਾਸਨ ਅਤੇ ਆਤਮਵਿਸ਼ਵਾਸ ਨਾਲ ਅੱਗੇ ਵਧ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸਾਹਿਤ ਕਰਨ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਇਸਦੇ ਲਈ ਜਿੱਥੇ ਵੱਖ-ਵੱਖ ਖੇਡ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਉੱਥੇ ਹੀ ਸੂਬੇ ਭਰ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ। ਉਨ੍ਹਾਂ ਟੂਰਨਾਮੈਂਟ ਪ੍ਰਬੰਧਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਮੇਲੇ ਪਿੰਡਾਂ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ ਅਤੇ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਵੱਲ ਪ੍ਰੇਰਿਤ ਕਰਦੇ ਹਨ।ਟੂਰਨਾਮੈਂਟ ਦੇ ਆਯੋਜਕਾਂ ਅਤੇ ਸਮੂੰਹ ਇਲਾਕਾ ਨਿਵਾਸੀਆਂ ਵੱਲੋਂ ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ ਨੂੰ ਯਾਦ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਬਾਰਾ ਸਿੰਘ ਤੁੱਲੇਵਾਲ ਬਲਾਕ ਸਮੰਤੀ ਮੈਂਬਰ, ਸ਼ਾਮ ਲਾਲ ਦੱਤ ਮੈਂਬਰ ਮੰਡੀ ਬੋਰਡ, ਦਰਬਾਰਾ ਸਿੰਘ ਡਰੌਲੀ, ਬਲਵਿੰਦਰ ਵੜੈਚ, ਜਗਤਾਰ ਸਿੰਘ ਸਰਪੰਚ ਬੁਜਰਕ, ਜਸਵੰਤ ਸਿੰਘ ਸਰਪੰਚ, ਸ਼ਮਸ਼ੇਰ ਸਿੰਘ ਮੈਂਬਰ, ਪ੍ਰਕਾਸ਼ ਸਿੰਘ ਮੈਂਬਰ, ਗੁਰਪ੍ਰੀਤ ਸਿੰਘ ਸੋਹੀ, ਮਨਦੀਪ ਸਿੰਘ ਧਾਲੀਵਾਲ, ਜਗਤਾਰ ਸਿੰਘ ਉੱਪਲ, ਬੱਬਲੀ ਖੰਗੂੜਾ, ਦਰਸ਼ਨ ਸਿੰਘ ਧਾਲੀਵਾਲ, ਨਿਸ਼ਾਨ ਸਿੰਘ ਸੋਹੀ, ਬਲਵਿੰਦਰ ਸਿੰਘ ਫੌਜੀ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

## 'ਆਓ ਹੰਭਲਾ ਮਾਰੀਏ ਆਪਣੇ ਪਿੰਡ ਦੀ ਨੌਜਵਾਨੀ ਨੂੰ ਸੰਭਾਲੀਏ' ਤਹਿਤ ਪਹਿਲਾ ਕੁਸ਼ਤੀ ਦੰਗਲ ਕਰਵਾਇਆ



ਦੇਵੀਗੜ੍ਹ, 24 ਮਈ (ਗੁਰਜੀਤ ਸਿੰਘ ਢੋਟ) : ਉਭਰਦੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਮੀਡੀਆ ਕਲੱਬ ਹਲਕਾ ਸਨੌਰ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਮਾਜ ਸੇਵੀ ਰਵਿੰਦਰ ਸਿੰਘ ਪੰਜੇਟਾ ਵੱਲੋਂ ਆਪਣੇ ਪਿੰਡ ਪੰਜੇਟਾ ਤੋਂ ਪਹਿਲ ਕਦਮੀ ਕਰਦੇ ਹੋਏ ਉਨਾਂ ਵੱਲੋਂ ਚਲਾਈ ਮੁਹਿੰਮ 'ਆਓ ਹੰਭਲਾ ਮਾਰੀਏ ਆਪਣੇ ਪਿੰਡ ਦੀ ਨੌਜਵਾਨੀ ਨੂੰ ਸੰਭਾਲੀਏ' ਤਹਿਤ ਪਹਿਲਾ ਕੁਸ਼ਤੀ ਦੰਗਲ ਕਰਵਾਇਆ ਗਿਆ । ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਲੋਕ ਸਭਾ ਇੰਚਾਰਜ ਪਟਿਆਲਾ ਬਲਜਿੰਦਰ ਸਿੰਘ ਢਿੱਲੋਂ, ਪੰਜਾਬ ਕੰਟੇਨਰ ਅਤੇ ਵੇਅਰ ਹਾਊਸਿੰਗ ਲਿਮਿਟਡ ਦੇ ਵਾਈਸ ਚੇਅਰਮੈਨ ਪੰਜਾਬ ਇੰਦਰਜੀਤ ਸਿੰਘ ਸੰਧੂ, ਉੱਘੇ ਸਮਾਜ ਸੇਵੀ ਸ੍ਰੀ ਰਾਕੇਸ਼ ਬੱਗਾ ਤੇ ਰਾਜ ਕੁਮਾਰ ਰਾਣਾ, ਸ਼੍ਰੋਮਣੀ ਦੇ ਸੀਨੀਅਰ ਮੀਤ ਰਜਿੰਦਰ ਸਿੰਘ ਵਿਰਕ, ਸੀਨੀਅਰ ਕਾਂਗਰਸ ਹਰਸਿਮਰਤ ਸਿੰਘ (ਸ਼ੈਰੀ ਰਿਆੜ), ਮਨਿੰਦਰ ਸਿੰਘ ਚੀਮਾ ਭਲਵਾਨ, ਯਾਦਵਿੰਦਰ ਸਿੰਘ ਚੀਮਾ ਨੇ ਸ਼ਿਰਕਤ ਕੀਤਾ। ਪਹਿਲੀ ਕੁਸ਼ਤੀ ਦੀ ਖੇਡ ਦੀ ਸ਼ੁਰੂਆਤ ਬਲਜਿੰਦਰ ਸਿੰਘ ਢਿੱਲੋਂ ਤੇ ਇੰਦਰਜੀਤ ਸਿੰਘ ਸੰਧੂ ਨੇ ਕਰਵਾਈ ਤੇ ਆਏ ਹੋਏ ਭਲਵਾਨਾਂ ਦਾ ਵੱਡਾ ਮਾਨ ਸਤਿਕਾਰ ਰਾਕੇਸ਼ ਬੱਗਾ, ਰਾਜ਼ ਕੁਮਾਰ ਰਾਣਾ, ਰਜਿੰਦਰ ਸਿੰਘ ਵਿਰਕ ਤੇ ਸ਼ੈਰੀ ਰਿਆੜ ਵੱਲੋਂ ਕੀਤਾ ਗਿਆ। ਇਸ ਦੌਰਾਨ ਪਹੁੰਚੇ ਹੋਏ ਮਹਿਮਾਨਾਂ ਦਾ ਸਨਮਾਨ ਸਾਬਕਾ ਸਰਪੰਚ ਦਵਿੰਦਰ ਸਿੰਘ, ਗਗਨਦੀਪ ਸਿੰਘ, ਮਨਜੋਤ ਖਟਕੜ, ਰਾਮ ਸਿੰਘ, ਬਲਜੀਤ ਸਿੰਘ, ਜਗਤਾਰ ਸਿੰਘ ਤਾਰਾ, ਅਮਰਿਕ ਸਿੰਘ, ਬਚਿੱਤਰ ਸਿੰਘ, ਲਖਵੀਰ ਸਿੰਘ , ਪਰਮਜੀਤ ਸਿੰਘ ਨੇ ਕੀਤਾ। ਇਸ ਮੌਕੇ ਗੱਲਬਾਤ ਕਰਦੇ ਹੋਏ ਮੀਡੀਆ ਕਲੱਬ ਹਲਕਾ ਦੇ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਸਿੰਘ ਪੰਜੇਟਾ ਨੇ ਕਿਹਾ ਪੰਜਾਬ ਦੇ ਲੋਕ ਹੁਣ ਆਪਣੀ ਪੁਰਾਤਨ ਖੇਡਾਂ ਨੂੰ ਭੁੱਲ ਚੁੱਕੇ ਹਨ, ਕਿਉਂਕਿ ਨਵੀਆਂ ਤਕਨੀਕਾਂ ਨਾਲ ਨਵੀਆਂ ਖੇਡਾਂ ਨੇਂ ਵੀ ਜਨਮ ਲਿਆ ਹੈ, ਇਹੀ ਕਾਰਨ ਹੈ ਕਿ ਪੁਰਾਤਨ ਖੇਡਾਂ, ਕੱਬਡੀ, ਕੁਸ਼ਤੀਆਂ, ਰੱਸਾ ਕਸ਼ੀ, ਬਲਦਾਂ ਅਤੇ ਕੁੱਤਿਆਂ ਦੀਆਂ ਰੇਸਾਂ ,ਅਲੋਪ ਹੋ ਰਹੀਆਂ ਹਨ, ਜਿਨਾਂ ਕਾਰਨਾਂ ਕਰਕੇ ਬਹੁਤ ਸਾਰੇ ਨੌਜਵਾਨ ਨਸ਼ਿਆਂ ਵੱਲ ਜਾ ਰਹੇ ਹਨ । ਉਨ੍ਹਾਂ ਨੇ ਕਿਹਾ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਿੰਡਾਂ ਅੰਦਰ ਬਣੇ ਖੇਡ ਕਲੱਬਾਂ ਨੂੰ ਹਰ ਸਾਲ ਤਿੰਨ ਲੱਖ ਦੀ ਗ੍ਰਾਂਟ ਜਾਰੀ ਕਰਕੇ ਹਰ ਪਿੰਡ ਦੀ ਪੰਚਾਇਤ ਨੂੰ ਕਬੱਡੀ ਕੱਪ, ਕੁਸ਼ਤੀਆਂ ਤੋਂ ਇਲਾਵਾ ਵੱਖ -ਵੱਖ ਪੁਰਾਤਨ ਖੇਡਾਂ ਕਰਵਾਈਆਂ ਜਾਣ । ਇਸ ਮੌਕੇ ਭਗਤ ਹੰਸਾ , ਚਰਨਜੀਤ ਸਿੰਘ ਭੋਲਾ, ਗੁਰਪ੍ਰੀਤ ਸਿੰਘ ਕਾਕਾ, ਅਮਰਜੀਤ ਸਿੰਘ ਪੰਚ, ਪ੍ਰਭਜੋਤ ਸਿੰਘ, ਮਾਨੀ, ਜਸਪ੍ਰੀਤ ਸਿੰਘ, ਧਰਮਰਾਜ ਸਿੰਘ, ਅਭੀਜੋਤ ਸਿੰਘ, ਸਨਦੀਪ ਸਿੰਘ ਆਦਿ ਹਾਜ਼ਰ ਸਨ।

## ਐੱਸ.ਆਰ.ਐੱਸ. ਵਿਦਿਆਪੀਠ 'ਚ ਖੁੱਲ੍ਹੀ ਕ੍ਰਿਕਟ ਅਕੈਡਮੀ, ਬੱਚਿਆਂ ਨੂੰ ਮਿਲੇਗੀ ਮੁਫ਼ਤ ਕੋਚਿੰਗ



ਸਮਾਣਾ, 24 ਮਈ (ਵਿਜੇ ਕੁਮਾਰ) : ਬੱਚਿਆਂ ਵਿੱਚ ਕ੍ਰਿਕਟ ਦੇ ਟੈਲੰਟ (ਹੁਨਰ) ਨੂੰ ਪਛਾਣ ਕੇ ਉਨ੍ਹਾਂ ਨੂੰ ਫ੍ਰੀ ਕੋਚਿੰਗ ਦੇਣ ਲਈ ਐੱਸ.ਆਰ.ਐੱਸ. ਵਿਦਿਆਪੀਠ ਦੇ ਪ੍ਰਬੰਧਕਾਂ ਨੇ ਸਕੂਲ ਵਿੱਚ ਕ੍ਰਿਕਟ ਅਕੈਡਮੀ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ, ਤਾਂ ਜੋ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਖਿਡਾਰੀ ਨਿਕਲ ਸਕਣ।ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਰੋਹਿਤ ਸ਼ਰਮਾ ਦੇ ਭਰਾ ਵਿਸ਼ਾਲ ਸ਼ਰਮਾ ਮੁੰਬਈ ਤੋਂ ਆਪਣੀ ਟੀਮ ਦੇ ਨਾਲ ਸਕੂਲ ਵਿੱਚ ਪਹੁੰਚੇ ਅਤੇ ਅਕੈਡਮੀ ਦਾ ਸ਼ੁਭਾਰੰਭ ਕੀਤਾ। ਉਨ੍ਹਾਂ ਨੇ ਕ੍ਰਿਕਟ ਸਟਾਰ ਰੋਹਿਤ ਸ਼ਰਮਾ ਦਾ ਇੱਕ ਬੈਟ ਵੀ ਯਾਦਗਾਰ ਵਜੋਂ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਭੇਂਟ ਕੀਤਾ।ਸਕੂਲ ਚੇਅਰਮੈਨ ਅਮਿਤ ਸਿੰਗਲਾ ਅਤੇ ਲਲਿਤ ਸਿੰਗਲਾ ਨੇ ਦੱਸਿਆ ਕਿ ਰੋਹਿਤ ਸ਼ਰਮਾ ਕ੍ਰਿਕਟ ਅਕੈਡਮੀ ਵੱਲੋਂ ਪੰਜਾਬ ਵਿੱਚ ਇਹ ਦੂਜੀ ਅਕੈਡਮੀ ਇੱਥੇ ਖੋਲ੍ਹੀ ਗਈ ਹੈ, ਜਿਸ ਦੇ ਕੋਚ ਸਕੂਲ ਦੇ ਪੰਜ ਸਾਲ ਦੇ ਬੱਚਿਆਂ ਨੂੰ ਮੁਫ਼ਤ ਕੋਚਿੰਗ ਦੇਣਗੇ। ਇਸ ਮੌਕੇ 'ਤੇ ਸਮੀਧਾ ਸਿੰਗਲਾ, ਪ੍ਰਿੰਸੀਪਲ ਚੰਦਨਦੀਪ ਕੌਰ, ਕ੍ਰਿਕਟ ਪ੍ਰੇਮੀ ਆਦਿ ਮੌਜੂਦ ਰਹੇ।

## ਨਟਾਸ ਵੱਲੋਂ 21 ਦਿਨਾ ਸਾਲਾਨਾ ਮੁਫ਼ਤ ਥੀਏਟਰ ਵਰਕਸ਼ਾਪ 1 ਜੂਨ ਤੋਂ

ਪਟਿਆਲਾ, 24 ਮਈ (ਚ.ਨ.ਸ) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ 45ਵੀਂ ਸਾਲਾਨਾ 21 ਦਿਨਾ (1 ਤੋਂ 22 ਜੂਨ 2026) ਮੁਫਤ ਥੀਏਟਰ ਵਰਕਸ਼ਾਪ-ਐਕਟਿੰਗ ਅਤੇ ਚਰਿੱਤਰ ਉਸਾਰੂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਚਾਹਵਾਨ ਵਿਅਕਤੀਆਂ ਲਈ (13 ਸਾਲ ਤੋਂ ਉਪਰ ਦੀ ਉਮਰ ਦੇ) ਦਾਖਲਾ-ਆਡੀਸ਼ਨ ਭਾਸ਼ਾ ਭਵਨ ਰਿਸੈਪਸ਼ਨ ਹਾਲ ਵਿਖੇ ਮਿਤੀ 28-5-2025 ਦਿਨ ਵੀਰਵਾਰ ਸ਼ਾਮ 5 ਵਜੇ ਹੈ। ਦਾਖਲੇ ਲਈ ਫਾਰਮ ਮੌਕੇ ਤੇ ਦਿੱਤੇ ਜਾਣਗੇ। ਸਿੱਖਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਣਗੇ। ਨਟਾਸ ਡਾਇਰੈਕਟਰ ਪਦਮਸ਼੍ਰੀ ਐਵਾਰਡੀ ਸ਼੍ਰੀ ਪ੍ਰਾਨ ਸੱਭਰਵਾਲ ਵੱਲੋਂ ਬੇਨਤੀ ਹੈ ਕਿ ਕਲਾ ਪ੍ਰੇਮੀ ਸ਼ਖ਼ਸੀਅਤਾਂ, ਵਿਸ਼ੇਸ਼ ਤੌਰ 'ਤੇ ਸਕੂਲ ਪ੍ਰਿੰਸੀਪਲ ਸਾਹਿਬਾਨ ਚਾਹਵਾਨ ਵਿਦਿਆਰਥੀਆਂ ਨੂੰ ਦਾਖਲੇ ਲਈ ਸਮੇਂ ਸਿਰ ਭੇਜਣ ਦੀ ਕ੍ਰਿਪਾਲਤਾ ਕਰਨ।

## ਪੰਜਾਬੀ ਯੂਨੀਵਰਸਿਟੀ ਵਿਖੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਜੁੜੇ ਇਤਿਹਾਸਕ ਪਹਿਲੂਆਂ ਬਾਰੇ ਕੀਤਾ ਖੋਜ ਕਾਰਜ

ਪਟਿਆਲਾ, 24 ਮਈ (ਚ.ਨ.ਸ) : ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਖੋਜਾਰਥੀ ਡਾ. ਸਤਵੀਰ ਕੌਰ ਵੱਲੋਂ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਜੁੜੇ ਇਤਿਹਾਸਕ ਪਹਿਲੂਆਂ 'ਤੇ ਕੀਤੇ ਗਏ ਖੋਜ ਕਾਰਜ ਦੌਰਾਨ ਅਹਿਮ ਨਤੀਜੇ ਸਾਹਮਣੇ ਆਏ ਹਨ। ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਤੋਂ ਡਾ. ਗੁਰਪ੍ਰੀਤ ਕੌਰ ਬਰਾੜ ਦੀ ਨਿਗਰਾਨੀ ਹੇਠ ਮੁਕੰਮਲ ਹੋਏ ਇਸ ਖੋਜ ਕਾਰਜ ਸਬੰਧੀ ਇੱਕ ਅਹਿਮ ਖੋਜ-ਪੱਤਰ ਪੰਜਾਬੀ ਯੂਨੀਵਰਸਿਟੀ ਦੇ ਵੱਕਾਰੀ ਰੈਫਰੀਡ ਜਰਨਲ 'ਖੋਜ ਪੱਤ੍ਰਿਕਾ' (ਅੰਕ 87)ਵਿੱਚ ਵੀ ਪ੍ਰਕਾਸ਼ਿਤ ਹੋਇਆ ਹੈ। ਡਾ. ਗੁਰਪ੍ਰੀਤ ਕੌਰ ਬਰਾੜ ਨੇ ਦੱਸਿਆ ਕਿ ਇਹ ਖੋਜ ਕਾਰਜ ਮੁੱਖ ਰੂਪ ਵਿੱਚ ਇਸ ਗੱਲ ਨੂੰ ਜਾਨਣ ਵਿੱਚ ਰੁਚਿਤ ਸੀ ਕਿ ਕਿਵੇਂ ਮਹਾਰਾਜਾ ਦਲੀਪ ਸਿੰਘ ਨੂੰ ਪਹਿਲਾਂ ਇਤਿਹਾਸ ਵਿੱਚ ਅਣਗੌਲ਼ਿਆਂ ਕੀਤਾ ਗਿਆ ਅਤੇ ਫਿਰ ਇੱਕ ਸਮੇਂ ਬਾਅਦ ਕਿਵੇਂ ਉਹ ਇਕਦਮ ਚਰਚਾ ਦਾ ਵਿਸ਼ਾ ਬਣਨਾ ਸ਼ੁਰੂ ਹੋਏ ਅਤੇ ਫ਼ਿਲਮ ਤੋਂ ਲੈ ਕੇ ਨਾਵਲ ਵਰਗੀਆਂ ਸਾਹਿਤਕ ਵਿਧਾਵਾਂ ਰਾਹੀਂ ਉਨ੍ਹਾਂ ਨੂੰ ਨਾਇਕ ਵਜੋਂ ਉਭਾਰਿਆ ਗਿਆ। ਉਨ੍ਹਾਂ ਦੱਸਿਆ ਕਿ ਇਹ ਪੜਚੋਲਣ ਦਾ ਯਤਨ ਕੀਤਾ ਗਿਆ ਕਿ ਕਿਵੇਂ ਪਰਵਾਸ ਹੰਢਾਉਂਦੇ ਪੰਜਾਬੀ ਮਨੁੱਖ ਨੇ ਆਪਣੀ ਅਸਲ ਪਛਾਣ ਅਤੇ ਓਪਰੇ ਸਮਾਜਾਂ ਵਿੱਚ ਮਜਬੂਰੀਵੱਸ ਬਣੀ ਸਿਰਜਿਤ ਪਛਾਣ ਦੇ ਦਵੰਦ ਨੂੰ ਮਹਾਰਾਜਾ ਦਲੀਪ ਸਿੰਘ ਦੀ ਪਛਾਣ ਦੇ ਸੰਕਟ ਨਾਲ਼ ਜੋੜ ਕੇ ਵੇਖਦਿਆਂ ਉਨ੍ਹਾਂ ਨਾਲ਼ ਵਿਸ਼ੇਸ਼ ਤਰ੍ਹਾਂ ਦਾ ਲਗਾਓ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸ ਅਧਿਐਨ ਰਾਹੀਂ ਮਹਾਰਾਜਾ ਦਲੀਪ ਸਿੰਘ ਨੂੰ ਮਹਿਜ਼ ਇੱਕ ਇਤਿਹਾਸਕ ਪਾਤਰ ਵਜੋਂ ਨਹੀਂ, ਸਗੋਂ ਉਸ ਦੇ ਦੁਆਲੇ ਬੁਣੇ ਗਏ ਵੱਖ-ਵੱਖ 'ਬਿਰਤਾਂਤਾਂ' ਦੇ ਆਰ-ਪਾਰ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਖੋਜ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਬਸਤੀਵਾਦੀ (ਅੰਗਰੇਜ਼ੀ) ਹਾਕਮਾਂ ਨੇ ਆਪਣੇ ਹਿਤਾਂ ਲਈ ਦਲੀਪ ਸਿੰਘ ਨੂੰ ਇੱਕ 'ਈਸਾਈ ਜੈਂਟਲਮੈਨ' ਵਜੋਂ ਪੇਸ਼ ਕੀਤਾ, ਜਦਕਿ ਦੂਜੇ ਪਾਸੇ ਪੰਜਾਬੀ ਚੇਤਨਾ ਵਿੱਚ ਉਹ 'ਤ੍ਰਾਸਦਿਕ ਨਾਇਕ' ਵਜੋਂ ਉੱਭਰੇ। ਇੱਕ ਸਮੇਂ ਬਾਅਦ ਪੰਜਾਬੀ ਚੇਤਨਾ ਨੇ ਕਿਵੇਂ ਉਨ੍ਹਾਂ ਨਾਲ਼ ਵਿਸ਼ੇਸ ਤਰ੍ਹਾਂ ਦਾ ਲਗਾਓ, ਜੁੜਾਅ, ਇਕਮਿਕਤਾ ਮਹਿਸੂਸ ਕਰਦਿਆਂ ਉਨ੍ਹਾਂ ਦੇ ਅਸਲ ਯਥਾਰਥ ਨੂੰ ਨੇੜਿਓਂ ਮਹਿਸੂਸਿਆ ਅਤੇ ਜਾਣਿਆ। ਉਨ੍ਹਾਂ ਕਿਹਾ ਕਿ ਇਹ ਖੋਜ ਸਿੱਖ ਰਾਜ ਦੇ ਪਤਨ ਤੋਂ ਬਾਅਦ ਪੰਜਾਬੀ ਪਛਾਣ ਦੇ ਸੰਕਟ ਅਤੇ ਉਸਾਰੀ ਦੀਆਂ ਵੱਖ-ਵੱਖ ਪਰਤਾਂ ਨੂੰ ਬਾਖ਼ੂਬੀ ਫੋਲਦੀ ਅਤੇ ਪੜਚੋਲਦੀ ਹੈ। ਖੋਜਾਰਥੀ ਡਾ. ਸਤਵੀਰ ਕੌਰ ਨੇ ਕਿਹਾ ਕਿ ਇਤਿਹਾਸਕ ਦਸਤਾਵੇਜ਼ਾਂ ਦੇ ਨਾਲ- ਨਾਲ ਫਿਲਮ ਅਤੇ ਸਾਹਿਤਕ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਇਹ ਸਿੱਧ ਕੀਤਾ ਹੈ ਕਿ ਕਿਵੇਂ ਸੱਤਾ ਅਤੇ ਰਾਜਨੀਤੀ ਕਿਸੇ ਪਾਤਰ ਦੇ ਅਕਸ ਨੂੰ ਲੋੜ ਅਨੁਸਾਰ ਸਿਰਜਦੀ ਜਾਂ ਵਿਗਾੜਦੀ ਹੈ। ਉਨ੍ਹਾਂ ਦੱਸਿਆ ਕਿ ਇਸ ਖੋਜ ਦਾ ਮੁੱਖ ਮਕਸਦ ਇਹ ਪਛਾਣਨਾ ਵੀ ਸੀ ਕਿ ਮਹਾਰਾਜਾ ਦਲੀਪ ਸਿੰਘ ਬਾਰੇ ਲਿਖੇ ਗਏ ਸਾਹਿਤ ਅਤੇ ਇਤਿਹਾਸ ਦੀ ਸਿਰਜਣਾ ਵਿੱਚ ਕਿਹੜੀਆਂ ਧਿਰਾਂ ਕੰਮ ਕਰ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਇਹ ਵੇਖਣ ਦੀ ਕੋਸ਼ਿਸ਼ ਕੀਤੀ ਹੈ ਗਈ ਕਿ ਜਨਮ ਤੋਂ ਲੈ ਕੇ ਮੌਤ ਤੱਕ ਅਤੇ ਉਸ ਤੋਂ ਬਾਅਦ ਅੱਜ ਦੇ ਦੌਰ ਤੱਕ, ਦਲੀਪ ਸਿੰਘ ਨੂੰ ਵੱਖ-ਵੱਖ ਸਮਿਆਂ 'ਤੇ ਕਿਵੇਂ ਵੱਖ-ਵੱਖ ਰੂਪਾਂ ਵਿੱਚ ਸਿਰਜਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਅਧਿਐਨ ਰਾਹੀਂ ਵਿਜ਼ੂਅਲ ਕਲਚਰ ਅਤੇ ਟੈਕਸਟ ਦੇ ਆਪਸੀ ਸਬੰਧਾਂ ਨੂੰ ਵੀ ਪੜਚੋਲਿਆ ਗਿਆ ਹੈ, ਜੋ ਪੰਜਾਬੀ ਖੋਜ ਦੇ ਖੇਤਰ ਵਿੱਚ ਇੱਕ ਨਵਾਂ ਕਦਮ ਹੈ। ਉਨ੍ਹਾਂ ਦੱਸਿਆ ਕਿ ਇਹ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਤਿਹਾਸ ਦੇ ਪਾਤਰਾਂ ਦੇ ਅਕਸ ਨੂੰ ਬਦਲਣਾ ਕਿਸੇ ਕੌਮ ਦੀ ਪਛਾਣ ਨਾਲ਼ ਕਿਵੇਂ ਜੁੜਿਆ ਹੁੰਦਾ ਹੈ ਅਤੇ ਕਿਸ ਤਰ੍ਹਾਂ ਇਹ ਇੱਕ ਦੂਜੇ 'ਤੇ ਅਸਰਅੰਦਾਜ਼ ਹੁੰਦੇ ਹਨ। ਉਪ-ਕੁਲਪਤੀ ਨੇ ਖੋਜਾਰਥੀ ਅਤੇ ਨਿਗਰਾਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਖੋਜ ਕਾਰਜ ਸਾਡੇ ਮਾਣਮੱਤੇ ਇਤਿਹਾਸ ਦੇ ਇੱਕ ਸੰਵੇਦਨਸ਼ੀਲ ਅਧਿਆਇ ਨੂੰ ਨਵੀਂ ਰੌਸ਼ਨੀ ਵਿੱਚ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦੇ ਬਿਰਤਾਂਤ ਰਾਹੀਂ ਪੰਜਾਬੀ ਮਾਨਸਿਕਤਾ ਨੂੰ ਸਮਝਣ ਪੱਖੋਂ ਵੀ ਇਹ ਕਾਰਜ ਵਿਸ਼ੇਸ਼ ਅਹਿਮੀਅਤ ਰਖਦਾ ਹੈ।

## ਲੜਕੀ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਹਿਰਾਸਤ 'ਚ ਰੱਖਣ ਦੇ ਦੋਸ਼ ਹੇਠ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 24 ਮਈ (ਵਿਜੇ ਕੁਮਾਰ) : ਨਗਰ ਦੇ ਇੱਕ ਇੰਸਟੀਚਿਊਟ ਵਿੱਚ ਵਿਦਿਆਰਥੀਆਂ ਨੂੰ ਕੋਚਿੰਗ ਦੇਣ ਵਾਲੀ 21 ਸਾਲਾ ਲੜਕੀ ਨੂੰ ਗੈਰ-ਕਾਨੂੰਨੀ ਤੌਰ 'ਤੇ ਆਪਣੀ ਹਿਰਾਸਤ ਵਿੱਚ ਛੁਪਾ ਕੇ ਰੱਖਣ ਦੇ ਦੋਸ਼ ਵਿੱਚ ਸਿਟੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਹੈੱਡ ਕਾਂਸਟੇਬਲ ਸੋਮਨਾਥ ਨੇ ਦੱਸਿਆ ਕਿ ਲਾਪਤਾ ਲੜਕੀ ਦੇ ਪਿਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਉਸਦੀ ਬੇਟੀ ਬੱਸ ਸਟੈਂਡ ਨੇੜੇ ਇੱਕ ਇੰਸਟੀਚਿਊਟ ਵਿੱਚ ਟਿਊਸ਼ਨ ਪੜ੍ਹਾਉਂਦੀ ਸੀ। 2 ਮਈ ਦੀ ਸਵੇਰ ਨੂੰ ਉਸਦਾ ਭਰਾ ਉਸਨੂੰ ਇੰਸਟੀਚਿਊਟ ਛੱਡ ਕੇ ਆਇਆ ਸੀ। ਕੁਝ ਦੇਰ ਬਾਅਦ ਉਹ ਕਿਸੇ ਕੰਮ ਲਈ ਉੱਥੋਂ ਚਲੀ ਗਈ ਪਰ ਘਰ ਵਾਪਸ ਨਹੀਂ ਆਈ। ਕਾਫੀ ਭਾਲ ਕਰਨ 'ਤੇ ਵੀ ਉਸਦਾ ਕੋਈ ਪਤਾ ਨਹੀਂ ਲੱਗਿਆ। ਲੜਕੀ ਦੇ ਪਿਤਾ ਵੱਲੋਂ ਅਣਪਛਾਤੇ ਵਿਅਕਤੀਆਂ ਦੁਆਰਾ ਉਸਦੀ ਬੇਟੀ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਛੁਪਾ ਕੇ ਰੱਖਣ ਦਾ ਖਦਸ਼ਾ ਪ੍ਰਗਟਾਏ ਜਾਣ 'ਤੇ ਸਿਟੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਅਧਿਕਾਰੀ ਅਨੁਸਾਰ ਪੁਲਿਸ ਵੱਲੋਂ ਕਾਲ ਡਿਟੇਲ ਅਤੇ ਹੋਰ ਸਰੋਤਾਂ ਰਾਹੀਂ ਲੜਕੀ ਦੀ ਭਾਲ ਕੀਤੀ ਜਾ ਰਹੀ ਹੈ।

## ਜਾਗਦੇ ਰਹੋ ਕਲੱਬ ਨੇ ਖ਼ੂਨਦਾਨ ਕੈਂਪ ਲਗਾਇਆ

ਦੇਵੀਗੜ੍ਹ, 24 ਮਈ (ਗੁਰਜੀਤ ਸਿੰਘ ਢੋਟ) : ਜਾਗਦੇ ਰਹੋ ਕਲੱਬ ਪਟਿਆਲਾ ਨੇ ਲੱਖ ਦਾਤਾ ਲਾਲਾਂ ਵਾਲਾ ਪੀਰ ਦਰਗਾਹ ਸਰੀਫ ਪਿੰਡ ਚਨਾਰਥਲ ਕਲਾਂ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ।ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਮੁੱਖ ਸੇਵਾਦਾਰ ਕੁਲਦੀਪ ਸਿੰਘ ਨੇ ਖ਼ੁਦ ਖ਼ੂਨਦਾਨ ਕਰਕੇ ਕੀਤਾ। ਖ਼ੂਨਦਾਨ ਕੈਂਪ ਵਿੱਚ ਗੁਰਪ੍ਰੀਤ ਸਿੰਘ, ਜਸਵੰਤ ਸਿੰਘ, ਤੇਜਿੰਦਰ ਸਿੰਘ, ਸੁਖਵਿੰਦਰ ਸਿੰਘ, ਜਸਪਾਲ ਸਿੰਘ, ਕਰਮਜੀਤ ਸਿੰਘ, ਪ੍ਰਦੀਪ ਸਿੰਘ, ਮਨੀਸ਼ ਖਾਨ, ਗੌਰਵ ਸ਼ਰਮਾ, ਕੇਸਰ ਸਿੰਘ,ਅਤੇ ਰੂਪਨੀਤ ਕੌਰ ਸਮੇਤ 28 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਮੁੱਖ



ਸੇਵਾਦਾਰ ਕੁਲਦੀਪ ਸਿੰਘ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ।ਜੋ ਕਿ ਹਰ ਇੱਕ ਇਨਸਾਨ ਨੂੰ ਦਾਨ ਕਰਨਾ ਚਾਹੀਦਾ ਹੈ। ਮੁੱਖ ਸੇਵਾਦਾਰ ਕੁਲਦੀਪ ਸਿੰਘ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੁੱਖ ਸੇਵਾਦਾਰ ਕੁਲਦੀਪ ਸਿੰਘ, ਜਸਵੀਰ ਸਿੰਘ, ਬਲਵਿੰਦਰ ਸਿੰਘ, ਹਰਿੰਦਰ ਸਿੰਘ, ਦਿਲਰਾਜ ਖਾਨ, ਰੀਨਾ ਖਾਨ ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਹਾਜ਼ਰ ਸੀ।


ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ**



ਡਾ. ਸਰਬ ਸਿੰਘ ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ

**ਅੱਜ ਦਾ ਪ੍ਰੋਗਰਾਮ**

**25-5-2026**

**ਦਿਨ-ਸੋਮਵਾਰ**



ਭਾਈ ਤਖਤ ਸਿੰਘ ਜੀ ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

**ਗੁਰਦੁਆਰਾ ਦਸਮੇਸ਼ ਨਗਰ-ਏ, ਤ੍ਰਿਪੜੀ ਪਟਿਆਲਾ।**

ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ



# ਪਟਿਆਲਾ-ਆਸ/ਪਾਸ



## ਲੋਕਾਂ ਦੇ ਵਿਰੋਧ ਤੋਂ ਬਾਅਦ ਢੌਂਗੀ ਬਾਬੇ ਨੂੰ ਸੀ.ਆਈ.ਏ. ਸਟਾਫ ਨੇ ਚੁੱਕਿਆ

➢ਬਾਜ਼ਾਰ 'ਚ ਦੁਕਾਨਦਾਰਾਂ ਵੱਲੋਂ ਨਾਅਰੇਬਾਜ਼ੀ

ਪਟਿਆਲਾ, 24 ਮਈ (ਚ.ਨ.ਸ) : ਸਨੌਰ ਵਿਚ ਰਹਿ ਰਿਹਾ ਇਕ ਢੌਂਗੀ ਬਾਬੇ ਦਾ ਆਖਿਰ ਪਰਦਾਫਾਸ਼ ਹੋ ਗਿਆ ਹੈ। ਕਈ ਕਰੋੜ ਰੁਪਏ ਦਾ ਲੋਕਾਂ ਨੂੰ ਚੂਨਾ ਲ ਗਾਉਣ ਵਾਲਾ ਇਹ ਢੌਂਗੀ ਬਾਬੇ ਦੀਆਂ ਸ਼ਿਕਾਇਤਾਂ ਤੋ ਬਾਅਦ ਸੀਆਈਏ ਸਟਾਫ ਨੇ ਰੇਡ ਕਰਕੇ ਇਸਨੂੰ ਸਨੌਰ ਬਜ਼ਾਰ ਵਿੱਚੋਂ ਚੁੱਕ ਲਿਆ ਹੈ। ਇਸ ਮੌਕੇ ਇਸ ਢੌਂਗੀ ਬਾਬੇ ਖਿਲਾਫ ਲੋਕਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਹੈ। ਇਸ ਮੌਕੇ ਲੋਕਾਂ ਨੇ ਆਪਣੀਆਂ ਦੁਕਾਨਾਂ ਵੀ ਬੰਦ ਕਰ ਦਿੱਤੀਆਂ ਤੇ ਨਾਅਰੇਬਾਜ਼ੀ ਦੌਰਾਨ ਆਖਿਆ ਕਿ ਘਟੋ ਘਟ ਇਹ 10 ਦੁਕਾਨਦਾਰਾਂ ਨੂੰ ਵੀ ਕਥਿਤ ਤੌਰ 'ਤੇ ਕਈ ਕਰੋੜ ਦਾ ਚੂਨਾ ਲਗਾ ਚੁੱਕਿਆ ਹੈ। ਲੋਕਾਂ ਤੇ ਦੁਕਾਨਦਾਰਾਂ ਨੇ ਕਿਹਾ ਕਿ ਇਹ ਪੈਸੇ ਵਾਪਸ ਨਹੀਂ ਕਰਦਾ ਸੀ, ਇਸ ਕਾਰਨ ਇਸ ਖਿਲਾਫ ਰੋਸ਼ ਵਧ ਗਿਆ। ਜਾਣਕਾਰੀ ਅਨੁਸਾਰ ਢੌਂਗੀ ਬਾਬੇ ਨੇ ਆਪਣਾ ਐਡਰੈਸ ਸਨੌਰ ਦੀ ਇਕ ਅਹਿਮ ਗਊਸ਼ਾਲਾ ਦਾ ਦੇ ਰੱਖਿਆ ਸੀ, ਜਦੋ ਉਸ ਗਊਸਾਲਾ ਦੀ ਕਮੇਟੀ ਨੂੰ ਇਸ ਗਲ ਦਾ ਪਤਾ ਚਲਿਆ ਤਾਂ ਉਨਾਂ ਨੇ ਵੀ ਇਸ ਗੱਲ ਦੀ ਸ਼ਿਕਾਇਤ ਕੀਤੀ ਕਿਉਂਕਿ ਗਊਸ਼ਾਲਾ ਦੀ ਕਮੇਟੀ ਵਿਚ ਬਹੁਤ ਹੀ ਸਿਆਣੇ ਤੇ ਸੂਝਵਾਨ ਸਮਾਜ ਸੇਵੀ ਨਿਸ਼ਕਾਮ ਸੇਵਾ ਕਰ ਰਹੇ ਹਨ। ਲੋਕਾਂ ਨੇ ਨਾਅਰੇਬਾਜ਼ੀ ਦੌਰਾਨ ਆਖਿਆ ਕਿ ਉਹ ਇਸ ਸਬੰਧੀ ਕਈ ਵਾਰ ਸਨੌਰ ਪੁਲਸ ਨੂੰ ਸੂਚਿਤ ਕਰ ਚੁੱਕੇ ਹਨ ਪਰ ਕੋਈ ਵੀ ਕਾਰਵਾਈ ਨਹੀ ਹੋਈ, ਜਿਸ ਕਾਰਨ ਸੀਆਈਏ ਸਟਾਫ ਨੂੰ ਦਖਲ ਦੇਣਾ ਪਿਆ ਹੈ। ਉਧਰੋ ਸੀਆਈਏ ਇੰਚਾਰਜ ਪ੍ਰਦੀਪ ਬਾਜਵਾ ਨੇ ਦੱਸਿਆ ਕਿ ਲੋਕਾਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਕਾਰਵਾਈ ਹੋਈ ਹੈ, ਅਸੀਂ ਬਿਆਨ ਲਿਖ ਲਏ ਹਨ, ਬਿਆਨਾਂ ਦੇ ਅਧਾਰ 'ਤੇ ਹੀ ਕਾਰਵਾਈ ਕੀਤੀ ਜਾ ਰਹੀ ਹੈ। ਦੂਸਰੇ ਪਾਸੇ ਸਨੌਰ ਪੁਲਿਸ ਖਿਲਾਫ ਲੋਕਾਂ ਦਾ ਰੋਸ ਵਧ ਰਿਹਾ ਸੀ, ਕਿਉਂਕਿ ਦੇਰ ਸ਼ਾਮ ਤੱਕ ਸਨੌਰ ਥਾਣੇ ਨੇ ਇਸ ਢੌਂਗੀ ਬਾਬੇ ਖਿਲਾਫ ਕੇਸ ਦਰਜ ਨਹੀਂ ਸੀ ਕੀਤਾ। ਦੂਸਰੇ ਪਾਸੇ ਸਨੌਰ ਦੇ ਐਸਐਚਓ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਜਾਂਚ ਪੜਤਾਲ ਕਰ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਢੌਂਗੀ ਬਾਬਾ ਰਾਜਸੀ ਪਹੁੰਚ ਵਾਲਾ ਸੀ। ਜਾਣਕਾਰੀ ਅਨੁਸਾਰ ਇਸ ਕੋਲ ਇਕ ਗੰਨਮੈਨ ਵੀ ਸੀ । ਅੱਜ ਇਸ ਗੱਲ ਦੀ ਵੱਡੀ ਚਰਚਾ ਰਹੀ ਕਿ ਅਜਿਹੇ ਅਖੌਤੀ ਤੇ ਢੌਂਗੀ ਬਾਬਿਆਂ ਨੂੰ ਆਖਿਰ ਸਰਕਾਰ ਤੇ ਪੁਲਸ ਕਿਉਂ ਨੱਥ ਨਹੀ ਪਾ ਰਹੀ। ਇਹ ਇਕ ਵੱਡਾ ਸਵਾਲ ਅੱਜ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਇਸਦੀਆਂ ਸ਼ਿਕਾਇਤਾਂ ਬਹੁਤ ਸਮੇ ਤੋਂ ਲੋਕ ਕਰ ਰਹੇ ਸਨ ਪਰ ਇਸਨੂੰ ਕੋਈ ਹਥ ਪਾਉਣ ਲਈ ਤਿਆਰ ਹੀ ਨਹੀ ਸੀ। ਹੁਣ ਜਦੋ ਇਸਨੇ ਸਨੌਰ ਅੰਦਰ ਸੇਵਾ ਦਾ ਕੇਂਦਰ ਬਣੀ ਗਊਸ਼ਾਲਾ ਦਾ ਨਾਮ ਹੀ ਵਰਤ ਲਿਆ ਤਾਂ ਜਾਕੇ ਇਸ ਦਾ ਪਰਦਾਫਾਸ਼ ਹੋਇਆ ਹੈ।

## ਗੁਰਲਾਲ ਘਨੌਰ ਦਾ ਮੁੱਖ ਮੰਤਰੀ ਮਾਨ ਵੱਲੋਂ ਰਾਜ ਦੇ ਸਰਵਉੱਚ ਖੇਡ ਪੁਰਸਕਾਰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨ

ਘਨੌਰ, 24 ਮਈ (ਮਦਨ ਲਾਲ/ ਰਾਜਿੰਦਰ ਕੰਬੋਜ) : ਪੰਜਾਬ ਸਰਕਾਰ ਵੱਲੋਂ ਅੱਜ ਕਰਵਾਏ ਗਏ ਰਾਜ ਪੱਧਰੀ ਖਿਡਾਰੀ ਸਨਮਾਨ ਸਮਾਰੋਹ ਦੌਰਾਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਉਘੇ ਕਬੱਡੀ ਖਿਡਾਰੀ ਤੇ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਨੂੰ ਪੰਜਾਬ ਦੇ ਸਰਵਉੱਚ ਖੇਡ ਪੁਰਸਕਾਰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਸਨਮਾਨਿਤ ਕੀਤਾ। ਗੁਰਲਾਲ ਘਨੌਰ ਨੂੰ ਇਹ ਸਨਮਾਨ ਉਨ੍ਹਾਂ ਵੱਲੋਂ ਕਬੱਡੀ ਖਿਡਾਰੀ ਵਜੋਂ ਕਰੀਬ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਲਈ ਕਬੱਡੀ ਖੇਡਣ ਵਾਸਤੇ ਮਿਲਿਆ ਹੈ, ਕਿਉਂਕਿ ਇਹ ਪੁਰਸਕਾਰ 2018 ਤੋਂ ਲੈ 2023 ਤੱਕ ਦੇ ਪ੍ਰਦਾਨ ਕੀਤੇ ਗਏ ਹਨ। ਇਸ ਪ੍ਰਾਪਤੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ, ਮੇਰੇ ਲਈ ਇਹ ਐਵਾਰਡ ਸਿਰਫ਼ ਇੱਕ ਸਨਮਾਨ ਹੀ ਨਹੀਂ, ਬਲਕਿ ਖੇਡਾਂ ਪ੍ਰਤੀ ਮੇਰੀ ਅਟੁੱਟ ਲਗਨ ਅਤੇ ਦੇਸ਼-ਵਿਦੇਸ਼ ਵਿੱਚ ਵਸਦੇ ਲੋਕਾਂ ਵੱਲੋਂ ਮਿਲੇ ਪਿਆਰ ਦਾ ਪ੍ਰਤੀਕ ਹੈ। ਵਿਧਾਇਕ ਗੁਰਲਾਲ ਨੇ ਕਿਹਾ ਕਿ ਇਹ ਸਨਮਾਨ ਹਲਕਾ ਘਨੌਰ ਦੇ ਹਰ ਪਰਿਵਾਰ ਅਤੇ ਹਰ ਉਸ ਖਿਡਾਰੀ ਨੂੰ ਸਮਰਪਿਤ ਹੈ ਜੋ ਮੈਦਾਨ ਵਿੱਚ ਪੰਜਾਬ ਦਾ ਨਾਮ ਚਮਕਾਉਣ ਲਈ ਦਿਨ-ਰਾਤ ਇੱਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ।



## ਗੋਲਡ ਲੋਨ ਦੇ ਝਗੜੇ ਦੌਰਾਨ ਧੱਕਾ ਮਾਰਨ ਕਾਰਨ ਔਰਤ ਦਾ ਗਰਭਪਾਤ

### ਸੁਨਿਆਰੇ ਤੇ ਉਸ ਦੀ ਪਤਨੀ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 24 ਮਈ (ਵਿਜੇ ਕੁਮਾਰ) : ਗੋਲਡ ਲੋਨ ਦੇ ਇੱਕ ਝਗੜੇ ਦੌਰਾਨ ਸੁਨਿਆਰੇ ਦੀ ਦੁਕਾਨ 'ਤੇ ਗਈ ਔਰਤ ਨਾਲ ਬਹਿਸਬਾਜ਼ੀ ਹੋਣ ਤੋਂ ਬਾਅਦ ਧੱਕਾ ਮਾਰੇ ਜਾਣ ਕਾਰਨ ਮੰਜੇ (ਚਾਰਪਾਈ) 'ਤੇ ਡਿੱਗਣ ਨਾਲ ਚਾਰ ਮਹੀਨੇ ਦਾ ਗਰਭ ਡਿੱਗਣ ਦੇ ਦੋਸ਼ ਹੇਠ ਸਿਟੀ ਪੁਲਿਸ ਨੇ ਕੁਲਦੀਪ ਸਿੰਘ ਨਿਵਾਸੀ ਨਜ਼ਦੀਕ ਰਵਿਦਾਸ ਗੁਰਦੁਆਰਾ ਸਮਾਣਾ ਅਤੇ ਉਸਦੀ ਪਤਨੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐੱਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਸਵਰਨਜੀਤ ਕੌਰ ਪਤਨੀ ਵਿਪਿਨ ਕੁਮਾਰ ਨਿਵਾਸੀ ਮੋਤੀਆ ਬਾਜ਼ਾਰ ਸਮਾਣਾ ਵੱਲੋਂ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਸ਼ਹਿਰ ਦੇ ਇੱਕ ਬੈਂਕ ਵਿੱਚ ਉਸਦਾ ਗੋਲਡ ਲੋਨ ਚੱਲਦਾ ਸੀ। ਮਾਰਚ 2026 ਵਿੱਚ ਪਤਾ ਲੱਗਿਆ ਕਿ ਮੁਲਜ਼ਮ ਸੁਨਿਆਰਾ ਕੁਲਦੀਪ ਸਿੰਘ ਬੈਂਕ ਵਿੱਚੋਂ ਉਸਦਾ 10 ਤੋਲੇ ਸੋਨਾ ਲੈ ਗਿਆ, ਜਦਕਿ ਬੈਂਕ ਵਾਲਿਆਂ ਨੇ ਦੱਸਿਆ ਕਿ ਸੋਨਾ ਸ਼ਿਕਾਇਤਕਰਤਾ ਦੇ ਭਰਾ ਨੇ ਲੈ ਕੇ ਸੁਨਿਆਰੇ ਕੁਲਦੀਪ ਸਿੰਘ ਨੂੰ ਦਿੱਤਾ ਹੈ। ਦੂਜੇ ਪਾਸੇ ਕੁਲਦੀਪ ਸਿੰਘ ਤੋਂ ਪੈਸੇ ਸ਼ਿਕਾਇਤਕਰਤਾ ਦਾ ਪਤੀ ਵਿਪਿਨ ਕੁਮਾਰ ਲੈ ਗਿਆ ਸੀ।ਪੀੜਤਾ ਅਨੁਸਾਰ 22 ਮਈ ਨੂੰ ਉਹ ਆਪਣੇ ਪਰਿਵਾਰ ਸਮੇਤ ਗਾਂਧੀ ਗਰਾਊਂਡ ਸਥਿਤ ਮੁਲਜ਼ਮ ਸੁਨਿਆਰੇ ਦੀ ਦੁਕਾਨ 'ਤੇ ਗਈ ਸੀ, ਜਿੱਥੇ ਗੋਲਡ ਲੋਨ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਤਕਰਾਰ ਹੋ ਗਈ। ਇਸ ਦੌਰਾਨ ਕੁਲਦੀਪ ਸਿੰਘ ਅਤੇ ਉਸਦੀ ਪਤਨੀ ਨੇ ਗੁੱਸੇ ਵਿੱਚ ਆ ਕੇ ਉਸਨੂੰ ਧੱਕਾ ਮਾਰ ਦਿੱਤਾ, ਜਿਸ ਕਾਰਨ ਉਹ ਪੇਟ ਦੇ ਭਾਰ ਮੰਜੇ 'ਤੇ ਡਿੱਗ ਪਈ ਅਤੇ ਉਸਦਾ 4 ਮਹੀਨੇ ਦਾ ਗਰਭ ਡਿੱਗ ਗਿਆ। ਉਸਨੂੰ ਇਲਾਜ ਲਈ ਪਟਿਆਲਾ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਪੁਲਿਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਗੱਡੀਆਂ 'ਤੇ ਜਾਅਲੀ ਨੰਬਰ ਲਗਾ ਕੇ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼

➢ਫਾਰਚੂਨਰ ਸਮੇਤ ਇੱਕ ਕਾਬੂ, ਤਿੰਨ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 24 ਮਈ (ਵਿਜੇ ਕੁਮਾਰ) : ਸੀ.ਆਈ.ਏ. ਸਟਾਫ਼ ਸਮਾਣਾ ਵੱਲੋਂ ਚੋਰੀ ਦੀਆਂ ਗੱਡੀਆਂ ਦੇ ਇੰਜਣ ਅਤੇ ਚੈਸੀਆਂ ਦੇ ਜਾਅਲੀ ਨੰਬਰ ਲਗਾ ਕੇ ਤੇ ਜਾਅਲੀ ਕਾਗਜ਼ਾਤ ਤਿਆਰ ਕਰਵਾ ਕੇ ਪੰਜਾਬ ਵਿੱਚ ਵੇਚ ਕੇ ਲੋਕਾਂ ਨਾਲ ਧੋਖਾਧੜੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਹੈ। ਪੁਲਿਸ ਨੇ ਗਿਰੋਹ ਦੇ ਸਰਗਨਾ ਨੌਜਵਾਨ ਨੂੰ ਫਾਰਚੂਨਰ ਗੱਡੀ ਸਮੇਤ ਕਾਬੂ ਕਰਕੇ ਤਿੰਨ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਅਜੇ ਕੁਮਾਰ ਪੁੱਤਰ ਬਲਬੀਰ ਸਿੰਘ ਨਿਵਾਸੀ ਪਿੰਡ ਦਿਲਾਵਰਪੁਰ ਵਜੋਂ ਹੋਈ ਹੈ, ਜਦੋਂਕਿ ਇਸ ਮਾਮਲੇ ਵਿੱਚ ਮੁਲਜ਼ਮ ਦੇ ਸਾਥੀਆਂ ਵਜੋਂ ਲਵ ਰਾਜ ਸਿੰਘ ਅਤੇ ਲਾਲੀ ਸਿੰਘ ਨੂੰ ਪੁਲਿਸ ਨੇ ਨਾਮਜ਼ਦ ਕੀਤਾ ਹੈ। ਸੀ.ਆਈ.ਏ. ਸਟਾਫ਼ ਸਮਾਣਾ ਦੇ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਸੇਵਕ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਟਿਆਲਾ ਰੋਡ 'ਤੇ ਮੌਜੂਦ ਸਨ। ਉਸ ਵੇਲੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਗੱਡੀਆਂ ਦੀ ਖਰੀਦੋ-ਫਰੋਖਤ ਦਾ ਧੰਦਾ ਕਰਦੇ ਹਨ, ਜੋ ਬਾਹਰਲੇ ਰਾਜਾਂ ਤੋਂ ਚੋਰੀ ਹੋਈਆਂ ਕਾਰਾਂ ਦੇ ਅਸਲੀ ਇੰਜਣ ਅਤੇ ਚੈਸੀ ਨੰਬਰ ਮਿਟਾ ਕੇ ਜਾਅਲੀ ਨੰਬਰ ਲਗਾਉਂਦੇ ਹਨ ਅਤੇ ਦੂਜੇ ਰਾਜਾਂ ਦੀਆਂ ਨੰਬਰ ਪਲੇਟਾਂ ਸਣੇ ਜਾਅਲੀ ਕਾਗਜ਼ਾਤ ਤਿਆਰ ਕਰਵਾਉਂਦੇ ਹਨ। ਫਿਰ ਇਨ੍ਹਾਂ ਨੂੰ ਪੰਜਾਬ ਵਿੱਚ ਵੇਚ ਕੇ ਲੋਕਾਂ ਨਾਲ ਧੋਖਾਧੜੀ ਕਰਦੇ ਹਨ। ਪੁਲਿਸ ਪਾਰਟੀ ਨੂੰ ਮਿਲੀ ਪੱਕੀ ਸੂਚਨਾ ਅਨੁਸਾਰ, ਉਕਤ ਮੁਲਜ਼ਮ ਅੱਜ ਵੀ ਚੋਰੀ ਕੀਤੀ ਇੱਕ ਫਾਰਚੂਨਰ ਗੱਡੀ 'ਤੇ ਸਵਾਰ ਹੋ ਕੇ ਸਮਾਣਾ ਵੱਲ ਆ ਰਿਹਾ ਸੀ। ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਨੇ ਉਕਤ ਗੱਡੀ ਨੂੰ ਰੋਕਿਆ ਅਤੇ ਜਾਂਚ ਪੜਤਾਲ ਦੌਰਾਨ ਇੱਕ ਮੁਲਜ਼ਮ ਨੂੰ ਚੋਰੀ ਦੀ ਫਾਰਚੂਨਰ ਸਮੇਤ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਅਧਿਕਾਰੀ ਅਨੁਸਾਰ ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਇਸ ਮਾਮਲੇ ਵਿੱਚ ਆਪਣੇ ਦੋ ਹੋਰ ਸਾਥੀਆਂ ਦੇ ਸ਼ਾਮਲ ਹੋਣ ਬਾਰੇ ਦੱਸਿਆ, ਜਿਨ੍ਹਾਂ ਨੂੰ ਇਸ ਕੇਸ ਵਿੱਚ ਨਾਮਜ਼ਦ ਕਰਕੇ ਸੀ.ਆਈ.ਏ. ਸਟਾਫ਼ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮੁਲਜ਼ਮਾਂ ਕੋਲੋਂ ਚੋਰੀ ਅਤੇ ਜਾਅਲੀ ਨੰਬਰਾਂ ਦੇ ਕਾਗਜ਼ਾਤ ਤਿਆਰ ਕਰਨ ਦੇ ਮਾਮਲੇ ਵਿੱਚ ਕੋਈ ਵੱਡਾ ਖੁਲਾਸਾ ਹੋਣ ਦੀ ਉਮੀਦ ਹੈ।

## ਪੁਲਿਸ ਵੱਲੋਂ ਅੰਨ੍ਹੇ ਕਤਲ ਕੇਸ ਦੀ ਗੁੱਥੀ ਸੁਲਝਾਉਂਦਿਆਂ ਦੋਸ਼ੀ ਕਾਬੂ

➢ਵਾਰਦਾਤ ਨੂੰ 24 ਘੰਟਿਆਂ 'ਚ ਟਰੇਸ ਕੀਤਾ



ਮਲੇਰਕੋਟਲਾ, 24 ਮਈ (ਬਲਜੀਤ ਸਿੰਘ ਟਿੱਬਾ) : ਐਸ.ਐਸ.ਪੀ ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੁਲਿਸ ਨੂੰ ਵੱਡੀ ਸਫਲਤਾ ਹਾਸਲ ਕਰਦੇ ਹੋਏ ਕਪਤਾਨ ਪੁਲਿਸ ਪੀ.ਬੀ.ਆਈ. ਰਾਜਵਿੰਦਰ ਸਿੰਘ ਦੀ ਟੀਮ ਵੱਲੋਂ ਕਤਲ ਦੀ ਵਾਰਦਾਤ ਨੂੰ ਸੁਲਝਾਉਂਦੇ ਹੋਏ 2 ਦੋਸ਼ੀਆਂ ਨੂੰ ਕਾਬੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 22 ਮਈ ਨੂੰ 112 ਹੈਲਪਲਾਈਨ ਕੰਟਰੋਲ ਰੂਮ ਮਾਲੇਰਕੋਟਲਾ ਵਿਖੇ ਸੂਚਨਾ ਪ੍ਰਾਪਤ ਹੋਈ ਕਿ ਪਿੰਡ ਕੰਗਣਵਾਲ ਵਿਖੇ ਇੱਕ ਵਿਅਕਤੀ ਦਾ ਕਤਲ ਹੋਇਆ ਹੈ। ਸੂਚਨਾ ਮਿਲਣ ਉਪਰੰਤ ਮੁੱਖ ਅਫਸਰ ਥਾਣਾ ਸਦਰ ਅਹਿਮਦਗੜ੍ਹ ਵੱਲੋਂ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਗਈ ਅਤੇ ਮੌਕੇ 'ਤੇ ਮੌਜੂਦ ਮਨਦੀਪ ਸਿੰਘ ਪੁੱਤਰ ਹਰਕੇਸ ਸਿੰਘ ਵਾਸੀ ਕੰਗਣਵਾਲ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ। ਬਿਆਨ ਅਨੁਸਾਰ ਮ੍ਰਿਤਕ ਹਰਬਿੰਦਰ ਸਿੰਘ ਉਰਫ਼ ਬਿੰਦਾ ਆਪਣੇ ਘਰ ਵਿੱਚ ਇਕੱਲਾ ਰਹਿੰਦਾ ਸੀ। ਜਦੋਂ ਬਿਆਨਕਰਤਾ ਉਸ ਦੇ ਘਰ ਪਹੁੰਚਿਆ ਤਾਂ ਉਹ ਕਿਤੇ ਨਹੀਂ ਮਿਲਿਆ। ਤਲਾਸ਼ ਕਰਨ 'ਤੇ ਉਸ ਦੀ ਲਾਸ਼ ਕਬੂਤਰਾਂ ਵਾਲੇ ਕਮਰੇ (ਖੁੱਡੇ) ਵਿੱਚੋਂ ਮਿਲੀ, ਜਿਸ ਦੇ ਹੱਥ-ਪੈਰ ਬੰਨੇ ਹੋਏ ਸਨ। ਇਸ ਉਪਰੰਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪੁਲਿਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਐਸ.ਐਸ.ਪੀ. ਮਾਲੇਰਕੋਟਲਾ ਵੱਲੋਂ ਕਪਤਾਨ ਪੁਲਿਸ ਪੀ.ਬੀ.ਆਈ. ਰਾਜਵਿੰਦਰ ਸਿੰਘ ਰੰਧਾਵਾ ਦੀ ਨਿਗਰਾਨੀ ਹੇਠ ਉਪ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਦੀਪਿੰਦਰਪਾਲ ਸਿੰਘ ਜੇਜੀ, ਉਪ ਕਪਤਾਨ ਪੁਲਿਸ ਅਹਿਮਦਗੜ੍ਹ ਇੰਦਰਪਾਲ ਚੌਹਾਨ, ਸੀ.ਆਈ.ਏ. ਇੰਚਾਰਜ ਇੰਸਪੈਕਟਰ ਹਰਜਿੰਦਰ ਸਿੰਘ ਅਤੇ ਮੁੱਖ ਅਫਸਰ ਥਾਣਾ ਸਦਰ ਅਹਿਮਦਗੜ੍ਹ ਇੰਸਪੈਕਟਰ ਗੁਰਪ੍ਰੀਤ ਕੌਰ ਦੀ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ। ਟੀਮ ਵੱਲੋਂ ਫੋਰੈਂਸਿਕ ਟੀਮ ਦੀ ਮਦਦ ਨਾਲ ਸਬੂਤ ਇਕੱਠੇ ਕਰਕੇ ਤਕਨੀਕੀ ਅਧਾਰ 'ਤੇ ਜਾਂਚ ਅੱਗੇ ਵਧਾਈ ਗਈ। ਜਾਂਚ ਦੌਰਾਨ ਸਾਹਮਣੇ ਆਈ ਜਾਣਕਾਰੀ ਦੇ ਆਧਾਰ 'ਤੇ ਮਨਦੀਪ ਸਿੰਘ ਉਰਫ਼ ਕਾਲਾ ਪੁੱਤਰ ਕਮਿੱਕਰ ਸਿੰਘ ਵਾਸੀ ਕੰਗਣਵਾਲ ਅਤੇ ਸੰਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਦਸੌਂਧਾ ਸਿੰਘ ਵਾਲਾ ਹਾਲ ਵਾਸੀ ਸੰਦੌੜ ਨੂੰ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਕੀਤੀ ਗਈ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਮ੍ਰਿਤਕ ਨਾਲ ਪੈਸਿਆਂ ਦੇ ਲੈਣ-ਦੇਣ ਸਬੰਧੀ ਜਾਣ-ਪਛਾਣ ਸੀ। ਦੋਸ਼ੀਆਂ ਨੇ ਆਪਣਾ ਕੁਝ ਸਮਾਨ ਮ੍ਰਿਤਕ ਕੋਲ ਗਿਰਵੀ ਰੱਖ ਕੇ ਉਸ ਤੋਂ ਪੈਸੇ ਲਏ ਹੋਏ ਸਨ ਅਤੇ ਮ੍ਰਿਤਕ ਵੱਲੋਂ ਉਹ ਪੈਸੇ ਵਾਪਸ ਮੰਗੇ ਜਾ ਰਹੇ ਸਨ। ਇਸੇ ਰੰਜਿਸ਼ ਕਰਕੇ ਦੋਸ਼ੀਆਂ ਨੇ ਹਰਬਿੰਦਰ ਸਿੰਘ ਦੇ ਹੱਥ-ਪੈਰ ਬੰਨ੍ਹ ਕੇ ਉਸ ਨੂੰ ਕਮਰੇ (ਖੁੱਡੇ) ਵਿੱਚ ਬੰਦ ਕਰ ਦਿੱਤਾ। ਜਦੋਂ ਮ੍ਰਿਤਕ ਰੌਲਾ ਪਾਉਣ ਲੱਗਾ ਤਾਂ ਦੋਸ਼ੀਆਂ ਨੇ ਉਸ ਦਾ ਮੂੰਹ ਬੰਦ ਕਰਕੇ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਕਬੂਤਰਾਂ ਵਾਲੇ ਕਮਰੇ (ਖੁੱਡੇ) ਵਿੱਚ ਬੰਦ ਕਰ ਦਿੱਤਾ। ਪੁਲਿਸ ਵੱਲੋਂ ਦੋਵੇਂ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੋਸ਼ੀਆਂ ਤੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।

## ਭਿਆਨਕ ਅੱਗ ਨਾਲ 150 ਟਰਾਲੀਆਂ ਤੂੜੀ ਸੜ ਕੇ ਸੁਆਹ

➢ਸ਼ਾਰਟ ਸਰਕਟ ਕਾਰਨ ਵਾਪਰਿਆ ਹਾਦਸਾ



ਘਨੌਰ, 24 ਮਈ (ਰਾਜਿੰਦਰ ਸਿੰਘ ਕੰਬੋਜ) : ਘਨੌਰ-ਮਹਿਦੂਦਾਂ ਰੋਡ ਸਥਿਤ ਪੁਰਾਣੇ ਸੈਲਰ ਦੇ ਸ਼ੈਡ ਵਿੱਚ ਲੱਗੀ ਭਿਆਨਕ ਅੱਗ ਕਾਰਨ ਕਰੀਬ 150 ਟਰਾਲੀਆਂ ਤੂੜੀ ਸੜ ਕੇ ਸੁਆਹ ਹੋ ਗਈ, ਜਿਸ ਨਾਲ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਭਾਰੀ ਨੁਕਸਾਨ ਝੱਲਣਾ ਪਿਆ। ਅੱਗ ਇੰਨੀ ਭਿਆਨਕ ਸੀ ਕਿ ਧੂੰਏਂ ਦੇ ਗੁਬਾਰ ਦੂਰ-ਦੂਰ ਤੱਕ ਵੇਖੇ ਗਏ ਅਤੇ ਇਲਾਕੇ ਵਿੱਚ ਹੜਕੰਪ ਮਚ ਗਿਆ। ਕਿਸਾਨ ਪਰਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਹਾਦਸਾ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਵਾਪਰਿਆ। ਅੱਗ ਨੇ ਕੁਝ ਹੀ ਸਮੇਂ ਵਿੱਚ ਪੂਰੇ ਸ਼ੈਡ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਅੰਦਰ ਪਈ ਤੂੜੀ ਸੜ ਕੇ ਸੁਆਹ ਹੋ ਗਈ।ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਕਈ ਘੰਟਿਆਂ ਦੀ ਮੁਸ਼ਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਇਸ ਮੌਕੇ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਜਸਮੇਰ ਸਿੰਘ ਲਾਛੜੂ ਅਤੇ ਗੁਰੰਜਟ ਸਿੰਘ ਮਹਿਦੂਦਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਘਨੌਰ ਵਿੱਚ ਤੁਰੰਤ ਫਾਇਰ ਬ੍ਰਿਗੇਡ ਦੀ ਸਥਾਈ ਵਿਵਸਥਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਘਨੌਰ ਤੋਂ ਰਾਜਪੁਰਾ, ਪਟਿਆਲਾ ਅਤੇ ਅੰਬਾਲਾ ਵਰਗੇ ਸ਼ਹਿਰ ਕਰੀਬ 20 ਤੋਂ 25 ਕਿਲੋਮੀਟਰ ਦੂਰ ਹਨ, ਜਿਸ ਕਾਰਨ ਅੱਗ ਵਰਗੀਆਂ ਘਟਨਾਵਾਂ ਦੌਰਾਨ ਫਾਇਰ ਬ੍ਰਿਗੇਡ ਨੂੰ ਪਹੁੰਚਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ ਅਤੇ ਲੋਕਾਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ। ਇਸ ਸਬੰਧੀ ਜਸਦੇਵ ਸਿੰਘ ਨੰਬਰਦਾਰ ਲਾਛੜੂ ਕਲਾਂ ਨੇ ਕਿਹਾ ਕਿ ਇਹ ਘਟਨਾ ਬਿਜਲੀ ਮਹਿਕਮੇ ਦੀ ਅਣਗਹਿਲੀ ਦਾ ਨਤੀਜਾ ਹੈ। ਉਨ੍ਹਾਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਕਰਕੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਪੀੜਤਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।

## ਤੇਜ਼ ਰਫ਼ਤਾਰ ਟਿੱਪਰ ਦੀ ਟਰੈਕਟਰ ਨਾਲ ਟੱਕਰ, ਦੋ ਨੌਜਵਾਨਾਂ ਦੀ ਮੌਤ

### ਗੁੱਸੇ 'ਚ ਆਏ ਲੋਕਾਂ ਨੇ ਸੜਕ 'ਤੇ ਜਾਮ ਲਗਾ ਕੇ ਕੀਤੀ ਨਾਅਰੇਬਾਜ਼ੀ

ਸਮਾਣਾ, 24 ਮਈ (ਵਿਜੇ ਕੁਮਾਰ): ਸਵੇਰੇ ਪਟਿਆਲਾ-ਸਮਾਣਾ ਰੂਟ 'ਤੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਨਰੀ ਪਿੰਡ ਦੇ ਨੇੜੇ, ਟਰੈਕਟਰ ਸਵਾਰ ਦੋ ਨੌਜਵਾਨਾਂ ਦੀ ਤੇਜ਼ ਰਫ਼ਤਾਰ ਟਿੱਪਰ ਟਰੱਕ ਨਾਲ ਟਕਰਾਉਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਤੋਂ ਬਾਅਦ ਇਲਾਕੇ 'ਚ ਵਿਆਪਕ ਰੋਸ ਫੈਲ ਗਿਆ, ਜਿਸ ਕਾਰਨ ਗੁੱਸੇ 'ਚ ਆਏ ਰਿਸ਼ਤੇਦਾਰਾਂ, ਕਿਸਾਨਾਂ ਅਤੇ ਪਿੰਡ ਵਾਸੀਆਂ ਨੇ ਸੜਕ ਜਾਮ ਕਰ ਦਿੱਤੀ ਅਤੇ ਵਿਰੋਧ ਪ੍ਰਦਰਸ਼ਨ ਕੀਤਾ।ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਟਿੱਪਰ ਦੀ ਰਫ਼ਤਾਰ ਇੰਨੀ ਤੇਜ਼ ਸੀ ਕਿ ਉਹ ਟਰੈਕਟਰ ਨੂੰ ਕਰੀਬ ਅੱਧਾ ਕਿਲੋਮੀਟਰ ਤੱਕ ਘਸੀਟਦਾ ਲੈ ਗਿਆ। ਜਾਣਕਾਰੀ ਅਨੁਸਾਰ ਐਤਵਾਰ ਸਵੇਰੇ ਕਰੀਬ 5:30 ਵਜੇ ਪਿੰਡ ਦੇ ਤਿੰਨ ਨੌਜਵਾਨ ਟਰੈਕਟਰ-ਟਰਾਲੀ 'ਚ ਸਵਾਰ ਹੋ ਕੇ ਮੰਡੀ ਵੱਲ ਜਾ ਰਹੇ ਸਨ। ਇਸੇ ਦੌਰਾਨ ਪਿੰਡ ਭਾਨਰੀ ਨੇੜੇ ਪਿੱਛੋਂ ਆ ਰਹੇ ਤੇਜ਼ ਰਫ਼ਤਾਰ ਟਿੱਪਰ ਨੇ ਟਰੈਕਟਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਟਰੈਕਟਰ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਉਸ 'ਚ ਸਵਾਰ ਦੋ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਇੱਕ ਹੋਰ ਨੌਜਵਾਨ ਜ਼ਖਮੀ ਦੱਸਿਆ ਜਾ ਰਿਹਾ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਆਸ-ਪਾਸ ਦੇ ਲੋਕ ਮੌਕੇ 'ਤੇ ਪਹੁੰਚ ਗਏ। ਦੇਖਦੇ ਹੀ ਦੇਖਦੇ ਵੱਡੀ ਗਿਣਤੀ 'ਚ ਪਿੰਡ ਵਾਸੀ ਇਕੱਠੇ ਹੋ ਗਏ। ਮ੍ਰਿਤਕਾਂ ਦੇ ਵਾਰਸ ਵੀ ਘਟਨਾ ਸਥਾਨ 'ਤੇ ਪਹੁੰਚ ਗਏ । ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਇਲਾਕੇ 'ਚ ਤੇਜ਼ ਰਫ਼ਤਾਰ ਭਾਰੀ ਵਾਹਨ ਲਗਾਤਾਰ ਹਾਦਸਿਆਂ ਦਾ ਕਾਰਨ ਬਣ ਰਹੇ ਹਨ, ਪਰ ਪ੍ਰਸ਼ਾਸਨ ਵੱਲੋਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾ ਰਹੀ। ਗੁੱਸੇ 'ਚ ਆਏ ਲੋਕਾਂ ਨੇ ਸੜਕ 'ਤੇ ਜਾਮ ਲਗਾ ਕੇ ਪ੍ਰਸ਼ਾਸਨ ਅਤੇ ਪੁਲਿਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਮੁਲਜ਼ਮ ਡਰਾਈਵਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਸੜਕ ਜਾਮ ਹੋਣ ਕਾਰਨ ਦੋਵਾਂ ਪਾਸਿਆਂ ਤੋਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਸੂਚਨਾ ਮਿਲਣ 'ਤੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡਾ.ਬਲਬੀਰ ਸਿੰਘ ਅਤੇ ਦੇਵ ਮਾਨ ਵੱਲੋਂ ਰੋਜ਼ੀ ਨਾਗਪਾਲ ਦੇ ਹੱਕ 'ਚ ਚੋਣ ਪ੍ਰਚਾਰ



ਨਾਭਾ, 24 ਮਈ (ਬਲਜਿੰਦਰ ਮਾਨ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਹਿਰਾਂ ਦੇ ਵਿਕਾਸ ਲਈ ਵੱਖ ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਜਿਸ ਤਹਿਤ ਨਾਭਾ ਸ਼ਹਿਰ ਵਿੱਚ ਵੀ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਗਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਵਿਧਾਇਕ ਦੇਵ ਮਾਨ ਨੇ ਸ਼ਹਿਰ ਦੇ ਵਾਰਡ ਨੰਬਰ 23 ਵਿੱਚ ਉਮੀਦਵਾਰ ਰੋਜ਼ੀ ਨਾਗਪਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਕੀਤਾ ਉਨ੍ਹਾਂ ਵਾਰਡ ਵਾਸੀਆਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਉਮੀਦਵਾਰ ਰੋਜ਼ੀ ਨਾਗਪਾਲ ਨੂੰ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ , ਦੀਪਕ ਨਾਗਪਾਲ, ਮਨਪ੍ਰੀਤ ਸਿੰਘ, ਤੇਜਿੰਦਰ ਖੈਰਾ, ਮਨਜੋਤ ਸਿੰਘ, ਸ਼ਾਨ ਸਿੰਘ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ, ਸਿਮਰਨਜੀਤ ਸਿੰਘ ਨਿਰਭੈ ਸਿੰਘ, ਭੁਪਿੰਦਰ ਸਿੰਘ ਨਾਗਪਾਲ ਅਤੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਮੌਜੂਦ ਸਨ ।

## ਸਟੈਲਰ ਇੰਟਰਨੈਸ਼ਨਲ ਸਕੂਲ 'ਚ ਸਿਹਤ ਪ੍ਰਤੀ ਜਾਗਰੂਕਤਾ ਪ੍ਰੋਗਰਾਮ

ਘਨੌਰ, 24 (ਰਾਜਿੰਦਰ ਸਿੰਘ ਕੰਬੋਜ) : ਸਟੈਲਰ ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਨੂੰ ਸਿਹਤ ਪ੍ਰਤੀ ਜਾਗਰੂਕਤਾ ਅਤੇ ਸਿਹਤਮੰਦ ਜੀਵਨ ਸ਼ੈਲੀ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ Dr. B. R. Ambedkar State Institute of Medical Sciences ਦੁਆਰਾ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਅਧੀਨ ਵਿਦਿਆਰਥੀਆਂ ਦੀ ਮੁੱਢਲੀ ਸਿਹਤ ਜਾਂਚ ਕੀਤੀ ਗਈ ਅਤੇ ਰਕਤ ਦਾ ਛੋਟਾ ਨਮੂਨਾ ਵੀ ਲਿਆ ਗਿਆ ਜਿਸ ਰਾਹੀਂ ਕੋਲੈਸਟ੍ਰੋਲ ਪੱਧਰ, ਪੋਸ਼ਣ ਸੰਬੰਧੀ ਘਾਟਾਂ ਅਤੇ ਆਮ ਸਿਹਤ ਸੰਕੇਤਕਾਂ ਦਾ ਮੁਲਾਂਕਣ ਕੀਤਾ ਗਿਆ । ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਉਚਿਤ ਪੋਸ਼ਣ ਅਤੇ ਸਿਹਤਮੰਦ ਜੀਵਨ ਸ਼ੈਲੀ ਸੰਬੰਧੀ ਮਾਰਗਦਰਸ਼ਨ ਵੀ ਪ੍ਰਦਾਨ ਕੀਤਾ ਗਿਆ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਨਸ਼ਾ ਨਾਸ਼ ਕਰਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਨੂੰ ਨਸ਼ਾ ਕਹਿੰਦੇ ਹਨ ਤੇ ਇਹ ਮਨੁੱਖੀ ਸਰੀਰ ਨੂੰ ਬਰਬਾਦ ਕਰ ਦਿੰਦਾ ਹੈ। ਵਿਦਿਆਰਥੀਆਂ ਨੂੰ ਨਸ਼ਿਆਂ ਦੇ ਪੈ ਰਹੇ ਬੁਰੇ ਪ੍ਰਭਾਵ ਤੋਂ ਜਾਣੂ ਕਰਵਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਸਵਰਨ ਸ਼ਰਮਾ ਨੇ ਇੰਸਟੀਟਿਊਟ ਤੋਂ ਆਈ ਸਾਰੀ ਟੀਮ ਦਾ ਧੰਨਵਾਦ ਕੀਤਾ।



## ਸੜਕ ਹਾਦਸੇ 'ਚ ਜ਼ਖ਼ਮੀ

ਪਟਿਆਲਾ, 24 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਰਜਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਧਾਂਦੀਆ ਨੇ ਅਣਪਛਾਤੇ ਮੋਟਰਸਾਈਕਲ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਪਤਨੀ ਰੁਪਿੰਦਰ ਕੌਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਭੁਨਰਹੇੜੀ ਪਾਸ ਜਾ ਰਿਹਾ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣਾ ਮੋਟਰਸਾਈਕਲ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰਿਆ, ਜੋ ਐਕਸੀਡੈਂਟ ਵਿੱਚ ਉਸ ਅਤੇ ਉਸਦੀ ਪਤਨੀ ਦੇ ਸੱਟਾਂ ਲੱਗੀਆਂ। ਪੁਲਿਸ ਨੇ ਧਾਰਾ 281,125, 324(2) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਕੂਲ ਸੰਡੇ ਅੱਜ ਬਣਿਆ ਹੌਟ ਸੰਡੇ

## ਨਗਰ ਕੌਂਸਲ ਚੋਣ ਪ੍ਰਚਾਰ ਦੇ ਆਖਰੀ ਦਿਨ ਦਿੱਗਜ਼ਾਂ ਨੇ ਝੋਕੀ ਪੂਰੀ ਤਾਕਤ





ਸਮਾਣਾ, 24 ਮਈ (ਵਿਜੇ ਕੁਮਾਰ) : ਨਗਰ ਕੌਂਸਲ ਚੋਣ ਪ੍ਰਚਾਰ ਦੇ ਆਖਰੀ ਦਿਨ ਸਮਾਣਾ ਦਾ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਰਿਹਾ। ਐਤਵਾਰ ਦਾ ਦਿਨ ਜਿੱਥੇ ਮੌਸਮ ਦੇ ਲਿਹਾਜ਼ ਨਾਲ 'ਕੂਲ ਸੰਡੇ' ਮੰਨਿਆ ਜਾ ਰਿਹਾ ਸੀ, ਉੱਥੇ ਹੀ ਚੋਣ ਸਰਗਰਮੀਆਂ ਨੇ ਇਸ ਨੂੰ ਪੂਰੀ ਤਰ੍ਹਾਂ ਹੌਟ ਸੰਡੇ ਵਿੱਚ ਬਦਲ ਦਿੱਤਾ। ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਦਿੱਗਜ ਆਗੂਆਂ ਨੇ ਆਪਣੇ-ਆਪਣੇ ਉਮੀਦਵਾਰਾਂ ਦੇ ਸਮਰਥਨ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਭਾਰਤੀ ਜਨਤਾ ਪਾਰਟੀ ਵੱਲੋਂ ਪੂਰਵ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੇ ਸਮਾਣਾ ਨਗਰ ਕੌਂਸਲ ਦੇ ਸਾਰੇ 21 ਵਾਰਡਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਭਾਜਪਾ ਉਮੀਦਵਾਰਾਂ ਦੇ ਪੱਖ ਵਿੱਚ ਵੋਟਾਂ ਮੰਗਦਿਆਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣਾਏਗੀ। ਇਸ ਦੌਰਾਨ ਜ਼ਿਲ੍ਹਾ ਦਿਹਾਤੀ ਪ੍ਰਧਾਨ ਹਰਮੇਸ਼ ਡਕਾਲਾ, ਹਲਕਾ ਇੰਚਾਰਜ ਸੁਰਿੰਦਰ ਖੇੜਕੀ, ਵਿਨੋਦ ਸਿੰਗਲਾ ਸਮੇਤ ਭਾਜਪਾ ਦੇ ਕਈ ਸੀਨੀਅਰ ਆਗੂ ਹਾਜ਼ਰ ਸਨ। ਦੂਜੇ ਪਾਸੇ ਆਮ ਆਦਮੀ ਪਾਰਟੀ ਵੱਲੋਂ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਵੀ ਪੂਰੇ ਚੋਣ ਪ੍ਰਚਾਰ ਦੀ ਕਮਾਨ ਸੰਭਾਲੀ ਰੱਖੀ। ਉਨ੍ਹਾਂ ਨੇ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਪਾਰਟੀ ਉਮੀਦਵਾਰਾਂ ਦੇ ਸਮਰਥਨ ਵਿੱਚ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਇਸ ਦੌਰਾਨ ਕਪੂਰ ਚੰਦ ਬਾਂਸਲ, ਪਾਰਸ ਸ਼ਰਮਾ, ਸੁਰਜੀਤ ਰਾਮ ਪੱਪੀ ਸਮੇਤ ਹੋਰ ਉਮੀਦਵਾਰਾਂ ਲਈ ਵੀ ਜ਼ੋਰਦਾਰ ਪ੍ਰਚਾਰ ਕੀਤਾ ਗਿਆ।ਕਾਂਗਰਸ ਪਾਰਟੀ ਵੱਲੋਂ ਸਾਬਕਾ ਵਿਧਾਇਕ ਕਾਕਾ ਰਾਜਿੰਦਰ ਸਿੰਘ, ਮੈਡਮ ਗੁਰਸ਼ਰਨ ਕੌਰ ਅਤੇ ਹੋਰ ਕਾਂਗਰਸੀ ਆਗੂਆਂ ਨੇ ਮੋਰਚਾ ਸੰਭਾਲਿਆ। ਕਾਂਗਰਸੀ ਆਗੂਆਂ ਨੇ ਵੱਖ-ਵੱਖ ਵਾਰਡਾਂ ਵਿੱਚ ਜਾ ਕੇ ਘਰ-ਘਰ (ਡੋਰ-ਟੂ-ਡੋਰ) ਪ੍ਰਚਾਰ ਕਰਦਿਆਂ ਲੋਕਾਂ ਨੂੰ ਕਾਂਗਰਸ ਉਮੀਦਵਾਰਾਂ ਦੇ ਪੱਖ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਕਾਂਗਰਸ ਵਰਕਰਾਂ ਨੇ ਵੀ ਆਖਰੀ ਦਿਨ ਪੂਰੀ ਤਾਕਤ ਨਾਲ ਪ੍ਰਚਾਰ ਮੁਹਿੰਮ ਚਲਾਈ। ਉੱਥੇ ਹੀ ਸ਼ਿਰੋਮਣੀ ਅਕਾਲੀ ਦਲ ਵੱਲੋਂ ਚੋਣ ਪ੍ਰਚਾਰ ਦੇ ਆਖਰੀ ਦਿਨ ਇੱਕ ਵੱਡੀ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹੁੰਚੇ। ਉਨ੍ਹਾਂ ਨੇ ਲੋਕਾਂ ਨੂੰ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜੇਤੂ ਬਣਾਉਣ ਦੀ ਅਪੀਲ ਕੀਤੀ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਜਨਤਾ ਦੇ ਸਾਹਮਣੇ ਰੱਖਿਆ। ਸਿੱਟਾ ਚੋਣ ਪ੍ਰਚਾਰ ਖ਼ਤਮ ਹੋਣ ਤੋਂ ਪਹਿਲਾਂ ਪੂਰੇ ਸ਼ਹਿਰ ਵਿੱਚ ਸਿਆਸੀ ਗਤੀਵਿਧੀਆਂ ਸਿਖਰਾਂ 'ਤੇ ਰਹੀਆਂ। ਵਾਰਡਾਂ ਵਿੱਚ ਲਗਾਤਾਰ ਰੈਲੀਆਂ, ਨੁੱਕੜ ਸਭਾਵਾਂ ਅਤੇ ਘਰ-ਘਰ ਪ੍ਰਚਾਰ ਚੱਲਦਾ ਰਿਹਾ। ਹੁਣ ਸਾਰੀਆਂ ਸਿਆਸੀ ਪਾਰਟੀਆਂ ਦੀ ਨਜ਼ਰ ਵੋਟਿੰਗ ਅਤੇ ਉਸ ਦੇ ਨਤੀਜਿਆਂ 'ਤੇ ਟਿਕੀ ਹੋਈ ਹੈ।

## ਸ.ਹਰਦਮ ਸਿੰਘ ਪਬਲਿਕ ਸਕੂਲ ਜਿੰਦਲਪੁਰ ਨੇ ਵੂਸ਼ੂ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ



ਭਾਦਸੋਂ, 24 ਮਈ (ਭਰਪੂਰ ਸਿੰਘ ਮੱਟਰਾਂ) : 14ਵੀਂਆਂ ਜ਼ਿਲ੍ਹਾ ਪਟਿਆਲਾ ਵੂਸ਼ੂ ਚੈਂਪੀਅਨਸ਼ਿਪ (ਲੜਕੇ ਅਤੇ ਲੜਕੀਆਂ) 2026 ਦੇ ਮੁਕਾਬਲੇ ਵੂਸ਼ੂ ਹਾਲ ਐਨ.ਐਸ. ਐਨ. ਆਈ. ਐਸ. ਪਟਿਆਲਾ ਵਿਖੇ ਮਿਤੀ 22.05.2026 ਨੂੰ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 200 ਵਿਦਿਆਰਥੀਆਂ ਨੇ ਭਾਗ ਲਿਆ। ਲੜਕਿਆਂ ਦੇ ਜੂਨੀਅਰ ਅਤੇ ਯੂਥ ਮੁਕਾਬਲੇ ਵਿੱਚ ਵਿਲਿਅਮਜੀਤ ਸਿੰਘ, ਹਰਫਤਿਹ ਸਿੰਘ, ਫਤਿਹਵੀਰ ਸਿੰਘ, ਚੰਦੇਸ਼ਵਰ ਕੁਮਾਰ ਨੇ ਗੋਲਡ ਮੈਡਲ ਹਾਸਲ ਕੀਤੇ, ਪ੍ਰਭਨੂਰ ਸਿੰਘ, ਮਨਵੀਰ ਸਿੰਘ, ਜਗਵੀਰ ਸਿੰਘ, ਯਸ਼ਰਾਜ ਸਿੰਘ, ਦਿਲਜੋਤ ਸਿੰਘ, ਗੁਰਨੂਰ ਸਿੰਘ ਭੰਗੂ, ਕਰਨਵੀਰ ਸਿੰਘ, ਗੁਰਸ਼ਾਂਤ ਸਿੰਘ, ਜਗਪ੍ਰਤਾਪ ਸਿੰਘ, ਮਹਿਤਾਬ ਸਿੰਘ ਗੁਰਨੂਰ ਸਿੰਘ, ਅਰਮਾਨਦੀਪ ਸਿੰਘ, ਕਰਨਵੀਰ ਸਿੰਘ, ਸ਼ੁਭਮ, ਗੁਰਜੋਤ ਸਿੰਘ, ਏਕਮਜੋਤ ਤੇਜੇ, ਮਹਿਕਪ੍ਰੀਤ ਸਿੰਘ, ਗੁਰਵਿੰਦਰ ਸਿੰਘ ਨੇ ਨੇ ਸਿਲਵਰ ਮੈਡਲ ਹਾਸਲ ਕੀਤੇ। ਸੁਖਮਨਦੀਪ ਸਿੰਘ ਅਤੇ ਸਾਹਿਬਦੀਪ ਸਿੰਘ ਨੇ ਬਰਾਊਨਜ਼ ਮੈਡਲ ਹਾਸਲ ਕੀਤੇ। ਲੜਕੀਆਂ ਦੇ ਜੂਨੀਅਰ ਅਤੇ ਯੂਥ ਮੁਕਾਬਲੇ ਵਿੱਚ ਅਵਲਨੂਰ ਕੌਰ, ਜੋਬਨਪ੍ਰੀਤ ਕੌਰ, ਹਸ਼ਪਿੰਦਰ ਕੌਰ, ਨੇ ਗੋਲਡ ਮੈਡਲ ਹਾਸਲ ਕੀਤਾ। ਨਿਮਰਤ ਕੌਰ, ਮਨਰੀਤ ਕੌਰ, ਜਪਕੀਰਤ ਕੌਰ, ਦ੍ਰਿਸ਼ਟੀ ਸੱਭਰਵਾਲ, ਗਲੋਰੀ ਏਜੰਲ, ਸ਼ਾਹਿਦਾ ਖਾਨ, ਖੁਸਪ੍ਰੀਤ ਕੌਰ, ਸਕਿੰਦਰ ਕੌਰ ਨੇ ਸਿਲਵਰ ਮੈਡਲ ਹਾਸਲ ਕੀਤੇ। ਗੁਰਨੂਰ ਕੌਰ, ਇਸਾਨਪ੍ਰੀਤ ਕੌਰ, ਗੁਰਸ਼ਾਨ ਕੌਰ, ਆਲੀਆ, ਮਿਰਸ਼ਟੀ ਸ਼ਰਮਾਂ ਨੇ ਬਰਾਊਨਜ਼ ਮੈਡਲ ਹਾਸਲ ਕੀਤੇ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਗੀਤਾ ਜਖ਼ਮੀ, ਚੇਅਰਮੈਨ ਸੁਰਿੰਦਰ ਸਿੰਘ ਟਿਵਾਣਾ, ਮੈਨੇਜਰ ਨਾਜਰ ਸਿੰਘ ਟਿਵਾਣਾ ਨੇ ਬੱਚਿਆਂ ਦੀ ਮਿਹਨਤ ਅਤੇ ਕੋਚ ਬਿਪਨ ਚੰਦ ਦੀ ਲੱਗਨ ਦੀ ਭਰਪੂਰ ਪ੍ਰਸ਼ੰਸਾ ਕੀਤੀ।



ਪਿੰਡ ਕੁਲਾਰਾਂ ਵਿਖੇ ਨੌਜਵਾਨਾਂ ਨੇ ਟੈਂਕੀ ਵਾਲੇ ਅੱਡੇ 'ਤੇ ਰਾਹਗੀਰਾਂ ਲਈ ਠੰਡੇ ਪਾਣੀ ਅਤੇ ਜਲ ਜੀਰੇ ਦੀ ਛਬੀਲ ਲਗਾਈ। (ਫੋਟੋ ਤੇ ਵੇਰਵਾ : ਸੁਖਜਿੰਦਰ ਸਿੰਘ ਕੁਲਾਰਾਂ)

## ਨਸ਼ੇ ਦੇ ਆਦੀ ਵਿਅਕਤੀਆਂ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 24 ਮਈ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਨੇ ਕਥਿਤ ਦੋਸ਼ੀਆਂ ਅੰਮ੍ਰਿਤ ਸਿੰਘ, ਬਲਪ੍ਰੀਤ ਸਿੰਘ, ਨਰੇਸ਼ ਕੁਮਾਰ ਵਾਸੀ ਪਿੰਡ ਖਾਲਸਪੁਰ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਹਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਨਾਜ ਮੰਡੀ ਸਨੌਰ ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਨ੍ਹਾਂ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

## ਮਿੱਟੀ ਦੇ ਟਿੱਪਰਾਂ ਦਾ ਕਹਿਰ, ਪਿੰਡ ਵਾਸੀ ਦੁਖੀ



ਘਨੌਰ, 24 ਮਈ (ਰਾਜਿੰਦਰ ਸਿੰਘ ਕੰਬੋਜ) : ਘਨੌਰ ਨੇੜਲੇ ਪਿੰਡ ਜੰਡਮੰਘੋਲੀ ਵਿੱਚ ਤੇਜ਼ ਰਫ਼ਤਾਰ ਨਾਲ ਚੱਲ ਰਹੇ ਮਿੱਟੀ ਦੇ ਟਿੱਪਰਾਂ ਕਾਰਨ ਪਿੰਡ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਇੱਕ ਟਿੱਪਰ ਡਰਾਈਵਰ ਨੂੰ ਕਥਿਤ ਤੌਰ 'ਤੇ ਨਸ਼ੇ ਦੀ ਹਾਲਤ ਵਿੱਚ ਟਿੱਪਰ ਚਲਾਉਂਦੇ ਹੋਏ ਰੋਕ ਕੇ ਪੁਲਿਸ ਹਵਾਲੇ ਕਰ ਦਿੱਤਾ। ਪਿੰਡ ਦੀ ਸਰਪੰਚ ਦੇ ਪਤੀ ਕਰਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਟਿੱਪਰ ਡਰਾਈਵਰ ਕਥਿਤ ਤੌਰ 'ਤੇ ਸ਼ਰਾਬੀ ਹੋਇਆ ਸੀ ।ਟਿੱਪਰ ਪਿੰਡਾਂ ਦੀਆਂ ਸੜਕਾਂ 'ਤੇ ਮਿੱਟੀ ਨਾਲ ਭਰੇ ਟਿੱਪਰ ਬਿਨਾਂ ਤਰਪਾਲਾਂ ਤੋਂ ਤੇਜ਼ ਰਫ਼ਤਾਰ ਨਾਲ ਦੌੜ ਰਹੇ ਹਨ, ਜਿਸ ਕਾਰਨ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਟਿੱਪਰ ਡਰਾਈਵਰ ਲਾਪਰਵਾਹੀ ਨਾਲ ਵਾਹਨ ਚਲਾਉਂਦੇ ਹਨ, ਜਿਸ ਨਾਲ ਰਾਹਗੀਰਾਂ ਅਤੇ ਪਿੰਡ ਵਾਸੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੇ ਇੱਕ ਟਿੱਪਰ ਨੂੰ ਰੋਕਿਆ ਅਤੇ ਡਰਾਈਵਰ ਦੇ ਹਾਲਾਤ ਦੇਖਦੇ ਹੋਏ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ। ਬਾਅਦ ਵਿੱਚ ਟਿੱਪਰ ਮਾਲਕਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਅੱਗੇ ਤੋਂ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਹੀ ਮਿੱਟੀ ਦੀ ਢੋਆ-ਢੁਆਈ ਕਰਾਈ ਜਾਵੇਗੀ, ਜਿਸ ਤੋਂ ਬਾਅਦ ਟਿੱਪਰ ਨੂੰ ਛੱਡ ਦਿੱਤਾ ਗਿਆ। ਇਸ ਸਬੰਧੀ ਥਾਣਾ ਘਨੌਰ ਦੇ ਏ.ਐਸ.ਆਈ. ਅਵਤਾਰ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਡਰਾਈਵਰ ਸ਼ਰਾਬੀ ਨਹੀਂ ਸੀ। ਉਨ੍ਹਾਂ ਦੇ ਅਨੁਸਾਰ ਡਰਾਈਵਰ ਨੂੰ ਨੀਂਦ ਆ ਰਹੀ ਸੀ, ਜਿਸ ਕਾਰਨ ਪਿੰਡ ਵਾਸੀਆਂ ਨੂੰ ਸ਼ਰਾਬ ਦੇ ਨਸ਼ੇ ਦਾ ਭੁਲੇਖਾ ਲੱਗਿਆ ਹੋ ਸਕਦਾ ਹੈ।